# PUNJAB VIDHAN SABHA

**DEBATES**

*Tuesday, the 17th March, 2015*

***Vol. X– No. 3***

OFFICIAL REPORT

CONTENTS


| | PAGE |
|---|---|
| Starred Questions and Answers | (3) 1 |
| Written Answers to Starred Questions Laid on the Table of the House under Rule 38. | (3) 40 |
| Matters raised during Zero Hour and Statement by the Chief Minister/Deputy Chief Minister | (3) 44 |
| Calling Attention Notices under Rule 66 | (3) 58 |
| Papers Laid on the Table of the House | (3) 68 |
| Walk-out | (3) 69 |
| Resumption of Discussion on Governor's Address and Vote on the Motion of Thanks | (3) 69 |
| Appendix | (i) |



**Punjab Vidhan Sabha Secretariat, Chandigarh**

Price : Rs._________.

ਪੰਜਾਬ ਮੰਤਰੀ ਮੰਡਲ ਦੀ ਸੂਚੀ

## ਕੈਬਨਿਟ ਮੰਤਰੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ | ਆਮ ਪ੍ਰਸ਼ਾਸਨ, ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਨ, ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ |
| 2) | ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ | ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ |
| 3) | ਸ਼੍ਰੀ ਚੂਨੀ ਲਾਲ ਭਗਤ | ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ |
| 4) | ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ | ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ |
| 5) | ਸਰਦਾਰ ਅਜੀਤ ਸਿੰਘ ਕੋਹਾੜ | ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ |
| 6) | ਸਰਦਾਰ ਗੁਲਜਾਰ ਸਿੰਘ ਰਣੀਕੇ | ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 7) | ਸ਼੍ਰੀ ਮਦਨ ਮੋਹਨ ਮਿੱਤਲ | ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ |
| 8) | ਸਰਦਾਰ ਪਰਮਿੰਦਰ ਸਿੰਘ ਢੀਂਡਸਾ | ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ |

| | | |
|---|---|---|
| 9) | ਸਰਦਾਰ ਸੋਹਣ ਸਿੰਘ ਠੰਡਲ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ |
| 10) | ਸਰਦਾਰ ਜਨਮੇਜਾ ਸਿੰਘ ਸੇਖੋਂ | ਲੋਕ ਨਿਰਮਾਣ (ਭ ਤੇ ਮ) ਮੰਤਰੀ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ |
| 11) | ਸ਼੍ਰੀ ਸੁਰਜੀਤ ਕੁਮਾਰ ਜਿਆਨੀ | ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 12) | ਸਰਦਾਰ ਤੋਤਾ ਸਿੰਘ | ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ |
| 13) | ਸਰਦਾਰ ਬਿਕਰਮ ਸਿੰਘ ਮਜੀਠੀਆ | ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ |
| 14) | ਸਰਦਾਰ ਸਿਕੰਦਰ ਸਿੰਘ ਮਲੂਕਾ | ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ |
| 15) | ਸ਼੍ਰੀ ਅਨਿਲ ਜੋਸ਼ੀ | ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ |
| 16) | ਸਰਦਾਰ ਸੁਰਜੀਤ ਸਿੰਘ ਰੱਖੜਾ | ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ |
| 17) | ਸਰਦਾਰ ਸ਼ਰਨਜੀਤ ਸਿੰਘ ਢਿੱਲੋਂ | ਸਿੰਜਾਈ ਮੰਤਰੀ |
| 18) | ਡਾਕਟਰ ਦਲਜੀਤ ਸਿੰਘ ਚੀਮਾ | ਸਿੱਖਿਆ ਮੰਤਰੀ |

-----

## ਮੁੱਖ ਸੰਸਦੀ ਸਕੱਤਰ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਚੌਧਰੀ ਨੰਦ ਲਾਲ | ਵਣ ਤੇ ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ |
| 2) | ਸਰਦਾਰ ਬਲਬੀਰ ਸਿੰਘ ਘੁੰਨਸ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ |
| 3) | ਸ਼੍ਰੀ ਦੇਸ ਰਾਜ ਧੁੱਗਾ | ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ |
| 4) | ਸਰਦਾਰ ਹਰਮੀਤ ਸਿੰਘ ਸੰਧੂ | ਲੋਕ ਨਿਰਮਾਣ (ਭ ਤੇ ਮ) |
| 5) | ਸਰਦਾਰ ਮਨਤਾਰ ਸਿੰਘ ਬਰਾੜ | ਪੇਂਡੂ ਵਿਕਾਸ ਅਤੇ ਪੰਚਾਇਤਾਂ |
| 6) | ਸ਼੍ਰੀਮਤੀ ਮਹਿੰਦਰ ਕੌਰ ਜੋਸ਼ | ਸਿੰਚਾਈ |
| 7) | ਸ਼੍ਰੀ ਅਵਿਨਾਸ਼ ਚੰਦਰ | ਉਚੇਰੀ ਸਿੱਖਿਆ |
| 8) | ਸ਼੍ਰੀ ਕੇ.ਡੀ.ਭੰਡਾਰੀ | ਸਹਿਕਾਰਤਾ |
| 9) | ਸਰਦਾਰ ਇੰਦਰਬੀਰ ਸਿੰਘ ਬੁਲਾਰੀਆ | ਸਿੱਖਿਆ |
| 10) | ਸਰਦਾਰ ਅਮਰਪਾਲ ਸਿੰਘ ਅਜਨਾਲਾ | ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ |
| 11) | ਸਰਦਾਰ ਗੁਰਬਚਨ ਸਿੰਘ ਬੱਬੇਹਾਲੀ | ਖੇਤੀਬਾੜੀ |
| 12) | ਸਰਦਾਰ ਵਿਰਸਾ ਸਿੰਘ ਵਲਟੋਹਾ | ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ , ਸੁਰੱਖਿਆ ਸੇਵਾਵਾਂ ਭਲਾਈ |
| 13) | ਸ਼੍ਰੀ ਐਨ.ਕੇ.ਸ਼ਰਮਾ | ਉਦਯੋਗ ਅਤੇ ਵਣਜ |
| 14) | ਸ਼੍ਰੀਮਤੀ ਐਫ. ਨਿਸਾਰਾ ਖਾਤੂਨ (ਫਰਜ਼ਾਨਾ ਆਲਮ) | ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ |

| | |
|---|---|
| 15) ਡਾਕਟਰ ਨਵਜੋਤ ਕੌਰ ਸਿੱਧੂ | ਸਿਹਤ ਅਤੇ ਪਰਿਵਾਰ ਭਲਾਈ |
| 16) ਸ਼੍ਰੀ ਪ੍ਰਕਾਸ਼ ਚੰਦ ਗਰਗ | ਖੁਰਾਕ ਅਤੇ ਸਿਵਲ ਸਪਲਾਈ |
| 17) ਸ਼੍ਰੀ ਪਵਨ ਕੁਮਾਰ ਟੀਨੂੰ | ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ |
| 18) ਸ਼੍ਰੀ ਸਰੂਪ ਚੰਦ ਸਿੰਗਲਾ | ਆਬਕਾਰੀ ਅਤੇ ਕਰ |
| 19) ਸ਼੍ਰੀ ਸੋਮ ਪ੍ਰਕਾਸ਼ | ਸਥਾਨਕ ਸਰਕਾਰ |

-----

## PUNJAB VIDHAN SABHA

***Tuesday, the 17th March, 2015***

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.*

----------------

## STARRED QUESTIONS AND ANSWERS

### ਓਵਰ ਡਰਾਫਟ ਸੁਵਿਧਾ ਦਾ ਲਾਭ ਉਠਾਉਣਾ

***1832. ਸਰਦਾਰ ਲਾਲ ਸਿੰਘ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਸਰਕਾਰ ਨੇ 1 ਅਪ੍ਰੈਲ, 2014 ਤੋਂ ਕਿੰਨੇ ਕਿੰਨੇ ਦਿਨਾਂ ਲਈ ਹੁਣ ਤੱਕ ਕਿੰਨੀ ਵਾਰ ਓਵਰ ਡਰਾਫਟ ਸੁਵਿਧਾ ਦਾ ਲਾਭ ਉਠਾਇਆ ਹੈ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸ਼੍ਰੀਮਾਨ ਜੀ, ਇੱਥੇ ਇਹ ਦੱਸਿਆ ਜਾਂਦਾ ਹੈ ਕਿ –

ਰਾਜ ਸਰਕਾਰ ਨੇ 1 ਅਪ੍ਰੈਲ, 2014 ਤੋਂ 126 ਦਿਨਾਂ ਲਈ ਹੁਣ ਤੱਕ 20 ਵਾਰ ਵੱਖ ਵੱਖ ਸਮੇਂ ਤੇ ਓਵਰ ਡਰਾਫਟ ਸੁਵਿਧਾ ਦਾ ਲਾਭ ਉਠਾਇਆ ਹੈ ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਸਪਲੀਮੈਂਟਰੀ ਜੀ। ਸਪੀਕਰ ਸਾਹਿਬ, ਇਹ ਜਿਹੜਾ ਜਵਾਬ ਹੈ, ਇਸ ਵਿੱਚ ਦੱਸਿਆ ਗਿਆ ਹੈ ਅਤੇ ਜਿਸ ਤਰ੍ਹਾਂ ਹੁਣ ਵੀ ਇਨ੍ਹਾਂ ਨੇ ਦੱਸਿਆ ਹੈ ਕਿ ਰਾਜ ਸਰਕਾਰ ਨੇ 126 ਦਿਨਾਂ ਲਈ ਹੁਣ ਤੱਕ ਸਾਲ ਵਿੱਚ 20 ਵਾਰੀ ਓਵਰ ਡਰਾਫਟ ਸੁਵਿਧਾ ਲਈ ਹੈ। ਕੀ ਖਜ਼ਾਨਾ ਮੰਤਰੀ ਜੀ ਮੈਨੂੰ ਦੱਸਣਗੇ ਕਿ ਪੰਜਾਬ ਦੀ ਮਾਲੀ ਹਾਲਤ ਇੰਨੀ ਮਾੜੀ ਕਿਉਂ ਹੈ ਕਿਉਂਕਿ ਸਰਕਾਰ ਓਵਰ ਡਰਾਫਟ ਤੇ ਹੀ ਚੱਲ ਰਹੀ ਹੈ ? ਸਾਲ ਵਿੱਚ 1/3 ਹਿੱਸੇ ਤੋਂ ਵੀ ਵੱਧ ਸਮੇਂ ਲਈ ਸਰਕਾਰ ਓਵਰ ਡਰਾਫਟ ਵਿੱਚ ਰਹੀ ਹੈ। ਇਸ ਕਰਕੇ ਇਹ ਹਾਊਸ ਨੂੰ ਸੈਟਿਸਫਾਈ ਕਰਨ ਅਤੇ ਤਸੱਲੀ ਕਰਵਾਉਣ ਕਿ ਸਾਡੇ ਸੂਬੇ ਦੀ ਮਾਲੀ ਹਾਲਤ ਇਸ ਹਿਸਾਬ ਨਾਲ ਕਿੰਨੀ ਕੁ ਚੰਗੀ ਹੈ ਅਤੇ ਕਿੰਨੀ ਕੁ ਮਾੜੀ ਹੈ ?

**ਮੰਤਰੀ :** ਸਪੀਕਰ ਸਾਹਿਬ, ਸਰਦਾਰ ਲਾਲ ਸਿੰਘ ਬੜੇ ਸੂਝਵਾਨ ਹਨ, ਇਹ ਫਾਈਨਾਂਸ ਮਨਿਸਟਰ ਵੀ ਰਹੇ ਹਨ। ਇਨ੍ਹਾਂ ਨੂੰ ਪਤਾ ਹੈ ਕਿ ਸਾਰੀਆਂ ਸਰਕਾਰਾਂ ਓਵਰ ਡਰਾਫਟ ਦੀ ਫੈਸਿਲਟੀ ਅਵੇਲ ਕਰਦੀਆਂ ਹਨ। ਜਿੱਥੋਂ ਤੱਕ

[ ਵਿੱਤ ਮੰਤਰੀ ]

ਇਨ੍ਹਾਂ ਨੇ ਸੂਬੇ ਦੇ ਮਾਲੀ ਹਾਲਾਤ ਦੀ ਗੱਲ ਕੀਤੀ ਹੈ, ਇਸ ਬਾਰੇ ਇਨ੍ਹਾਂ ਨੂੰ ਕੱਲ੍ਹ ਨੂੰ ਬਜਟ ਵਿੱਚ ਪਤਾ ਹੀ ਚੱਲ ਜਾਵੇਗਾ। ਬਾਕੀ ਜਿਹੜੇ ਇਹ 126 ਦਿਨ ਹਨ, ਇਨ੍ਹਾਂ ਵਿਚੋਂ 45 ਦਿਨ ਜਾਂ ਤਾਂ ਛੁੱਟੀਆਂ ਸਨ, ਜਿਸ ਵਿੱਚ ਸ਼ਨੀਵਾਰ-ਐਤਵਾਰ ਸਨ ਅਤੇ 7 ਗਜ਼ਟਿਡ ਹਾਲੀਡੇਅ ਸਨ। ਇਸ ਕਰਕੇ ਇਨ੍ਹਾਂ ਦਿਨਾਂ ਵਿੱਚ ਤਾਂ ਸਾਡੇ ਖਜ਼ਾਨੇ ਵੈਸੇ ਹੀ ਬੰਦ ਹੁੰਦੇ ਹਨ ਅਤੇ ਬਾਕੀ 81 ਦਿਨ ਅਸੀਂ ਓਵਰ ਡਰਾਫਟ ਵਿੱਚ ਰਹੇ ਹਾਂ। ਜਿਵੇਂ ਕਿਸੇ ਵੀ ਬਿਜ਼ਨਸ ਵਿੱਚ ਤੁਸੀਂ ਜਾਣਦੇ ਹੀ ਹੋ ਕਿ ਵਰਕਿੰਗ ਕੈਪੀਟਲ ਦੀ ਵਰਕਿੰਗ ਲਿਮਟ ਲਈ ਜਾਂਦੀ ਹੈ, ਸਰਕਾਰ ਵੀ ਇਸੇ ਤਰ੍ਹਾਂ ਕਰਦੀ ਹੈ ਕਿਉਂਕਿ ਆਮਦਨ ਪੂਰੇ ਸਾਲ ਦੇ ਐਂਡ ਵਿੱਚ ਜ਼ਿਆਦਾ ਆਉਂਦੀ ਹੈ ਪਰ ਸਾਡੇ ਜਿਹੜੇ ਖਰਚੇ ਹੁੰਦੇ ਹਨ, ਉਹ ਮਹੀਨੇ ਦੇ ਸ਼ੁਰੂ ਵਿੱਚ ਹੋ ਜਾਂਦੇ ਹਨ। ਸੋ, ਇਸ ਕਰਕੇ ਅਸੀਂ ਓਵਰ ਡਰਾਫਟ ਵਿੱਚ ਚਲੇ ਜਾਂਦੇ ਹਾਂ। ਫਿਰ ਪੈਸੇ ਜਦੋਂ ਆਰ.ਬੀ.ਆਈ. ਨੂੰ ਵਾਪਸ ਚਲੇ ਜਾਂਦੇ ਹਨ ਤਾਂ ਅਸੀਂ ਓਵਰ ਡਰਾਫਟ ਵਿਚੋਂ ਨਿਕਲ ਜਾਂਦੇ ਹਾਂ। ਦਰਅਸਲ, ਜੋ ਦੇਖਣ ਵਾਲੀ ਚੀਜ਼ ਹੁੰਦੀ ਹੈ, ਉਹ ਇਹ ਹੈ ਕਿ ਸਾਲ ਦੇ ਅਖੀਰ ਵਿੱਚ 31 ਮਾਰਚ ਨੂੰ ਸਰਕਾਰ ਕਿੰਨੀ ਨੈਗੇਟਿਵ ਜਾਂ ਪਾਜ਼ੇਟਿਵ ਵਿੱਚ ਰਹੀ। ਮੈਨੂੰ ਇਹ ਦੱਸ ਕੇ ਖੁਸ਼ੀ ਹੈ ਕਿ ਪਿਛਲੇ ਸਾਲ 1 ਅਪ੍ਰੈਲ ਨੂੰ ਸਰਕਾਰ ਸਿਰਫ 70 ਕਰੋੜ ਰੁਪਏ ਵੇਅਜ਼ ਐਂਡ ਮੀਨਜ਼ ਵਿੱਚ ਸੀ ਜਿਹੜੀ ਕਿ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਪ੍ਰਾਪਤੀ ਹੈ। (ਥੰਪਿੰਗ)

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿੰਨਾ ਓਵਰ ਡਰਾਫਟ ਇਸ ਸਾਲ ਵਿੱਚ ਹੋਇਆ ਹੈ, ਕੀ ਅੱਜ ਤੱਕ ਇੰਨਾ ਓਵਰ ਡਰਾਫਟ ਕਦੇ ਪਹਿਲੇ ਸਾਲਾਂ ਦੌਰਾਨ ਵੀ ਹੋਇਆ ਹੈ ਜਾਂ ਕੀ ਇਹ ਪਹਿਲੇ ਸਾਰਿਆਂ ਸਾਲਾਂ ਤੋਂ ਹਾਈਐਸਟ ਹੈ?

**ਮੰਤਰੀ :** ਸਪੀਕਰ ਸਾਹਿਬ, ਇਹ ਤਾਂ ਇਨ੍ਹਾਂ ਦਾ ਸਵਾਲ ਹੀ ਨਹੀਂ ਸੀ ਕਿ ਪਿਛਲੇ ਸਾਲਾਂ ਨਾਲ ਮੁਕਾਬਲਾ ਕੀਤਾ ਜਾਵੇ। ਹਰ ਸਾਲ ਵਿੱਚ ਓਵਰ ਡਰਾਫਟ ਹੁੰਦਾ ਰਿਹਾ ਹੈ, ਮੈਂ ਇਹ ਨਹੀਂ ਕਹਿ ਸਕਦਾ ਕਿ ਕਿਹੜੇ ਸਾਲ ਵਿੱਚ ਕਿੰਨੇ ਦਿਨਾਂ ਲਈ ਹੋਇਆ ਹੈ ਪਰ ਮੈਂ ਇਹ ਗੱਲ ਕਹਿ ਸਕਦਾ ਹਾਂ ਕਿ ਪਹਿਲੇ ਸਾਲਾਂ ਵਿੱਚ ਜ਼ਰੂਰ ਇਸ ਸਾਲ ਨਾਲੋਂ ਵੱਧ ਓਵਰ ਡਰਾਫਟ ਹੁੰਦਾ ਰਿਹਾ ਹੋਵੇਗਾ।

**ਮਾਨਯੋਗ ਸਪੀਕਰ :** ਇਹ ਤਾਂ ਸਵਾਲ ਬਹੁਤ ਲੰਬਾ ਹੋ ਰਿਹਾ ਹੈ, ਤੁਹਾਡਾ ਜਵਾਬ ਆ ਗਿਆ ਹੈ।

---

## ਮੱਲਾਂਵਾਲਾ ਵਿਖੇ ਮੁੱਢਲੇ ਸਿਹਤ ਕੇਂਦਰ ਦੀ ਬਿਲਡਿੰਗ ਦੀ ਉਸਾਰੀ ਕਰਨਾ

***1787. ਸਰਦਾਰ ਹਰੀ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਸਬਾ ਮੱਲਾਂਵਾਲਾ (ਜ਼ਿਲ੍ਹਾ ਫਿਰੋਜ਼ਪੁਰ) ਵਿਖੇ 50 ਬੈੱਡ ਵਾਲੇ ਮੁੱਢਲੇ ਸਿਹਤ ਕੇਂਦਰ ਦੀ ਬਿਲਡਿੰਗ ਦੀ ਉਸਾਰੀ ਦੀ ਮੌਜੂਦਾ ਸਥਿਤੀ ਕੀ ਹੈ ?

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਇਸ ਵੇਲੇ ਕਸਬਾ ਮੱਲਾਂਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ 50 ਬਿਸਤਰਿਆਂ ਦੇ ਹਸਪਤਾਲ ਦੀ ਕੋਈ ਵੀ ਇਮਾਰਤ ਉਸਾਰੀ ਅਧੀਨ ਨਹੀਂ ਹੈ ਜੀ ।

**ਸਰਦਾਰ ਹਰੀ ਸਿੰਘ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਹਾਊਸ ਵਿੱਚ ਇਸ ਸਵਾਲ ਦਾ ਜਵਾਬ ਆ ਗਿਆ ਸੀ ਪਰ ਪਤਾ ਨਹੀਂ ਇਹ ਸਵਾਲ ਦੁਬਾਰਾ ਕਿਉਂ ਆ ਗਿਆ ਹੈ? ਮਨਿਸਟਰ ਸਾਹਿਬ ਨੇ ਮੈਨੂੰ ਉਦੋਂ ਐਸੋਰੈਂਸ਼ ਦੇ ਦਿੱਤੀ ਸੀ ਕਿ ਉਥੇ 30 ਬੈੱਡ ਦਾ ਮੁੱਢਲਾ ਸਿਹਤ ਕੇਂਦਰ ਬਣਾ ਦਿੱਤਾ ਜਾਵੇਗਾ। ਹੁਣ 50 ਬੈੱਡ ਦਾ ਬਣਾਉਣ ਬਾਰੇ ਫਿਰ ਸਵਾਲ ਆ ਗਿਆ ਹੈ। 30 ਬੈੱਡ ਦਾ ਮੁੱਢਲਾ ਸਿਹਤ ਕੇਂਦਰ ਬਣਾਉਣ ਦੀ ਐਸ਼ੋਰੈਂਸ ਆਲਰੈਡੀ ਹਾਊਸ ਵਿੱਚ ਆ ਚੁੱਕੀ ਹੈ। ਉਥੇ 30 ਬੈੱਡ ਦਾ ਹੀ ਬਣਾ ਦੇਣ, ਠੀਕ ਹੈ।

**ਮਾਨਯੋਗ ਸਪੀਕਰ :** ਕੀ ਤੁਸੀਂ ਸਵਾਲ ਦਿੱਤਾ ਨਹੀਂ ਸੀ ? ਕੀ ਇਹ ਆਪਣੇ ਆਪ ਹੀ ਆ ਗਿਆ ਹੈ ?

**ਸਰਦਾਰ ਹਰੀ ਸਿੰਘ :** ਪਿਛਲੀ ਵਾਰੀ ਇਹ ਕੰਮ ਹੋ ਗਿਆ ਹੈ, ਮੈਂ ਫਿਰ ਦੁਬਾਰਾ ਸਪਲੀਮੈਂਟਰੀ ਕਿਉਂ ਕਰਾਂ ਜੀ।

**ਮੰਤਰੀ :** ਸਪੀਕਰ ਸਾਹਿਬ, ਇਹ ਸਵਾਲ ਗਲਤੀ ਨਾਲ ਲੱਗ ਗਿਆ ਹੈ। ਪਿਛਲੀ ਵਾਰ ਇਹ ਸਵਾਲ ਲੱਗ ਚੁੱਕਿਆ ਹੈ।

**ਮਾਨਯੋਗ ਸਪੀਕਰ :** ਇਹ ਸਵਾਲ ਤੁਸੀਂ 23.02.15 ਨੂੰ ਆਪਣੇ ਦਸਤਖਤਾਂ ਹੇਠ ਦਿੱਤਾ ਹੈ।

**ਸਰਦਾਰ ਹਰੀ ਸਿੰਘ :** ਸਪੀਕਰ ਸਾਹਿਬ, ਮੈਂ ਤਾਂ ਪਿਛਲੇ ਸੈਸ਼ਨ ਵਿਚ ਦਿੱਤਾ ਸੀ, ਹੁਣ ਤਾਂ ਗਲਤੀ ਨਾਲ ਆ ਗਿਆ ਹੋਣਾ ਹੈ । (ਹਾਸਾ)

## ਦਾਣਾ ਮੰਡੀ ਬਣਾਉਣਾ

***1805. ਬੀਬੀ ਜਗੀਰ ਕੌਰ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਕਪੂਰਥਲਾ ਵਿੱਚ ਦਮੂਲੀਆਂ (ਨਡਾਲਾ) ਵਿਖੇ ਦਾਣਾ ਮੰਡੀ ਬਣਕੇ ਕਦੋਂ ਤੱਕ ਚਾਲੂ ਕਰ ਦਿੱਤੀ ਜਾਵੇਗੀ ?

**ਸਰਦਾਰ ਤੋਤਾ ਸਿੰਘ :** ਦਾਣਾ ਮੰਡੀ ਦਮੂਲੀਆਂ ਨਡਾਲਾ ਦੀ ਉਸਾਰੀ 31.03.2017 ਤੱਕ ਮੁਕੰਮਲ ਕਰਕੇ ਮੰਡੀ ਚਾਲੂ ਕਰ ਦਿੱਤੀ ਜਾਵੇਗੀ।

**ਬੀਬੀ ਜਗੀਰ ਕੌਰ :** ਸਪੀਕਰ ਸਾਹਿਬ ਮੈਂ ਮੰਤਰੀ ਜੀ ਦਾ ਧੰਨਵਾਦ ਕਰਦੀ ਹਾਂ ਕਿ ਮੰਤਰੀ ਜੀ ਨੇ ਮੇਰੀ ਇਸ ਅਹਿਮ ਮੰਗ ਤੇ ਪਾਜ਼ੇਟਿਵ ਜਵਾਬ ਦਿੱਤਾ ਹੈ ਪਰ ਮੈਂ ਮੰਤਰੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਹ ਮੰਡੀ ਚਾਲੂ ਕਦੋਂ ਹੋ ਜਾਵੇਗੀ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੀਬੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਥੇ ਇਕ ਸਬ ਯਾਰਡ ਹੈ, ਉਥੇ 8 ਫੁੱਟ ਨੀਵੀਂ ਥਾਂ ਹੈ। ਇਸ ਤੇ 1.5 ਕਰੋੜ ਰੁਪਏ ਦੀ ਭਰਤ ਪੈਣੀ ਹੈ। ਇਸ ਦਾ ਅਰਥ ਵਰਕ ਹੋਣਾ ਹੈ। ਇਸ ਤੋਂ ਤੁਸੀਂ ਅੰਦਾਜ਼ਾ ਲਗਾ ਲਓ ਕਿ ਕਿਹੜੀ ਜ਼ਮੀਨ ਬੀਬੀ ਜੀ ਨੇ ਸਾਨੂੰ ਦਿੱਤੀ ਹੈ। (ਹਾਸਾ) ਸੋ, 1.5 ਕਰੋੜ ਦੀ ਭਰਤ ਪੈਣੀ ਹੈ ਅਤੇ 1 ਕਰੋੜ ਰੁਪਇਆ ਫਰਸ਼ ਤੇ ਲੱਗਣਾ ਹੈ। ਇਹ ਕੰਮ ਪੰਜ ਹਿੱਸਿਆਂ ਵਿਚ ਹੋਣਾ ਹੈ। ਇਸ ਦੇ ਤਿੰਨ ਹਿੱਸੇ ਅਸੀਂ ਜਲਦੀ ਹੀ ਬਣਾ ਦਿਆਂਗੇ । ਮੈਂ ਬੀਬੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਸਾਡੇ ਵਲੋਂ ਤਾਂ ਕੱਲ੍ਹ ਹੀ ਉਥੇ ਇੱਟਾਂ ਚਲੇ ਜਾਣਗੀਆਂ ਪਰ ਤੁਸੀਂ ਇਸ ਦਾ ਅਰਥ ਵਰਕ ਹੀ ਕਰਵਾ ਦਿਓ। ਮੈਂ ਵੀ ਆਪਣੇ ਇਲਾਕੇ ਵਿਚ ਅਰਥ ਵਰਕ ਕਰਵਾਉਂਦਾ ਰਿਹਾ ਹਾਂ। ਜੇ ਇਹ ਅਰਥ ਵਰਕ ਕਰਵਾ ਦੇਣ ਤਾਂ ਅਸੀਂ ਇਕ ਸਾਲ ਵਿੱਚ ਹੀ ਇਹ ਮੰਡੀ ਬਣਾ ਦਿਆਂਗੇ।

**ਬੀਬੀ ਜਗੀਰ ਕੌਰ :** ਸਪੀਕਰ ਸਾਹਿਬ, ਅਸੀਂ ਇਨ੍ਹਾਂ ਨੂੰ 15 ਕਰੋੜ ਦੀ ਜਗ੍ਹਾ ਕੇਵਲ 1 ਕਰੋੜ 27 ਲੱਖ ਰੁਪਏ ਵਿੱਚ ਦਿੱਤੀ ਹੈ। ਇਹ ਮੈਨੂੰ 14 ਕਰੋੜ ਰੁਪਇਆ ਦੇ ਦੇਣ, ਮੈਂ ਉਸਦਾ ਕੰਮ ਸ਼ੁਰੂ ਕਰਵਾ ਦਿਆਂਗੀ। ਉਥੇ ਨਡਾਲੇ ਵਿਖੇ ਸੜਕ ਤੇ 1 ਕਰੋੜ ਰੁਪਇਆ ਕਿੱਲੇ ਦੀ ਕੀਮਤ ਹੈ। ਮੰਤਰੀ ਜੀ ਨੇ ਜਿਹੜੀ ਗੱਲ ਕਹੀ ਹੈ, ਇਸ ਦਾ ਮੈਨੂੰ ਬਹੁਤ ਅਫਸੋਸ ਹੈ ਕਿ ਜੇਕਰ ਮੈਂ ਆਪ ਹੀ ਇਹ ਕੰਮ ਕਰਵਾਉਣਾ ਸੀ ਤਾਂ ਮੈਨੂੰ 1 ਕਰੋੜ 27 ਲੱਖ ਰੁਪਏ ਵਿੱਚ 15 ਕਿੱਲੇ ਜ਼ਮੀਨ

ਐਕਵਾਇਰ ਕਰਵਾਉਣ ਦੀ ਕੀ ਲੋੜ ਸੀ। ਸਾਡੇ ਸਤਿਕਾਰਯੋਗ ਉੱਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਚਾਰ ਸਾਲ ਪਹਿਲਾਂ ਉਥੇ ਨੀਂਹ ਪੱਥਰ ਰੱਖ ਕੇ ਆਏ ਸੀ। ਮੈਨੂੰ ਇਹ ਪਤਾ ਹੈ ਕਿ ਉਥੇ ਮੰਡੀ ਬਣਨੀ ਹੈ, ਮੈਨੂੰ ਸੀ.ਐਮ. ਸਾਹਿਬ ਨੇ ਹਾਂ ਕੀਤੀ ਹੋਈ ਹੈ, ਪਰ ਜਿਹੜਾ ਇਹ ਕਹਿੰਦੇ ਹਨ ਮੈਂ ਅਰਥ ਵਰਕ ਕਰਵਾ ਦਿਆਂ, ਮੇਰੇ ਕੋਲ ਕਿਹੜਾ ਕੋਈ ਫੰਡ ਹਨ । ਸੋ, ਇਹ ਤਾਂ ਸਰਕਾਰ ਦਾ ਹੀ ਕੰਮ ਹੈ। ਜਦੋਂ ਅਸੀਂ ਤੁਹਾਨੂੰ 15 ਕਰੋੜ ਦੀ ਜਗ੍ਹਾ ਕੇਵਲ 1 ਕਰੋੜ 27 ਲੱਖ ਰੁਪਏ ਵਿੱਚ ਦਿੱਤੀ ਹੈ, ਫਿਰ ਤਾਂ ਮੰਡੀ ਬਣਾ ਕੇ ਲੋਕਾਂ ਨੂੰ ਸਹੂਲਤ ਦੇਣਾ ਤੁਹਾਡਾ ਕੰਮ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਬਲਬੀਰ ਸਿੰਘ ਸਿੱਧੂ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਬੀਬੀ ਜੀ ਨੇ ਬਹੁਤ ਵਧੀਆ ਸਵਾਲ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਜਿਹੜਾ ਸਰਕਾਰ ਨੇ 1 ਕਰੋੜ 27 ਲੱਖ ਰੁਪਇਆ ਦਿੱਤਾ ਹੈ, ਉਹ ਭਰਤ ਤੇ ਲਗਾ ਦੇਣ। ਤੁਹਾਡਾ ਮਾਮਲਾ ਹੱਲ ਹੋ ਜਾਵੇਗਾ।

---

## ਹੰਬੜਾ (ਲੁਧਿਆਣਾ) ਨੂੰ ਸਬ-ਤਹਿਸੀਲ ਬਣਾਉਣਾ

***1775. ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਸਬਾ ਹੰਬੜਾ (ਲੁਧਿਆਣਾ) ਨੂੰ ਸਬ ਤਹਿਸੀਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਬਿਕਰਮ ਸਿੰਘ ਮਜੀਠੀਆ :** ਨਹੀਂ ਜੀ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜਾ ਹੰਬੜਾ ਕਸਬਾ ਹੈ, ਇਥੇ ਪੰਜਾਬ ਦਾ ਪਹਿਲਾ ਫੋਕਲ ਪੁਆਇੰਟ ਬਣਿਆ ਸੀ। ਇਸ ਦੀ ਅਬਾਦੀ 50 ਹਜ਼ਾਰ ਤੋਂ ਜ਼ਿਆਦਾ ਹੈ। ਇਥੇ ਦਾਣਾ ਮੰਡੀ ਵਿੱਚ ਤਕਰੀਬਨ 5 ਲੱਖ ਝੋਨਾ ਅਤੇ 3 ਲੱਖ ਕਣਕ ਦੀ ਬੋਰੀ ਆਉਂਦੀ ਹੈ। ਇਥੇ 500 ਮੈਗਾਵਾਟ ਦਾ ਬਿਜਲੀ ਘਰ ਵੀ ਹੈ। ਭਾਰਤੀ ਟੈਲੀਕਾਮ ਦੀ ਪਹਿਲੀ ਇੰਡਸਟਰੀ ਵੀ ਇਥੇ ਲੱਗੀ ਹੈ। ਇਸ ਦੇ ਨਾਲ ਹੋਰ ਵੀ ਵੱਡੀਆਂ ਇੰਡਸਟਰੀਆਂ

ਹਨ। ਪੰਜਾਬ ਦੀ ਸਭ ਤੋਂ ਵੱਡੀ ਪਲਾਈਵੁੱਡ ਇੰਡਸਟਰੀ ਵੀ ਇਸ ਨਗਰ ਵਿੱਚ ਹੈ। ਗਿੱਲ ਹਲਕੇ ਦੀ ਤਕਰੀਬਨ 100 ਫੀਸਦੀ ਅਬਾਦੀ ਪੇਂਡੂ ਹੈ ਅਤੇ ਇਨ੍ਹਾਂ ਲੋਕਾਂ ਨੇ ਸ਼ਹਿਰਾਂ ਵਿੱਚ ਕਚਹਿਰੀਆਂ ਅਤੇ ਤਹਿਸੀਲਾਂ ਵਿਚ ਆਪਣੇ ਕੰਮਾਂ ਵਾਸਤੇ ਜਾਣਾ ਹੁੰਦਾ ਹੈ ਤਾਂ ਟਰੈਫਿਕ ਹੋਣ ਕਰਕੇ ਕਾਫੀ ਮੁਸ਼ਕਿਲ ਪੇਸ਼ ਆਉਂਦੀ ਹੈ। ਉਥੇ ਪੰਚਾਇਤ ਕੋਲ ਕਾਫੀ ਜ਼ਮੀਨ ਹੈ, ਜ਼ਮੀਨ ਦੀ ਕੋਈ ਘਾਟ ਨਹੀਂ ਹੈ। ਸੋ, ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਉਹ ਮੇਰੀ ਮੰਗ ਨੂੰ ਪ੍ਰਵਾਨ ਕਰ ਲੈਣ।

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਕੋਲ ਇਸ ਸਬੰਧੀ ਪਹਿਲਾਂ ਕੋਈ ਜ਼ਿਕਰ ਨਹੀਂ ਕੀਤਾ ਹੈ ਅਤੇ ਨਾ ਹੀ ਡੀ.ਸੀ. ਸਾਹਿਬ ਕੋਲ ਕੋਈ ਪਰਪੋਜ਼ਲ ਭੇਜੀ ਹੈ ਪਰ ਜੇਕਰ ਦਰਸ਼ਨ ਸਿੰਘ ਜੀ ਮੈਨੂੰ ਆ ਕੇ ਦਰਸ਼ਨ ਦੇਣ, ਆ ਕੇ ਦਰਸ਼ਨ ਦੇ ਕੇ ਗੱਲਾਂ ਦੱਸਣ, ਮੈਂ ਜ਼ਰੂਰ ਜੇ ਬਣਦਾ ਹੋਇਆ, ਇਸ ਦੀ ਪ੍ਰਪੋਜ਼ਲ ਬਣਾ ਕੇ ਕੈਬਨਿਟ ਵਿੱਚ ਪੇਸ਼ ਕਰ ਦਿਆਂਗਾ । ਫਿਰ ਕੈਬਨਿਟ ਦਾ ਫੈਸਲਾ ਹੋਵੇਗਾ ਕਿ ਇਹ ਪਰਪੋਜ਼ਲ ਮੰਨੀ ਜਾਂਦੀ ਹੈ ਕਿ ਨਹੀਂ ਮੰਨੀ ਜਾਂਦੀ ਹੈ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਠੀਕ ਹੈ, ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਤੇ ਮੈਂ ਇਨ੍ਹਾਂ ਦੇ ਦਰਬਾਰ ਵਿੱਚ ਜਾ ਕੇ ਬੇਨਤੀ ਕਰਾਂਗਾ। (ਹਾਸਾ)

**ਮਾਨਯੋਗ ਸਪੀਕਰ :** ਮੇਰਾ ਆਪਣਾ ਵੀ ਇਹ ਪੁਰਾਣਾ ਹਲਕਾ ਰਿਹਾ ਹੈ ਅਤੇ ਇਹ ਫੋਕਲ ਪੁਆਇੰਟ ਮੈਂ ਹੀ ਬਣਵਾਇਆ ਸੀ। ਮੇਰੇ ਵੇਲੇ ਹੀ ਬਣਿਆ ਸੀ।

---

## ਫੋਕਲ ਪੁਆਇੰਟ ਸਥਾਪਿਤ ਕਰਨ ਵਾਸਤੇ ਲਈ ਗਈ ਪੰਚਾਇਤੀ ਜ਼ਮੀਨ ਵਾਪਸ ਕਰਨਾ

***1778. ਜਸਟਿਸ ਨਿਰਮਲ ਸਿੰਘ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

ੳ) ਰਾਜ ਵਿੱਚ ਅਜਿਹੇ ਕਿੰਨੇ ਫੋਕਲ ਪੁਆਇੰਟ ਹਨ ਜੋ ਪੰਚਾਇਤ ਦੀ ਜ਼ਮੀਨ ਲੈ ਕੇ ਸ਼ੁਰੂ ਕੀਤੇ ਗਏ ਸਨ, ਪਰ ਇਸ ਵੇਲੇ ਜਿੱਥੇ ਕੋਈ ਵੀ ਅਦਾਰਾ ਕੰਮ ਨਹੀਂ ਕਰ ਰਿਹਾ ਹੈ ਅਤੇ ਜ਼ਮੀਨ ਖਾਲੀ ਪਈ ਹੈ;

ਅ) ਉਪਰਕੋਤ ਭਾਗ (ੳ) ਵਿੱਚ ਵਰਣਿਤ ਫੋਕਲ ਪੁਆਇੰਟਾਂ ਲਈ ਨਿਰਧਾਰਿਤ ਖਾਲੀ ਪਈ ਪੰਚਾਇਤੀ ਜ਼ਮੀਨ ਨੂੰ ਸੰਬੰਧਿਤ ਪੰਚਾਇਤਾਂ ਨੂੰ ਮੁੜ ਵਾਪਸ ਦਿੱਤੇ ਜਾਣ ਦੀ ਕੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਸ਼੍ਰੀਮਾਨ ਜੀ,

ੳ) ਰਾਜ ਵਿੱਚ ਅਜਿਹਾ ਕੋਈ ਵੀ ਫੋਕਲ ਪੁਆਇੰਟ ਨਹੀਂ ਹੈ ਜਿੱਥੇ ਕੋਈ ਵੀ ਅਦਾਰਾ ਕੰਮ ਨਾ ਕਰ ਰਿਹਾ ਹੋਵੇ ।

ਅ) ਨਹੀਂ ਜੀ ।

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਬੱਸੀ ਪਠਾਣਾ ਕੰਸਟੀਚੂਐਂਸੀ ਵਿੱਚ ਸੱਤ ਫੋਕਲ ਪੁਆਇੰਟ ਹਨ। ਸੱਤਾਂ ਫੋਕਲ ਪੁਆਇੰਟਾਂ ਵਿੱਚੋਂ ਇੱਕ ਪਿੰਡ ਨੰਦਪੁਰ ਕਲੌੜ ਹੈ ਜਿਥੇ ਕੋਆਪਰੇਟਿਵ ਬੈਂਕ ਵੀ ਹੈ, ਦੁਕਾਨਾਂ ਵੀ ਹਨ ਤੇ ਪਰਚੇਜ਼ ਸੈਂਟਰ ਵੀ ਹਨ। ਬਾਕੀ ਕਿਸੇ ਵੀ ਫੋਕਲ ਪੁਆਇੰਟ ਵਿੱਚ ਪਰਚੇਜ਼ ਸੈਂਟਰ ਤੋਂ ਬਿਨਾਂ ਕੋਈ ਕੰਮ ਨਹੀਂ ਹੋ ਰਿਹਾ ਤੇ ਇੱਕ ਪਿੰਡ ਮੇਰਾ ਹੈ ਗੜੌਲੀਆਂ, ਉਥੇ ਪੰਚਾਇਤ ਦੀ 30 ਏਕੜ ਜ਼ਮੀਨ ਲਈ ਗਈ ਸੀ। 30 ਏਕੜ ਜ਼ਮੀਨ ਵਿੱਚੋਂ ਇੱਕ ਏਕੜ ਜ਼ਮੀਨ ਉੱਤੇ ਪਸ਼ੂਆਂ ਦੀ ਡਿਸਪੈਂਸਰੀ ਚਲ ਰਹੀ ਹੈ ਪਰ ਜਿਸ ਦਿਨ ਤੋਂ ਫੋਕਲ ਪੁਆਇੰਟ ਸਥਾਪਤ ਹੋਇਆ ਹੈ, ਉਸ ਦਿਨ ਤੋਂ ਨਾ ਤੇ ਪਰਚੇਜ਼ ਸੈਂਟਰ ਚੱਲਿਆ ਹੈ ਅਤੇ ਨਾ ਹੀ ਕੋਈ ਦੁਕਾਨ ਚੱਲੀ ਹੈ। ਇਹ ਠੀਕ ਹੈ ਕਿ ਮੰਡੀ ਬੋਰਡ ਨੇ ਉਥੇ ਪੰਜ ਏਕੜ ਵਿੱਚ ਫੜ੍ਹ ਤਾਂ ਜ਼ਰੂਰ ਬਣਾ ਦਿੱਤਾ ਸੀ, ਪਰੰਤੂ ਉਥੇ ਪਰਚੇਜ਼ ਸੈਂਟਰ ਨਹੀਂ ਚੱਲਿਆ । ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਜ਼ਮੀਨ ਪਿਛਲੇ 37 ਸਾਲਾਂ ਤੋਂ ਕਿਤੇ ਵੀ ਇਸਤੇਮਾਲ ਨਹੀਂ ਹੋ ਰਹੀ ਅਤੇ ਇਨ੍ਹਾਂ 37 ਸਾਲਾਂ ਵਿੱਚ ਪੰਚਾਇਤ ਦਾ ਕਿੰਨਾ ਹੀ ਨੁਕਸਾਨ ਹੋਇਆ ਹੈ, ਕੀ ਸਰਕਾਰ ਉਹ ਜ਼ਮੀਨ ਵਾਪਸ ਪੰਚਾਇਤ ਨੂੰ ਦੇਣ ਨੂੰ ਤਿਆਰ ਹੈ ? ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬਾਕੀ ਦੇ ਫੋਕਲ ਪੁਆਇੰਟ ਹਨ, ਕੀ ਉਨ੍ਹਾਂ ਦਾ ਵੀ ਇਹੀ ਹਾਲ ਹੈ ? ਮੈਂ ਇਕੱਲੇ ਬੱਸੀ ਪਠਾਣਾ ਹਲਕੇ ਦੀ ਹੀ ਗੱਲ ਨਹੀਂ ਕਰ ਰਿਹਾ ਬਲਕਿ ਸਾਰੇ ਪੰਜਾਬ ਦੀ ਗੱਲ ਕਰ ਰਿਹਾ ਹਾਂ ਕਿ ਸਾਰੇ ਪੰਜਾਬ ਦੇ ਫੋਕਲ ਪੁਆਇੰਟਾਂ ਵਿੱਚ ਇਕੱਲੇ ਪਰਚੇਜ਼ ਸੈਂਟਰਾਂ ਤੋਂ ਬਿਨਾਂ ਕੁਝ ਨਹੀਂ ਚਲ ਰਿਹਾ ਹੈ। ਜੇਕਰ ਅਸੀਂ ਉਹ ਜ਼ਮੀਨ ਇਸਤੇਮਾਲ ਨਹੀਂ ਕਰਨੀ ਹੈ ਤਾਂ ਉਹ ਪੰਚਾਇਤਾਂ ਨੂੰ ਦਿਓ, ਪੰਚਾਇਤਾਂ ਨੂੰ

[ ਜਸਟਿਸ ਨਿਰਮਲ ਸਿੰਘ ]

ਆਮਦਨ ਹੋਏ । ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ 29 ਏਕੜ ਜ਼ਮੀਨ ਜੇ 30 ਹਜ਼ਾਰ ਰੁਪਏ ਪਰ ਏਕੜ ਲੀਜ਼ ਤੇ ਦਿੱਤੀ ਜਾਵੇ ਤੇ ਕਿੰਨੀ ਆਮਦਨ ਪੰਚਾਇਤ ਦੀ ਹੋ ਸਕਦੀ ਹੈ। ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਇਸ ਤਰ੍ਹਾਂ ਦੀ ਪਰਪੋਜ਼ਲ ਬਣ ਸਕਦੀ ਹੈ ਕਿ ਉਹ ਜ਼ਮੀਨ ਪੰਚਾਇਤਾਂ ਨੂੰ ਵਾਪਸ ਕਰ ਦੇਈਏ ?

**ਮੰਤਰੀ :** ਸਪੀਕਰ ਸਾਹਿਬ, ਇਹ ਠੀਕ ਹੈ ਕਿ ਕੁਝ ਥਾਈਂ ਫੋਕਲ ਪੁਆਇੰਟਾਂ ਵਿੱਚ ਇਕੱਲੀ ਅਨਾਜ ਦੀ ਮੰਡੀ ਚਲਦੀ ਹੈ, ਕਈ ਥਾਂਈਂ ਕੋਈ ਹਸਪਤਾਲ ਚਲਦਾ ਹੈ, ਕਈ ਥਾਂਈਂ ਬੈਂਕ ਚਲਦਾ ਹੈ ਪਰ ਕਈ ਫੋਕਲ ਪੁਆਇੰਟ ਬਹੁਤ ਵਧੀਆ ਵੀ ਹਨ ਜਿੱਥੇ ਕਿ ਸਾਰੇ ਯੂਨਿਟਸ ਚੱਲਦੇ ਹਨ ਤੇ ਕੁਝ ਥਾਂਈਂ ਅਜਿਹੇ ਵੀ ਹਨ ਜਿੱਥੇ ਸਾਰੇ ਯੂਨਿਟਸ ਨਹੀਂ ਵੀ ਚਲਦੇ । ਇਨ੍ਹਾਂ ਦੇ ਜ਼ਿਲ੍ਹੇ ਵਿੱਚ ਜਿਹੜਾ ਫੋਕਲ ਪੁਆਇੰਟ ਬਣਿਆ ਸੀ, ਇੱਕ ਵਾਰੀ ਇੱਥੇ ਖਰੀਦ ਚੱਲੀ ਸੀ ਪਰ ਉਸ ਤੋਂ ਬਾਅਦ ਇਨ੍ਹਾਂ ਦੀ ਮੰਡੀ ਵਿੱਚ ਜਾਂ ਤਾਂ ਕੋਈ ਅਨਾਜ ਨਹੀਂ ਆਇਆ ਹੋਣਾ ਜਾਂ ਠੀਕ ਨਹੀਂ ਬਣੀ ਹੋਣੀ, ਇਸ ਕਰਕੇ ਇਹ ਨਹੀਂ ਚੱਲੀ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪੰਚਾਇਤਾਂ ਦੀਆਂ ਜਿਹੜੀਆਂ ਜ਼ਮੀਨਾਂ ਹਨ ਅਤੇ ਫੋਕਲ ਪੁਆਇੰਟਾਂ ਦੀਆਂ ਸਾਰੀਆਂ ਜ਼ਮੀਨਾਂ ਡਾਇਰੈਕਟਰ ਪੰਚਾਇਤ ਦੇ ਨਾਂ ਤੇ ਹਨ ਤੇ ਸਾਡਾ ਫੈਸਲਾ ਹੈ ਕਿ ਜੇ ਉਹ ਚਾਹੁਣ ਤਾਂ ਉਨ੍ਹਾਂ ਤੇ ਰੋਕ ਕੋਈ ਨਹੀਂ ਹੈ । ਸਾਡੀ ਚਿੱਠੀ ਕੱਢੀ ਹੋਈ ਹੈ ਕਿ ਉਹ ਜ਼ਮੀਨ ਠੇਕੇ ਤੇ ਵੀ ਦੇ ਸਕਦੇ ਹਨ, ਕਿਸੇ ਹੋਰ ਕੰਮ ਲਈ ਜੇ ਵਰਤਣਾ ਚਾਹੁੰਦੇ ਹਨ ਤਾਂ ਉਹ ਵੀ ਵਰਤ ਸਕਦੇ ਹਨ, ਕੋਈ ਬੈਨ ਨਹੀਂ ਹੈ। ਹਰ ਸਾਲ ਦੇ ਸਕਦੇ ਹਨ। ਕਈ ਪੰਚਾਇਤਾਂ ਦਿੰਦੀਆਂ ਵੀ ਹਨ, ਕਈ ਨਹੀਂ ਵੀ ਦਿੰਦੀਆਂ ਹਨ। ਬਾਕੀ ਅਸੀਂ ਵਾਪਸ ਕਰਨ ਬਾਰੇ ਵੀ ਵਿਚਾਰ ਕਰ ਲਵਾਂਗੇ।

**ਸਰਦਾਰ ਮਨਪ੍ਰੀਤ ਸਿੰਘ ਇਯਾਲੀ :** ਸਪੀਕਰ ਸਾਹਿਬ, ਮੇਰੇ ਆਪਣੇ ਪਿੰਡ ਵਿੱਚ ਵੀ ਤਕਰੀਬਨ 14 ਏਕੜ ਜ਼ਮੀਨ ਹੈ ਜਿਥੇ ਇਹ ਫੋਕਲ ਪੁਆਇੰਟ ਬਣਿਆ ਸੀ । ਮੇਰਾ ਖਿਆਲ ਹੈ ਕਿ ਅੱਜ ਉਥੇ ਘੱਟੋ-ਘੱਟ 20 ਕਰੋੜ ਰੁਪਿਆ ਇੱਕ ਕਿਲੇ ਦਾ ਰੇਟ ਹੋਵੇਗਾ। ਇੱਕ ਮੰਡੀ, ਇੱਕ ਡਿਸਪੈਂਸਰੀ ਅਤੇ ਇੱਕ ਪਸ਼ੂ ਹਸਪਤਾਲ ਉਥੇ ਬਣਿਆ ਹੈ, ਬਾਕੀ ਸਾਰੀ ਜਗ੍ਹਾ ਖਾਲੀ ਪਈ ਹੈ। ਕਿਉਂਕਿ ਲੈਂਡ ਸ਼ਹਿਰ ਦੇ ਬਿਲਕੁਲ ਅੰਦਰ ਹੈ, ਇਸ ਕਰਕੇ ਕੋਈ ਨਾ ਕੋਈ ਪਲਾਨਿੰਗ

ਕਰਕੇ ਉਥੇ ਕੋਈ ਸਰਕਾਰੀ ਅਦਾਰਾ ਬਣਾਇਆ ਜਾਵੇ। ਇਹੋ ਜਿਹੇ ਕਾਫੀ ਅਜਿਹੇ ਫੋਕਲ ਪੁਆਇੰਟ ਹਨ। ਇਸ ਲਈ ਅਸੀਂ ਆਉਣ ਵਾਲੇ ਸਮੇਂ ਵਿੱਚ ਕੋਈ ਨਾ ਕੋਈ ਪਲਾਨ ਬਣਾਈਏ ਕਿ ਉਥੇ ਕੋਈ ਸਰਕਾਰੀ ਅਦਾਰਾ ਬਣਾਇਆ ਜਾਵੇ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ, 2012 ਦੀ ਸੁਪਰੀਮ ਕੋਰਟ ਦੀ ਜੱਜਮੈਂਟ ਵੀ ਆਈ ਹੈ ਜਿਸ ਵਿੱਚ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਹੈ ਕਿ ਜਿਹੜੀਆਂ ਪੰਚਾਇਤਾਂ ਦੀਆਂ ਸ਼ਾਮਲਾਤ ਜ਼ਮੀਨਾਂ ਹੋਣਗੀਆਂ, ਉਹ ਮੁਸ਼ਤਰਕਾ ਮਾਲਕਾਂ ਦੇ ਨਾਂ ਤੇ ਰਹਿਣਗੀਆਂ। ਮੈਂਬਰ ਸਾਹਿਬ ਨੇ ਇਹ ਚੰਗਾ ਸਵਾਲ ਉਠਾਇਆ ਹੈ। ਕਈ ਲੋਕ ਪੰਜਾਬ ਦੀਆਂ ਪੰਚਾਇਤਾਂ ਦੀ ਜ਼ਮੀਨ 33-33 ਸਾਲਾਂ ਤੋਂ ਲੈ ਕੇ ਮਿਸਯੂਟੀਲਾਈਜ਼ ਕਰ ਰਹੇ ਹਨ। ਜੇ ਕੋਈ ਪਾਲਿਸੀ ਬਣਾਈ ਜਾਵੇ ਤਾਂ ਪੰਚਾਇਤਾਂ ਨੂੰ ਇਸ ਦਾ ਲਾਭ ਹੋਵੇਗਾ। ਮੈਂ ਸਮਝਦਾ ਹਾਂ ਜ਼ਰੂਰ ਐਸੀ ਕੋਈ ਪਾਲਿਸੀ ਬਣਾਈ ਜਾਣੀ ਚਾਹੀਦੀ ਹੈ।

**Mr. Speaker :** Thank you for the suggestion.

**ਸ਼੍ਰੀ ਦੀਪ ਮਲਹੋਤਰਾ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪੰਚਾਇਤਾਂ ਨੇ ਜਦੋਂ ਜਗ੍ਹਾ ਦਿੱਤੀ ਸੀ ਉਦੋਂ ਇੰਡਸਟਰੀਅਲਾਈਜ਼ੇਸ਼ਨ ਵਾਸਤੇ ਫੋਕਲ ਪੁਆਇੰਟ ਕੰਸਿਡਰੇਸ਼ਨ ਵਿੱਚ ਆਏ ਸਨ । ਇਸ ਲਈ ਪੰਜਾਬ ਦੀ ਇੰਡਸਟਰੀ ਵਾਸਤੇ ਸਰਕਾਰ ਕੋਈ ਐਸਾ ਫੈਸਲਾ ਕਰੇ ਕਿ ਜੇਕਰ ਫੋਕਲ ਪੁਆਇੰਟ ਨਹੀਂ ਚੱਲੇ ਤਾਂ ਆਪਾਂ ਉਸ ਦਾ ਮੁਆਵਜ਼ਾ ਦੇ ਦੇਈਏ ਲੇਕਿਨ ਆਪਾਂ ਇੰਡਸਟਰੀਅਲਾਈਜ਼ੇਸ਼ਨ ਨੂੰ ਬੰਦ ਕਰਨ ਵਾਸਤੇ ਕੰਮ ਨਾ ਕਰੀਏ। ਪੰਜਾਬ ਵਿੱਚ ਇੰਡਸਟਰੀ ਪਹਿਲਾਂ ਹੀ ਘੱਟ ਹੈ । ਇਸ ਲਈ ਪੰਜਾਬ ਸਰਕਾਰ ਕੋਈ ਅਜਿਹਾ ਫੈਸਲਾ ਕਰੇ ਕਿ ਜੇ ਫੋਕਲ ਪੁਆਇੰਟ ਵਿੱਚ ਕੋਈ ਇੰਡਸਟਰੀ ਲਗਾਵੇਗਾ ਤਾਂ ਉਨ੍ਹਾਂ ਨੂੰ ਇਨਸੈਨਟਿਵ ਦਿੱਤਾ ਜਾਵੇਗਾ ਤਾਂ ਕਿ ਇੰਡਸਟਰੀਆਈਲੇਜ਼ਸ਼ਨ ਨਾਲ ਸਾਡੇ ਯੂਥ ਦਾ ਰੋਜ਼ਗਾਰ ਚੱਲ ਸਕੇ।

**Mr. Speaker :** Thank you for the suggestion. ਅਗਲਾ ਸਵਾਲ । ਬੀਬੀ ਜਗੀਰ ਕੌਰ ਜੀ।

---

## ਸੀਵਰੇਜ ਪਲਾਂਟ ਲਗਾਉਣਾ

***1806. ਬੀਬੀ ਜਗੀਰ ਕੌਰ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਕਪੂਰਥਲਾ ਦੇ ਕਸਬਾ ਢਿੱਲਵਾਂ ਵਿੱਚ ਸੀਵਰੇਜ ਚਾਲੂ ਕਰਨ ਅਤੇ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾਉਣ ਦੇ ਕੰਮ ਦੀ ਅਜੋਕੀ ਸਥਿਤੀ ਦੇ ਵੇਰਵੇ ਕੀ ਹਨ ?

**ਸ਼੍ਰੀ ਅਨਿਲ ਜੋਸ਼ੀ :** ਢਿੱਲਵਾਂ ਕਸਬੇ ਵਿਖੇ ਸੀਵਰੇਜ ਦਾ ਕੰਮ ਲਗਭਗ 80 ਪ੍ਰਤੀਸ਼ਤ ਹੋ ਚੁੱਕਾ ਹੈ । ਮੇਨ ਪੰਪਿੰਗ ਸਟੇਸ਼ਨ ਅਤੇ ਸੀਵਰੇਜ ਟਰੀਟਮੈਂਟ ਪਲਾਂਟ ਲਈ ਜ਼ਮੀਨ ਐਕੁਆਇਰ ਕਰਨ ਦਾ ਕੇਸ ਪ੍ਰਗਤੀ ਅਧੀਨ ਹੈ । ਜ਼ਮੀਨ ਪ੍ਰਾਪਤ ਹੋਣ ਉਪਰੰਤ ਇਹ ਕੰਮ ਸ਼ੁਰੂ ਕਰ ਦਿੱਤੇ ਜਾਣਗੇ ।

**ਬੀਬੀ ਜਗੀਰ ਕੌਰ :** ਸਪੀਕਰ ਸਾਹਿਬ, ਸਾਲ 2011 ਵਿੱਚ ਇਸ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਇਸ ਦਾ ਠੇਕਾ ਤਕਰੀਬਨ 19 ਮਹੀਨੇ ਦਾ ਸੀ। ਸੀ.ਐਮ.ਸਾਹਿਬ ਨੇ ਜਦੋਂ ਵੀ ਕੋਈ ਨੀਂਹ ਪੱਥਰ ਰੱਖਣਾ ਹੁੰਦਾ ਹੈ ਤਾਂ ਉਸ ਵਾਸਤੇ ਪਹਿਲਾਂ ਫੰਡਜ਼ ਅਲਾਟ ਕੀਤੇ ਜਾਂਦੇ ਹਨ। ਉਹ ਕਦੇ ਵੀ ਕੋਈ ਨੀਂਹ ਪੱਥਰ ਪਹਿਲਾਂ ਨਹੀਂ ਰੱਖਦੇ। ਮੈਨੂੰ ਇਸ ਗੱਲ ਦਾ ਵੀ ਗਿਆਨ ਹੈ ਕਿ ਸੀਵਰੇਜ ਦਾ ਕੰਮ ਪੈਸੇ ਅਲਾਟ ਹੋਣ ਤੋਂ ਬਾਅਦ ਸ਼ੁਰੂ ਕੀਤਾ ਗਿਆ ਸੀ। ਫਿਰ ਉਥੇ ਅੰਦਰ ਦੀ ਲਾਈਨ ਤਾਂ ਪੈ ਗਈ ਹੈ ਪਰ ਨਾ ਐਸ.ਟੀ.ਪੀ. ਬਣਿਆ ਹੈ ਅਤੇ ਨਾ ਜ਼ਮੀਨ ਐਕੁਆਇਰ ਕੀਤੀ ਗਈ ਹੈ। ਇਨ੍ਹਾਂ ਨੇ ਪਹਿਲਾਂ 12 ਏਕੜ ਜ਼ਮੀਨ ਐਕੁਆਇਰ ਕਰਨੀ ਸੀ ਅਤੇ ਮੈਂ ਸੋਚਿਆ ਕਿ ਇੰਨਾ ਪੈਸਾ ਕਿਉਂ ਲਗਾਉਣਾ ਹੈ। ਅਸੀਂ ਢਾਈ ਏਕੜ ਵਿੱਚ ਨਵੀਂ ਤਕਨੀਕ ਨਾਲ ਸੀਵਰੇਜ ਪਾਉਣ ਦਾ ਕੰਮ ਕਰੀਏ ਅਤੇ ਅਸੀਂ ਨਵੀਂ ਪਲਾਨਿੰਗ ਬਣਾਈ। ਫਿਰ ਸਾਡੀ ਕਮੇਟੀ ਵੀ ਬਣ ਗਈ ਅਤੇ ਉਸ ਢਾਈ ਏਕੜ ਜ਼ਮੀਨ ਦੀ ਕੀਮਤ ਵੀ ਫਿਕਸ ਕਰ ਦਿੱਤੀ। ਤੁਸੀਂ ਇਸ ਗੱਲ ਤੋਂ ਵੀ ਹੈਰਾਨ ਹੋਵੇਗੇ ਕਿ ਅਸੀਂ ਕੀਮਤ ਵੀ ਸਰਕਾਰੀ ਰੇਟ ਤੋਂ ਥੋੜ੍ਹਾ ਜਿਹਾ ਵਧਾ ਕੇ ਫਿਕਸ ਕੀਤੀ ਜਿਹੜੀ ਕਿ ਸਿਰਫ 35 ਕੁ ਲੱਖ ਰੁਪਿਆ ਪ੍ਰਤੀ ਏਕੜ ਸੀ। 35 ਲੱਖ ਰੁਪਏ ਨੂੰ ਜ਼ਮੀਨ ਐਕੁਆਇਰ ਕਰਨੀ ਕੋਈ ਔਖੀ ਨਹੀਂ ਹੈ ਕਿਉਂਕਿ ਲੋਕ ਵੀ 50-50 ਲੱਖ ਨੂੰ ਜ਼ਮੀਨ ਲੈਂਦੇ ਹਨ। ਢਾਈ ਏਕੜ ਜ਼ਮੀਨ ਐਕੁਆਇਰ ਕਰਨੀ ਸੀ ਅਤੇ 6 ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਜ਼ਮੀਨ ਐਕੁਆਇਰ ਨਹੀਂ ਹੋਈ ਅਤੇ ਨਾ ਹੀ ਐਸ.ਟੀ.ਪੀ. ਤਿਆਰ ਹੋਇਆ। ਜਿਹੜੇ ਪਿੰਡ, ਕਸਬੇ ਵਿੱਚ ਲਾਈਨ ਪੈ ਗਈ ਹੈ ਉਥੇ ਨਾਲੀਆਂ ਬੰਦ ਹੋ ਗਈਆਂ

ਹਨ ਅਤੇ ਹੁਣ ਉਹ ਸਾਰਾ ਪਿੰਡ ਪਾਣੀ ਨਾਲ ਭਰਿਆ ਹੋਇਆ ਹੈ ਜਿਸ ਕਰਕੇ ਨਾ ਕੋਈ ਗਲੀ ਰਹਿੰਦੀ ਹੈ ਅਤੇ ਨਾ ਹੀ ਕੋਈ ਰਸਤਾ-ਲਾਂਘਾ ਰਹਿ ਗਿਆ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਐਲ.ਐਂਡ.ਟੀ. ਕੰਪਨੀ ਨੂੰ ਇਹ ਠੇਕਾ ਦਿੱਤਾ ਗਿਆ, ਜਿਸ ਬਾਰੇ ਕਹਿੰਦੇ ਹਨ ਕਿ ਬੜੀ ਵੱਡੀ ਕੰਪਨੀ ਹੈ...

**ਮਾਨਯੋਗ ਸਪੀਕਰ :** ਤੁਸੀਂ ਆਪਣਾ ਕੁਐਸਚਨ ਕਰੋ।

**ਬੀਬੀ ਜਗੀਰ ਕੌਰ :** ਕੀ ਇਸ ਕੰਮ ਨੂੰ ਸਮਾਂ-ਬੱਧ ਕਰਕੇ ਛੇਤੀ ਮੁਕੰਮਲ ਕੀਤਾ ਜਾਵੇਗਾ, ਪੈਲੀ ਕਦੋਂ ਐਕੁਆਇਰ ਕੀਤੀ ਜਾਵੇਗੀ ਅਤੇ ਐਸ.ਟੀ.ਪੀ. ਦਾ ਕੰਮ ਕਦੋਂ ਸ਼ੁਰੂ ਕੀਤਾ ਜਾਵੇਗਾ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਬੀਬੀ ਜੀ ਨੇ ਆਪ ਤਾਂ ਸਾਰਾ ਕੰਮ ਕਰਵਾ ਲਿਆ ਹੈ। ਇਨ੍ਹਾਂ ਨੇ ਜ਼ਮੀਨ ਦੀ ਕੀਮਤ ਵੀ ਫਿਕਸ ਕਰਵਾ ਲਈ ਹੈ। ਹੁਣ ਇਹ ਨਾਲ ਲੱਗ ਕੇ ਜ਼ਮੀਨ ਵੀ ਐਕੁਆਇਰ ਕਰਵਾ ਦੇਣ। 15 ਕਰੋੜ ਦੀ ਸਕੀਮ ਸੀ। ਪੀ.ਆਈ.ਡੀ.ਬੀ ਤੋਂ 5 ਕਰੋੜ ਰੁਪਿਆ ਅਤੇ ਪੀ.ਐਸ.ਆਈ.ਡੀ.ਸੀ. ਕੋਲੋਂ 1 ਕਰੋੜ ਰੁਪਿਆ ਜਾਰੀ ਹੋਇਆ ਹੈ। 5 ਕਰੋੜ 96 ਲੱਖ ਰੁਪਿਆ ਇਸ ਤੇ ਖਰਚ ਹੋ ਚੁੱਕਾ ਹੈ। ਜਦੋਂ ਜ਼ਮੀਨ ਐਕੁਆਇਰ ਹੋ ਜਾਵੇਗੀ ਤਾਂ ਫੰਡਜ਼ ਉਪਲਬਧ ਕਰਵਾ ਦੇਵਾਂਗੇ। ਬੀਬੀ ਜੀ ਨੇ ਬਾਕੀ ਕੰਮ ਤਾਂ ਕਰਵਾ ਲਿਆ ਹੈ, ਹੁਣ ਇਹ ਥੋੜ੍ਹਾ ਜਿਹਾ ਹੋਰ ਇਨੀਸ਼ੀਏਟਿਵ ਲੈਣ ਅਤੇ ਜ਼ਮੀਨ ਵੀ ਐਕੁਆਇਰ ਕਰਵਾ ਦੇਣ।

**ਬੀਬੀ ਜਗੀਰ ਕੌਰ :** ਮੰਤਰੀ ਸਾਹਿਬ, ਜ਼ਮੀਨ ਤਾਂ ਸਰਕਾਰ ਨੇ ਐਕੁਆਇਰ ਕਰਨੀ ਹੈ। ਤੁਸੀਂ ਮੈਨੂੰ ਦੱਸੋ ਕਿ ਮੈਂ ਕਿਹੜੀ ਜ਼ਮੀਨ ਐਕੁਆਇਰ ਕਰਵਾਵਾਂ ?

**ਮੰਤਰੀ :** ਤੁਸੀਂ ਆਪ ਹੀ ਕਹਿੰਦੇ ਹੋ ਕਿ ਤੁਸੀਂ ਸੱਜਿਉਂ ਖੱਬਿਉਂ ਲੱਭ ਕੇ ਸਸਤੀ ਵੀ ਦਿਵਾ ਦੇਵੋਗੇ।

**ਬੀਬੀ ਜਗੀਰ ਕੌਰ :** ਜੇਕਰ ਕਿਸੇ ਹੋਰ ਨੇ ਕਰਨੀ ਹੁੰਦੀ ਤਾਂ ਮੈਂ ਕਹਿ ਦਿੰਦੀ ਪਰ ਜ਼ਮੀਨ ਤਾਂ ਸਰਕਾਰ ਨੇ ਐਕੁਆਇਰ ਕਰਨੀ ਹੈ ਅਤੇ ਇਸ ਤੋਂ ਸਸਤੀ ਜ਼ਮੀਨ ਕੋਈ ਹੈ ਹੀ ਨਹੀਂ।

**ਮੰਤਰੀ :** ਤੁਸੀਂ ਜ਼ਮੀਨ ਦਾ ਰੇਟ ਤਾਂ 35 ਲੱਖ ਰੁਪਏ ਸਸਤਾ ਫਿਕਸ ਕਰਵਾ ਦਿੱਤਾ ਹੈ। ਹੁਣ ਜ਼ਮੀਨ ਵੀ ਲੱਭ ਕੇ ਦੇ ਦਿਉ, ਅਸੀਂ ਐਕੁਆਇਰ ਕਰ ਲਵਾਂਗੇ।

**ਬੀਬੀ ਜਗੀਰ ਕੌਰ :** ਸਪੀਕਰ ਸਾਹਿਬ, ਮੈਂ ਜ਼ਮੀਨ ਲੱਭ ਕੇ ਦਿੱਤੀ ਹੈ ਅਤੇ ਬੜੀ ਸਸਤੀ ਲੱਭ ਕੇ ਦਿੱਤੀ ਹੈ। ਦਰਿਆ ਤੇ 7 ਲੱਖ ਰੁਪਏ ਨੂੰ ਕਿੱਲਾ ਮਿਲ ਜਾਣਾ ਸੀ ਪਰ ਹੁਣ ਤਾਂ ਦਰਿਆ ਤੇ ਵੀ 15 ਲੱਖ ਰੁਪਏ ਨੂੰ ਮਿਲਦਾ ਹੈ। ਮੈਨੂੰ ਬੜਾ ਅਫਸੋਸ ਹੈ ਕਿ ਮੰਤਰੀ ਜੀ ਵੱਲੋਂ ਇਹ ਜਵਾਬ ਦੇਣਾ ਬਣਦਾ ਨਹੀਂ। ਤੁਹਾਨੂੰ ਕਹਿਣਾ ਚਾਹੀਦਾ ਸੀ ਕਿ ਇਸ ਕੰਮ ਨੂੰ 4 ਸਾਲ ਹੋ ਗਏ ਹਨ ਅਤੇ ਅਫਸੋਸ ਹੈ ਕਿ ਲੇਟ ਹੋ ਗਿਆ ਹੈ। ਜਿਹੜਾ ਤੁਸੀਂ ਕਿਹਾ ਹੈ ਕਿ ਜ਼ਮੀਨ ਐਕਵਾਇਰ ਕਰ ਲਵੋ। ਫਿਰ ਮੈਂ ਆਪਣਾ ਸਵਾਲ ਵਾਪਸ ਲੈ ਲੈਂਦੀ ਹਾਂ ਅਤੇ ਤੁਸੀਂ ਆਪਣੇ ਹੱਥ ਖੜ੍ਹੇ ਕਰ ਦਿਉ। ਮੈਂ ਫਿਰ ਆਪੇ ਲੋਕਾਂ ਕੋਲੋਂ ਪੈਸੇ ਇਕੱਠੇ ਕਰਵਾ ਕੇ ਇਸ ਨੂੰ ਕਰਵਾ ਦਿਆਂਗੀ।

**ਮੰਤਰੀ :** ਸਪੀਕਰ ਸਾਹਿਬ, ਜ਼ਮੀਨ ਐਕਵਾਇਰ ਕਰਨ ਲਈ 35 ਲੱਖ ਰੁਪਏ ਪ੍ਰਤੀ ਏਕੜ ਰੇਟ ਫਿਕਸ ਹੋਇਆ ਹੈ। ਜਦੋਂ ਜ਼ਮੀਨ ਐਕਵਾਇਰ ਹੋ ਗਈ ਤਾਂ ਉਸ ਤੋਂ ਬਾਅਦ ਇਮੀਜੇਟਲੀ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ। ਜੇਕਰ ਤੁਸੀਂ ਮਦਦ ਕਰਨੀ ਹੈ ਤਾਂ ਕਰ ਦਿਉ।

**ਬੀਬੀ ਜਗੀਰ ਕੌਰ :** ਸਪੀਕਰ ਸਾਹਿਬ, ਜ਼ਿਮੀਂਦਾਰ ਤਾਂ ਜ਼ਮੀਨ ਦੇਣ ਨੂੰ ਤਿਆਰ ਹਨ, ਮੈਂ ਜ਼ਿਮੀਂਦਾਰਾਂ ਨੂੰ ਤਿਆਰ ਕੀਤਾ ਹੋਇਆ ਹੈ। ਇਹ ਪੈਸੇ ਦੇਣ ਅਤੇ ਜ਼ਮੀਨ ਐਕਵਾਇਰ ਕਰ ਲੈਣ। ਮੰਤਰੀ ਜੀ ਇਸ ਨੂੰ ਜਲਦੀ ਕਰਨ ਅਤੇ ਸਮਾਂ-ਬੱਧ ਕਰਨ ਕਿਉਂਜੋ ਅਸੀਂ ਵੀ ਲੋਕਾਂ ਵਿਚ ਵੋਟਾਂ ਮੰਗਣ ਜਾਣਾ ਹੈ।

**ਮੰਤਰੀ :** ਮੈਂ ਤਾਂ ਪਹਿਲਾਂ ਵੀ ਇਹੀ ਕਿਹਾ ਹੈ ਕਿ ਜੇਕਰ ਉਹ ਤਿਆਰ ਹਨ, ਅਸੀਂ ਪੈਸੇ ਭੇਜ ਦੇਵਾਂਗੇ, ਤੁਸੀਂ ਕੰਮ ਸ਼ੁਰੂ ਕਰਵਾ ਦੇਣਾ ।

---

## ਪੀਣ ਵਾਲੇ ਪਾਣੀ ਦੀ ਸਪਲਾਈ ਕਰਨਾ

***1827. ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਇਹ ਠੀਕ ਹੈ ਕਿ ਪਿੰਡ ਕੀੜੀ ਅਫਗਾਨਾ, ਤਹਿਸੀਲ ਸ੍ਰੀ ਚਮਕੌਰ ਸਾਹਿਬ, ਜ਼ਿਲ੍ਹਾ ਰੂਪਨਗਰ ਵਿੱਚ ਪੀਣ ਵਾਲਾ ਪਾਣੀ ਸਾਫ ਨਹੀਂ ਹੈ; ਜਿਸ ਕਾਰਨ ਲੋਕਾਂ ਵਿੱਚ ਬੀਮਾਰੀਆਂ ਫੈਲਣ ਦਾ ਡਰ ਹੈ;

(ਅ) ਜੇਕਰ ਉਪਰੋਕਤ (ੳ) ਭਾਗ ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਪੀਣ ਵਾਲੇ ਪਾਣੀ ਨੂੰ ਸਾਫ ਕਰਨ ਦੇ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ ਅਤੇ ਇਸ ਉੱਤੇ ਕੁੱਲ ਕਿੰਨਾ ਖਰਚ ਆਵੇਗਾ ?

**ਸਰਦਾਰ ਸੁਰਜੀਤ ਸਿੰਘ ਰੱਖੜਾ :** (ੳ) ਅਤੇ (ਅ) ਪਿੰਡ ਕੀੜੀ ਅਫਗਾਨਾ ਲਈ ਜਲ ਸਪਲਾਈ ਸਕੀਮ ਮਹੀਨਾ ਮਾਰਚ, 2011 ਵਿੱਚ ਕਮਿਸ਼ਨ ਕੀਤੀ ਗਈ ਸੀ ਅਤੇ ਉਸ ਸਮੇਂ ਟਿਊਬਵੈਲ ਦੇ ਪਾਣੀ ਦਾ ਸੈਂਪਲ ਪੀਣ ਯੋਗ ਪ੍ਰਾਪਤ ਹੋਇਆ ਸੀ ਪਰੰਤੂ ਹੁਣ ਸਾਲ 2014 ਵਿੱਚ ਪਾਣੀ ਦਾ ਸੈਂਪਲ ਟੈੱਸਟ ਕਰਵਾਉਣ ਤੇ ਐਲੂਮੀਨੀਅਮ ਅਤੇ ਆਇਰਨ ਦੀ ਮਾਤਰਾ ਨਿਰਧਾਰਿਤ ਮਾਪਦੰਡਾਂ ਤੋਂ ਵੱਧ ਪਾਈ ਗਈ ਹੈ । ਪਿੰਡ ਕੀੜੀ ਅਫਗਾਨਾ ਵਿਖੇ 17.00 ਲੱਖ ਰੁਪਏ ਦੀ ਲਾਗਤ ਨਾਲ ਆਰ. ਓ. ਪਲਾਂਟ ਲਗਵਾਉਣ ਦੀ ਤਜਵੀਜ਼ ਨੂੰ, ਨੈਸ਼ਨਲ ਰੂਰਲ ਵਾਟਰ ਸਪਲਾਈ ਪ੍ਰੋਗਰਾਮ ਤਹਿਤ ਸੂਬੇ ਦੀਆਂ ਕੁਆਲਿਟੀ ਅਫੈਕਟਿਡ ਹੈਬੀਟੇਸ਼ਨਾਂ ਵਿੱਚ ਆਰ. ਓ. ਪਲਾਂਟ ਲਗਾਉਣ ਸੰਬੰਧੀ ਭਾਰਤ ਸਰਕਾਰ ਨੂੰ ਭੇਜੀ ਗਈ 266.82 ਕਰੋੜ ਰੁਪਏ ਦੀ ਤਜਵੀਜ਼ ਵਿੱਚ ਸ਼ਾਮਲ ਕੀਤਾ ਗਿਆ ਹੈ । ਭਾਰਤ ਸਰਕਾਰ ਤੋਂ ਪ੍ਰਵਾਨਗੀ ਪ੍ਰਾਪਤ ਹੋਣ ਤੇ ਇਸ ਪਿੰਡ ਵਿੱਚ ਆਰ. ਓ. ਪਲਾਂਟ ਲਗਾ ਦਿੱਤਾ ਜਾਵੇਗਾ ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿਚ ਇਹ ਤਾਂ ਮੰਨ ਹੀ ਲਿਆ ਹੈ ਕਿ ਪਾਣੀ ਪੀਣਯੋਗ ਨਹੀਂ ਹੈ। ਜੇਕਰ ਹੁਣ ਪਾਣੀ ਪੀਣਯੋਗ ਨਹੀਂ ਹੈ ਤਾਂ ਹੁਣ ਪਿੰਡ ਵਾਲੇ ਕਿਥੋਂ ਪਾਣੀ ਪੀਣ। ਮੰਤਰੀ ਜੀ ਨੇ ਕਹਿ ਦਿੱਤਾ ਹੈ ਕਿ ਅਸੀਂ ਭਾਰਤ ਸਰਕਾਰ ਨੂੰ ਲਿਖਿਆ ਹੋਇਆ ਹੈ, ਜਦੋਂ ਉਹ ਚਿੱਠੀ ਆਏਗੀ ਤਾਂ ਅਸੀਂ ਕਰਾਂਗੇ ਪਰ ਉਨੀ ਦੇਰ ਤੱਕ ਪਿੰਡ ਵਾਲਿਆਂ ਦਾ ਕੀ ਇਲਾਜ ਹੈ? ਉਹ ਪਾਣੀ ਕਿੱਥੋਂ ਪੀਣਗੇ? ਪਿੰਡ ਵਿਚ ਪਾਣੀ ਦੀ ਟੈਂਕੀ ਨਹੀਂ ਹੈ। ਇਕ ਟਿਊਬਵੈਲ ਹੈ, ਉਸ ਦਾ ਪਾਣੀ ਗੰਦਾ ਆ ਰਿਹਾ ਹੈ। ਮੰਤਰੀ ਜੀ ਆਪ ਕਹਿ ਰਹੇ ਹਨ ਕਿ ਪਾਣੀ ਠੀਕ ਨਹੀਂ। ਪਾਣੀ ਦੀਆਂ ਪਾਈਪਾਂ ਘਟੀਆ ਕੁਆਲਟੀ ਦੀਆਂ ਹਨ ਅਤੇ ਫਟੀਆਂ ਹੋਈਆਂ ਹਨ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀ ਕੁ ਛੇਤੀ ਇਹ ਮਸਲੇ ਦਾ ਹੱਲ ਕਰਵਾ ਦੇਣਗੇ ? ਪਾਣੀ ਪੀਣ ਤੋਂ ਬਿਨਾਂ ਲੋਕ ਜੀਅ ਨਹੀਂ ਸਕਣਗੇ। ਇਸ ਕਰਕੇ ਇਸ ਦਾ ਢੁਕਵਾਂ ਹੱਲ ਕੀਤਾ ਜਾਵੇ। ਭਾਰਤ ਸਰਕਾਰ ਨੂੰ ਚਿੱਠੀ ਲਿਖਣ ਦਾ ਕੋਈ ਫਾਇਦਾ ਨਹੀਂ ਹੋਵੇਗਾ।

**ਮੰਤਰੀ :** ਸਪੀਕਰ ਸਾਹਿਬ, 30 ਸਤੰਬਰ ਤੱਕ ਅਸੀਂ ਇਸ ਨੂੰ ਕੰਪਲੀਟ ਕਰਵਾ ਦਿਆਂਗੇ।

**ਮਾਨਯੋਗ ਸਪੀਕਰ :** ਕੀ ਕੋਈ ਟੈਂਪਰੇਰੀ ਅਰੇਂਜਮੈਂਟ ਹੋ ਸਕਦਾ ਹੈ?

**ਮੰਤਰੀ :** ਤਕਰੀਬਨ 4 ਕੁ ਮਹੀਨੇ ਦਾ ਕੰਮ ਹੈ। ਟੈਂਡਰ ਲਗਾਉਣ ਤੇ ਦੋ ਕੁ ਮਹੀਨੇ ਲੱਗ ਜਾਂਦੇ ਹਨ। ਇਸ ਲਈ ਅਸੀਂ 30 ਸਤੰਬਰ ਤੱਕ ਆਰ.ਓ. ਪਲਾਂਟ ਲਗਾ ਕੇ ਕੰਪਲੀਟ ਕਰਵਾ ਦਿਆਂਗੇ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੇਰੀ ਬੇਨਤੀ ਸੁਣੋ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜ ਮਹੀਨੇ ਲੋਕ ਕਿਥੋਂ ਪਾਣੀ ਪੀਣਗੇ ? 30 ਸਤੰਬਰ ਕੋਈ ਅੱਜ ਹੀ ਆ ਜਾਣੀ ਹੈ ? ਪਾਣੀ ਬਿਨਾਂ ਲੋਕ ਕਿਵੇਂ ਗੁਜ਼ਾਰਾ ਕਰਨਗੇ। ਮੰਤਰੀ ਜੀ ਕੋਈ ਟੈਂਪਰੇਰੀ ਅਰੇਂਜਮੈਂਟ ਕਰਵਾਉਣ। ਕਿਸੇ ਹੋਰ ਆਰ.ਓ. ਤੋਂ ਪਾਣੀ ਦਾ ਪ੍ਰਬੰਧ ਕਰਵਾਉਣ। ਟੈਂਕੀ ਬਣਾਉਣੀ ਸ਼ੁਰੂ ਕਰ ਦੇਣ, ਜਦੋਂ ਬਣ ਜਾਵੇਗੀ, ਫਿਰ ਠੀਕ ਹੈ। ਤੁਸੀਂ ਕਿਸੇ ਨਾਲ ਦੇ ਪਿੰਡ ਤੋਂ ਅਰੇਂਜਮੈਂਟ ਕਰਵਾ ਕੇ ਦਿਉ। ਉਥੇ ਪਾਣੀ ਵਿਚ ਯੂਰੇਨੀਅਮ ਤੇ ਆਇਰਨ ਹੈ।

ਸਪੀਕਰ ਸਾਹਿਬ, ਇਕ ਮੇਰੀ ਬੇਨਤੀ ਹੋਰ ਹੈ ਕਿ ਦੋ ਸਾਲ ਤੋਂ ਪਾਣੀ ਗੰਦਾ ਆ ਰਿਹਾ ਹੈ ਪਰ ਲੋਕਾਂ ਕੋਲੋਂ ਬਿਲ ਲਏ ਜਾ ਰਹੇ ਹਨ। ਲੋਕਾਂ ਨੂੰ ਹਰ ਮਹੀਨੇ ਬਿਲ ਆ ਜਾਣਾ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਉਥੇ ਲੋਕਾਂ ਨੂੰ ਪਾਣੀ ਹੀ ਗੰਦਾ ਪਿਲਾ ਰਹੇ ਹਨ, ਕੀ ਉਨ੍ਹਾਂ ਦੇ ਬਿਲ ਲਏ ਜਾਣਗੇ ਜਾਂ ਨਹੀਂ ਲਏ ਜਾਣਗੇ? ਮੇਰੀ ਬੇਨਤੀ ਹੈ ਕਿ ਇਹ ਬਿਲ ਮੁਆਫ ਕੀਤੇ ਜਾਣ ਅਤੇ ਨਾਲ ਹੀ ਪੀਣ ਵਾਲੇ ਪਾਣੀ ਲਈ ਟੈਂਪਰੇਰੀ ਅਰੇਂਜਮੈਂਟ ਕੀ ਕਰਕੇ ਦੇ ਰਹੇ ਹਨ, ਮੈਂ ਇਹ ਪੁੱਛਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਮੰਤਰੀ ਜੀ ਬਿਲਾਂ ਦੀ ਵਸੂਲੀ ਵਾਸਤੇ ਕੀ ਕਰੋਗੇ?

**ਮੰਤਰੀ :** ਸਪੀਕਰ ਸਾਹਿਬ, ਬਿਲ ਤਾਂ 100 ਰੁਪਏ ਹੀ ਲੈਂਦੇ ਹਾਂ, ਕੋਈ ਖਾਸ ਬਿਲ ਨਹੀਂ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਗਰੀਬ ਆਦਮੀ 100 ਰੁਪਏ ਦਾ ਬਿਲ ਕਿਥੋਂ ਦੇਵੇਗਾ?

**ਮੰਤਰੀ :** ਸਪੀਕਰ ਸਾਹਿਬ, ਇਸ ਬਾਰੇ ਦੇਖ ਲੈਂਦੇ ਹਾਂ। ਜੋ ਵੀ ਅਸੀਂ ਕਰ ਸਕਦੇ ਹਾਂ, ਕਰਾਂਗੇ ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੰਤਰੀ ਜੀ ਬੜੇ ਨਾਈਸ ਮੰਤਰੀ ਹਨ ਪਰ ਮੈਨੂੰ ਸਹੀ ਜਵਾਬ ਤਾਂ ਦੇਣ। ਇਨ੍ਹਾਂ ਦੀ ਗਰੇਸ ਹੈ ਕਿ ਇਨ੍ਹਾਂ ਨੇ ਮੈਨੂੰ ਕੱਲ੍ਹ ਟੈਲੀਫੂਨ ਕੀਤਾ ਸੀ ਤੇ ਕਿਹਾ ਸੀ ਕਿ ਅਸੀਂ ਤੁਹਾਡਾ ਮਸਲਾ ਹੱਲ ਕਰਾਂਗੇ ਲੇਕਿਨ ਵਿਧਾਨ ਸਭਾ ਨੂੰ, ਸਦਨ ਨੂੰ ਇਹ ਵਿਸ਼ਵਾਸ ਦਿਵਾਉਣ ਕਿ ਇਹ ਮਸਲਾ ਕਿੰਨੀ ਛੇਤੀ ਹੱਲ ਕਰ ਦਿੱਤਾ ਜਾਵੇਗਾ ?

**ਮਾਨਯੋਗ ਸਪੀਕਰ :** ਤੁਹਾਡਾ ਜਵਾਬ ਆ ਗਿਆ ਹੈ ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਲੋਕਾਂ ਨੂੰ ਸਾਫ ਪਾਣੀ ਨਹੀਂ ਮਿਲ ਰਿਹਾ । ਉਹ ਪਾਣੀ ਤਾਂ ਡੰਗਰ ਵੀ ਨਹੀਂ ਪੀ ਸਕਦੇ । ਫਿਰ ਬਿਲ ਕਿਸ ਵਾਸਤੇ ਦਿੱਤਾ ਜਾਵੇ । ਇਸ ਕਰਕੇ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣ ਕਿ ਜਦ ਤੱਕ ਗੰਦਾ ਪਾਣੀ ਆ ਰਿਹਾ ਹੈ, ਉਦੋਂ ਤੱਕ ਬਿਲ ਨਹੀਂ ਲਿਆ ਜਾਵੇਗਾ । ਮੈਂ ਇਹੀ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਾਡਾ ਪਾਣੀ ਦਾ ਬਿਲ ਮਾਫ ਕਰਨਗੇ ਜਾਂ ਨਹੀਂ ਕਰਨਗੇ ? ਮੇਰੀ ਇਹ ਵੀ ਬੇਨਤੀ ਹੈ ਕਿ ਇਹ ਸਾਨੂੰ ਇਹ ਵੀ ਟਾਈਮ ਦੇਣ ਕਿ ਇੰਨੀ ਦੇਰ ਤੱਕ ਤੁਹਾਨੂੰ ਸਾਫ ਪਾਣੀ ਦੇ ਦਿੱਤਾ ਜਾਵੇਗਾ?

**ਮਾਨਯੋਗ ਸਪੀਕਰ :** ਟਾਈਮ ਤਾਂ ਉਨ੍ਹਾਂ ਨੇ ਦੇ ਦਿੱਤਾ ਹੈ ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੰਤਰੀ ਜੀ ਨੂੰ ਜਵਾਬ ਤਾਂ ਦੇ ਲੈਣ ਦਿਓ ।

**ਮਾਨਯੋਗ ਸਪੀਕਰ :** ਰੱਖੜਾ ਜੀ, ਕੀ ਆਪਾਂ ਬਿਲ ਬਾਰੇ ਕੁਝ ਕਰ ਸਕਦੇ ਹਾਂ ?

**ਸਰਦਾਰ ਚਰਨਜੀਤ ਸਿੰਘ ਚੰਨੀ :** ਮੰਤਰੀ ਜੀ ਤਾਂ ਜਵਾਬ ਹੀ ਨਹੀਂ ਦੇ ਰਹੇ ।

**ਮਾਨਯੋਗ ਸਪੀਕਰ :** ਬਿਲ ਦਾ ਤਾਂ ਕਰ ਦਿਓ । ਇਸ ਬਾਰੇ ਆਪਾਂ ਕੀ ਕਰ ਸਕਦੇ ਹਾਂ ?

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਸਾਨੂੰ ਪਾਣੀ ਹੀ ਸਾਫ ਨਹੀਂ ਮਿਲਣਾ, ਡਿਪਟੀ ਸੀ. ਐਮ. ਸਾਹਿਬ, ਤੁਸੀਂ ਹੀ ਦੱਸੋ ਕਿ ਤੁਸੀਂ ਸਾਨੂੰ ਗੰਦਾ ਪਾਣੀ ਦੇ ਰਹੇ ਹੋ ਤੇ ਫਿਰ ਗਰੀਬ ਆਦਮੀਆਂ ਤੋਂ ਕਿਸ ਵਾਸਤੇ ਬਿਲ ਲੈਣੇ ਹਨ ਔਰ ਉਹ ਮੰਨ ਰਹੇ ਹਨ ਕਿ ਇਹ ਗੰਦਾ ਪਾਣੀ ਹੈ ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਕਈ ਪਿੰਡਾਂ ਵਿੱਚ ਟੈਂਕਰ ਸਿਸਟਮ ਹੁੰਦਾ ਹੈ । ਕਈ ਪਿੰਡਾਂ ਵਿੱਚ ਇਨ੍ਹਾਂ ਦਾ ਡਿਪਾਰਟਮੈਂਟ ਟੈਂਕਰ ਭੇਜਦਾ ਹੈ । ਇਹ ਤੁਸੀਂ ਕਿਉਂ ਨਹੀਂ ਕਹਿੰਦੇ ਕਿ ਟੈਂਕਰ ਨਾਲ ਪਾਣੀ ਦੀ ਸਪਲਾਈ ਕਰ ਦਿੱਤੀ ਜਾਵੇਗੀ ।

**ਮੰਤਰੀ :** ਮੈਂ ਤਾਂ ਕਿਹਾ ਹੈ ਕਿ ਜੋ ਵੀ ਬੈਸਟ ਅਰੇਂਜਮੈਂਟ ਹੋ ਸਕਦਾ ਹੈ, ਉਹ ਕਰ ਕੇ ਦੇਵਾਂਗੇ ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਇਹ ਤੁਹਾਡੇ ਡਿਪਾਰਟਮੈਂਟ ਵੱਲੋਂ ਪਹਿਲਾਂ ਹੋਇਆ ਪਿਆ ਹੈ ਤੇ ਇਹ ਸਿਸਟਮ ਤੁਸੀਂ ਕਈ ਪਿੰਡਾਂ ਵਿੱਚ ਆਲਰੈਡੀ ਕੀਤਾ ਹੋਇਆ ਹੈ ।

**ਮੰਤਰੀ :** ਹੁਣ ਵੀ ਕਰ ਦਿਆਂਗੇ ਤੇ ਇੱਥੇ ਵੀ ਕਰ ਦਿਆਂਗੇ ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਜਿਹੜਾ ਵਿਅਕਤੀ ਬਿਲ ਦੇ ਰਿਹਾ ਹੈ, ਉਸ ਦਾ ਹੱਕ ਬਣਦਾ ਹੈ, ਪਾਣੀ ਲੈਣ ਦਾ ।

**ਮੰਤਰੀ :** ਇਹ ਵੀ ਕਰ ਦਿਆਂਗੇ ।

---

## ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨਾ

***1772. ਸ਼੍ਰੀ ਪ੍ਰੇਮ ਮਿੱਤਲ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਮਾਨਸਾ ਦੇ ਸਕੂਲਾਂ ਵਿੱਚ ਵੱਖ ਵੱਖ ਕੈਟਾਗਰੀਆਂ ਦੇ ਅਧਿਆਪਕਾਂ ਦੀ ਭਾਰੀ ਘਾਟ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਡਾਕਟਰ ਦਲਜੀਤ ਸਿੰਘ ਚੀਮਾ :** ਹਲਕਾ ਮਾਨਸਾ ਦੇ ਸਕੂਲਾਂ ਵਿੱਚ ਅਧਿਆਪਕਾਂ ਦੀ ਸ਼੍ਰੇਣੀਵਾਰ ਪ੍ਰਵਾਨਿਤ ਆਸਾਮੀਆਂ ਅਤੇ ਇਨ੍ਹਾਂ ਵਿੱਚੋਂ ਖਾਲੀ ਆਸਾਮੀਆਂ ਦੀ ਗਿਣਤੀ ਅਨੁਲੱਗ 'ੳ' ਉਪਰ ਉਪਲਬਧ ਹੈ ।

ਵਿਭਾਗ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ 5178 ਆਸਾਮੀਆਂ ਭਰਨ ਦੀ ਪ੍ਰਕਿਰਿਆ ਜਾਰੀ ਹੈ । ਇਸ ਤਰ੍ਹਾਂ ਹਲਕਾ ਮਾਨਸਾ ਦੇ ਸਕੂਲਾਂ ਵਿੱਚ ਖਾਲੀ ਆਸਾਮੀਆਂ ਭਰਨ ਦਾ ਉਪਰਾਲਾ ਕੀਤਾ

ਜਾਵੇਗਾ। ਇਸੇ ਤਰ੍ਹਾਂ ਵੱਖ ਵੱਖ ਕਾਡਰਾਂ ਵਿੱਚ ਪਦ ਉਨਤੀਆਂ ਅਤੇ ਰੈਸ਼ਨੇਲਾਈਜ਼ੇਸ਼ਨ ਦੀ ਚੱਲ ਰਹੀ ਪ੍ਰਕਿਰਿਆ ਰਾਹੀਂ ਵੀ ਹਲਕਾ ਮਾਨਸਾ ਦੇ ਸਕੂਲਾਂ ਵਿੱਚ ਖਾਲੀ ਆਸਾਮੀਆਂ ਨੂੰ ਭਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ ।

**ਅਨੁਲੱਗ-ੳ**

**ਹਲਕਾ ਮਾਨਸਾ**

| **ਪੋਸਟ** | **ਮਨਜ਼ੂਰ** | **ਭਰੀਆਂ** | **ਖਾਲੀ** |
|---|---|---|---|
| ਪ੍ਰਿੰਸੀਪਲ | 20 | 13 | 7 |
| ਹੈੱਡ ਮਾਸਟਰ | 20 | 1 | 19 |
| ਲੈਕਚਰਾਰ | 167 | 68 | 99 |
| ਮਾਸਟਰ ਕੇਡਰ | 672 | 425 | 247 |
| ਸੀ ਐਂਡ ਵੀ | 102 | 62 | 40 |
| ਸੀ. ਐਚ. ਟੀ. | 9 | 5 | 4 |
| ਐਚ. ਟੀ. | 59 | 26 | 33 |
| ਜੇ. ਬੀ. ਟੀ. | 332 | 306 | 26 |
| ਕੁੱਲ | 1381 | 906 | 475 |

**ਸ਼੍ਰੀ ਪ੍ਰੇਮ ਮਿੱਤਲ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮਾਨਸਾ ਹਲਕੇ ਵਿੱਚ ਕੁੱਲ ਅਸਾਮੀਆਂ 1381 ਹਨ ਅਤੇ 475 ਅਸਾਮੀਆਂ ਖਾਲੀ ਹਨ ਭਾਵ ਕਿ 34 ਪਰਸੈਂਟ ਅਸਾਮੀਆਂ ਖਾਲੀ ਪਈਆਂ ਹਨ । ਸਪੀਕਰ ਸਾਹਿਬ, ਇਹ ਪਛੜਿਆ ਹੋਇਆ ਜ਼ਿਲ੍ਹਾ ਹੈ, ਪਛੜਿਆ ਹੋਇਆ ਹਲਕਾ ਹੈ । ਇਸ ਕਰਕੇ ਇਸ ਪਾਸੇ ਸਭ ਤੋਂ ਜ਼ਿਆਦਾ ਧਿਆਨ ਦੇਣ ਦੀ ਜ਼ਰੂਰਤ ਹੈ ਕਿਉਂਕਿ ਸਭ ਤੋਂ ਜ਼ਿਆਦਾ ਗਰੀਬ ਇੱਥੇ ਹਨ ਤੇ ਉਹ ਉਨ੍ਹਾਂ ਸਕੂਲਾਂ ਵਿੱਚ ਆਪਣੇ ਬੱਚੇ ਨਹੀਂ ਪੜ੍ਹਾ ਸਕਦੇ ਜਿੱਥੇ ਉਹ ਪੈਸੇ ਜ਼ਿਆਦਾ ਖਰਚ ਕਰ ਸਕਦੇ ਹੋਣ । ਜਿੱਥੇ 20 ਪ੍ਰਿੰਸੀਪਲ ਚਾਹੀਦੇ ਹਨ, ਉਥੇ ਇੱਕ ਲੱਗਾ ਹੋਇਆ ਹੈ ਤੇ 19 ਅਸਾਮੀਆਂ ਖਾਲੀ ਪਈਆਂ ਹਨ । ਇੱਕ ਪ੍ਰਿੰਸੀਪਲ ਨੂੰ ਤਿੰਨ-ਤਿੰਨ ਸਕੂਲਾਂ ਦਾ ਚਾਰਜ ਦਿੱਤਾ ਹੋਇਆ ਹੈ । ਇਸ ਕਰਕੇ ਉਹ ਕਿਸੇ ਸਕੂਲ ਵਿੱਚ ਵੀ ਨਹੀਂ

[ ਸ਼੍ਰੀ ਪ੍ਰੇਮ ਮਿੱਤਲ ]

ਮਿਲਦੇ । ਸੋ, ਮੈਂ ਮੰਤਰੀ ਜੀ ਤੋਂ ਇਹ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਸੀਜ਼ਨ ਵਿੱਚ ਜਿਹੜਾ ਕਿ ਇੱਕ ਅਪ੍ਰੈਲ ਤੋਂ ਸ਼ੁਰੂ ਹੋ ਰਿਹਾ ਹੈ, ਉਸ ਵਿੱਚ ਇਹ ਅਸਾਮੀਆਂ ਭਰ ਦੇਣਗੇ ? ਇਨ੍ਹਾਂ ਨੇ ਸਾਰੇ ਪੰਜਾਬ ਵਿੱਚ 5000 ਟੀਚਰ ਰੱਖਣੇ ਹਨ ਤੇ ਇਸ ਵਿੱਚੋਂ ਤਾਂ ਫਿਰ ਮਾਨਸਾ ਹਲਕੇ ਵਿੱਚ 100 ਟੀਚਰ ਵੀ ਨਹੀਂ ਆਉਣੇ । ਇਸ ਕਰਕੇ ਮਾਨਸਾ ਕਾਂਸਟੀਚੁਐਂਸੀ ਵਿੱਚ ਸਿਰਫ 100 ਜਾਂ 125 ਟੀਚਰ ਹੀ ਆਉਂਦੇ ਹਨ ਜਦ ਕਿ ਇੱਥੇ 475 ਅਸਾਮੀਆਂ ਖਾਲੀ ਹਨ । ਇਸ ਕਰਕੇ ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਿਆ ਜਾਵੇਗਾ? ਮੇਰੀ ਇਹ ਵੀ ਬੇਨਤੀ ਹੈ ਕਿ ਬੱਚਿਆਂ ਦੀ ਸਟਰੈਂਥ ਵੀ ਸਾਰੇ ਸਕੂਲਾਂ ਵਿੱਚ ਪੂਰੀ ਹੈ ਤੇ ਕਿਸੇ ਸਕੂਲ ਵਿੱਚ ਬੱਚੇ ਘੱਟ ਨਹੀਂ ਹਨ ? ਵਿਦਿਆ ਦਾ ਮਿਆਰ ਸਹੀ ਤਰੀਕੇ ਨਾਲ ਕਰਨ ਲਈ ਮੰਤਰੀ ਜੀ ਵਿਸ਼ਵਾਸ ਦਿਵਾਉਣ ਕਿ ਇਸ ਸੀਜ਼ਨ ਵਿੱਚ ਵੱਧ ਤੋਂ ਵੱਧ ਟੀਚਰ ਲਗਾਏ ਜਾਣਗੇ ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਬਾਰੇ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ। ਇਨ੍ਹਾਂ ਦੀ ਗੱਲ ਠੀਕ ਹੈ ਕਿ ਇੱਥੇ ਖਾਲੀ ਅਸਾਮੀਆਂ ਦੀ ਗਿਣਤੀ ਜ਼ਿਆਦਾ ਹੈ । ਉਸ ਵਿੱਚ ਹੈੱਡ ਮਾਸਟਰਾਂ ਦੀਆਂ ਅਸਾਮੀਆਂ ਜ਼ਿਆਦਾ ਖਾਲੀ ਹਨ ਅਤੇ ਡੀ. ਪੀ. ਸੀ. ਕਰਕੇ ਥੋੜ੍ਹੇ ਦਿਨਾਂ ਵਿੱਚ ਹੀ ਇਨ੍ਹਾਂ ਦਾ ਕੰਮ ਪੂਰਾ ਕਰ ਦੇਵਾਂਗੇ । ਬਾਕੀ ਵੀ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ, ਸਾਡੀ ਕੋਸ਼ਿਸ਼ ਹੈ ਕਿ ਰੈਸ਼ਨੇਲਾਈਜ਼ੇਸ਼ਨ ਸਾਰੇ ਪੰਜਾਬ ਦੀ 31 ਤਾਰੀਖ ਤੱਕ ਪੂਰੀ ਹੋ ਜਾਣੀ ਹੈ । ਉਸ ਵਿੱਚ ਵੀ ਇਨ੍ਹਾਂ ਦਾ ਵੱਧ ਤੋਂ ਵੱਧ ਧਿਆਨ ਰੱਖਿਆ ਜਾਵੇਗਾ ਤੇ ਜਿਹੜੀਆਂ ਨਵੀਆਂ ਵੇਕੈਂਸੀਆਂ ਆ ਰਹੀਆਂ ਹਨ, ਉਸ ਵਿੱਚ ਵੀ ਇਨ੍ਹਾਂ ਨੂੰ ਵੱਧ ਤੋਂ ਵੱਧ ਅਸਾਮੀਆਂ ਦੇਵਾਂਗੇ । ਇਸ ਗੱਲ ਦੀ ਮੈਂ ਇਨ੍ਹਾਂ ਨੂੰ ਐਸ਼ਿਓਰੈਂਸ ਦਿੰਦਾ ਹਾਂ ।

**ਸ਼੍ਰੀ ਪ੍ਰੇਮ ਮਿੱਤਲ :** ਧੰਨਵਾਦ ਜੀ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਸਾਰੇ ਪੰਜਾਬ ਵਿੱਚ ਇਸ ਵੇਲੇ 3020 ਅਸਾਮੀਆਂ ਖਾਲੀ ਹਨ । ਮਾਨਸਾ ਵਿੱਚ ਕਿੰਨੀਆਂ ਖਾਲੀ ਹਨ, ਉਹ ਮਿੱਤਲ ਸਾਹਿਬ ਨੇ ਦੱਸ ਦਿੱਤਾ ਹੈ। ਪੰਜਾਬ ਐਂਡ ਹਰਿਆਣਾ ਹਾਈ ਕੋਰਟ ਨੇ 2010 ਵਿੱਚ ਇੱਕ ਸੋਧ ਕੀਤੀ ਸੀ, ਕਿ ਮੈਰਿਟ ਦੇ ਆਧਾਰ ਤੇ ਭਰਤੀ ਕਰੋ । ਭਰਤੀ ਸ਼ੁਰੂ ਹੋ ਗਈ ਪਰ ਕੀ ਉਸ ਸੋਧ ਨੂੰ ਲਾਗੂ ਕਰਨ ਲਈ ਅਸੈਂਬਲੀ ਵਿੱਚ ਅਸੀਂ ਕੋਈ ਬਿਲ ਆਦਿ ਲੈ ਕੇ ਆਏ ਹਾਂ ।

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਸੈਪਰੇਟ ਕੁਐਸਚਨ ਦੇ ਦਿਓ । ਮੋਫਰ ਜੀ, ਗੱਲ ਨਹੀਂ ਬਣਦੀ ।

**ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਦੀ ਗੱਲ ਸਮਝ ਨਹੀਂ ਆਈ ਪਰ ਆਲਰੈਡੀ ਸਾਰੀ ਭਰਤੀ ਮੈਰਿਟ ਦੇ ਆਧਾਰ ਤੇ ਹੋ ਰਹੀ ਹੈ ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1808****

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।)

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸਪੀਕਰ ਸਾਹਿਬ, ਐਕਸਟੈਨਸ਼ਨ ਕਿਸ ਵਾਸਤੇ ਲਈ ਹੈ?

**ਮਾਨਯੋਗ ਸਪੀਕਰ :** ਸ਼ੁਕਰ ਕਰੋ ਅੱਜ ਇੱਕੋ ਕੁਐਸਚਨ ਦੀ ਐਕਸਟੈਨਸ਼ਨ ਆਈ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ :** ਮੇਰਾ ਕੱਲ੍ਹ ਕੁਐਸਚਨ ਲੱਗਿਆ ਹੈ, ਉਸ ਦੀ ਵੀ ਐਕਸਟੈਨਸ਼ਨ ਮੰਗ ਲਈ ਗਈ ਹੈ ।

**ਮਾਨਯੋਗ ਸਪੀਕਰ :** ਉਹ ਕੱਲ੍ਹ ਨੂੰ ਦੇਖਾਂਗਾ।

**ਸਰਦਾਰ ਬਲਬੀਰ ਸਿੰਘ ਸਿੱਧੂ :** 23/12 ਤੋਂ ਬਾਅਦ ਕਿਸਾਨਾਂ ਨੂੰ ਕੋਈ ਪੇਮੈਂਟ ਨਹੀਂ ਹੋਈ, ਲੋਕਾਂ ਨੂੰ ਪੈਸੇ ਨਹੀਂ ਮਿਲੇ ।

**ਮਾਨਯੋਗ ਸਪੀਕਰ :** ਉਹ ਕੱਲ੍ਹ ਦੇਖਾਂਗੇ। ਕੱਲ੍ਹ ਦਾ ਕੁਐਸਚਨ ਕੱਲ੍ਹ ਨੂੰ ਦੇਖਾਂਗੇ, ਅੱਜ ਨਹੀਂ।

**ਸਰਦਾਰ ਬਲਬੀਰ ਸਿੰਘ ਸਿੱਧੂ :** ਉਹ ਮੇਰਾ ਸਵਾਲ ਬੜਾ ਜ਼ਰੂਰੀ ਹੈ ਜੀ, ਬੜਾ ਇੰਪਾਰਟੈਂਟ ਸਵਾਲ ਹੈ।

**ਮਾਨਯੋਗ ਸਪੀਕਰ :** ਕੱਲ੍ਹ ਵਾਲਾ ਸਵਾਲ ਆਪਾਂ ਕੱਲ੍ਹ ਨੂੰ ਦੇਖਾਂਗੇ। ਅੱਜ ਵਾਲੇ ਦੀ ਮੈਂ ਐਕਸਟੈਨਸ਼ਨ ਗਰਾਂਟ ਕਰ ਦਿੱਤੀ ਹੈ। ਸੁਰਿੰਦਰ ਕੁਮਾਰ ਡਾਵਰ ਜੀ।

---

**For Starred Question No. 1808 and reply thereto, please see appendix to this Debates.

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਤੁਸੀਂ ਆਸ਼ਵਾਸਨ ਦੇ ਦਿਓ ਕਿ ਇਸ ਸਦਨ ਵਿੱਚ ਜਵਾਬ ਆ ਜਾਵੇਗਾ। ਤੁਸੀਂ ਟਾਈਮ-ਬਾਊਂਡ ਤਾਂ ਕਰ ਦਿਓ।

**ਮਾਨਯੋਗ ਸਪੀਕਰ :** ਉਹ ਮੈਂ ਦੇਖਿਆ ਨਹੀਂ। ਇਸ ਦੀ ਮੈਂ ਐਕਸਟੈਨਸ਼ਨ ਗਰਾਂਟ ਕਰ ਦਿੱਤੀ ਹੈ । ਰਿਪਲਾਈ ਤਾਂ ਤੁਹਾਨੂੰ ਫਿਰ ਵੀ ਆ ਜਾਵੇਗਾ। ਜਵਾਬ ਤੁਹਾਨੂੰ ਆ ਜਾਵੇਗਾ।

**ਸਰਦਾਰ ਰਣਦੀਪ ਸਿੰਘ :** ਫਿਰ ਅਸੀਂ ਕਿਥੋਂ ਜਵਾਬ ਮੰਗਾਂਗੇ ?

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, 23/12 ਤੋਂ ਬਾਅਦ ਕਿਸਾਨਾਂ ਨੂੰ ਇੱਕ ਰੁਪਈਆ ਵੀ ਨਹੀਂ ਮਿਲਿਆ।

---

## ਹਾਈ ਟੈਨਸ਼ਨ ਪਾਵਰ ਕੇਬਲਜ਼ ਨੂੰ ਹਟਾਉਣਾ

***1802. ਸ਼੍ਰੀ ਸੁਰਿੰਦਰ ਕੁਮਾਰ ਡਾਵਰ :** ਕੀ ਉੱਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ ਵਿਖੇ ਵਾਰਡ ਨੰ. 34 ਦੇ ਕਿਲਾ ਮੁਹੱਲੇ ਦੀ ਸੰਘਣੀ ਆਬਾਦੀ ਵਾਲੇ ਰਿਹਾਇਸ਼ੀ ਇਲਾਕੇ ਉਪਰੋਂ ਲੰਘ ਰਹੀਆਂ ਹਾਈ ਟੈਨਸ਼ਨ ਪਾਵਰ ਕੇਬਲਜ਼ (11 ਕੇ. ਵੀ.) ਨੂੰ ਹਟਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ ਹਨ; ਅਤੇ ਇਨ੍ਹਾਂ ਤਾਰਾਂ ਨੂੰ ਕਦੋਂ ਤੱਕ ਹਟਾ ਦਿੱਤਾ ਜਾਵੇਗਾ ?

**ਸਰਦਾਰ ਸੁਖਬੀਰ ਸਿੰਘ ਬਾਦਲ :** ਲੁਧਿਆਣਾ ਦੇ ਵਾਰਡ ਨੰ. 34 ਦੇ ਕਿਲਾ ਮੁਹੱਲੇ ਦੀ ਸੰਘਣੀ ਆਬਾਦੀ ਵਾਲੇ ਰਿਹਾਇਸ਼ੀ ਇਲਾਕੇ ਉਪਰੋਂ ਇਸ ਵੇਲੇ 11 ਕੇ. ਵੀ. ਮਾਧੋਪੁਰੀ ਫੀਡਰ ਅਤੇ 11 ਕੇ. ਵੀ. ਗਊਸ਼ਾਲਾ ਫੀਡਰ ਦੀਆਂ ਲਾਈਨਾਂ ਲੰਘ ਰਹੀਆਂ ਹਨ । ਮਹਿਕਮੇ ਵੱਲੋਂ ਇਲਾਕਾ ਨਿਵਾਸੀਆਂ ਦੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਇਨ੍ਹਾਂ 11 ਕੇ. ਵੀ. ਏ. ਸੀ. ਐਸ. ਆਰ. ਕੰਡਕਟਰ ਵਾਲੀਆਂ ਲਾਈਨਾਂ ਨੂੰ ਐਕਸ. ਐਲ. ਪੀ. ਈ. (300 ਐਸ. ਐਮ. ਸਮਰੱਥਾ) ਕੇਬਲਾਂ ਨਾਲ ਬਦਲਣ ਦਾ ਕੰਮ, ਆਰ-ਏ. ਪੀ. ਡੀ. ਆਰ. ਪੀ. ਸਕੀਮ ਅਧੀਨ, ਮੈਸ. ਐਲ ਐਂਡ ਟੀ ਕੰਪਨੀ ਨੂੰ ਦਿੱਤਾ ਜਾ ਚੁੱਕਾ ਹੈ । ਇਸ ਕੰਮ ਨੂੰ 6 ਮਹੀਨੇ ਦੇ ਸਮੇਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ ।

**ਸ਼੍ਰੀ ਸੁਰਿੰਦਰ ਕੁਮਾਰ ਡਾਵਰ :** ਸਰ, ਇਹ ਮਸਲਾ ਬੜਾ ਅਹਿਮ ਮਸਲਾ

ਹੈ। ਅੱਜ ਤੋਂ ਡੇਢ ਸਾਲ ਪਹਿਲਾਂ ਵੀ ਇਹ ਸਵਾਲ ਪਾਇਆ ਗਿਆ ਸੀ। ਉਸ ਵੇਲੇ ਵੀ ਇਹੀ ਯਕੀਨ ਦਿੱਤਾ ਗਿਆ ਸੀ ਕਿ 6 ਮਹੀਨੇ ਦੇ ਵਿੱਚ ਵਿੱਚ ਇਹ ਕੰਮ ਕੰਪਲੀਟ ਹੋ ਜਾਵੇਗਾ। ਕਈ ਵਾਰ ਜਾਨਾਂ ਜਾ ਚੁੱਕੀਆਂ ਹਨ, ਕਈ ਜਾਨਾਂ ਦਾ ਨੁਕਸਾਨ ਹੋ ਚੁੱਕਿਆ ਹੈ। ਕਿਰਪਾ ਕਰਕੇ ਇਹ ਦੱਸਿਆ ਜਾਵੇ ਕਿ ਐਲ.ਐਂਡ ਟੀ. ਨੂੰ ਇਹ ਪੈਸੇ ਜਮ੍ਹਾਂ ਕਰਵਾ ਦਿੱਤੇ ਗਏ ਹਨ ਕਿ ਨਹੀਂ?

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਇੱਕ ਬੜਾ ਅਹਿਮ ਫੈਸਲਾ ਮੁੱਖ ਮੰਤਰੀ ਜੀ ਨੇ ਕੀਤਾ ਹੈ ਕਿ ਜਿੰਨੇ ਸ਼ਹਿਰ ਅਤੇ ਮੰਡੀਆਂ ਹਨ, majority of them, ਉਨ੍ਹਾਂ ਵਿੱਚ ਕੇਬਲਾਂ ਦਾ ਅੱਪਗ੍ਰੇਡ ਕਰਨ ਦਾ ਕੰਮ, ਉਨ੍ਹਾਂ ਸਾਰਿਆਂ ਵਿੱਚ ਕੇਬਲ ਪਾਉਣ ਦਾ ਕੰਮ 1400–1500 ਕਰੋੜ ਰੁਪਏ ਦਾ ਪ੍ਰਾਜੈਕਟ ਤਿੰਨ–ਚਾਰ ਕੰਪਨੀਆਂ ਨੂੰ ਦਿੱਤਾ ਹੈ। ਜਿਵੇਂ ਲੁਧਿਆਣਾ ਏਰੀਏ ਵਿੱਚ ਐਲ.ਐਂਡ ਟੀ. ਕੰਪਨੀ ਨੂੰ ਦਿੱਤਾ ਹੈ। ਕਿਉਂਕਿ ਅਸੀਂ ਇੱਕ ਪਾਸੇ ਤੋਂ ਲੱਗੇ ਹਾਂ, ਸਾਡਾ ਟਾਰਗੇਟ, ਜਿਨ੍ਹਾਂ ਨੂੰ ਅਸੀਂ ਕੰਟਰੈਕਟ ਦਿੱਤਾ ਹੈ, ਇਹ 6 ਮਹੀਨੇ ਦਾ ਹੈ। ਮੈਂ ਵੀ ਫਾਲੋਅੱਪ ਕਰ ਰਿਹਾ ਹਾਂ, ਰੈਗੂਲਰਲੀ ਉਨ੍ਹਾਂ ਦੀ ਮੀਟਿੰਗ ਕਰਦਾ ਹਾਂ। ਮੈਂ ਤੁਹਾਨੂੰ ਐਸ਼ੋਅਰ ਕਰਦਾ ਹਾਂ ਕਿ ਲੁਧਿਆਣਾ ਬਹੁਤ ਵੱਡਾ ਹੈ, ਪੂਰੇ ਸ਼ਹਿਰ ਦੀਆਂ ਕੇਬਲਜ਼ ਚੇਂਜ ਹੋ ਰਹੀਆਂ ਹਨ। ਅਸੀ ਇੱਕ ਪਾਸੇ ਤੋਂ ਲੱਗੇ ਹਾਂ, ਮੈਨੂੰ ਪੂਰਾ ਯਕੀਨ ਹੈ, ਅਸੀਂ ਕੋਸ਼ਿਸ਼ ਕਰਾਂਗੇ ਕਿ ਜਲਦੀ ਤੋਂ ਜਲਦੀ ਹੋ ਸਕੇ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਮੈਂ ਡਿਪਟੀ ਸੀ.ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਤਾਂ ਵਰਕ ਐਲ. ਐਂਡ ਟੀ. ਨੂੰ ਅਲਾਟ ਹੋ ਗਿਆ, ਠੀਕ ਹੈ ਲੇਕਿਨ ਬਹੁਤ ਸਾਰੇ ਮੁਹੱਲੇ ਐਸੇ ਹਨ, ਜਿਨ੍ਹਾਂ ਵਿੱਚ 11 ਕੇ.ਵੀ. ਅਤੇ 66 ਕੇ.ਵੀ. ਲਾਈਨ ਜਾਂਦੀ ਹੈ। ਜਿਹੜਾ ਐਲ. ਐਂਡ ਟੀ. ਨੂੰ ਅਲਾਟ ਨਹੀਂ ਹੋਇਆ, ਕੋਈ ਐਸੀ ਪਰੋਪੋਜ਼ਲ ਤੁਹਾਡੇ ਕੋਲ ਵਿਚਾਰ ਅਧੀਨ ਹੋਏਗੀ, ਕੀ ਉਨ੍ਹਾਂ ਨੂੰ ਵੀ ਆਪਾਂ ਸ਼ਿਫਟ ਕਰਨਾ ਹੈ?

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਜੇ ਇਹ ਸਪੈਸੀਫਿਕ ਏਰੀਆ ਮੈਨੂੰ ਦੇ ਦੇਣ, I will examine it. ਕਿਉਂਕਿ ਸਾਡਾ ਪਲਾਨ ਹੈ ਕਿ ਸਾਰੇ ਲੁਧਿਆਣੇ ਵਿੱਚ ਪਾਉਣੀ ਹੈ। ਜੇਕਰ ਕੋਈ ਚੀਜ਼ ਰਹਿ ਗਈ ਹੈ, ਤੁਹਾਡੀ ਨਾਲੇਜ ਵਿੱਚ ਹੈ ਤਾਂ ਮੈਨੂੰ ਦੇ ਦਿਓ।

**Sardar Balwinder Singh Bains :** Thank you.

---------------------

## ਆਂਗਨਵਾੜੀ ਸੈਂਟਰ ਲਈ ਥਾਂ ਮੁਹੱਈਆ ਕਰਵਾਉਣਾ

***1826. ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਚੌਲਟਾ ਕਲਾਂ ਅਤੇ ਨਿਆਮੀਆਂ ਤਹਿਸੀਲ ਖਰੜ, ਜ਼ਿਲ੍ਹਾ ਮੁਹਾਲੀ ਅਤੇ ਪਿੰਡ ਸਲੇਮਪੁਰ, ਤਹਿਸੀਲ ਸ੍ਰੀ ਚਮਕੌਰ ਸਾਹਿਬ, ਜ਼ਿਲ੍ਹਾ ਰੂਪਨਗਰ ਵਿਖੇ ਚੱਲ ਰਹੇ ਆਂਗਨਵਾੜੀ ਸੈਂਟਰ ਲਈ ਆਪਣੀ ਥਾਂ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਆਂਗਨਵਾੜੀ ਸੈਂਟਰ ਲਈ ਥਾਂ ਦਾ ਪ੍ਰਬੰਧ ਕਦੋਂ ਤੱਕ ਕਰ ਦਿੱਤਾ ਜਾਵੇਗਾ ?

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਪਿੰਡ ਚੌਲਟਾ ਕਲਾਂ ਅਤੇ ਨਿਆਮੀਆ, ਤਹਿਸੀਲ ਖਰੜ, ਜ਼ਿਲ੍ਹਾ ਮੁਹਾਲੀ ਅਤੇ ਪਿੰਡ ਸਲੇਮਪੁਰ, ਤਹਿਸੀਲ ਸ਼੍ਰੀ ਚਮਕੌਰ ਸਾਹਿਬ, ਜ਼ਿਲ੍ਹਾ ਰੂਪਨਗਰ ਵਿਖੇ ਚੱਲ ਰਹੇ ਆਂਗਨਵਾੜੀ ਸੈਂਟਰਾਂ ਲਈ ਥਾਂ ਦੇਣ ਵਾਸਤੇ ਸੰਬੰਧਿਤ ਗ੍ਰਾਮ ਪੰਚਾਇਤਾਂ ਵੱਲੋਂ ਮਤੇ ਪ੍ਰਾਪਤ ਹੋ ਗਏ ਹਨ ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮਾਨਯੋਗ ਸਪੀਕਰ ਸਾਹਿਬ, ਜਿੰਨੀਆਂ ਵੀ ਮੇਰੇ ਹਲਕੇ ਵਿੱਚ ਆਂਗਨਵਾੜੀਆਂ ਚੱਲ ਰਹੀਆਂ ਹਨ, ਉਨ੍ਹਾਂ ਵਿਚੋਂ 80 ਪ੍ਰਤੀਸ਼ਤ ਕੋਲ ਬੈਠਣ ਲਈ ਜਗ੍ਹਾ ਨਹੀਂ ਹੈ। ਕੇਂਦਰ ਸਰਕਾਰ ਦੀ ਗਰਾਂਟ ਆ ਗਈ, ਟੀਚਰਾਂ ਦੀਆਂ ਤਨਖਾਹਾਂ ਮਿਲੀ ਜਾਂਦੀਆਂ ਹਨ। ਬੱਚੇ ਰੁਲ ਰਹੇ ਹਨ, ਉਹ ਕਦੇ ਗੁਰਦੁਆਰਾ ਸਾਹਿਬ ਵਿੱਚ ਬੈਠਣ ਲਈ ਜਾਂਦੇ ਹਨ, ਕਦੇ ਧਰਮਸ਼ਾਲਾ ਵਿੱਚ ਬੈਠਣ ਲਈ ਜਾਂਦੇ ਹਨ। ਉਨ੍ਹਾਂ ਵਾਸਤੇ ਬੈਠਣ ਲਈ ਕੋਈ ਜਗ੍ਹਾ ਨਹੀਂ ਹੈ। ਹੁਣ ਵੀ ਮੰਤਰੀ ਜੀ ਨੇ ਕਿਹਾ ਹੈ ਕਿ ਸਾਡੇ ਕੋਲ ਮਤੇ ਆ ਗਏ ਹਨ ਪਰ ਇਨ੍ਹਾਂ ਨੇ ਇਹ ਨਹੀਂ ਕਿਹਾ ਕਿ ਅਸੀਂ ਜਗ੍ਹਾ ਦੇ ਦਿਆਂਗੇ ਤੇ ਕਦੋਂ ਦੇ ਦਿਆਂਗੇ ਜਾਂ ਕਿੰਨੀ ਦੇਰ ਵਿਚ ਮਿਲ ਜਾਵੇਗੀ? ਸਪੀਕਰ ਸਾਹਿਬ, ਛੋਟੇ ਛੋਟੇ ਬੱਚੇ ਹਨ ਤੇ ਆਂਗਨਵਾੜੀ ਦੇ ਵੀ ਲੇਡੀਜ਼ ਟੀਚਰ ਹਨ । ਜੇ ਉਨ੍ਹਾਂ ਵਾਸਤੇ ਬੈਠਣ ਨੂੰ ਜਗ੍ਹਾ ਨਹੀਂ ਹੈ ਤਾਂ ਫਿਰ ਇਨ੍ਹਾਂ ਆਂਗਨਵਾੜੀਆਂ ਦਾ ਕੀ ਫਾਇਦਾ ਹੈ? ਇਸ ਲਈ ਮੈਂ ਮੰਤਰੀ ਜੀ ਨੂੰ ਬੇਨਤੀ ਵੀ ਕਰਦਾ ਹਾਂ ਤੇ ਪੁੱਛਣਾ ਵੀ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਇਨ੍ਹਾਂ ਨੂੰ ਸੇਫ ਜਗ੍ਹਾ ਦੇ ਦੇਣਗੇ ਜਿਥੇ ਬਿਜਲੀ ਵੀ ਹੋਵੇ ਤੇ ਪਾਣੀ ਵੀ ਹੋਵੇ ? ਇਹ ਕਦੋਂ ਤੱਕ ਇਸ ਦਾ ਇੰਤਜ਼ਾਮ ਕਰ ਦੇਣਗੇ? ਕਾਰਨ ਇਹ ਹੈ ਕਿ 80 ਪ੍ਰਤੀਸ਼ਤ ਆਂਗਨਵਾੜੀਆਂ ਵਿੱਚ ਬਿਜਲੀ ਤੇ ਪਾਣੀ ਦੀ ਸੁਵਿਧਾ ਨਹੀਂ ਹੈ। ਇਸ ਵਾਸਤੇ ਮੰਤਰੀ ਜੀ ਦੱਸਣ ਕਿ ਇਹ ਕੀ ਇੰਤਜ਼ਾਮ ਕਰ ਰਹੇ ਹਨ ਜਿਥੇ ਬਿਜਲੀ ਵੀ ਹੋਵੇ, ਪਾਣੀ ਵੀ ਹੋਵੇ, ਬਿਲਡਿੰਗ ਵੀ ਹੋਵੇ । ਇਹ ਉਥੇ ਕਦੋਂ

ਤੱਕ ਬਿਠਾ ਦੇਣਗੇ ? ਇਸ ਬਾਰੇ ਮੰਤਰੀ ਜੀ ਦੱਸਣ ।

**ਮਾਨਯੋਗ ਸਪੀਕਰ :** ਇਹ ਕਦੋਂ ਤੱਕ ਕਰ ਦਿਉਗੇ?

**ਮੰਤਰੀ :** ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਇਸ ਸੰਬੰਧੀ ਰੈਜ਼ੋਲਿਊਸ਼ਨ ਆ ਗਏ ਹਨ ਤੇ ਜ਼ਮੀਨ ਮਿਲ ਗਈ ਹੈ ਔਰ ਇਸ ਦੇ ਬਣਾਉਣ ਵਾਸਤੇ ਦੋਵੇਂ ਜ਼ਿਲ੍ਹਿਆਂ ਵਿਚ ਫੰਡਜ਼ ਰਿਲੀਜ਼ ਹੋ ਗਏ ਹਨ। ਜਿਥੇ ਫੰਡਜ਼ ਰਿਲੀਜ਼ ਹੋਏ ਹਨ ਉਸ ਵਿੱਚ ਤੁਹਾਡੇ ਤਿੰਨੋਂ ਪੁਆਇੰਟ ਇਨਕਲੂਡ ਕਰ ਲਏ ਹਨ, ਉਥੇ ਵੀ ਨਾਲ ਹੀ ਬਣਾ ਦਿੱਤੇ ਜਾਣਗੇ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਵਾਸਤੇ ਕੋਈ ਸਮਾਂ-ਬੱਧ ਵੀ ਹੋਵੇਗਾ ? ਇਸ ਤੋਂ ਇਲਾਵਾ ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਪਿੰਡਾਂ ਵਾਸਤੇ ਕਿੰਨੇ ਕਿੰਨੇ ਫੰਡ ਅਲਾਟ ਹੋਏ ਹਨ ਜਿਹੜੇ ਮੇਰੇ ਸਵਾਲ ਵਿੱਚ ਹਨ, ਜਿਵੇਂ ਚੋਲਟਾ ਕਲਾਂ ਤੇ ਦੂਜੇ ਪਿੰਡਾਂ ਆਦਿ ? ਇਨ੍ਹਾਂ ਵਾਸਤੇ ਕਿੰਨੇ ਕਿੰਨੇ ਅਲੱਗ ਅਲੱਗ ਫੰਡ ਰੱਖੇ ਗਏ ਹਨ ਤੇ ਇਹ ਕਦੋਂ ਤੱਕ ਲਗਾ ਦਿੱਤੇ ਜਾਣਗੇ ?

**ਮੰਤਰੀ :** ਸਰ, 50 ਪ੍ਰਤੀਸ਼ਤ ਫੰਡ ਰਿਲੀਜ਼ ਹੋ ਗਏ ਹਨ ਔਰ ਤੁਹਾਡੇ ਇਹ ਜਿਹੜੇ ਪੁਆਇੰਟ ਹਨ... (ਵਿਘਨ)

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਤਾਂ ਇਹ ਪੁੱਛਿਆ ਹੈ ਕਿ ਮੇਰੇ ਤਿੰਨ ਪਿੰਡ ਹਨ, ਇਹ ਕਹਿੰਦੇ ਹਨ ਕਿ ਫੰਡ ਅਲਾਟ ਹੋ ਗਏ ਹਨ, ਇਹ ਮੈਨੂੰ ਦੱਸ ਦੇਣ ਕਿ ਇਨ੍ਹਾਂ ਪਿੰਡਾਂ ਨੂੰ ਅਲੱਗ ਅਲੱਗ ਕਿੰਨੇ ਕਿੰਨੇ ਫੰਡ ਅਲਾਟ ਹੋਏ ਹਨ... (ਵਿਘਨ)

**ਮੰਤਰੀ :** ਮੈਂ ਤਾਂ ਕਿਹਾ ਜੀ ਕਿ ਸਾਰੇ ਜ਼ਿਲ੍ਹੇ ਦੇ ਫੰਡਜ਼ ਅਲਾਟ ਹੋ ਗਏ ਹਨ ।

**ਸਰਦਾਰ ਚਰਨਜੀਤ ਸਿੰਘ ਚੰਨੀ :** ਤੁਸੀਂ ਇਸ ਤਰ੍ਹਾਂ ਨਾ ਕਰੋ । ਤੁਸੀਂ ਮੈਨੂੰ ਇਸ ਤਰ੍ਹਾਂ ਦੱਸ ਦਿਉ ਕਿ ਚੋਲਟੇ ਨੂੰ ਕਿੰਨੇ ਪੈਸੇ ਅਲਾਟ ਹੋਏ ਹਨ, ਸਲੇਮਪੁਰ ਨੂੰ ਕਿੰਨੇ ਪੈਸੇ ਅਲਾਟ ਹੋਏ ਹਨ ?

**ਮੰਤਰੀ :** ਸਪੀਕਰ ਸਾਹਿਬ, ਫਸਟ ਇੰਸਟਾਲਮੈਂਟ ਜਿਹੜੀ 50 ਪ੍ਰਤੀਸ਼ਤ ਦਿੱਤੀ ਹੈ, ਉਹ 2.25 ਲੱਖ ਰੁਪਿਆ ਇਕ ਆਂਗਨਵਾੜੀ ਸੈਂਟਰ ਵਾਸਤੇ ਰਿਲੀਜ਼ ਹੋਈ ਹੈ। ਜੋ ਟੋਟਲ ਅਮਾਊਂਟ ਰਿਲੀਜ਼ ਕੀਤੀ ਹੈ, ਉਸ ਵਿੱਚ ਅਸੀਂ ਇਹ ਪਿੰਡ ਪ੍ਰਾਇਰਟੀ ਨਾਲ ਐਡ ਕਰ ਦਿੰਦੇ ਹਾਂ, ਤੁਸੀਂ ਹੋਰ ਦੱਸੋ ਕਿ ਕੀ ਚਾਹੀਦਾ ਹੈ ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਰ, ਦੋ ਲੱਖ ਵਿੱਚ ਕਿਹੜੀ ਬਿਲਡਿੰਗ ਬਣ ਜਾਵੇਗੀ ਜੀ? ਦੋ ਲੱਖ ਵਿਚ ਤਾਂ ਇਕ ਕਮਰਾ ਖੜ੍ਹਾ ਨਹੀਂ ਹੁੰਦਾ ।

**Mr. Speaker :** Please sit down. ਹਾਂ ਜੀ, ਸਰਦਾਰ ਸੁਰਿੰਦਰ ਸਿੰਘ ਜੀ।

**ਮੰਤਰੀ :** ਬੜਾ ਪੀਸਫੁੱਲ ਸਵਾਲ ਚਲ ਰਿਹਾ ਹੈ...

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਵੀ ਤਾਂ ਪੀਸਫੁੱਲੀ ਸਵਾਲ ਹੀ ਕਰ ਰਿਹਾ ਹਾਂ ਜੀ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ ਤੇ ਹੁਣ ਤੁਸੀਂ ਬੈਠ ਜਾਉ। ਹਾਂ ਜੀ, ਭੁੱਲੇਵਾਲ ਰਾਠਾਂ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੰਤਰੀ ਜੀ ਇਸ ਗੱਲ ਦਾ ਜਵਾਬ ਦੇ ਦੇਣ ਕਿ ਦੋ ਲੱਖ ਰੁਪਏ ਵਿੱਚ ਕਿੰਨੀ ਕੁ ਬਿਲਡਿੰਗ ਬਣ ਜਾਵੇਗੀ?

**ਮੰਤਰੀ :** ਮੈਂ ਕਿਹਾ ਹੈ ਜੀ ਕਿ ਪੈਸੇ ਚਲੇ ਗਏ ਹਨ ਔਰ ਕੰਮ ਸ਼ੁਰੂ ਹੋ ਜਾਵੇਗਾ।

**ਮਾਨਯੋਗ ਸਪੀਕਰ :** ਨੈਕਸਟ ਸਵਾਲ, ਸਰਦਾਰ ਸੁਰਿੰਦਰ ਸਿੰਘ ਜੀ।

---

## ਲਿੰਕ ਸੜਕਾਂ ਦੀ ਮੁਰੰਮਤ ਕਰਨਾ

***1814. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਹਲਕਾ ਗੜ੍ਹਸ਼ੰਕਰ ਵਿੱਚ ਅਜਿਹੀਆਂ ਲਿੰਕ ਸੜਕਾਂ ਕਿੰਨੀਆਂ ਹਨ ਜਿਨ੍ਹਾਂ ਦੀ ਰਿਪੇਅਰ ਇਸ ਵੇਲੇ ਡਿਊ ਹੈ ਅਤੇ ਇਨ੍ਹਾਂ ਦੀ ਪਹਿਲਾਂ ਰਿਪੇਅਰ ਕਦੋਂ ਕੀਤੀ ਗਈ ਸੀ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਲਿੰਕ ਸੜਕਾਂ ਨੂੰ ਤੁਰੰਤ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ ?

**ਸਰਦਾਰ ਤੋਤਾ ਸਿੰਘ :** (ੳ) ਹਲਕਾ ਗੜ੍ਹਸ਼ੰਕਰ ਵਿੱਚ ਕੁੱਲ 67 ਸੜਕਾਂ

ਹਨ ਜਿਨ੍ਹਾਂ ਦੀ ਰਿਪੇਅਰ ਇਸ ਵੇਲੇ ਡਿਊ ਹੈ ਅਤੇ ਇਨ੍ਹਾਂ ਦੀ ਪਿਛਲੀ ਮੁਰੰਮਤ ਮਾਰਚ, 2009 ਤੋਂ ਪਹਿਲਾਂ ਕੀਤੀ ਗਈ ਸੀ ।

(ਅ) ਸਰਕਾਰ ਵੱਲੋਂ 2015-16 ਦੌਰਾਨ ਫੰਡਾਂ ਦੀ ਉਪਲਬਧਤਾ ਨੂੰ ਵੇਖਦੇ ਹੋਏ ਸੜਕਾਂ ਨੂੰ ਮੁਰੰਮਤ ਕਰਨ ਦਾ ਪ੍ਰੋਗਰਾਮ ਤਿਆਰ ਕੀਤਾ ਜਾ ਰਿਹਾ ਹੈ । ਇਸ ਪ੍ਰੋਗਰਾਮ ਦੇ ਫਾਈਨਲ ਹੋਣ ਉਪਰੰਤ ਹੀ ਇਨ੍ਹਾਂ ਸੜਕਾਂ ਦੀ ਰਿਪੇਅਰ ਦਾ ਸ਼ਡਿਊਲ ਦੱਸਿਆ ਜਾ ਸਕੇਗਾ ।

**ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਗੜ੍ਹਸ਼ੰਕਰ 67 ਸੜਕਾਂ ਰਿਪੇਅਰ ਹੋਣ ਵਾਲੀਆਂ ਹਨ ਕਿਉਂਕਿ ਜਿਹੜਾ ਕੰਡੀ ਦਾ ਇਲਾਕਾ, ਬੀਤ ਦਾ ਇਲਾਕਾ ਤੇ ਪਲੇਨ ਇਲਾਕਾ ਹੈ ਉਥੇ ਸੜਕਾਂ ਦੀ ਹਾਲਤ ਬਹੁਤ ਤਰਸਯੋਗ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀ ਦੇਰ ਵਿੱਚ ਟੈਂਡਰ ਲਗਾ ਕੇ ਸੜਕਾਂ ਰਿਪੇਅਰ ਕੀਤੀਆਂ ਜਾਣਗੀਆਂ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 2014-15 ਵਿੱਚ 51 ਸੜਕਾਂ 74.63 ਕਿਲੋਮੀਟਰ ਰਿਪੇਅਰ ਵਾਸਤੇ ਲਈਆਂ ਸਨ। ਉਨ੍ਹਾਂ ਉਤੇ 10.74 ਕਰੋੜ ਰੁਪਿਆ ਲੱਗਿਆ ਹੈ। ਇਨ੍ਹਾਂ ਵਿਚੋਂ 45 ਸੜਕਾਂ ਦੀ ਜਿਨ੍ਹਾਂ ਦੀ ਲੰਬਾਈ 69.33 ਕਿਲੋਮੀਟਰ ਹੈ, ਉਤੇ ਪ੍ਰੀਮਿਕਸ ਪੈ ਚੁੱਕੀ ਹੈ । ਬਾਕੀ ਛੇ ਕਿਲੋਮੀਟਰ ਰਹਿੰਦੀ ਹੈ ਤੇ ਉਥੇ 30 ਅਪ੍ਰੈਲ ਤੱਕ ਪਾ ਦੇਣੀ ਹੈ। ਜਿਹੜੀਆਂ ਹੁਣ ਇਨ੍ਹਾਂ ਦੀਆਂ ਸੜਕਾਂ ਡਿਊ ਹਨ, ਉਹ ਅਸੀਂ 2015-16 ਦਾ ਪ੍ਰੋਗਰਾਮ ਬਣਾ ਰਹੇ ਹਾਂ । ਉਹ ਪ੍ਰੋਗਰਾਮ ਸਾਡਾ 30 ਅਪ੍ਰੈਲ ਤੋਂ ਪਹਿਲਾਂ ਪਹਿਲਾਂ ਬਣ ਜਾਣਾ ਹੈ। ਫਿਰ ਦੱਸਿਆ ਜਾਵੇਗਾ ਕਿ ਉਸ ਦਾ ਟਾਈਮ ਬਾਊਂਡ ਕੀ ਹੈ ?

---

## ਪ੍ਰਾਈਵੇਟ ਕਲੋਨਾਈਜ਼ਰਾਂ ਵੱਲੋਂ ਰਜਿਸਟਰੀਆਂ ਕਰਵਾਉਣ ਲਈ ਲੋਕਾਂ ਤੋਂ ਭਾਰੀ ਰਕਮ ਵਸੂਲਣਾ

***1843. ਸਰਦਾਰ ਰਣਜੀਤ ਸਿੰਘ ਢਿੱਲੋਂ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਲੁਧਿਆਣਾ ਸ਼ਹਿਰ ਵਿੱਚ 1970 ਤੋਂ ਕੁਝ

[ ਸਰਦਾਰ ਰਣਜੀਤ ਸਿੰਘ ਢਿੱਲੋਂ ]

ਪ੍ਰਾਈਵੇਟ ਕਾਲੋਨਾਈਜ਼ਰਾਂ ਵੱਲੋਂ ਕਲੋਨੀਆਂ ਕੱਟੀਆਂ ਗਈਆਂ ਸਨ ਅਤੇ ਰਜਿਸਟਰੀਆਂ ਬੰਦ ਹੋਣ ਕਰਕੇ ਗਰੀਬ ਲੋਕਾਂ ਨੇ ਇਕਰਾਰਨਾਵੇਂ ਦੇ ਆਧਾਰ ਤੇ ਅਦਾਇਗੀਆਂ ਕਰਕੇ ਪਲਾਟ ਖਰੀਦੇ ਸਨ;

(ਅ) ਕੀ ਇਹ ਵੀ ਠੀਕ ਹੈ ਕਿ ਮਾਲ ਵਿਭਾਗ ਇਕਰਾਰਨਾਵੇਂ ਦੇ ਆਧਾਰ ਤੇ ਖਰੀਦੇ ਗਏ ਪਲਾਟਾਂ ਦੀਆਂ ਰਜਿਸਟਰੀਆਂ ਨਹੀਂ ਕਰ ਰਿਹਾ ਅਤੇ ਪ੍ਰਾਈਵੇਟ ਕਾਲੋਨਾਈਜ਼ਰ ਜਾਂ ਉਨ੍ਹਾਂ ਦੇ ਵਾਰਸ ਰਜਿਸਟਰੀਆਂ ਕਰਵਾ ਕੇ ਦੇਣ ਲਈ ਖਰੀਦਦਾਰਾਂ ਤੋਂ ਹੋਰ ਭਾਰੀ ਰਕਮਾਂ ਦੀ ਮੰਗ ਕਰਦੇ ਹਨ;

(ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉਤਰ 'ਹਾਂ' ਵਿੱਚ ਹੋਵੇ ਤਾਂ ਕੀ ਉਪਰੋਕਤ ਵਰਣਿਤ ਹਜ਼ਾਰਾਂ ਗਰੀਬ ਪਰਿਵਾਰਾਂ ਦੀ ਮਦਦ ਕਰਨ ਲਈ ਪੁਰਾਣੇ ਇਕਰਾਰਨਾਵਿਆਂ ਦੇ ਆਧਾਰ ਤੇ ਰਜਿਸਟਰੀਆਂ ਕਰਨ ਲਈ ਮਾਲ ਵਿਭਾਗ ਨੇ ਕੋਈ ਵਿਸ਼ੇਸ਼ ਅਦਾਲਤ ਦਾ ਗਠਨ ਕਰਨ ਸੰਬੰਧੀ ਜਾਂ ਇਨ੍ਹਾਂ ਗਰੀਬ ਲੋਕਾਂ ਦੀ ਸਹਾਇਤਾ ਲਈ ਕੋਈ ਬਦਲਵਾਂ ਢੰਗ ਅਪਣਾਉਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਹਦਾਇਤਾਂ ਦੀ ਇੱਕ ਕਾਪੀ ਸਦਨ ਦੀ ਮੇਜ਼ ਤੇ ਰੱਖ ਦਿੱਤੀ ਜਾਵੇ ?

**ਸਰਦਾਰ ਬਿਕਰਮ ਸਿੰਘ ਮਜੀਠੀਆ :** (ੳ) ਨਹੀਂ ਜੀ। ਰਜਿਸਟਰੇਸ਼ਨ ਦਾ ਕੰਮ ਕਦੇ ਵੀ ਬੰਦ ਨਹੀਂ ਕੀਤਾ ਗਿਆ।

(ਅ) ਨਹੀਂ ਜੀ

(ੲ) ਲਾਗੂ ਨਹੀਂ ਹੁੰਦਾ ।

**ਸਰਦਾਰ ਰਣਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਇਹ ਮਾਮਲਾ ਬਹੁਤ ਗੰਭੀਰ ਹੈ। 1970 ਦੇ ਦਹਾਕੇ ਵਿੱਚ ਬਹੁਤ ਸਾਰੀਆਂ ਕਲੋਨੀਆਂ ਕੱਟੀਆਂ ਗਈਆਂ ਸਨ। ਉਸ ਵੇਲੇ ਲੋਕਾਂ ਨੇ ਐਗਰੀਮੈਂਟ ਤੇ ਜ਼ਮੀਨ ਖਰੀਦ ਕੇ ਮਕਾਨ ਬਣਾ ਲਏ ਸਨ। ਹੁਣ ਜਦੋਂ ਉਹ ਲੋਕ ਕਾਲੋਨਾਈਜ਼ਰ ਕੋਲ ਰਜਿਸਟਰੀ ਕਰਵਾਉਣ ਜਾਂਦੇ ਹਨ ਤਾਂ ਅੱਗੋਂ ਉਹ ਭਾਰੀ ਰਕਮਾਂ ਮੰਗਦੇ ਹਨ। ਜਿਹੜੇ ਗਰੀਬ ਲੋਕਾਂ ਨੇ 30-40-50 ਗਜ਼ ਵਿੱਚ ਉਹ ਮਕਾਨ ਲਏ ਸਨ, ਉਨ੍ਹਾਂ ਨੂੰ ਲੱਖਾਂ ਰੁਪਏ ਦੇਣੇ ਪੈ ਰਹੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਜਿੱਥੇ ਉਹ 30-40 ਸਾਲਾਂ

ਤੋਂ ਰਹਿ ਰਹੇ ਹਨ ਤੇ ਉਹ ਉਸ ਸਮੇਂ ਰਜਿਸਟਰੀਆਂ ਨਹੀਂ ਕਰਵਾ ਸਕੇ ਪਰੰਤੂ ਉਨ੍ਹਾਂ ਕੋਲ ਮਕਾਨਾਂ ਦੇ ਕਬਜ਼ੇ ਹਨ ਅਤੇ ਐਗਰੀਮੈਂਟ ਵੀ ਉਨ੍ਹਾਂ ਕੋਲ ਹਨ, ਇਸ ਵਾਸਤੇ ਕੀ ਕੋਈ ਅਜਿਹਾ ਕਾਨੂੰਨ ਬਣਾਇਆ ਜਾ ਸਕਦਾ ਹੈ ਕਿ ਉਨ੍ਹਾਂ ਲੋਕਾਂ ਨੂੰ ਉਨ੍ਹਾਂ ਦੀ ਮਾਲਕੀ ਦਾ ਹੱਕ ਦਿੱਤਾ ਜਾ ਸਕੇ ?

**ਮਾਨਯੋਗ ਸਪੀਕਰ :** ਮਜੀਠੀਆ ਜੀ, ਇਨ੍ਹਾਂ ਦਾ ਕੁਐਸਚਨ ਇਹ ਹੈ ਕਿ ਜਿਨ੍ਹਾਂ ਕੋਲ ਐਗਰੀਮੈਂਟ ਹਨ, ਪਾਵਰ ਆਫ਼ ਅਟਾਰਨੀ ਕਿਸੇ ਨੂੰ ਦਿੱਤੀ ਹੈ, ਉਨ੍ਹਾਂ ਵਿਚੋਂ ਕੁਝ ਲੋਕ ਜਿਊਂਦੇ ਹਨ ਅਤੇ ਕੁਝ ਮਰ ਚੁੱਕੇ ਹਨ। ਉਨ੍ਹਾਂ ਦੇ ਜਿਹੜੇ ਵਾਰਸ ਹਨ, ਉਹ ਰਜਿਸਟਰੀ ਬਣਵਾ ਸਕਦੇ ਹਨ ।

**ਮੰਤਰੀ :** ਸਪੀਕਰ ਸਾਹਿਬ, ਆਪ ਜੀ ਇਸ ਗੱਲ ਨੂੰ ਐਪਰੀਸ਼ੀਏਟ ਕਰੋਗੇ। ਇਹ ਜਿਸ ਵਾਕਿਆ ਦਾ ਜ਼ਿਕਰ ਕਰ ਰਹੇ ਹਨ, ਇਹ 1970 ਦਾ ਹੈ ਅਤੇ ਹੁਣ ਸਾਲ 2015 ਚੱਲ ਰਿਹਾ ਹੈ। ਇਹ 45 ਸਾਲ ਪੁਰਾਣਾ ਵਾਕਿਆ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕੋਈ ਸਪੈਸੇਫਿਕ ਕੇਸ ਦੱਸਣ ਤਾਂ ਕਿ ਉਸ ਉੱਪਰ ਅਸੀਂ ਪੜਤਾਲ ਕਰਕੇ ਉਸ ਦਾ ਕੋਈ ਬੈਸਟ ਹੱਲ ਕੱਢੀਏ। ਇਸ ਤਰ੍ਹਾਂ ਜਵਾਬ ਦੇਣਾ ਬੜਾ ਔਖਾ ਹੁੰਦਾ ਹੈ।

**ਸਰਦਾਰ ਰਣਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਅਜਿਹੀ ਇੱਕ ਨਹੀਂ ਹਜ਼ਾਰਾਂ ਕਲੋਨੀਆਂ ਹਨ ਅਤੇ ਬਹੁਤ ਜ਼ਿਆਦਾ ਲੋਕ ਇਸ ਵਿੱਚ ਇਨਵਾਲਵ ਹਨ।

**Minister :** Speaker Sahib, I will be very happy to sort out the situation. ਮੈਂ ਇਸ ਮਸਲੇ ਦਾ ਹੱਲ ਲੱਭਣਾ ਚਾਹੁੰਦਾ ਹਾਂ। ਹਾਲਾਂਕਿ ਇਹ ਸਵਾਲ ਪਿਛਲੀ ਵਾਰੀ ਵੀ ਆਇਆ ਸੀ ਅਤੇ ਇਸ ਦਾ ਲਿਖਤੀ ਜਵਾਬ ਵੀ ਗਿਆ ਸੀ ਪਰੰਤੂ ਉਦੋਂ ਤੋਂ ਲੈ ਕੇ ਹੁਣ ਤੱਕ ਐਮ.ਐਲ.ਏ. ਸਾਹਿਬ ਨੇ ਮੈਨੂੰ ਕੋਈ ਸਪੈਸੇਫਿਕ ਕਾਲ ਨਹੀਂ ਕੀਤੀ, ਕੋਈ ਸਪੈਸੇਫਿਕ ਪਲਾਟ ਨਹੀਂ ਦੱਸਿਆ।

**ਮਾਨਯੋਗ ਸਪੀਕਰ :** ਇਹ ਸਪੈਸੇਫਿਕ ਗੱਲ ਨਹੀਂ ਕਰ ਰਹੇ।

**ਮੰਤਰੀ :** ਫੇਰ ਵੀ ਪਤਾ ਤਾਂ ਲੱਗੇ ਕਿਉਂਕਿ ਡੀ.ਸੀ. ਸਾਹਿਬ ਤੋਂ ਸਾਰੀ ਰਿਪੋਰਟ ਮੰਗਵਾਉਣੀ ਪੈਣੀ ਹੈ ਅਤੇ ਸਾਰੀ ਗੱਲ ਨੂੰ ਸਪੈਸੇਫਿਕਲੀ ਸਮਝਣਾ ਪੈਣਾ ਹੈ। 1970 ਦੀ ਲੁਧਿਆਣਾ ਦੀ ਕਿਸੇ ਕਲੋਨੀ ਬਾਰੇ ਜਵਾਬ ਦੇਣਾ ਬੜਾ ਮੁਸ਼ਕਲ ਹੋ ਜਾਂਦਾ ਹੈ। ਸਪੀਕਰ ਸਾਹਿਬ, ਅਸੀਂ ਰਜਿਸਟਰੀ ਦਾ ਕੰਮ ਕਦੇ ਬੰਦ ਨਹੀਂ ਕੀਤਾ ਅਤੇ ਅਜਿਹਾ ਅੱਜ ਤੱਕ ਨਹੀਂ ਹੋਇਆ।

**ਮਾਨਯੋਗ ਸਪੀਕਰ :** ਕਾਨੂੰਨਨ ਅਜਿਹਾ ਨਹੀਂ ਹੋ ਸਕਦਾ। ਜਿਹੜਾ ਮਰ ਗਿਆ ਹੈ, ਪਾਵਰ ਆਫ਼ ਅਟਾਰਨੀ ਉਸ ਦੇ ਨਾਂ ਤੇ ਹੈ।

**ਮੰਤਰੀ :** ਜਿਹੜਾ ਇਕਰਾਰਨਾਮਾ ਹੁੰਦਾ ਹੈ, ਇਹ ਦੋ ਬੰਦਿਆਂ ਵਿੱਚ ਆਪਸ ਵਿੱਚ ਹੁੰਦਾ ਹੈ ਜਾਂ ਇਕ ਕੰਪਨੀ ਅਤੇ ਇਕ ਬੰਦੇ ਵਿੱਚ ਹੁੰਦਾ ਹੈ। ਉਸ ਵਿੱਚ ਕੋਈ ਫਰਕ ਪੈ ਗਿਆ, ਉਸ ਵਾਸਤੇ ਉਹ ਪੁਲਿਸ ਕੋਲ ਜਾਂਦਾ ਹੈ ਜਾਂ ਕੋਰਟ ਵਿੱਚ ਜਾਂਦਾ ਹੈ। ਰਜਿਸਟ੍ਰੇਸ਼ਨ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਕੋਈ ਦੋ ਬੰਦੇ ਐਗਰੀਮੈਂਟ ਕਰਦੇ ਹਨ, ਉਸ ਵਿੱਚ ਰਜਿਸਟ੍ਰੇਸ਼ਨ ਦਾ ਕੀ ਕੰਮ ਹੈ? ਪਰੰਤੂ ਫੇਰ ਵੀ ਜੇਕਰ ਇਹ ਸਾਰੀ ਗੱਲ ਡਿਟੇਲ ਵਿੱਚ ਸਮਝਾਉਣਗੇ, ਸ਼ਾਇਦ ਇਹ ਇਨ੍ਹਾਂ ਦੇ ਇਲਾਕੇ ਨਾਲ ਰਿਲੇਟਿਡ ਹੈ, ਉਸ ਨੂੰ ਡਿਟੇਲ ਵਿੱਚ ਅਨੈਲੇਸਿਸ ਕਰਕੇ ਮੈਂ ਕੁਝ ਦੱਸ ਸਕਦਾ ਹਾਂ ਪਰੰਤੂ ਇਵੇਂ ਮੋਟੇ ਤੌਰ ਤੇ ਦੱਸਣਾ ਔਖਾ ਹੈ।

**ਮਾਨਯੋਗ ਸਪੀਕਰ :** ਐਮ.ਐਲ.ਏ. ਸਾਹਿਬ, ਤੁਸੀਂ ਮੰਤਰੀ ਜੀ ਨਾਲ ਬੈਠ ਕੇ ਗੱਲ ਕਰ ਲੈਣਾ।

**ਸਰਦਾਰ ਰਣਜੀਤ ਸਿੰਘ ਢਿੱਲੋਂ :** ਠੀਕ ਹੈ ਜੀ।

---

## ਪ੍ਰਾਈਵੇਟ ਸੰਸਥਾਵਾਂ ਨੂੰ ਵਿਦਿਅਕ ਅਦਾਰੇ ਚਲਾਉਣ ਲਈ ਪੰਚਾਇਤੀ ਜ਼ਮੀਨ ਦੇਣਾ

***1779. ਜਸਟਿਸ ਨਿਰਮਲ ਸਿੰਘ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਕਿੰਨੀਆਂ ਪ੍ਰਾਈਵੇਟ ਸੰਸਥਾਵਾਂ ਨੂੰ ਵਿਦਿਅਕ ਅਦਾਰੇ ਚਲਾਉਣ ਲਈ ਪੰਚਾਇਤਾਂ ਦੀ ਜ਼ਮੀਨ ਦਿੱਤੀ ਗਈ ਹੈ ਅਤੇ ਉਕਤ ਸੰਸਥਾਵਾਂ ਨੂੰ ਪੰਚਾਇਤੀ ਜ਼ਮੀਨ ਮੁਫਤ ਦੇਣ ਸਮੇਂ ਰੱਖੀਆਂ ਗਈਆਂ ਸ਼ਰਤਾਂ ਦੇ ਵੇਰਵੇ ਕੀ ਹਨ;

(ਅ) ਕੀ ਸਾਰੇ ਸੰਬੰਧਿਤ ਵਿਦਿਅਕ ਅਦਾਰਿਆਂ ਵੱਲੋਂ ਜ਼ਮੀਨ ਪ੍ਰਾਪਤ ਕਰਨ ਸਮੇਂ ਨਿਰਧਾਰਿਤ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾ ਰਹੀ ਹੈ; ਜੇਕਰ ਨਹੀਂ ਤਾਂ ਕੀ ਅਜਿਹੇ ਅਦਾਰਿਆਂ ਤੋਂ ਉਕਤ

ਉਪਜਾਊ ਜ਼ਮੀਨ ਵਾਪਸ ਪੰਚਾਇਤ ਨੂੰ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਸ਼੍ਰੀਮਾਨ ਜੀ,

(ੳ) ਸਰਕਾਰ ਦੇ ਪੱਤਰ ਨੰ. 11/7/ਐਲ.ਡੀ.-2/2001/ਫਤਿਹਗੜ੍ਹ ਸਾਹਿਬ/27245-50 ਮਿਤੀ 19.9.2001 ਦੇ ਪ੍ਰਾਪਤ ਹੋਏ ਹੁਕਮਾਂ ਅਨੁਸਾਰ ਗਰਾਮ ਪੰਚਾਇਤ ਸੰਘੋਲ ਦੀ 11 ਏਕੜ 5 ਕਨਾਲ 14 ਮਰਲੇ ਜ਼ਮੀਨ ਜਵਾਲਾ ਦੇਵੀ ਮੈਮੋਰੀਅਲ ਟਰੱਸਟ ਨੂੰ ਦਾਨ ਦਿੱਤੀ ਗਈ ਸੀ । ਕੇਵਲ 2 ਸਾਲ ਅੰਦਰ ਲੜਕੀਆਂ ਦੇ ਕਾਲਜ ਦੀ ਉਸਾਰੀ ਕਰਨ ਦੀ ਸ਼ਰਤ ਰੱਖੀ ਗਈ ਸੀ ।

(ਅ) ਵਿਦਿਅਕ ਅਦਾਰੇ ਵੱਲੋਂ ਨਿਰਧਾਰਿਤ ਸਮੇਂ ਵਿੱਚ ਕਾਲਜ ਦੀ ਉਸਾਰੀ ਕਰ ਲਈ ਗਈ ਸੀ । ਜ਼ਮੀਨ ਪੰਚਾਇਤ ਨੂੰ ਵਾਪਸ ਦੇਣ ਦੀ ਕੋਈ ਤਜਵੀਜ਼ ਨਹੀਂ ਹੈ ।

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਅੱਜ ਦੇ ਦਿਨ ਵਿੱਚ ਜਿੰਨੇ ਪ੍ਰਾਈਵੇਟ ਇੰਸਟੀਚਿਊਸ਼ਨ ਖੁੱਲ੍ਹ ਰਹੇ ਹਨ, ਇਹ ਸਭ ਤੋਂ ਵਧੀਆ ਇੰਡਸਟਰੀ ਹੈ। ਅਸੀਂ ਪੰਚਾਇਤ ਦੀ 11 ਏਕੜ 5 ਕਨਾਲ ਅਤੇ 14 ਮਰਲੇ ਜ਼ਮੀਨ ਸੰਸਥਾ ਨੂੰ ਗਿਫ਼ਟ ਦਿੱਤੀ ਹੈ। ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਉਸ ਵਿੱਚ ਇਕੋ ਹੀ ਕੰਡੀਸ਼ਨ ਸੀ ਕਿ ਇਹ ਸੰਸਥਾ ਦੋ ਸਾਲ ਵਿੱਚ ਆਪਣੇ ਕਾਲਜ ਦੀ ਬਿਲਡਿੰਗ ਤਿਆਰ ਕਰ ਲਵੇਗੀ। ਪੰਚਾਇਤ ਨੂੰ, ਉਥੋਂ ਦੇ ਲੋਕਾਂ ਨੂੰ ਉਸ ਤੋਂ ਕੀ ਬੈਨੀਫਿਟ ਮਿਲਿਆ ? ਅੱਜ ਦੇ ਦਿਨ ਉਸ ਸੰਸਥਾ ਵਿੱਚ ਨਾ ਤਾਂ ਉਸ ਪਿੰਡ ਅਤੇ ਨਾ ਹੀ ਲਾਗਲੇ ਪਿੰਡ ਦੇ ਕਿਸੇ ਬੱਚੇ ਨੂੰ ਕੋਈ ਫੀਸ ਦੀ ਮਾਫ਼ੀ ਕੀਤੀ ਜਾਂਦੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਇੰਪਲਾਇਮੈਂਟ ਦਿੱਤੀ ਜਾਂਦੀ ਹੈ। ਮੈਂ ਆਪ ਰਿਕਾਰਡ ਦੇਖਿਆ ਹੈ, ਇਕੱਲੀ ਇਹੀ ਸ਼ਰਤ ਨਹੀਂ ਸੀ, ਉਨ੍ਹਾਂ ਨੇ ਆਪਣੇ ਟਰੱਸਟ ਵਿੱਚ ਬਹੁਤ ਸਾਰੀਆਂ ਸ਼ਰਤਾਂ ਲਗਾ ਕੇ ਅਨੈਕਸਚਰ ਬਣਾ ਲਿਆ । ਜਿਵੇਂ ਕਿ ਪਿੰਡ ਦੀ ਡਿਵੈਲਪਮੈਂਟ ਵਾਸਤੇ ਗਲੀਆਂ ਬਣਾਵਾਂਗੇ, ਨਾਲੀਆਂ ਬਣਾਵਾਂਗੇ, ਬਿਜਲੀ ਦੇਵਾਂਗੇ ਆਦਿ। ਇਹ ਸਾਰਾ ਕੁਝ ਉਸ ਵਿੱਚ ਲਿਖਿਆ ਹੋਇਆ ਹੈ। ਇਕੱਲੀ ਇਹੀ ਦੋ ਸਾਲ ਦੀ ਕੰਡੀਸ਼ਨ ਨਹੀਂ ਸੀ। ਇਹ ਉਨ੍ਹਾਂ ਦੀ ਆਪਣੀ ਹੈ ਅਤੇ ਇਸ ਦਾ ਉਨ੍ਹਾਂ ਨੂੰ ਬੈਨੀਫਿਟ ਹੈ ਪਰ ਇਸ ਤੋਂ ਪਿੰਡ ਨੂੰ ਕੀ ਬੈਨੀਫਿਟ ਹੋਇਆ? ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਸੀਂ ਉਸ

ਸੰਸਥਾ ਤੇ ਪ੍ਰੈਸ਼ਰ ਪਾ ਸਕਦੇ ਹਾਂ, ਪਿੰਡ ਵਾਸਤੇ ਕੋਈ ਫਾਇਦਾ ਲੈ ਸਕਦੇ ਹਾਂ? ਅੱਜ ਦੀ ਡੇਟ ਵਿੱਚ ਵੀ ਉਹ ਜ਼ਮੀਨ ਅਸੀਂ ਗਿਫਟ ਦੇ ਤੌਰ ਤੇ ਦਿੱਤੀ ਹੈ, ਉਹ ਲੀਜ਼ ਤੇ ਨਹੀਂ ਹੈ। ਜਦੋਂ ਅਸੀਂ ਗਿਫਟ ਵਿੱਚ ਜ਼ਮੀਨ ਦਿੱਤੀ ਹੈ ਤਾਂ ਕਮ-ਜ਼-ਕਮ ਗਿਫਟ ਦਾ ਕੋਈ ਨਾ ਕੋਈ ਕੰਸਿਡਰੇਸ਼ਨ ਤਾਂ ਪਿੰਡ ਨੇ ਲਿਆ ਹੋਣਾ ਹੈ। ਕੀ ਅਸੀਂ ਪਿੰਡ ਦੇ ਕੁਝ ਪਰਸੈਂਟੇਜ ਬੱਚਿਆਂ ਨੂੰ ਫੀਸਾਂ ਮੁਆਫ ਕਰਵਾ ਕੇ ਇਸ ਸੰਸਥਾ ਵਿੱਚ ਦਾਖਲਾ ਦਿਵਾ ਸਕਦੇ ਹਾਂ? ਇਸ ਤੋਂ ਇਲਾਵਾ ਪਿੰਡ ਦੇ ਜਿਹੜੇ ਨੌਜਵਾਨ ਹਨ, ਕੀ ਉਨ੍ਹਾਂ ਨੂੰ ਉਸ ਪਿੰਡ ਦੇ ਹੋਣ ਨਾਤੇ ਕੋਈ ਰਿਜ਼ਰਵੇਸ਼ਨ ਦੇ ਸਕਦੇ ਹਨ ਕਿ ਇਸ ਪਿੰਡ ਦੇ ਵਾਸੀਆਂ ਨੂੰ ਇੰਨੇ ਪਰਸੈਂਟ ਇੰਪਲਾਇਮੈਂਟ ਇਸ ਸੰਸਥਾ ਵਿੱਚ ਮਿਲੇਗੀ ? ਕੀ ਅਸੀਂ ਕੋਈ ਅਜਿਹੀ ਤਜਵੀਜ਼ ਬਣਾ ਸਕਦੇ ਹਾਂ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਜਦੋਂ ਵੀ ਕੋਈ ਪੰਚਾਇਤ ਜ਼ਮੀਨ ਦਿੰਦੀ ਹੈ ਤਾਂ ਜ਼ਬਰਦਸਤੀ ਤਾਂ ਹੋਰ ਕੋਈ ਜ਼ਮੀਨ ਦਿਵਾ ਹੀ ਨਹੀਂ ਸਕਦਾ ਜੀ। ਪੰਚਾਇਤ ਦੀ ਮਰਜ਼ੀ ਹੁੰਦੀ ਹੈ ਕਿ ਉਹ ਇਨ੍ਹਾਂ ਸੰਸਥਾਵਾਂ ਨੂੰ ਜ਼ਮੀਨ ਦੇਵੇ ਜਾਂ ਨਾ ਦੇਵੇ। ਉਸੇ ਵੇਲੇ ਹੀ ਸਾਰੀਆਂ ਸ਼ਰਤਾਂ ਤਹਿ ਕਰਨੀਆਂ ਹੁੰਦੀਆਂ ਹਨ ਕਿ ਇਨ੍ਹਾਂ ਸ਼ਰਤਾਂ ਦੇ ਥੱਲੇ ਜ਼ਮੀਨ ਦਿੱਤੀ ਜਾਂਦੀ ਹੈ। ਇਹ ਜ਼ਮੀਨ ਸਾਲ 2001 ਦੀ ਦਿੱਤੀ ਹੋਈ ਹੈ, ਉਸ ਵੇਲੇ ਸਾਡੇ ਰਿਕਾਰਡ ਮੁਤਾਬਕ ਤਾਂ ਉਨ੍ਹਾਂ ਨੇ ਕੋਈ ਸ਼ਰਤ ਲਗਾਈ ਨਹੀਂ। ਸਿਰਫ ਇੱਕੋ ਹੀ ਸ਼ਰਤ ਲਗਾਈ ਸੀ ਕਿ ਦੋ ਸਾਲਾਂ ਦੇ ਵਿੱਚ ਬਿਲਡਿੰਗ ਬਣੇ, ਜੇਕਰ ਨਾ ਬਣੇ ਤਾਂ ਜ਼ਮੀਨ ਪੰਚਾਇਤ ਦੀ ਹੋਵੇਗੀ। ਹੁਣ ਤਾਂ ਫੈਸਲਾ ਹੀ ਕਰ ਦਿੱਤਾ ਗਿਆ ਹੈ ਕਿ ਡੀ.ਸੀ. ਸਾਹਿਬ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਬਣਾ ਦਿੱਤੀ ਗਈ ਹੈ, ਸਾਲ ਦਾ ਜਿਹੜਾ ਠੇਕਾ ਚਲਦਾ ਹੁੰਦਾ ਹੈ, ਬਕਾਇਦਾ ਉਸ ਮੁਤਾਬਕ ਹੀ ਪੰਚਾਇਤ ਨੂੰ ਸਾਰਾ ਠੇਕਾ ਮਿਲਦਾ ਹੈ। ਮੁਫ਼ਤ ਵਿੱਚ ਤਾਂ ਕੋਈ ਪੰਚਾਇਤ ਜ਼ਮੀਨ ਦਿੰਦੀ ਹੀ ਨਹੀਂ ਹੈ ਕਿਉਂਕਿ ਇਹ ਐਗਰੀਮੈਂਟ ਪਹਿਲਾਂ ਸਾਲ 2001 ਦਾ ਹੋਇਆ ਹੋਇਆ ਹੈ, ਜੇਕਰ ਮੈਂਬਰ ਸਾਹਿਬ ਕੋਲ ਕੋਈ ਵੱਖਰਾ ਐਗਰੀਮੈਂਟ ਹੋਇਆ ਹੋਇਆ ਹੈ ਤਾਂ ਆਪਾਂ ਉਹ ਵੀ ਲਾਗੂ ਕਰਵਾ ਲਵਾਂਗੇ ਪਰ ਸਾਡੇ ਰਿਕਾਰਡ ਮੁਤਾਬਕ ਤਾਂ ਪੰਚਾਇਤ ਨੇ ਕੋਈ ਹੋਰ ਸ਼ਰਤ ਰੱਖੀ ਹੀ ਨਹੀਂ। ਸਿਰਫ ਇੱਕੋ ਹੀ ਸ਼ਰਤ ਰੱਖੀ ਸੀ, ਉਸ ਦੀ ਉਨ੍ਹਾਂ ਨੂੰ ਪ੍ਰਵਾਨਗੀ ਮਿਲ ਗਈ। ਉਹੀ ਸ਼ਰਤ ਉਨ੍ਹਾਂ ਨੇ ਪੂਰੀ ਕਰ ਦਿੱਤੀ। ਜੇਕਰ ਇਸ ਵਿੱਚ ਕੋਈ ਪ੍ਰਾਬਲਮ ਹੈ ਤਾਂ ਆਪਾਂ ਦੇਖ ਲਵਾਂਗੇ, ਜੇਕਰ ਕੋਈ ਪਿੰਡ ਪੱਧਰ ਤੇ ਨਵਾਂ ਐਗਰੀਮੈਂਟ ਵੱਖਰਾ ਹੋਇਆ ਹੈ, ਉਹ ਦੱਸ ਦੇਣ ਪਰ ਸਾਡੇ ਧਿਆਨ ਵਿੱਚ ਨਹੀਂ ਹੈ, ਸਾਡੇ ਰਿਕਾਰਡ ਵਿੱਚ ਨਹੀਂ ਹੈ।

**ਮਾਨਯੋਗ ਸਪੀਕਰ :** ਕੀ ਤੁਹਾਡੇ ਕੋਲ ਐਗਰੀਮੈਂਟ ਦੀ ਕੋਈ ਕਾਪੀ ਹੈ, ਐਗਰੀਮੈਂਟ ਦਾ ਕੋਈ ਸਬੂਤ ਕੋਲ ਹੈ?

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਜਿਹੜਾ ਉਨ੍ਹਾਂ ਨੇ ਟਰੱਸਟ ਬਣਾਇਆ ਹੈ, ਉਸ ਦੇ ਨਿਯਮਾਂ ਵਿੱਚ ਲਿਖਿਆ ਹੋਇਆ ਹੈ ਕਿ ਸਾਡੇ ਟਰੱਸਟ ਵੱਲੋਂ ਡਿਵੈਲਪਮੈਂਟ ਐਜੂਕੇਸ਼ਨਲ ਇੰਸਟੀਚਿਊਸ਼ਨ ਸ਼ੁਰੂ ਕਰਨ ਤੋਂ ਬਾਅਦ ਕਿਸੇ ਵੀ ਪਿੰਡ ਵਾਸਤੇ ਇਹ ਡਿਵੈਲਪਮੈਂਟ ਕੀਤੀ ਜਾਵੇਗੀ, ਗਲੀਆਂ ਬਣਵਾਈਆਂ ਜਾਣਗੀਆਂ, ਬਿਜਲੀ ਲਗਵਾਈ ਜਾਵੇਗੀ, ਬਹੁਤ ਸਾਰੇ ਕੰਮ ਕਰਵਾਉਣ ਬਾਰੇ ਉਸ ਵਿੱਚ ਲਿਖਿਆ ਹੋਇਆ। ਉਸ ਦੀ ਕਾਪੀ ਮੇਰੇ ਕੋਲ ਹੈ।

**ਮਾਨਯੋਗ ਸਪੀਕਰ :** ਤੁਸੀਂ ਲਿਖਤੀ ਤੌਰ ਤੇ ਇਹ ਕਾਪੀ ਇਨ੍ਹਾਂ ਨੂੰ ਦੇ ਦਿਉ।

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਸੀ.ਐਮ. ਥੋੜ੍ਹੇ ਦਿਨ ਪਹਿਲਾਂ ਇੱਕ ਇੰਸਟੀਚਿਊਸ਼ਨ ਵਿੱਚ ਗਏ ਸੀ, ਉਥੇ ਵੀ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਇਹ ਵਿਦਿਅਕ ਅਦਾਰੇ ਪੰਜ-ਪੰਜ ਪਿੰਡ ਅਡਾਪਟ ਕਰ ਲੈਣ। ਜੇਕਰ ਵਜ਼ੀਰ ਸਾਹਿਬ ਇਸ ਸੰਸਥਾ ਨੂੰ ਕਹਿਣਗੇ ਤਾਂ ਸਾਡਾ ਇਕੱਲਾ ਇੱਕ ਸੰਘੋਲ ਪਿੰਡ ਹੈ, ਉਸੀ ਨੂੰ ਅਡਾਪਟ ਕਰ ਲੈਣ ਕਿਉਂਕਿ ਉਸ ਪਿੰਡ ਦੀ ਜ਼ਮੀਨ ਤਾਂ ਚਲੀ ਗਈ ਹੈ। ਸਪੀਕਰ ਸਾਹਿਬ, ਤੁਸੀਂ ਵੀ ਉਥੋਂ ਦੀ ਰੋਜ਼ ਲੰਘਦੇ ਹੋ, ਲੁਧਿਆਣਾ ਰੋਡ ਤੇ ਉਹ ਜਗ੍ਹਾ ਹੈ। ਅੱਜ ਦੀ ਡੇਟ ਵਿੱਚ ਚਾਰ ਕਰੋੜ ਰੁਪਏ ਤੋਂ ਘੱਟ ਕੀਮਤ ਉਸ ਜ਼ਮੀਨ ਦੀ ਨਹੀਂ ਹੈ। ਕਮ-ਜ਼-ਕਮ ਉਸ ਪਿੰਡ ਦੀ ਡਿਵੈਲਪਮੈਂਟ ਕਰਵਾਉਣ ਵਾਸਤੇ ਉਸ ਪਿੰਡ ਨੂੰ ਅਡਾਪਟ ਕਰਵਾਉਣ ਦਾ ਪ੍ਰਬੰਧ ਵਜ਼ੀਰ ਸਾਹਿਬ ਕਰ ਦੇਣ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਅਜਿਹੀ ਸਕੀਮ ਬਣਾਉਣਗੇ ਕਿ ਅਸੀਂ ਉਨ੍ਹਾਂ ਨੂੰ ਪ੍ਰੈਸ਼ਰਾਈਜ਼ ਕਰ ਸਕੀਏ ?

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਇਹ ਮੇਰੇ ਜ਼ਿਲ੍ਹੇ ਨਾਲ ਸਬੰਧਿਤ ਮਾਮਲਾ ਵੀ ਹੈ ਜੀ। ਸਪੀਕਰ ਸਾਹਿਬ, ਇਹ ਜਿਹੜਾ ਸਵਾਲ ਹੈ, ਇਹ ਫਤਿਹਗੜ੍ਹ ਜ਼ਿਲ੍ਹੇ ਨਾਲ ਸੰਬੰਧਿਤ ਹੈ । ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਕਿੰਨੀਆਂ ਹੀ ਪ੍ਰਾਈਵੇਟ ਸੰਸਥਾਵਾਂ ਨੂੰ ਵਿਦਿਅਕ ਅਦਾਰੇ ਚਲਾਉਣ ਲਈ ਪੰਚਾਇਤਾਂ ਦੀ ਜ਼ਮੀਨ ਦਿੱਤੀ ਗਈ ਹੈ ਪਰ ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਸਿਰਫ ਇੱਕ ਸੰਸਥਾ ਤੇ ਇੱਕ ਪਿੰਡ ਦੀ ਗੱਲ ਕੀਤੀ ਹੈ। ਮੈਂ ਤੁਹਾਡੇ

[ ਸਰਦਾਰ ਕੁਲਜੀਤ ਸਿੰਘ ਨਾਗਰਾ ]

ਦੁਆਰਾ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਕੋਲ ਜ਼ਿਲ੍ਹੇ ਦੀ ਇਹ ਸਾਰੀ ਲਿਸਟ ਮੌਜੂਦ ਹੈ ਜਾਂ ਕੁੱਲ ਕਿੰਨੀਆਂ ਸੰਸਥਾਵਾਂ ਨੂੰ ਪੰਚਾਇਤਾਂ ਦੀ ਜ਼ਮੀਨ ਦਿੱਤੀ ਗਈ ਹੈ? ਸਪੀਕਰ ਸਾਹਿਬ, ਇਹ ਸਵਾਲ ਬਹੁਤ ਅਹਿਮ ਹੈ। ਅੱਜ ਦੇ ਸਮੇਂ ਵਿੱਚ ਪ੍ਰਾਈਵੇਟ ਸੰਸਥਾਵਾਂ ਨੇ ਇੱਕ ਬਹੁਤ ਵੱਡਾ ਵਪਾਰ ਇਸ ਨਾਂ ਉਤੇ ਸ਼ੁਰੂ ਕੀਤਾ ਹੋਇਆ ਹੈ। ਪਿੰਡਾਂ ਦੇ ਭੋਲੇ-ਭਾਲੇ ਵਿਅਕਤੀਆਂ ਨੂੰ ਵਰਗਲਾ ਕੇ ਉਹ ਇਹ ਕੰਮ ਕਰਦੇ ਹਨ। ਮੇਰੀ ਬੇਨਤੀ ਹੈ ਕਿ ਮੰਤਰੀ ਸਾਹਿਬ ਪੂਰੇ ਜ਼ਿਲ੍ਹੇ ਦੀ ਲਿਸਟ ਬਾਰੇ ਦੱਸ ਦੇਣ। ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਕੋਲ ਪੂਰੇ ਜ਼ਿਲ੍ਹੇ ਦੀ ਲਿਸਟ ਮੌਜੂਦ ਹੈ ? ਜੇ ਮੌਜੂਦ ਹੈ ਤਾਂ ਇਹ ਲਿਸਟ ਜ਼ਰੂਰ ਦੇ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਮਲੂਕਾ ਸਾਹਿਬ, ਕੀ ਤੁਹਾਡੇ ਕੋਲ ਲਿਸਟ ਹੈ?

**ਮੰਤਰੀ :** ਸਪੀਕਰ ਸਾਹਿਬ, ਵੈਸੇ ਤਾਂ ਇਹ ਗੱਲ ਇਕੱਲੇ ਇਸ ਪਿੰਡ ਦੀ ਸੀ, ਉਸ ਵੇਲੇ ਕੋਈ ਹੋਰ ਅਜਿਹੇ ਹਾਲਾਤ ਨਹੀਂ ਸਨ।

**ਮਾਨਯੋਗ ਸਪੀਕਰ :** ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਲਿਸਟ ਦੀ ਗੱਲ ਇਹ ਕਰ ਰਹੇ ਹਨ।

**ਮੰਤਰੀ :** ਮੈਂ ਡਿਟੇਲ ਲਿਸਟ ਐਮ.ਐਲ.ਏ. ਸਾਹਿਬ ਨੂੰ ਦੇ ਦੇਵਾਂਗਾ ਪਰ ਫਿਰ ਵੀ ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਿਸੇ ਵੀ ਪੰਚਾਇਤ ਤੋਂ ਪ੍ਰੈਸ਼ਰ ਨਾਲ ਕੋਈ ਜ਼ਮੀਨ ਨਹੀਂ ਲਈ ਜਾਵੇਗੀ। ਜ਼ਮੀਨ ਦੇਣ ਸਬੰਧੀ ਪੰਚਾਇਤ ਦੀ ਮਰਜ਼ੀ ਹੁੰਦੀ ਹੈ, ਉਨ੍ਹਾਂ ਦਾ ਆਪਣਾ ਕਿਸੇ ਅਦਾਰੇ ਨਾਲ ਐਗਰੀਮੈਂਟ ਹੁੰਦਾ ਹੈ। ਉਹ ਕਰਨ ਜਾਂ ਨਾ ਕਰਨ। ਉਸ ਤੋਂ ਬਾਅਦ ਵੀ ਫਿਰ ਡੀ.ਸੀ. ਸਾਹਿਬ ਦੀ ਕਮੇਟੀ ਫੈਸਲਾ ਕਰੇਗੀ ਕਿ ਪੰਚਾਇਤ ਨੂੰ ਹਰ ਸਾਲ ਇਸ ਜ਼ਮੀਨ ਦਾ ਕਿੰਨਾ ਮੁਆਵਜ਼ਾ ਦਿੱਤਾ ਜਾਣਾ ਹੈ। ਉਹ ਵੀ ਦੋਵਾਂ ਦੀ ਰਜ਼ਾਮੰਦੀ ਨਾਲ ਹੀ ਹੋਵੇਗਾ, ਨਹੀਂ ਤਾਂ ਨਹੀਂ ਹੋਵੇਗਾ ਜੀ।

---

## ਸ਼ਹਿਰਾਂ ਵਿਚ ਕੂੜਾ-ਕਰਕਟ ਸੁੱਟਣਾ

***1842 ਸ਼੍ਰੀ ਤਰਲੋਚਨ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰਾਜ ਦੇ ਸ਼ਹਿਰਾਂ ਵਿਚ ਕੂੜਾ-ਕਰਕਟ ਸੁੱਟਣ ਅਤੇ ਸੈਨੀਟੇਸ਼ਨ ਲਈ ਸਰਕਾਰ ਦੀ ਮੌਜੂਦਾ ਨੀਤੀ ਕੀ ਹੈ?

**ਸ਼੍ਰੀ ਅਨਿਲ ਜੋਸ਼ੀ :**

- ਸ਼ਹਿਰ ਵਿਚ ਕੂੜਾ ਇਕੱਠਾ ਕਰਨ ਅਤੇ ਉਸ ਦਾ ਅੰਤਿਮ ਤੌਰ ਤੇ ਨਿਪਟਾਰੇ ਲਈ ਸਾਲਿਡ ਵੇਸਟ ਮੈਨੇਜਮੈਂਟ ਪ੍ਰਾਜੈਕਟ ਅਧੀਨ ਸਾਰੇ ਪੰਜਾਬ ਨੂੰ 8 ਕਲੱਸਟਰਾਂ ਵਿਚ ਵੰਡਿਆ ਗਿਆ ਹੈ ਜਿਵੇਂ ਕਿ ਬਠਿੰਡਾ-18, ਅੰਮ੍ਰਿਤਸਰ-8, ਲੁਧਿਆਣਾ-14, ਜਲੰਧਰ-30, ਪਟਿਆਲਾ-25, ਪਠਾਨਕੋਟ-12, ਫਿਰੋਜ਼ਪੁਰ-18 ਅਤੇ ਗਮਾਡਾ-18, ਹਰੇਕ ਕਲੱਸਟਰ ਦਾ ਇੰਚਾਰਜ ਨਗਰ ਨਿਗਮ ਦੇ ਕਮਿਸ਼ਨਰ ਜਾਂ ਰਿਜ਼ਨਲ ਡਿਪਟੀ ਡਾਇਰੈਕਟਰ ਨੂੰ ਬਣਾਇਆ ਗਿਆ ਹੈ। ਕਲੱਸਟਰ ਵਿਚ ਪੈਂਦੀਆਂ ਨਿਗਮਾਂ/ਕੌਂਸਲਾਂ ਦਾ ਕੂੜਾ ਕਰਕਟ ਚੁੱਕਣ, ਟਰਾਂਸਪੋਰਟੇਸ਼ਨ ਅਤੇ ਪ੍ਰੋਸੈਸਿੰਗ ਕਰਨ ਦਾ ਕੰਮ ਡੀ.ਪੀ.ਆਰ. ਤਿਆਰ ਕਰਨ ਉਪਰੰਤ ਟੈਂਡਰਾਂ ਰਾਹੀਂ ਯੋਗ ਕੰਪਨੀ ਨੂੰ ਦਿੱਤਾ ਗਿਆ/ਜਾਣਾ ਹੈ। ਇਨ੍ਹਾਂ 8 ਕਲੱਸਟਰਾਂ ਵਿਚੋਂ 4 ਕਲੱਸਟਰਾਂ ਦਾ ਕੰਮ ਅਲਾਟ ਹੋ ਚੁੱਕਾ ਹੈ ਅਤੇ ਬਾਕੀ ਦੇ ਕਲੱਸਟਰਾਂ ਲਈ ਪ੍ਰਕਿਰਿਆ ਜਾਰੀ ਹੈ।
- ਸੈਨੀਟੇਸ਼ਨ ਦਾ ਕੰਮ ਜਿਵੇਂ ਨਗਰ ਨਿਗਮ/ਕੌਂਸਲਾਂ ਵਲੋਂ ਆਪਣੇ ਮੁੱਖ ਤੌਰ ਤੇ ਸਟਾਫ ਰਾਹੀਂ ਪਹਿਲਾਂ ਕੀਤਾ ਜਾ ਰਿਹਾ ਹੈ, ਨੂੰ ਹੀ ਜਾਰੀ ਰੱਖਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸਵੱਛ ਭਾਰਤ ਸਕੀਮ ਜਿਹੜੀ ਕਿ ਭਾਰਤ ਸਰਕਾਰ ਵਲੋਂ ਚਲਾਈ ਗਈ ਹੈ, ਉਸ ਤਹਿਤ ਵੀ ਸੈਨੀਟੇਸ਼ਨ ਦਾ ਕੰਮ ਕੀਤਾ ਜਾਣਾ ਹੈ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਸਾਰੇ ਪੰਜਾਬ ਦੀਆਂ ਮਿਊਂਸਿਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਨੂੰ 8 ਕਲੱਸਟਰਾਂ ਵਿਚ ਵੰਡਿਆ ਗਿਆ ਹੈ ਅਤੇ ਟ੍ਰਿਪਲ ਪੀ ਮੋਡ ਤੇ ਇਨ੍ਹਾਂ ਨੇ ਕੁਝ ਠੇਕੇ ਦਿੱਤੇ ਹਨ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਟ੍ਰਿਪਲ ਪੀ ਮੋਡ ਵਿੱਚ ਕਿਹੜੀਆਂ ਕਿਹੜੀਆਂ ਕੰਪਨੀਆਂ ਨੂੰ ਠੇਕੇ ਦਿੱਤੇ ਹਨ ਔਰ ਦੂਸਰੀ ਸਪਲੀਮੈਂਟਰੀ ਮੇਰੀ ਇਹ ਹੈ.....

**ਮਾਨਯੋਗ ਸਪੀਕਰ :** ਇੱਕ ਟਾਈਮ ਤੇ ਇੱਕ ਸਪਲੀਮੈਂਟਰੀ ਕਰੋ ਜੀ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੈਂ ਤਾਂ ਤਿੰਨ-ਚਾਰ

[ ਸ਼੍ਰੀ ਤਰਲੋਚਨ ਸਿੰਘ ]

ਸਪਲੀਮੈਂਟਰੀਆਂ ਕਰਨੀਆਂ ਹਨ, ਪਰ ਮੇਰਾ ਇਹ ਸਵਾਲ ਵੀ ਇਸ ਨਾਲ ਹੀ ਅਟੈਚ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਜਿਹੜੀਆਂ ਚਾਰ ਮਿਊਂਸਿਪਲ ਕਮੇਟੀਆਂ ਬੰਗਾ, ਨਵਾਂ ਸ਼ਹਿਰ, ਬਲਾਚੌਰ ਅਤੇ ਰਾਹੋਂ ਪੈਂਦੀਆਂ ਹਨ, ਇਨ੍ਹਾਂ ਨੂੰ ਕਿਹੜੇ ਕਲੱਸਟਰ ਵਿਚ ਪਾਇਆ ਗਿਆ ਹੈ ? ਕੀ ਇਨ੍ਹਾਂ ਦਾ ਕੰਮ ਵੀ ਠੇਕੇ ਤੇ ਦਿੱਤਾ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਬਠਿੰਡਾ ਕਲੱਸਟਰ ਦਾ ਠੇਕਾ ਜੇ.ਆਈ.ਟੀ.ਐਫ. ਪ੍ਰਾਈਵੇਟ ਲਿਮਟਿਡ ਨੂੰ ਦਿੱਤਾ ਗਿਆ ਹੈ, ਜਲੰਧਰ, ਫਿਰੋਜ਼ਪੁਰ ਦਾ ਵੀ ਇਸੇ ਕੰਪਨੀ ਨੂੰ ਦਿੱਤਾ ਹੈ।

**ਮਾਨਯੋਗ ਸਪੀਕਰ :** ਇਨ੍ਹਾਂ ਦਾ ਸਪੈਸੀਫਿਕ ਸਵਾਲ ਹੈ ਕਿ ਬੰਗਾ, ਨਵਾਂ ਸ਼ਹਿਰ, ਬਲਾਚੌਰ ਅਤੇ ਰਾਹੋਂ ਨੂੰ ਕਿਹੜੇ ਕਲੱਸਟਰ ਵਿਚ ਪਾਇਆ ਗਿਆ ਹੈ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੂੰ ਜਲੰਧਰ ਕਲੱਸਟਰ ਵਿੱਚ ਪਾਇਆ ਗਿਆ ਹੈ ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਜਲੰਧਰ ਵਿੱਚ ਪਾਇਆ ਗਿਆ ਹੈ ਪਰ ਮੇਰਾ ਖਿਆਲ ਹੈ ਕਿ ਇਨ੍ਹਾਂ ਕੋਲ ਜਾਣਕਾਰੀ ਅਧੂਰੀ ਹੈ ਅਤੇ ਜਿਥੋਂ ਤੱਕ ਮੈਨੂੰ ਪਤਾ ਹੈ ਇਹ ਹਾਊਸ ਨੂੰ ਮਿਸ ਲੀਡ ਕਰ ਰਹੇ ਹਨ ਕਿਉਂਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਾਸਤੇ ਗੜ੍ਹਸ਼ੰਕਰ ਕੋਲ ਇਨ੍ਹਾਂ ਨੇ ਜ਼ਮੀਨ ਲਈ ਸੀ। ਇਸ ਕਰਕੇ ਮੰਤਰੀ ਜੀ ਹੁਣ ਇਹ ਦੱਸਣ ਕਿ ਇਨ੍ਹਾਂ ਚਾਰ ਮਿਊਂਸਿਪਲ ਕਮੇਟੀਆਂ ਤੋਂ ਜਲੰਧਰ ਕਿੱਥੇ ਕੂੜਾ ਲੈ ਕੇ ਜਾਣਗੇ ? ਇਹ ਦੱਸ ਦੇਣ ਕਿ ਜਲੰਧਰ ਵਿੱਚ ਕਿਥੇ ਕਲੱਸਟਰ ਬਣਾਇਆ ਗਿਆ ਹੈ ?

**ਮੰਤਰੀ :** ਤੁਸੀਂ ਬੰਗਾ ਕਿਹਾ ਸੀ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੈਂ ਪੂਰੇ ਜ਼ਿਲ੍ਹੇ ਦੀ ਗੱਲ ਕੀਤੀ ਹੈ, ਇਸ ਜ਼ਿਲ੍ਹੇ ਵਿਚ ਚਾਰ ਮਿਊਂਸਿਪਲ ਕਮੇਟੀਆਂ ਪੈਂਦੀਆਂ ਹਨ ਔਰ ਇਨ੍ਹਾਂ ਕਮੇਟੀਆਂ ਬਾਰੇ ਮੈਂ ਪੁੱਛਿਆ ਹੈ ।

**ਮੰਤਰੀ :** ਸਪੀਕਰ ਸਾਹਿਬ, ਬੰਗਾ ਜਲੰਧਰ ਕਲੱਸਟਰ ਵਿਚ ਪੈਂਦਾ ਹੈ।

(ਵਿਘਨ...ਸ਼ੋਰ) ਇਕ ਮਿੰਟ ਮੈਨੂੰ ਸੁਣਨ ਦੀ ਕੋਸ਼ਿਸ਼ ਕਰੋ। ਸਪੀਕਰ ਸਾਹਿਬ, ਇਹ ਜ਼ਿਲ੍ਹਾ-ਵਾਈਜ਼ ਨਹੀਂ ਹੈ, ਜਿਹੜਾ ਵੀ ਸ਼ਹਿਰ ਜਿਹੜੇ ਕਲੱਸਟਰ ਦੇ ਨੇੜੇ ਪੈਂਦਾ ਹੈ ਉਸ ਨੂੰ ਸ਼ਾਮਲ ਕਰ ਲਿਆ ਗਿਆ ਹੈ। ਜਿਵੇਂ ਕਪੂਰਥਲਾ ਜ਼ਿਲ੍ਹਾ ਕਿਧਰ ਦੀ ਕਿਧਰ ਚਲਿਆ ਜਾਂਦਾ ਹੈ। ਹੁਣ ਜਲੰਧਰ ਕਲੱਸਟਰ ਵਿੱਚ ਫਗਵਾੜਾ ਪਾਇਆ ਹੈ ਤਾਂ ਆਪਾਂ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ ਕਿਉਂਕਿ ਫਗਵਾੜਾ ਜਲੰਧਰ ਦੇ ਨੇੜੇ ਹੈ।

**ਸਰਦਾਰ ਲਾਲ ਸਿੰਘ :** ** **

**Mr. Speaker :** No, No. ਇਹ ਰਿਕਾਰਡ ਨਾ ਕੀਤਾ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਸ਼ਹਿਰ ਜਿਹੜੇ ਕਲੱਸਟਰ ਦੇ ਨੇੜੇ ਪੈਂਦਾ ਹੈ, ਉਸਨੂੰ ਉਸੇ ਕਲੱਸਟਰ ਵਿੱਚ ਪਾਇਆ ਗਿਆ ਹੈ। ਇਸ ਵਿੱਚ ਜੇਕਰ ਇਨ੍ਹਾਂ ਨੂੰ ਕੋਈ ਇਤਰਾਜ਼ ਹੈ ਤਾਂ ਸਾਨੂੰ ਦੱਸ ਦੇਣ, ਅਸੀਂ ਇਸ ਨੂੰ ਸੋਧ ਦਿਆਂਗੇ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੇਰਾ ਜਵਾਬ ਨਹੀਂ ਆਇਆ। ਮੈਂ ਪੂਰੇ ਜ਼ਿਲ੍ਹੇ ਦੀ ਗੱਲ ਕੀਤੀ ਹੈ। ਇਹ ਚਾਰ ਕਮੇਟੀਆਂ ਕਿਹੜੇ ਕਲੱਸਟਰ ਨਾਲ ਜੋੜੀਆਂ ਗਈਆਂ ਹਨ, ਇਸ ਬਾਰੇ ਦੱਸਣ। ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਦਾ ਜਵਾਬ ਨਹੀਂ ਦਿੱਤਾ ਗਿਆ। ਮੈਂ ਇਕੱਲਾ ਬੰਗੇ ਬਾਰੇ ਨਹੀਂ ਪੁੱਛਿਆ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਤਰਲੋਚਨ ਜੀ, ਤੁਸੀਂ ਵੀ ਵੇਗ ਜਿਹਾ ਕੁਐਸਚਨ ਪੁੱਛ ਲਿਆ ਹੈ । ਜਾਂ ਤਾਂ ਤੁਸੀਂ ਸਪੈਸੇਫਿਕ ਕੁਐਸਚਨ ਕਰਦੇ ਕਿ ਮੇਰੀਆਂ ਇਹ ਕਮੇਟੀਆਂ ਹਨ ਤੇ ਇਹ ਕਿਹੜੇ ਕਲੱਸਟਰ ਵਿੱਚ ਹਨ? ਹੁਣ ਤੁਸੀਂ ਤਾਂ ਸਾਰਾ ਹੀ ਪੁੱਛ ਲਿਆ ਹੈ ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੈਂ ਸਪੈਸੀਫਿਕਲੀ ਹੀ ਪੁੱਛ ਰਿਹਾ ਹਾਂ ਅਤੇ ਮੰਤਰੀ ਜੀ ਕੋਲ ਇਨਫਰਮੇਸ਼ਨ ਹੀ ਨਹੀਂ ਹੈ। ਮੈਂ ਤਾਂ ਪਹਿਲਾਂ ਵੀ ਇਹੀ ਬੇਨਤੀ ਕੀਤੀ ਹੈ, ਉਨ੍ਹਾਂ ਨੂੰ ਆਪ ਹੀ ਨਹੀਂ ਪਤਾ ਹੈ ਕਿ ਜਲੰਧਰ ਵਿੱਚ ਕਿਹੜੀ ਕਿਹੜੀ ਕਮੇਟੀ ਹੈ ਤੇ ਇਹ ਜਲੰਧਰ ਵਿਖੇ ਕਿੱਥੇ ਕਲੱਸਟਰ ਬਣਾ ਰਹੇ ਹਨ ?

---

**Not recorded as ordered by the Chair.

**ਮਾਨਯੋਗ ਸਪੀਕਰ :** ਹਾਂ ਜੀ, ਮੰਤਰੀ ਜੀ, ਜੇ ਕੋਈ ਜਵਾਬ ਹੈ ਤਾਂ ਦੱਸੋ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਹਾਊਸ ਨੂੰ ਰੋਜ਼ ਹੀ ਕੋਈ ਨਾ ਕੋਈ ਇੱਕ ਮੰਤਰੀ ਮਿਸਲੀਡ ਕਰ ਰਿਹਾ ਹੈ। (ਵਿਘਨ)

**ਮੰਤਰੀ :** ਇੱਕ ਮਿੰਟ ਹੌਸਲਾ ਤਾਂ ਕਰੋ।

**ਸ਼੍ਰੀ ਤਰਲੋਚਨ ਸਿੰਘ :** ਹਾਂ ਜੀ, ਮੈਂ ਤਾਂ ਹੌਸਲਾ ਹੀ ਰੱਖਿਆ ਹੈ। ਤੁਹਾਨੂੰ ਆਪ ਨੂੰ ਹੀ ਨਹੀਂ ਪਤਾ।

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦੀ ਸਵਾਲ ਦੀ ਇੱਛਾ ਘੱਟ ਹੈ ਅਤੇ ਇਨ੍ਹਾਂ ਦੀ ਤੇ ਉਲਝਣ ਜਾਂ ਉਲਝਾਉਣ ਦੀ ਇੱਛਾ ਜ਼ਿਆਦਾ ਹੈ। ਮੇਰੇ ਕੋਲ 143 ਕਮੇਟੀਆਂ ਦੀ ਪੂਰੀ ਲਿਸਟ ਹੈ। ਤੁਸੀਂ ਆਪਣੀ ਲਿਸਟ ਲੈ ਲਓ, ਜੇ ਆਖੋ ਤਾਂ ਮੈਂ ਸਾਰੀ ਪੜ੍ਹ ਕੇ ਸੁਣਾ ਦਿੰਦਾ ਹਾਂ।

**ਸ਼੍ਰੀ ਤਰਲੋਚਨ ਸਿੰਘ :** ਪੜ੍ਹੋ ਜੀ, ਸਾਰੀ ਵਿਧਾਨ ਸਭਾ ਤੇ ਸਾਰੇ ਪੰਜਾਬ ਨੂੰ ਪਤਾ ਲਗ ਜਾਏ ਕਿ ਕੀ ਤੁਹਾਡੀ ਕਾਰਗੁਜ਼ਾਰੀ ਹੈ?

**ਮਾਨਯੋਗ ਸਪੀਕਰ :** ਨਹੀਂ ਜੀ, ਪੜ੍ਹਨੀ ਨਹੀਂ, ਤੁਸੀਂ ਇਨ੍ਹਾਂ ਨੂੰ ਲਿਸਟ ਦੇ ਦੇਣਾ।

**ਮੰਤਰੀ :** ਸਪੀਕਰ ਸਾਹਿਬ, ਹਾਂ ਜੀ, ਮੈਂ ਦੇ ਦਿੰਦਾ ਹਾਂ, ਹੁਣੇ ਹੀ ਮੇਰੇ ਕੋਲੋਂ ਲੈ ਲੈਣ। ਮੇਰੇ ਕੋਲ ਹੈ।

---

## ਸਕੂਲਾਂ ਦੀਆਂ ਇਮਾਰਤਾਂ ਦੀ ਮੁਰੰਮਤ ਕਰਨਾ

***1813. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਗੜ੍ਹਸ਼ੰਕਰ ਵਿੱਚ ਪੈਂਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੜ੍ਹਸ਼ੰਕਰ, ਬੀਣੇਵਾਲ ਅਤੇ ਗੁਰ ਬਿਸ਼ਨਪੁਰੀ ਸਕੂਲਾਂ ਦੀਆਂ ਇਮਾਰਤਾਂ ਦੀ ਹਾਲਤ ਕਾਫੀ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਸਕੂਲਾਂ ਦੀਆਂ ਇਮਾਰਤਾਂ ਦੀ ਉਸਾਰੀ ਜਾਂ ਇਨ੍ਹਾਂ ਦੀ ਰਿਪੇਅਰ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ ?

**ਡਾਕਟਰ ਦਲਜੀਤ ਸਿੰਘ ਚੀਮਾ :** ਜੀ ਹਾਂ, ਕੁਝ ਕਲਾਸ ਰੂਮ ਅਨਸੇਫ ਹਨ। ਇਨ੍ਹਾਂ ਸਕੂਲਾਂ ਲਈ ਕਲਾਸ ਰੂਮ, ਮੇਜਰ ਰਿਪੇਅਰ, ਸਾਇੰਸ ਲੈਬ, ਲਾਇਬ੍ਰੇਰੀ ਅਤੇ ਚਾਰਦੀਵਾਰੀ ਐਸ.ਐਸ.ਏ. ਅਤੇ ਆਰ.ਐਮ.ਐਸ.ਏ. ਅਧੀਨ ਜਾਰੀ ਕੀਤੇ ਅਤੇ ਜਾਰੀ ਕੀਤੇ ਜਾਣ ਵਾਲੇ ਫੰਡਾਂ ਦੀ ਤਫਸੀਲ ਅਨੁਲੱਗ ੳ ਤੇ ਹੈ।

## ਅਨੁਲੱਗ ੳ

**1. ਸਸਸਸ, ਗੜ੍ਹਸ਼ੰਕਰ :**

ਇਸ ਸਕੂਲ ਵਿੱਚ ਛੇਵੀਂ ਤੋਂ ਅੱਠਵੀਂ ਤੱਕ ਕੁੱਲ 192 ਵਿਦਿਆਰਥੀ ਹਨ। ਇਨ੍ਹਾਂ ਵਿਦਿਆਰਥੀਆਂ ਲਈ 2 ਕਲਾਸ ਰੂਮ ਮੌਜੂਦ ਹਨ। ਵਿਦਿਆਰਥੀਆਂ ਦੀ ਗਿਣਤੀ ਅਨੁਸਾਰ 4 ਕਮਰਿਆਂ ਦੀ ਤਜਵੀਜ਼ ਸਰਵ ਸਿੱਖਿਆ ਅਭਿਆਨ ਦੇ ਸਲਾਨਾ ਪਲਾਨ 2015-16 ਵਿੱਚ ਸ਼ਾਮਲ ਕਰਕੇ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੀ ਗਈ ਸੀ ਜੋ ਕਿ PAB ਦੀ ਮੀਟਿੰਗ ਵਿੱਚ ਪ੍ਰਵਾਨ ਹੋ ਗਈ ਹੈ, ਪ੍ਰੰਤੂ ਮਨਜ਼ੂਰੀ ਅਜੇ ਆਉਣੀ ਬਾਕੀ ਹੈ। ਇਸ ਸਕੂਲ ਨੂੰ ਸਾਲ 2005-06 ਵਿੱਚ ਐਸ.ਐਸ.ਏ. ਤਹਿਤ 1 ਕਲਾਸ ਰੂਮ ਦੀ ਗ੍ਰਾਂਟ ਜਾਰੀ ਕੀਤੀ ਗਈ ਸੀ।

ਇਸ ਸਕੂਲ ਵਾਸਤੇ ਆਰ.ਐਮ.ਐਸ.ਏ ਅਧੀਨ ਸਲਾਨਾ ਪਲਾਨ 2015-16 ਵਿੱਚ 1 ਸਾਇੰਸ ਲੈਬ, 1 ਆਰਟ ਐਂਡ ਕਰਾਫਟ ਰੂਮ,1 ਲਾਇਬ੍ਰੇਰੀ ਅਤੇ 3 ਕਲਾਸ ਰੂਮਾਂ ਦੀ ਤਜਵੀਜ਼ ਭੇਜੀ ਗਈ ਸੀ, ਜੋ ਕਿ ਪ੍ਰਵਾਨ ਹੋ ਗਈ ਹੈ, ਪ੍ਰੰਤੂ ਮਨਜ਼ੂਰੀ ਅਜੇ ਆਉਣੀ ਬਾਕੀ ਹੈ।

**2. ਸਸਸਸ, ਗੁਰ-ਬਿਸ਼ਨਪੁਰੀ ਭਵਾਨੀਪੁਰ :**

ਇਸ ਸਕੂਲ ਵਿੱਚ 6ਵੀਂ ਤੋਂ 8ਵੀਂ ਤੱਕ ਕੁੱਲ 153 ਵਿਦਿਆਰਥੀ ਹਨ। ਵਿਦਿਆਰਥੀਆਂ ਦੀ ਗਿਣਤੀ ਅਨੁਸਾਰ 4 ਕਮਰਿਆਂ ਦੀ ਤਜਵੀਜ਼ ਸਰਵ ਸਿੱਖਿਆ ਅਭਿਆਨ ਦੇ ਸਲਾਨਾ ਪਲਾਨ 2015-16 ਵਿੱਚ ਸ਼ਾਮਲ ਕਰਕੇ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੀ ਗਈ ਸੀ ਜੋ ਕਿ ਪੀ.ਏ.ਬੀ ਦੀ ਮੀਟਿੰਗ ਵਿੱਚ ਪ੍ਰਵਾਨ ਹੋ ਗਈ ਹੈ, ਪ੍ਰੰਤੂ ਮਨਜ਼ੂਰੀ ਅਜੇ ਆਉਣੀ ਬਾਕੀ ਹੈ। ਪਿਛਲੇ ਸਾਲਾਂ ਦੌਰਾਨ ਸਕੂਲ ਨੂੰ ਐਸ.ਐਸ.ਏ. ਅਧੀਨ ਹੇਠ ਅਨੁਸਾਰ ਰਾਸ਼ੀ

[ ਸਿੱਖਿਆ ਮੰਤਰੀ ]

ਜਾਰੀ ਕੀਤੀ ਗਈ ਹੈ:

| ਸਾਲ | ਮੱਦ ਦਾ ਨਾਂ | ਰਾਸ਼ੀ (ਲੱਖਾਂ ਵਿੱਚ) |
|---|---|---|
| 2005-06 | 1 ਕਲਾਸ ਰੂਮ | 1.70 |
| 2010-11 | 1 ਕਲਾਸ ਰੂਮ | 2.8 |
| 2010-11 | ਮੇਜਰ ਰਿਪੇਅਰ | 0.79 |

ਇਸ ਸਕੂਲ ਨੂੰ ਆਰ.ਐਮ.ਐਸ.ਏ ਅਧੀਨ ਸਾਲ 2010-11 ਵਿੱਚ 9ਵੀਂ ਅਤੇ 10ਵੀਂ ਕਲਾਸ ਦੇ ਵਿਦਿਆਰਥੀਆਂ ਲਈ ਆਰਟ ਐਂਡ ਕਰਾਫਟ ਰੂਮ ਦੀ ਰਾਸ਼ੀ 5 ਲੱਖ ਰੁਪਏ ਦਿੱਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਇਸ ਸਕੂਲ ਨੂੰ ਆਰ.ਐਮ.ਏ ਅਧੀਨ ਕੋਈ ਰਾਸ਼ੀ ਅਪਰੂਵ ਨਹੀਂ ਹੋਈ।

**3. ਸਸਸਸ, ਬੀਨੇਵਾਲ :**

ਇਸ ਸਕੂਲ ਵਿੱਚ 6ਵੀਂ ਤੋਂ 8ਵੀਂ ਕਲਾਸ ਦੇ ਕੁੱਲ 193 ਵਿਦਿਆਰਥੀ ਹਨ। ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸਕੂਲ ਵਿਖੇ 7 ਕਮਰੇ ਮੌਜੂਦ ਹਨ। ਸਕੂਲ ਨੂੰ ਐਸ.ਐਸ.ਏ. ਅਧੀਨ ਹੇਠ ਅਨੁਸਾਰ ਰਾਸ਼ੀ ਜਾਰੀ ਕੀਤੀ ਗਈ ਹੈ :

| ਸਾਲ | ਮੱਦ ਦਾ ਨਾਂ | ਰਾਸ਼ੀ (ਲੱਖਾਂ ਵਿੱਚ) |
|---|---|---|
| 2004-05 | 1 ਕਲਾਸ ਰੂਮ | 1.20 |
| 2005-06 | 2 ਕਲਾਸ ਰੂਮ | 3.40 |
| 2006-07 | 3 ਕਲਾਸ ਰੂਮ | 5.10 |
| 2010-11 | 1 ਕਲਾਸ ਰੂਮ | 2.80 |
| 2010-11 | ਮੇਜਰ ਰਿਪੇਅਰ | 0.72 |
| 2011-12 | 2 ਕਲਾਸ ਰੂਮ | 8.70 |
| 2012-13 | ਚਾਰਦੀਵਾਰੀ | 17.89 |
| | ਕੁੱਲ ਜੋੜ | 39.81 |

ਇਸ ਸਕੂਲ ਨੂੰ ਆਰ.ਐਮ.ਐਸ.ਏ. ਅਧੀਨ ਸਾਲ 2011-12 ਦੌਰਾਨ 1 ਲਾਇਬ੍ਰੇਰੀ, 1 ਆਰਟ ਐਂਡ ਕਰਾਫਟ ਰੂਮ ਅਤੇ ਟਾਇਲਟ ਦੀ ਕੁੱਲ 14 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਸੀ ਜਿਸ ਦਾ ਕੰਮ ਪੂਰਾ ਕੀਤਾ ਜਾ ਚੁੱਕਾ ਹੈ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਐਸ.ਐਸ.ਏ ਅਤੇ ਆਰ.ਐਮ.ਐਸ.ਏ ਅਧੀਨ 6ਵੀਂ ਤੋਂ 8ਵੀਂ ਅਤੇ 9ਵੀਂ ਤੋਂ 10ਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ ਹੀ ਫੰਡਜ਼ ਅਪਰੂਵ ਕੀਤੇ ਜਾਂਦੇ ਹਨ।

**ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਗੜ੍ਹਸ਼ੰਕਰ ਸਕੂਲ ਜਿਸ ਵਿੱਚ ਅਨਸੇਫ ਕਮਰੇ 14 ਹਨ, ਗੁਰਬਿਸ਼ਨਪੁਰੀ ਸਕੂਲ ਵਿੱਚ ਸੱਤ ਕਲਾਸ ਰੂਮ ਅਨਸੇਫ ਹਨ ਤੇ ਬੀਨੇਵਾਲ ਸੀਨੀਅਰ ਸੈਕੰਡਰੀ ਸਕੂਲ ਵਿੱਚ ਅੱਠ ਕਮਰੇ ਅਨਸੇਫ ਹਨ ਤੇ ਇਸੇ ਤਰ੍ਹਾਂ ਸਾਇੰਸ ਲੈਬਾਰਟਰੀ ਦੇ ਕਮਰੇ ਵੀ ਅਨਸੇਫ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਅਤੇ ਕਿੰਨੇ ਚਿਰ ਵਿੱਚ ਸਕੂਲਾਂ ਦੇ ਫੰਡ ਰਿਲੀਜ਼ ਕੀਤੇ ਜਾਣਗੇ? ਕਾਰਨ ਇਹ ਹੈ ਕਿ ਇਨ੍ਹਾਂ ਸਕੂਲਾਂ ਦੇ ਬੱਚੇ ਜਿਹੜੇ ਹਨ ਉਹ ਦਰਖਤਾਂ ਦੇ ਥੱਲੇ ਬੈਠ ਕੇ ਆਪਣੀਆਂ ਕਲਾਸਾਂ ਲਗਾ ਰਹੇ ਹਨ ।

**ਮੰਤਰੀ :** ਸਪੀਕਰ ਸਾਹਿਬ, ਮੈਂ ਤਿੰਨਾਂ ਸਕੂਲਾਂ ਦੀ ਲਿਸਟ ਮੈਂਬਰ ਸਾਹਿਬਾਨ ਨੂੰ ਦਿੱਤੀ ਹੈ। ਮੈਂਬਰ ਸਾਹਿਬ ਵਾਸਤੇ ਖੁਸ਼ੀ ਦਾ ਸਮਾਂ ਹੋਣਾ ਚਾਹੀਦਾ ਹੈ ਕਿਉਂਕਿ ਇਸੇ ਹਫਤੇ ਸਾਡੀ ਪ੍ਰਾਜੈਕਟ ਅਪਰੂਵਲ ਬੋਰਡ ਦੀ ਮੀਟਿੰਗ ਦਿੱਲੀ ਵਿਖੇ ਹੋਈ ਹੈ ਤੇ ਇਨ੍ਹਾਂ ਤਿੰਨਾਂ ਸਕੂਲਾਂ ਵਿੱਚ ਜਿਹੜੀ ਜਿਹੜੀ ਚੀਜ਼ ਦੀ ਮੰਗ ਕੀਤੀ ਗਈ ਸੀ, ਜਿਹੜੀਆਂ ਇਨ੍ਹਾਂ ਦੀਆਂ ਘਾਟਾਂ ਸਨ, ਉਹ ਸਾਰੀਆਂ ਅਪਰੂਵ ਹੋ ਗਈਆਂ ਹਨ। ਪ੍ਰਿੰਸੀਪਲ ਤੌਰ ਤੇ ਸਹਿਮਤੀ ਇਨ੍ਹਾਂ ਤਿੰਨਾਂ ਸਕੂਲਾਂ ਦੀ ਹੋ ਗਈ ਹੈ। ਮੈਂ ਅਨੁਲੱਗ ਵਿੱਚ ਡਿਟੇਲ ਦੇ ਦਿੱਤੀ ਹੈ । ਇਸ ਕਰਕੇ ਅਸੀਂ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਫੰਡਾਂ ਵਿੱਚੋਂ ਇਨ੍ਹਾਂ ਤਿੰਨਾਂ ਸਕੂਲਾਂ ਦੀਆਂ ਘਾਟਾਂ ਨੂੰ ਪੂਰਾ ਕਰ ਦਿੱਤਾ ਜਾਵੇ ।

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਦੇ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ ।

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਟਰਾਂਸਫਾਰਮਰ ਦੇ ਲੋਡ ਵਿੱਚ ਵਾਧਾ ਕਰਨਾ

***1811. ਸਰਦਾਰ ਜਗਮੋਹਨ ਸਿੰਘ ਕੰਗ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੈਕਟਰ-4, ਮੁੰਡੀ ਖਰੜ, ਜ਼ਿਲ੍ਹਾ ਅਜੀਤਗੜ੍ਹ ਵਿਖੇ ਆਬਾਦੀ ਵੱਧਣ ਦੇ ਬਾਵਜੂਦ ਟਰਾਂਸਫਾਰਮਰ ਦੇ ਲੋਡ ਵਿੱਚ ਵਾਧਾ ਨਹੀਂ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਟਰਾਂਸਫਾਰਮਰ ਦੇ ਲੋਡ ਨੂੰ ਕਦੋਂ ਤੱਕ ਵਧਾਇਆ ਜਵੇਗਾ ?

**ਸਰਦਾਰ ਸੁਖਬੀਰ ਸਿੰਘ ਬਾਦਲ :** ਸੈਕਟਰ-4, ਮੁੰਡੀ ਖਰੜ, ਜ਼ਿਲ੍ਹਾ ਅਜੀਤਗੜ੍ਹ ਦੀ ਵੱਧ ਰਹੀ ਆਬਾਦੀ ਕਾਰਨ ਬਿਜਲੀ ਲੋਡ ਵਿੱਚ ਵਾਧੇ ਦੇ ਮੱਦੇ ਨਜ਼ਰ ਮਹਿਕਮੇ ਵੱਲੋਂ ਇੱਕ ਹੋਰ ਟਰਾਂਸਫਾਰਮਰ (200 ਕੇ. ਵੀ. ਏ. ਸਮਰੱਥਾ ਦਾ) ਆਰ.ਏ.ਪੀ.ਡੀ.ਪੀ.ਆਰ.ਪੀ. ਸਕੀਮ ਅਧੀਨ ਰੱਖ ਕੇ ਜਨਵਰੀ, 2015 ਵਿੱਚ ਚਾਲੂ ਕਰ ਦਿੱਤਾ ਗਿਆ ਹੈ। ਇਸ ਨਾਲ ਪਹਿਲਾਂ ਤੋਂ ਚੱਲ ਰਹੇ 2 ਟਰਾਂਸਫਾਰਮਰ (ਇੱਕ 100 ਕੇ.ਵੀ.ਏ. ਸਮਰੱਥਾ ਦਾ ਅਤੇ ਇੱਕ 200 ਕੇ.ਵੀ.ਏ. ਸਮਰੱਥਾ ਦਾ) ਦਾ ਲੋਡ ਵੀ ਹੱਦ ਵਿੱਚ ਹੋ ਗਿਆ ਹੈ ਅਤੇ ਇਸ ਇਲਾਕੇ ਦੇ ਖਪਤਕਾਰਾਂ ਨੂੰ ਇਨ੍ਹਾਂ 3 ਟਰਾਂਸਫਾਰਮਰਾਂ ਨਾਲ ਨਿਰਵਿਘਨ ਅਤੇ ਵਧੀਆ ਸਪਲਾਈ ਦਿੱਤੀ ਜਾ ਰਹੀ ਹੈ ।

---

### ਨਸ਼ਾ ਛੁਡਾਊ ਕੇਂਦਰਾਂ ਦੀ ਗਿਣਤੀ

***1833. ਸਰਦਾਰ ਲਾਲ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਚੱਲ ਰਹੇ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਅਤੇ ਰਾਜ ਸਰਕਾਰ ਦੁਆਰਾ ਪ੍ਰਵਾਨਿਤ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਵੱਖ-ਵੱਖ ਦੀ ਕੁੱਲ ਗਿਣਤੀ ਕਿੰਨੀ ਕਿੰਨੀ ਹੈ ਅਤੇ ਉਪਰੋਕਤ ਨਸ਼ਾ ਛੁਡਾਊ ਕੇਂਦਰਾਂ ਵਿੱਚ ਸਾਲ 2012, 2013 ਅਤੇ 2014 ਦੌਰਾਨ ਇਲਾਜ ਕਰਵਾ ਚੁੱਕੇ ਨਸ਼ੇ ਦੇ ਆਦੀ ਵਿਅਕਤੀਆਂ ਦੀ ਸਾਲ-ਵਾਰ ਗਿਣਤੀ ਕਿੰਨੀ ਕਿੰਨੀ ਹੈ ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ਼੍ਰੀਮਾਨ ਜੀ,

1. ਪੰਜਾਬ ਰਾਜ ਵਿੱਚ ਇਸ ਵੇਲੇ 24 ਸਰਕਾਰੀ, ਸਰਕਾਰ ਦੁਆਰਾ ਮਾਨਤਾ ਪ੍ਰਾਪਤ 06 ਰੈਡ ਕਰਾਸ ਅਤੇ 10 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਕੰਮ ਕਰ ਰਹੇ ਹਨ । ਇਸ ਤੋਂ ਇਲਾਵਾ ਪੰਜ ਸਰਕਾਰੀ ਮਾਡਲ ਡੀ-ਅਡਿਕਸ਼ਨ ਸੈਂਟਰ ਸਰਕਾਰੀ ਮੈਡੀਕਲ ਕਾਲਜਾਂ ਅਧੀਨ ਕੰਮ ਕਰ ਰਹੇ ਹਨ ।

2. ਸਾਲ 2012, 2013 ਅਤੇ 2014 ਦੌਰਾਨ ਨਸ਼ੇ ਦੇ ਆਦੀ ਵਿਅਕਤੀਆਂ ਦੇ ਇਲਾਜ ਕਰਵਾਉਣ ਦੀ ਸੂਚਨਾ ਅਨੁਲੱਗ ੳ ਤੇ ਉਪਲਬਧ ਹੈ ।

## ਅਨੁਲੱਗ ੳ

| ਸਾਲ | ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਕਰਵਾ ਚੁੱਕੇ ਨਸ਼ੇ ਦੇ ਆਦੀ ਵਿਅਕਤੀਆਂ ਦੀ ਗਿਣਤੀ | | ਸਰਕਾਰ ਦੁਆਰਾ ਮਾਨਤਾਪ੍ਰਾਪਤ ਰੈਂਡ ਕਰਾਸ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਕਰਵਾ ਚੁੱਕੇ ਨਸ਼ੇ ਦੇ ਆਦੀ ਵਿਅਕਤੀਆਂ ਦੀ ਗਿਣਤੀ | | ਮਾਡਲ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਕਰਵਾ ਚੁੱਕੇ ਨਸ਼ੇ ਦੇ ਆਦੀ ਵਿਅਕਤੀਆਂ ਦੀ ਗਿਣਤੀ | | ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਕਰਵਾ ਚੁੱਕੇ ਨਸ਼ੇ ਦੇ ਆਦੀ ਵਿਅਕਤੀਆਂ ਦੀ ਗਿਣਤੀ | |
|---|---|---|---|---|---|---|---|---|
| | ੳ.ਪੀ.ਡੀ. | ਦਾਖਲ ਮਰੀਜ਼ | ੳ.ਪੀ.ਡੀ. | ਦਾਖਲ ਮਰੀਜ਼ | ੳ.ਪੀ.ਡੀ. | ਦਾਖਲ ਮਰੀਜ਼ | ੳ.ਪੀ.ਡੀ. | ਦਾਖਲ ਮਰੀਜ਼ |
| 2012-13 | 22,580 | 3,841 | 2,719 | 1,346 | 8,577 | 1,209 | 2,706 | 807 |
| 2013-14 | 2,27,880 | 6,624 | 3,750 | 1,223 | 13,387 | 1,883 | 7,746 | 884 |
| 2014-15 | 3,21,618 | 5,546 | 5,092 | 1,243 | 26,718 | 2,887 | 16,155 | 1,172 |

## ਬੀ.ਐਸ.ਯੂ.ਪੀ. ਸਕੀਮ ਅਧੀਨ ਗੰਦੀਆਂ ਬਸਤੀਆਂ ਦੇ ਵਸਨੀਕਾਂ ਨੂੰ ਸ਼ਿਫਟ ਕਰਨਾ

***1848. ਸ਼੍ਰੀ ਭਾਰਤ ਭੂਸ਼ਣ ਆਸ਼ੂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਲੁਧਿਆਣਾ ਵਿਖੇ ਬੀ.ਐਸ.ਯੂ.ਪੀ. ਸਕੀਮ ਅਧੀਨ ਗਰੀਬ ਲੋਕਾਂ ਲਈ ਉਸਾਰੇ ਗਏ ਮਕਾਨਾਂ ਵਿੱਚ ਗੰਦੀਆਂ ਬਸਤੀਆਂ ਦੇ ਵਸਨੀਕਾਂ

[ ਸ਼੍ਰੀ ਭਾਰਤ ਭੂਸ਼ਣ ਆਸ਼ੂ ]

ਨੂੰ ਸ਼ਿਫਟ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਸਰਕਾਰ ਦੀ ਭਵਿੱਖ ਵਿੱਚ ਇਸ ਸੰਬੰਧੀ ਕੀ ਯੋਜਨਾ ਹੈ ;

(ਅ) ਲੁਧਿਆਣਾ ਵਿੱਚ ਸਰਕਾਰੀ ਜ਼ਮੀਨਾਂ ਤੇ ਪੱਕੇ ਤੌਰ ਤੇ ਰਹਿ ਰਹੇ ਵਸਨੀਕਾਂ ਦੇ ਪੁਨਰਵਾਸ ਲਈ ਸਰਕਾਰ ਦੀ ਕੀ ਯੋਜਨਾ ਹੈ ?

**ਸ਼੍ਰੀ ਅਨਿਲ ਜੋਸ਼ੀ :** (ੳ) ਭਾਰਤ ਸਰਕਾਰ ਦੀ ਬੀ.ਐਸ.ਯੂ.ਪੀ. ਸਕੀਮ ਅਧੀਨ 50.09 ਕਰੋੜ ਰੁਪਏ ਦੀ ਲਾਗਤ ਨਾਲ 3632 ਮਕਾਨ ਉਸਾਰੇ ਜਾ ਰਹੇ ਹਨ । ਇਸ ਪ੍ਰਾਜੈਕਟ ਵਿੱਚ ਹੁਣ ਤੱਕ 2840 ਮਕਾਨ ਬਣਾਏ ਜਾ ਚੁੱਕੇ ਹਨ ਅਤੇ ਬਾਕੀ 792 ਮਕਾਨਾਂ ਦਾ ਕੰਮ ਪ੍ਰਗਤੀ ਅਧੀਨ ਹੈ । 1099 ਮਕਾਨ ਲੇਬਰ ਕਲੋਨੀ, ਯਮੁਨਾ ਕਲੋਨੀ ਅਤੇ ਭਗਤ ਸਿੰਘ ਨਗਰ ਦੇ ਵਸਨੀਕਾਂ ਨੂੰ ਅਲਾਟ ਕੀਤੇ ਜਾ ਚੁੱਕੇ ਹਨ । ਲੇਬਰ ਕਲੋਨੀ ਅਤੇ ਯਮੁਨਾ ਕਲੋਨੀ ਵਿੱਚ ਰਹਿੰਦੇ ਵਸਨੀਕਾਂ ਨੂੰ ਇਨ੍ਹਾਂ ਮਕਾਨਾਂ ਦਾ ਕਬਜ਼ਾ ਦੇ ਦਿੱਤਾ ਗਿਆ ਹੈ । ਸ਼ਹੀਦ ਭਗਤ ਸਿੰਘ ਕਲੋਨੀ ਦੇ ਵਸਨੀਕਾਂ ਨੂੰ 30.4.2015 ਤੱਕ ਇਨ੍ਹਾਂ ਮਕਾਨਾਂ ਦਾ ਕਬਜ਼ਾ ਦੇ ਦਿੱਤਾ ਜਾਵੇਗਾ । ਭਵਿੱਖ ਵਿੱਚ ਕੇਂਦਰ ਸਰਕਾਰ ਵੱਲੋਂ ਇਸ ਸੰਬੰਧੀ ਯੋਜਨਾ ਲਈ M/s CURE (Centre for Urban and Regional Excellence) ਵੱਲੋਂ ਝੁੱਗੀ ਝੌਂਪੜੀਆਂ ਦੇ ਵਸਨੀਕਾਂ ਦਾ ਸਰਵੇ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਸਰਵੇ ਮੁਕੰਮਲ ਹੋਣ ਉਪਰੰਤ ਇਸ ਦਾ ਪ੍ਰਾਜੈਕਟ ਬਣਾ ਕੇ ਕੇਂਦਰ ਸਰਕਾਰ ਨੂੰ ਭੇਜ ਦਿੱਤਾ ਜਾਵੇਗਾ ।

(ਅ) ਲੁਧਿਆਣਾ ਵਿੱਚ ਸਰਕਾਰੀ ਜ਼ਮੀਨਾਂ ਤੇ ਪੱਕੇ ਤੌਰ ਤੇ ਰਹਿ ਰਹੇ ਵਸਨੀਕਾਂ ਦੇ ਪੁਨਰਵਾਸ ਲਈ ਮੈਸ. CURE (Centre for Urban and Regional Excellence) ਵੱਲੋਂ ਝੁੱਗੀ ਝੌਂਪੜੀਆਂ ਦੇ ਵਸਨੀਕਾਂ ਦਾ ਸਰਵੇ ਪ੍ਰਗਤੀ ਅਧੀਨ ਹੈ । ਇਸ ਉਪਰੰਤ ਇਸ ਦੀ ਡੀ.ਪੀ.ਆਰ. (Detailed Project Report) ਤਿਆਰ ਕਰਕੇ ਕੇਂਦਰ ਸਰਕਾਰ ਨੂੰ ਪ੍ਰਵਾਨਗੀ ਹਿਤ ਭੇਜ ਦਿੱਤੀ ਜਾਵੇਗੀ । ਕੇਂਦਰ ਸਰਕਾਰ ਵੱਲੋਂ ''ਹਾਊਸਿੰਗ ਫਾਰ ਆਲ'' ਸਕੀਮ ਦਾ ਐਲਾਨ ਕੀਤਾ ਗਿਆ ਹੈ ਜਿਸ ਦੀਆਂ ਗਾਈਡਲਾਈਨਜ਼ ਅਜੇ ਜਾਰੀ ਨਹੀਂ ਕੀਤੀਆਂ ਗਈਆਂ ਹਨ । ਇਸ ਸਕੀਮ ਦੀਆਂ ਗਾਈਡਲਾਈਨਜ਼ ਜਾਰੀ ਹੋ ਜਾਣ ਉਪਰੰਤ ਸ਼ਹਿਰ ਵਿੱਚ ਗਰੀਬ ਲੋਕਾਂ ਵਾਸਤੇ ਮਕਾਨ ਬਣਾਉਣ ਦੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ । ਸ਼ਹਿਰਾਂ ਵਿੱਚ ਗਰੀਬਾਂ ਲਈ ਮਕਾਨ ਬਣਾਉਣ ਵਾਸਤੇ ਨਗਰ ਨਿਗਮ ਦੀ ਖਾਲੀ

ਪਈ ਜ਼ਮੀਨ ਦੀ ਭਾਲ ਕੀਤੀ ਜਾ ਰਹੀ ਹੈ ।

---

## ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਨਾ

***1849. ਸ਼੍ਰੀ ਭਾਰਤ ਭੂਸ਼ਣ ਆਸ਼ੂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਲੁਧਿਆਣਾ ਸ਼ਹਿਰ ਵਿੱਚ ਉਥੋਂ ਦੇ ਵਸਨੀਕਾਂ ਨੂੰ 100% ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ;

(ਅ) ਜੇ.ਐਨ.ਯੂ.ਆਰ.ਐਮ. ਸਕੀਮ ਅਧੀਨ ਲੁਧਿਆਣਾ ਵਿੱਚ 100% ਨਹਿਰੀ ਪਾਣੀ ਸਪਲਾਈ ਸਕੀਮ ਅਪਨਾਉਣ ਅਤੇ ਪਾਣੀ ਅਤੇ ਸੀਵਰੇਜ ਪਾਈਪਾਂ ਬਦਲਣ ਦੀ ਯੋਜਨਾ ਦੀ ਮੌਜੂਦਾ ਸਥਿਤੀ ਕੀ ਹੈ ?

**ਸ਼੍ਰੀ ਅਨਿਲ ਜੋਸ਼ੀ :** ੳ) ਲੁਧਿਆਣਾ ਸ਼ਹਿਰ ਦੀ 100% ਆਬਾਦੀ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਨ ਵਾਸਤੇ ਇੱਕ ਡੀ.ਪੀ.ਆਰ. 103.25 ਕਰੋੜ ਰੁਪਏ ਦੀ ਐਮ.ਓ.ਯੂ.ਡੀ. (Ministry of Urban Development) ਭਾਰਤ ਸਰਕਾਰ ਨੂੰ ਭੇਜੀ ਗਈ ਸੀ ਜੋ ਕਿ ਭਾਰਤ ਸਰਕਾਰ ਵੱਲੋਂ ਮਿਤੀ 21.1.2014 ਨੂੰ ਪ੍ਰਵਾਨ ਕੀਤੀ ਗਈ ਸੀ ਪਰ ਭਾਰਤ ਸਰਕਾਰ ਵੱਲੋਂ ਕੋਈ ਫੰਡ ਰਿਲੀਜ਼ ਨਹੀਂ ਕੀਤੇ ਗਏ । ਇਸ ਉਪਰੰਤ ਭਾਰਤ ਸਰਕਾਰ ਨੇ ਦੱਸਿਆ ਹੈ ਕਿ ਜੇ.ਐਨ.ਯੂ.ਆਰ.ਐਮ. (JnNURM) ਸਕੀਮ ਮਿਤੀ 31.3.2014 ਨੂੰ ਖਤਮ ਹੋ ਚੁੱਕੀ ਹੈ ਅਤੇ ਇਸ ਸਕੀਮ ਅਧੀਨ ਕੋਈ ਫੰਡ ਰਿਲੀਜ਼ ਨਹੀਂ ਕੀਤੇ ਜਾਣਗੇ ਅਤੇ ਇਹ ਪ੍ਰਾਜੈਕਟ ਭਾਰਤ ਸਰਕਾਰ ਦੀ ਆਉਣ ਵਾਲੀ ਨਵੀਂ ਸਕੀਮ ਤਹਿਤ ਦੁਬਾਰਾ ਡੀ.ਪੀ.ਆਰ. ਬਣਾ ਕੇ ਭੇਜੀ ਜਾਵੇ । ਭਾਰਤ ਸਰਕਾਰ ਵੱਲੋਂ ਅਜੇ ਤੱਕ ਇਸ ਸੰਬੰਧ ਵਿੱਚ ਕੋਈ ਵੀ ਸਕੀਮ ਜਾਰੀ ਨਹੀਂ ਕੀਤੀ ਗਈ ਹੈ ।

(ਅ) ਜੇ.ਐਨ.ਯੂ.ਆਰ.ਐਮ. ਸਕੀਮ ਅਧੀਨ ਲੁਧਿਆਣਾ ਸ਼ਹਿਰ ਵਿੱਚ 100% ਨਹਿਰੀ ਪਾਣੀ ਦੀ ਸਪਲਾਈ ਅਤੇ ਪਾਣੀ/ਸੀਵਰ ਪਾਈਪਾਂ ਬਦਲਣ ਬਾਰੇ ਕੋਈ ਪ੍ਰਾਜੈਕਟ ਨਹੀਂ ਲਿਆ ਗਿਆ ਸੀ ।

---

**ਮਾਨਯੋਗ ਸਪੀਕਰ :** ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ ।

## MATTERS RAISED DURING ZERO HOUR AND STATEMENT BY THE CHIEF MINISTER/DEPUTY CHIEF MINISTER

**ਰਾਣਾ ਗੁਰਮੀਤ ਸਿੰਘ ਸੋਢੀ :** ਮੈਂ ਤੁਹਾਡੇ ਰਾਹੀਂ ਸਦਨ ਦੇ ਧਿਆਨ ਵਿੱਚ ਇੱਕ ਬਹੁਤ ਅਹਿਮ ਮੁੱਦਾ ਲਿਆਉਣਾ ਚਾਹੁੰਦਾ ਹਾਂ। ਡਿਪਟੀ ਸੀ.ਐਮ. ਸਾਹਿਬ ਬੈਠੇ ਹਨ, ਇਨ੍ਹਾਂ ਦਾ ਵੀ ਉਹ ਏਰੀਆ ਪੈਂਦਾ ਹੈ। ਕੁਝ ਦਿਨ ਪਹਿਲਾਂ ਅੱਜ ਤੋਂ ਕੋਈ 4-5 ਦਿਨ ਪਹਿਲਾਂ ਉਥੇ ਬਹੁਤ ਦਰਦਨਾਕ ਐਕਸੀਡੈਂਟ ਹੋਇਆ ਹੈ। ਫਿਰੋਜ਼ਪੁਰ-ਫਾਜ਼ਿਲਕਾ ਹਾਈਵੇਜ਼ ਤੇ ਛਾਂਗਾਰਾਇ ਠਾਠ, ਰਾਇ ਸਿੱਖ ਬਰਾਦਰੀ ਦਾ ਗੜ੍ਹ ਹੈ, ਉਥੇ ਗਰੀਬ ਲੋਕ ਰਹਿੰਦੇ ਹਨ। ਉਹ ਬਾਬਾ ਜੀ ਦੇ ਅਫਸੋਸ ਸਮਾਗਮ ਤੇ ਢੇਸੀਆਂ ਜਾ ਰਹੇ ਸਨ। ਰਸਤੇ ਵਿੱਚ ਇੱਕ ਰਾਜਸਥਾਨ ਦਾ ਵੱਡਾ ਟਰਾਲਾ ਟਰੱਕ ਵਿੱਚ ਆ ਕੇ ਲੱਗਾ ਅਤੇ 5 ਬੰਦੇ ਮੌਕੇ ਤੇ ਹੀ ਮਾਰੇ ਗਏ ਅਤੇ 3 ਹਸਪਤਾਲ ਵਿੱਚ ਦਮ ਤੋੜ ਗਏ। ਉਸ ਤੋਂ ਇਲਾਵਾ 6 ਬੰਦੇ ਸੀਰੀਅਸਲੀ ਇੰਜਰਡ ਹਨ। ਮੇਰੀ ਡਿਪਟੀ ਸੀ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ ਉਨ੍ਹਾਂ ਨੂੰ 5 ਲੱਖ ਅਤੇ ਜ਼ਖਮੀਆਂ ਨੂੰ 1 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ ਕਿਉਂਕਿ ਉਹ ਬਹੁਤ ਹੀ ਗਰੀਬ ਪਰਿਵਾਰ ਦੇ ਸਨ ਅਤੇ ਜਿਨ੍ਹਾਂ ਦੀ ਮੌਤ ਹੋਈ ਹੈ ਉਹ ਨੌਜਵਾਨ ਲੜਕੇ ਹਨ। ਉਨ੍ਹਾਂ ਦੀਆਂ ਘਰਵਾਲੀਆਂ ਵਿਧਵਾ ਹੋ ਗਈਆਂ ਹਨ। ਮੇਰੀ ਬੇਨਤੀ ਹੈ ਕਿ ਇਹ ਮੁਆਵਜ਼ੇ ਦਾ ਐਲਾਨ ਡਿਪਟੀ ਸੀ.ਐਮ. ਸਾਹਿਬ ਨੂੰ ਕਰ ਦੇਣਾ ਚਾਹੀਦਾ ਹੈ ਕਿਉਂਕਿ ਇਹ ਇਮਦਾਦ ਉਨ੍ਹਾਂ ਨੂੰ ਪਹੁੰਚਾਉਣੀ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਮੈਂ ਇਹ ਵੀ ਕਹਾਂਗਾ ਕਿ ਉਸ ਸੜਕ ਤੇ ਰੋਡ ਸੇਫਟੀ ਦਾ ਪ੍ਰਬੰਧ ਕਰਨਾ ਬਹੁਤ ਜ਼ਰੂਰੀ ਹੋ ਗਿਆ ਹੈ। ਸਾਨੂੰ ਇਸ ਦਾ ਕੋਈ ਨਾ ਕੋਈ ਹੱਲ ਕਰਨਾ ਚਾਹੀਦਾ ਹੈ ਕਿ ਜਿਹੜੇ ਵੱਡੇ ਟਰਾਲੇ ਆਉਂਦੇ ਹਨ, ਖਾਸ ਕਰਕੇ ਜਿਹੜੇ ਰਾਜਸਥਾਨ ਤੋਂ ਚੱਲਦੇ ਹਨ, ਕਾਂਡਲਾ ਪੋਰਟ ਤੋਂ ਜਿਹੜੇ ਚੱਲਦੇ ਹਨ, ਉਨ੍ਹਾਂ ਲਈ ਕੋਈ ਨਾ ਕੋਈ ਰੂਲਜ਼ ਰੈਗੂਲੇਸ਼ਨਜ਼ ਤਿਆਰ ਕਰਨੇ ਚਾਹੀਦੇ ਹਨ। ਸੜਕਾਂ ਤੇ ਲਾਈਟਾਂ ਅਤੇ ਜ਼ਰੂਰੀ ਨਿਸ਼ਾਨ ਦੇਣੇ ਬਹੁਤ ਜ਼ਰੂਰੀ ਹਨ ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸਪੀਕਰ ਸਾਹਿਬ, ਜੋ ਸੋਢੀ ਸਾਹਿਬ ਨੇ ਕਿਹਾ ਹੈ, ਉਸ ਸਬੰਧੀ ਮੈਂ ਡੀ.ਸੀ. ਸਾਹਿਬ ਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਅਤੇ ਹੁਣ ਵੀ ਰਿਪੀਟ ਕਰ ਦਿੰਦਾ ਹਾਂ ਕਿ ਜੋ ਵੀ ਨਾਰਮਜ਼ ਦੇ ਹਿਸਾਬ ਨਾਲ ਕੰਪਸਨੇਸ਼ਨ ਹੈ, ਉਹ ਅਸੀਂ ਜ਼ਰੂਰ ਦੇਵਾਂਗੇ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਨਾਰਮਜ਼ ਵਧਾਉਣੇ ਘਟਾਉਣੇ ਤਾਂ ਸਰਕਾਰ ਦੇ ਹੱਥ ਹਨ। It is a need of the hour ਕਿ ਉਨ੍ਹਾਂ ਨੂੰ ਪੈਸੇ ਦੀ ਜ਼ਰੂਰਤ ਹੈ ਅਤੇ ਜੇਕਰ ਤੁਸੀਂ 5 ਲੱਖ ਕਰ ਦਿਉ ਤਾਂ ਕੋਈ ਵੱਡੀ ਰਕਮ ਨਹੀਂ ਹੈ। ਜਿਨ੍ਹਾਂ ਦੀ ਮੌਤ ਹੋਈ ਹੈ, ਉਹ ਗਰੀਬ ਲੋਕ ਹਨ। I request you personally on this issue.

**ਸਰਦਾਰ ਅਜਾਇਬ ਸਿੰਘ ਭੱਟੀ :** ਸਪੀਕਰ ਸਾਹਿਬ, ਮੈਂ ਇੱਕ ਮਸਲਾ ਤੁਹਾਡੇ ਰਾਹੀਂ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਗਵਰਨਰ ਸਾਹਿਬ ਦੇ ਐਡਰੈਸ ਤੇ ਪਿਛਲੇ ਦਿਨੀਂ ਨਗਰ ਕੌਂਸਲ ਚੋਣਾਂ ਦੇ ਸਬੰਧ ਵਿੱਚ ਸਾਡੇ ਮਾਨਯੋਗ ਮੈਂਬਰ ਸਾਹਿਬਾਨ ਨੇ ਬੜੀ ਤਸੱਲੀ ਪ੍ਰਗਟਾਈ ਹੈ। ਮੈਂ ਤੁਹਾਡੇ ਰਾਹੀਂ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹੈ ਕਿ ਮੇਰੇ ਹਲਕੇ ਭੁੱਚੋ ਮੰਡੀ ਵਿੱਚ ਦੋ ਨਗਰ ਕੌਂਸਲਾਂ ਹਨ, ਗੋਨਿਆਣਾ ਅਤੇ ਭੁੱਚੋ ਮੰਡੀ। ਗੋਨਿਆਣਾ ਵਿੱਚ ਜਿਹੜੀ ਪ੍ਰਧਾਨ ਦੀ ਸੀਟ ਸੀ, ਉਹ 25 ਲੱਖ ਰੁਪਏ ਵਿੱਚ ਵੇਚੀ ਗਈ ਹੈ। ਇਹ ਅੰਗਰੇਜ਼ੀ ਟ੍ਰਿਬਿਊਨ ਵਿੱਚ.....

**ਮਾਨਯੋਗ ਸਪੀਕਰ :** ਇਸ ਦਾ ਕੀ ਸਬੂਤ ਹੈ।

**ਸਰਦਾਰ ਅਜਾਇਬ ਸਿੰਘ ਭੱਟੀ :** ਇਨ੍ਹਾਂ ਦੇ ਆਪਣੇ ਕੌਂਸਲਰ ਨੇ ਕਿਹਾ ਹੈ ਕਿ ਮੈਥੋਂ ਫਲਾਣੇ ਲੀਡਰ ਨੇ 9 ਲੱਖ ਰੁਪਿਆ ਵਸੂਲ ਪਾਇਆ ਹੈ । ** ** ਉਥੋਂ ਦਾ ਯੂਥ ਅਕਾਲੀ ਦਲ ਦਾ ਪ੍ਰਧਾਨ ਹੈ। ਉਸ ਨੇ ਕਿਹਾ ਹੈ ਕਿ....

**ਮਾਨਯੋਗ ਸਪੀਕਰ** : ਨਾਮ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਅਜਾਇਬ ਸਿੰਘ ਭੱਟੀ :** ** **

**Mr. Speaker :** No, No.

**ਸਰਦਾਰ ਅਜਾਇਬ ਸਿੰਘ ਭੱਟੀ :** ** ** (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਨਹੀਂ, ਭੱਟੀ ਸਾਹਿਬ।

**ਸਰਦਾਰ ਅਜਾਇਬ ਸਿੰਘ ਭੱਟੀ :** (ਅਖਬਾਰ ਲਹਿਰਾਉਂਦੇ ਹੋਏ) ਮੈਂ 15 ਤਾਰੀਖ ਦੀ 'ਦਾ ਟ੍ਰਿਬਿਊਨ' ਵਿਚ ਜੋ ਖਬਰ ਲੱਗੀ ਹੈ, ਉਹ ਤੁਹਾਡੇ ਸਾਹਮਣੇ ਪੇਸ਼ ਰਿਹਾ ਹਾਂ ......

---

**Expunged/Not recorded as ordered by the Chair.

**ਮਾਨਯੋਗ ਸਪੀਕਰ :** ਤੁਸੀਂ ਅਖਬਾਰ ਲਹਿਰਾਉਣ ਦੀ ਕੋਸ਼ਿਸ਼ ਨਾ ਕਰੋ।

**ਸਰਦਾਰ ਅਜਾਇਬ ਸਿੰਘ ਭੱਟੀ :** ਸਪੀਕਰ ਸਾਹਿਬ, ਮੈਂ ਭੁੱਚੋ ਮੰਡੀ ਦਾ ਰਿਕਾਰਡ ਲੈ ਕੇ ਆਇਆ ਹਾਂ।

**ਮਾਨਯੋਗ ਸਪੀਕਰ :** ਤੁਹਾਡੇ ਕੋਲ ਕੀ ਰਿਕਾਰਡ ਹੈ?

**ਸਰਦਾਰ ਅਜਾਇਬ ਸਿੰਘ ਭੱਟੀ :** ਸਪੀਕਰ ਸਾਹਿਬ, ਸਾਡੇ ਕੈਂਡੀਡੇਟ ਨੂੰ 386 ਵੋਟਾਂ ਪਈਆਂ ਅਤੇ ਅਕਾਲੀ ਦਲ ਦੇ ਕੈਂਡੀਡੇਟ ਨੂੰ 365 ਵੋਟਾਂ ਪਈਆਂ । ਜਿਸ ਨੂੰ 365 ਵੋਟਾਂ ਪਈਆਂ, ਉਸ ਨੂੰ ਵੋਟ ਪਾਉਣ ਦਾ ਹੱਕ ਦਿੱਤਾ ਗਿਆ। 386 ਵੋਟਾਂ ਵਾਲੇ ਨੂੰ ਕਹਿੰਦੇ ਕਿ ਤੇਰਾ ਕੋਈ ਹੱਕ ਨਹੀਂ ਬਣਦਾ ਜੋ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਦਾ ਹੈ। ..(ਵਿਘਨ)..

**ਮਾਨਯੋਗ ਸਪੀਕਰ :** ਤੁਹਾਡੇ ਕੋਲ ਇਸ ਵਿਚ ਪੈਟੀਸ਼ਨ ਕਰਨ ਦੀ ਰੈਮਡੀ ਅਵੇਲਏਬਲ ਹੈ। ਹਾਂ ਜੀ, ਕੰਗ ਸਾਹਿਬ।

**ਸਰਦਾਰ ਜਗਮੋਹਨ ਸਿੰਘ ਕੰਗ :** ਸਪੀਕਰ ਸਾਹਿਬ, ਵਿਧਾਨ ਸਭਾ ਹਲਕਾ ਖਰੜ ਦਾ ਪਿੰਡ ਜਿਹੜਾ ਕਿ ਬਿਲਕੁਲ ਵਿਧਾਨ ਸਭਾ ਦੇ ਪਿੱਛੇ ਲਗਦਾ ਹੈ ਤੇ ਜਿਸ ਦਾ ਨਾਂ ਨਵਾਂ ਗਰਾਉਂ (ਕਾਂਸਲ) ਹੈ, 18 ਅਕਤੂਬਰ, 2006 ਨੂੰ ਦਾਸ ਦੇ ਉਪਰਾਲਿਆਂ ਨਾਲ ਉਹ ਨਗਰ ਕੌਂਸਲ ਹੋਂਦ ਵਿਚ ਆਇਆ । ਇਸ ਨੂੰ 9 ਸਾਲ ਹੋ ਗਏ ਹਨ । 9 ਸਾਲ ਤੋਂ ਬਾਅਦ ਵਿੱਚ ਵੈਟ ਦੀ ਕੋਈ ਵੀ ਬਣਦੀ ਰਕਮ ਨਹੀਂ ਮਿਲੀ। ਉਸ ਤੋਂ ਬਾਅਦ ਪਿੰਡ ਵਾਲਿਆਂ ਨੇ ਬਾਦਲ ਸਾਹਿਬ ਦੀ ਕੋਠੀ ਤੇ ਧਰਨਾ ਮਾਰਿਆ ਤਾਂ ਵੈਟ ਦੀ ਰਕਮ ਰਿਲੀਜ਼ ਕੀਤੀ ਗਈ ਸੀ । ਹੁਣ ਉਥੇ ਨਕਸ਼ੇ ਪਾਸ ਨਹੀਂ ਕੀਤੇ ਜਾ ਰਹੇ। ਉਸਾਰੀਆਂ ਢਾਹੀਆਂ ਜਾ ਰਹੀਆਂ ਹਨ, ਹਾਹਾਕਾਰ ਮਚੀ ਹੋਈ ਹੈ ਅਤੇ ਲੋਕ ਬੜੇ ਪਰੇਸ਼ਾਨ ਹਨ। ਚੰਡੀਗੜ੍ਹ ਵਿਖੇ ਬਾਦਲ ਸਾਹਿਬ ਦੀ ਕੋਠੀ ਤੇ ਧਰਨਾ ਮਾਰਨ ਦੌਰਾਨ ਬਾਦਲ ਸਾਹਿਬ ਨੇ ਵਿਸ਼ਵਾਸ ਦਿਵਾਇਆ ਸੀ ਕਿ ਚੰਦ ਮਹੀਨਿਆਂ ਬਾਅਦ ਨਕਸ਼ੇ ਪਾਸ ਕਰਨੇ ਸ਼ੁਰੂ ਕਰ ਦਿੱਤੇ ਜਾਣਗੇ। ਕਿਰਪਾ ਕਰਕੇ ਮੁੱਖ ਮੰਤਰੀ ਸਾਹਿਬ ਬਿਆਨ ਦੇਣ ਦੀ ਮਿਹਰਬਾਨੀ ਕਰਨ ਕਿ ਉਥੇ ਨਕਸ਼ੇ ਪਾਸ ਕਰਨੇ ਕਦੋਂ ਸ਼ੁਰੂ ਕੀਤੇ ਜਾਣਗੇ ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸਪੀਕਰ ਸਾਹਿਬ, ਜੱਟਾਂ ਦੀ ਪੇਮੈਂਟ ਦਾ ਸਵਾਲ ਲਗਾਇਆ ਸੀ। ਤੁਸੀਂ ਉਸ ਨੂੰ ਕੋਈ ਟਾਈਮ ਬਾਊਂਡ

ਨਹੀਂ ਕੀਤਾ। ਨਾ ਤਾਂ ਜੱਟਾਂ ਨੂੰ ਝੋਨੇ ਦੀ ਪੇਮੈਂਟ ਮਿਲਦੀ ਹੈ ਤੇ ਨਾ ਹੀ ਗੰਨੇ ਦੇ ਪੈਸੇ ਮਿਲਦੇ ਹਨ। ਧੱਕਾ ਹੋ ਰਿਹਾ ਹੈ। ਕੱਲ੍ਹ ਤੁਸੀਂ ਗਰੀਬਾਂ ਦਾ ਸਵਾਲ ਵੀ ਅੱਗੇ ਪਾ ਦਿੱਤਾ ਸੀ। ਪਤਾ ਲਗਣਾ ਚਾਹੀਦਾ ਹੈ ਕਿ ਜਵਾਬ ਦੇਣਾ ਹੈ ਜਾਂ ਨਹੀਂ ਦੇਣਾ।

**ਮਾਨਯੋਗ ਸਪੀਕਰ :** ਤੁਹਾਡੇ ਸਵਾਲ ਆ ਗਏ ਹਨ, ਅਸੀਂ ਲਗਾਵਾਂਗੇ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸਪੀਕਰ ਸਾਹਿਬ, 25 ਤਾਰੀਖ ਤੱਕ ਤਾਂ ਸੈਸ਼ਨ ਹੈ। ਇਹ ਗਲਤ ਗੱਲ ਹੈ। ਪੇਮੈਂਟ ਕਦੋਂ ਹੋਣੀ ਹੈ, ਤੁਸੀਂ ਇਸ ਨੂੰ ਟਾਈਮ ਬਾਊਂਡ ਤਾਂ ਕਰੋ। (..ਵਿਘਨ)..

**ਮਾਨਯੋਗ ਸਪੀਕਰ :** ਕੁਐਸਚਨ ਆਵਰ ਤਾਂ ਲੰਘ ਗਿਆ ਹੈ। ਮੈਂ ਐਕਸਟੈਂਸ਼ਨ ਦੇ ਚੁੱਕਾ ਹਾਂ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਕੁਐਸਚਨ ਆਵਰ ਤਾਂ ਲੰਘ ਗਿਆ ਹੈ ਜੀ ਪਰ ਦੱਸੋ ਕਿ ਪੇਮੈਂਟ ਕਦੋਂ ਹੋਣੀ ਹੈ। ਇਹ ਸਾਰੇ ਪਾਸੇ ਹੀ ਗਲਤ ਹੋ ਰਿਹਾ ਹੈ। (ਵਿਘਨ. .. ਸ਼ੋਰ..) ਕਿਸਾਨਾਂ ਦੀ ਪੇਮੈਂਟ ਡੱਕੀ (ਰੋਕੀ) ਪਈ ਹੈ। ਸਰਕਾਰ ਜਾਗੇ ਤਾਂ ਸਹੀ। ਦੱਸੋ, ਪੇਮੈਂਟ ਕਦੋਂ ਹੋਵੇਗੀ ?

**ਮਾਨਯੋਗ ਸਪੀਕਰ :** ਹਾਂ ਜੀ, ਚੀਮਾ ਸਾਹਿਬ, ਤੁਸੀਂ ਦੱਸੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਕਿਸਾਨਾਂ ਦੀ ਪੇਮੈਂਟ ਨਾ ਹੋਣ ਦੇ ** ** ਨਾਅਰੇ ਮਾਰਨ ਲੱਗ ਪਏ ਅਤੇ ਨਾਅਰੇ ਮਾਰਦੇ ਹੋਏ ਵੈੱਲ ਆਫ ਦੀ ਹਾਊਸ ਵਿਚ ਆ ਕੇ ਖੜ੍ਹੇ ਹੋ ਗਏ।)

**ਮਾਨਯੋਗ ਸਪੀਕਰ :** ਸੀ.ਐਮ. ਸਾਹਿਬ ਖੜ੍ਹੇ ਹਨ, ਉਨ੍ਹਾਂ ਨੂੰ ਸੁਣ ਲਵੋ। ਆਪਣੀਆਂ ਸੀਟਾਂ ਤੇ ਜਾਉ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਚਲੇ ਗਏ।)

**ਮੁੱਖ ਮੰਤਰੀ :** ਮੈਂ ਹਾਊਸ ਤੋਂ ਵੀ ਖਿਮਾ ਮੰਗਦਾ ਹਾਂ, ਸਪੀਕਰ ਸਾਹਿਬ

---

**Expunged as ordered by the Chair.

[ ਮੁੱਖ ਮੰਤਰੀ ]

ਤੋਂ ਵੀ ਖਿਮਾ ਮੰਗਦਾ ਹਾਂ ਕਿ ਮੈਨੂੰ ਹਾਊਸ ਵਿੱਚ ਆਉਣ ਤੋਂ ਦੇਰੀ ਹੋ ਗਈ । ਮੈਂ ਕੁਐਸਚਨ ਵੀ ਪੂਰੀ ਤਰ੍ਹਾਂ ਸਮਝਿਆ ਨਹੀਂ ਸਾਂ, ਹੁਣ ਪੂਰੀ ਤਰ੍ਹਾਂ ਸਮਝਿਆ ਹਾਂ। ਇਹ ਸਰਕਾਰ ਜਿਹੜੀ ਹੈ, ਇਹ ਕਿਸਾਨਾਂ ਦੇ ਹਿਤਾਂ ਨੂੰ ਸਭ ਤੋਂ ਪਹਿਲ ਦਿੰਦੀ ਹੈ। (ਥੰਪਿੰਗ) ਮੈਂ ਤੁਹਾਨੂੰ ਵਿਸ਼ਵਾਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਇਹ ਸਕੀਮ ਬਣਾਈ ਹੈ ਕਿ ਜਿਸ ਤਰ੍ਹਾਂ ਕਣਕ ਤੇ ਝੋਨੇ ਦੀ ਪ੍ਰਾਈਸ ਦਿੱਤੀ ਜਾਂਦੀ ਹੈ, ਜਦੋਂ ਕੋਈ ਕਿਸਾਨ ਸਪਲਾਈ ਕਰਦਾ ਹੈ, ਉਸੇ ਤਰ੍ਹਾਂ ਗੰਨੇ ਦੀ ਸਪਲਾਈ ਨੂੰ ਪੈਸੇ ਦਿੱਤੇ ਜਾਣਗੇ । ਬਜਟ ਹਾਲੇ ਆਉਣਾ ਹੈ, ਮੈਂ ਉਸ ਦੀ ਗੱਲ ਨਹੀਂ ਕਰ ਸਕਦਾ। ਲੇਕਿਨ ਇਸ ਸਾਲ 600 ਕਰੋੜ ਰੁਪਏ ਦੇ ਕਰੀਬ, ਅਸੀਂ ਇਸ ਗੱਲ ਵਾਸਤੇ ਰੱਖਿਆ ਹੈ ਕਿ ਗੰਨੇ ਦੇ ਕਾਸ਼ਤਕਾਰ ਨੂੰ ਕੋਈ ਤਕਲੀਫ ਨਾ ਹੋਵੇ । (ਥੰਪਿੰਗ) ਮੈਂ ਹਾਊਸ ਨੂੰ ਐਸ਼ਿਓਰ ਕਰਦਾ ਹਾਂ ਕਿ ਇਹ ਸਾਡੇ ਲਈ ਬਹੁਤ ਅਹਿਮ ਹੈ ਕਿ ਗੰਨੇ ਦੀ ਕੀਮਤ ਕਿਸਾਨਾਂ ਨੂੰ ਮੌਕੇ ਤੇ ਮਿਲੇ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਗੱਲ ਇਹ ਹੈ ਕਿ ਇਹ ਜਿਹੜੀ 600 ਕਰੋੜ ਰੁਪਏ ਦੀ ਗੱਲ ਕਰਦੇ ਹਨ, ਇਹ ਦੋ ਸਾਲ ਦਾ ਹੈ ਜਾਂ ਇੱਕ ਸਾਲ ਦਾ ਹੈ, ਇੱਕ ਤਾਂ ਇਹ ਇਸ ਬਾਰੇ ਜਵਾਬ ਦੇ ਦੇਣ । ਦੂਸਰੀ ਗੱਲ ਇਹ ਹੈ ਕਿ ਸਰਕਾਰ ਨੇ ਬੜਾ ਅੱਛਾ ਉਪਰਾਲਾ ਕੀਤਾ ਹੈ, ਟੈਕਸ ਲਗਾਉਣ ਦਾ। ਲੇਕਿਨ ਇਹ ਉਦੋਂ ਕੀਤਾ ਕਿ ਜਦੋਂ ਸੀਜ਼ਨ ਬੰਦ ਹੋਣ ਵਾਲਾ ਹੈ ਤੇ ਅਸੀਂ ਪੰਜਾਹ-ਸੱਠ ਪਰਸੈਂਟ ਚੀਨੀ ਵੇਚ ਬੈਠੇ ਹਾਂ । ਸੀ. ਐਮ. ਸਾਹਿਬ ਗੱਲ ਕਰ ਰਹੇ ਹਨ । ਮੈਂ ਯੂ. ਪੀ. ਦੀ ਗੱਲ ਦੱਸਣਾ ਚਾਹੁੰਦਾ ਹਾਂ । ਉਥੇ ਮੁੱਖ ਮੰਤਰੀ ਸਾਹਿਬ ਨੇ ਰੇਟ ਅਨਾਊਂਸ ਕੀਤਾ ਹੈ । ਉਸ ਨੇ ਦੱਸਿਆ ਹੈ ਕਿ ਚੀਨੀ ਦੇ ਭਾਅ ਡਾਊਨ ਜਾ ਰਹੇ ਹਨ ਤੇ 40/- ਰੁਪਏ ਕੁਇੰਟਲ ਸਰਕਾਰ ਨੇ ਕਿਸਾਨ ਨੂੰ ਦਿੱਤਾ ਹੈ । ਮਿੱਲ ਨੂੰ ਕਿਹਾ ਹੈ ਕਿ ਤੁਹਾਨੂੰ ਦੇਣ ਦੀ ਲੋੜ ਨਹੀਂ। ਉਥੇ ਚਾਹੇ ਪ੍ਰਾਈਵੇਟ ਹੋਵੇ ਤੇ ਚਾਹੇ ਕੋਆਪ੍ਰੇਟਿਵ ਹੋਵੇ । ਕੋਆਪ੍ਰੇਟਿਵ ਦੀ ਤਾਂ ਤੁਸੀਂ ਗੱਲ ਕਰ ਦਿੱਤੀ ਪਰ ਜਿਹੜਾ ਪ੍ਰਾਈਵੇਟ ਹੈ, ਉਸ ਦੇ ਪੈਸੇ ਕੌਣ ਦੇਵੇਗਾ ?

(ਇੱਕ ਅਵਾਜ਼ : ਤੁਸੀਂ ਦਿਓਗੇ ।)

**ਰਾਣਾ ਗੁਰਜੀਤ ਸਿੰਘ :** ਕਿਉਂ ਦੇਈਏ ? ਰੇਟ ਤਾਂ ਇਹ ਅਨਾਊਂਸ

ਕਰਨ । ਜੇ ਮੁੱਖ ਮੰਤਰੀ ਸਾਹਿਬ ਨੇ ਰੇਟ ਅਨਾਊਂਸ ਕਰਨਾ ਹੈ ਤਾਂ ਫਿਰ ਪੈਸੇ ਵੀ ਮੁੱਖ ਮੰਤਰੀ ਸਾਹਿਬ ਦੇਣਗੇ । (ਵਿਘਨ) (ਸ਼ੋਰ) ਇਹ ਨਹੀਂ ਕਿ ਪ੍ਰਾਈਵੇਟ ਮਿੱਲਾਂ ਜੇ ਘਾਟੇ ਵਿੱਚ ਜਾ ਰਹੀਆਂ ਹਨ ..........

(ਇਸ ਸਮੇਂ ਸਦਨ ਵਿੱਚ ਸਥਾਨਕ ਸਰਕਾਰ ਮੰਤਰੀ, ਸ਼੍ਰੀ ਅਨਿਲ ਜੋਸ਼ੀ ਬਿਨਾ ਇਜਾਜ਼ਤ ਬੋਲ ਰਹੇ ਸਨ ।)

**ਰਾਣਾ ਗੁਰਜੀਤ ਸਿੰਘ :** ਜੋਸ਼ੀ ਜੀ, ਮੇਰੀ ਇੱਕ ਗੱਲ ਸੁਣ ਲਈਂ, ਕੱਲ੍ਹ ਤੇਰੀ ** ** ਵਾਲੀ ਗੱਲ ਬੜੀ ਕੀਤੀ ਗਈ ਹੈ । ਜੇ ਹਿੰਮਤ ਹੈ ਤਾਂ ਉਠ ਕੇ ਕਹਿ ਫਿਰ, ** ** । ਬੋਲੀ ਜਾਂਦੇ ਹੋ । (ਵਿਘਨ) (ਸ਼ੋਰ) ਚਲੋ ਮੈਂ ਉਸ ਤੇ ਆ ਜਾਂਦਾ ਹੈ । ਪ੍ਰਾਈਵੇਟ ਮਿੱਲਾਂ ਨੂੰ ਮਾਰੋ ਗੋਲੀ । ** ** (ਵਿਘਨ)

25/12 ਤੋਂ ਕੋਆਪ੍ਰੇਟਿਵ ਮਿੱਲਾਂ ਨੇ ਵੀ ਪੈਸੇ ਨਹੀਂ ਦਿੱਤੇ । ਅੱਜ ਮੁੱਖ ਮੰਤਰੀ ਸਾਹਿਬ ਨੂੰ ਮੈਗਨਾਨੀਮਿਟੀ ਦਿਖਾਉਣੀ ਚਾਹੀਦੀ ਹੈ । ਵੇਖੋ ਯੂ. ਪੀ. ਦੀ ਸਰਕਾਰ ਹੈ । ਇੱਕ ਬੰਨੇ ਤੋਂ ਚੱਲ ਪਓ । ਪੰਜਾਬ, ਹਰਿਆਣਾ, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕਿਸੇ ਸਟੇਟ ਦੀ ਸਰਕਾਰ ਨੇ ਗੰਨੇ ਦੇ ਕਾਸ਼ਤਕਾਰ ਦੀ ਮਦਦ ਨਹੀਂ ਕੀਤੀ । ਪੰਜਾਬ ਨੇ ਵੀ ਨਹੀਂ ਕੀਤੀ । ਇੱਕ ਕੇਵਲ ਮੁਲਾਇਮ ਸਿੰਘ ਹੈ, ਜਿਸ ਨੇ 40/- ਰੁਪਏ ਕੁਇੰਟਲ ਕਿਸਾਨ ਨੂੰ ਦੇਣ ਦੀ ਗੱਲ ਕੀਤੀ । ਕੀ ਤੁਸੀਂ ਕਿਸਾਨ ਦੇ ਹਮਾਇਤੀ ਹੋ ? ਜੇ ਹੋ ਤਾਂ ਫਿਰ 40/- ਰੁਪਏ ਅਨਾਊਂਸ ਕਰੋ । 25/12 ਤੋਂ ਪੇਮੈਂਟ ਨਹੀਂ ਹੋਈ, ਇਸ ਬਾਰੇ ਇਮੀਜੀਏਟਲੀ ਅਨਾਊਂਸ ਕੀਤਾ ਜਾਵੇ ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਥੋੜ੍ਹੇ ਦਿਨ ਪਹਿਲਾਂ ਮੈਨੂੰ ਇਹ ਜਿਹੜੇ ਪ੍ਰਾਈਵੇਟ ਸ਼ੂਗਰ ਮਿੱਲ ਹਨ, ਉਨ੍ਹਾਂ ਦੇ ਸਾਰੇ ਮਾਲਕ ਮਿਲੇ ਸਨ । ਉਨ੍ਹਾਂ ਦਾ ਜਿਹੜਾ ਸਪੋਕਸਮੈਨ ਸੀ, ਉਹ ਇਨ੍ਹਾਂ ਦਾ ਬੇਟਾ ਸੀ । ਤੁਹਾਡਾ ਪੁੱਤਰ ਸੀ । ਖਬਰੇ, ਤੁਹਾਡੀ ਆਪਸ ਵਿੱਚ ਬੋਲਚਾਲ ਹੈ ਜਾਂ ਨਹੀਂ ਹੈ । (ਹਾਸਾ) ਜੇ ਤੁਸੀਂ ਉਨ੍ਹਾਂ ਤੋਂ ਪੁੱਛ ਲੈਂਦੇ ਤਾਂ ਤੁਸੀਂ ਮੇਰਾ ਧੰਨਵਾਦ ਕਰਨਾ ਸੀ । ਸਾਰੇ ਮਿੱਲ ਮਾਲਕਾਂ ਨੇ ਮੇਰੇ ਨਾਲ ਦੋ ਘੰਟੇ ਗੱਲਾਂ ਕੀਤੀਆਂ, ਹਾਲਾਂਕਿ ਮੈਂ ਟਾਈਮ ਫਿਕਸ ਨਹੀਂ ਕੀਤਾ ਸੀ ਲੇਕਿਨ ਉਹ ਆ ਗਏ ਤੇ ਮੈਂ ਉਨ੍ਹਾਂ ਨਾਲ ਦੋ ਘੰਟੇ ਡਿਸਕਸ ਕੀਤਾ । ਸਾਰੇ ਅਫਸਰ ਬੁਲਾਏ । ਅੱਜ ਤੱਕ ਨਹੀਂ ਹੋਇਆ ਕਿ ਕਿਸੇ ਨੂੰ ਕੈਬਨਿਟ ਮੀਟਿੰਗ ਵਿੱਚ ਬੁਲਾਇਆ ਗਿਆ ਹੋਵੇ । ਅਸੀਂ ਉਨ੍ਹਾਂ ਨੂੰ, ਤੁਹਾਡੇ ਸਪੁੱਤਰ ਨੂੰ ਉਥੇ ਬੁਲਾਇਆ । ਸਿਰ ਤਾਂ ਹਿਲਾ ਦਿਆ ਕਰੋ ।

**Expunged as ordered by the Chair.

**ਸਰਦਾਰ ਰਣਦੀਪ ਸਿੰਘ (ਬੈਠੇ-ਬੈਠੇ) :** ਤੁਹਾਡਾ ਪੋਤਰਾ ਹੀ ਹੈ ।

**ਮੁੱਖ ਮੰਤਰੀ :** ਮੈਂ ਤਾਂ ਮੰਨਦਾ ਹਾਂ, ਮੇਰਾ ਪੋਤਰਾ ਹੈ ਪਰ ਇਹ ਨਹੀਂ ਮੰਨਦੇ । ਮੇਰਾ ਪੋਤਰਾ ਹੈ । ਉਹ ਤਾਂ ਬਿਲਕੁਲ ਤਸੱਲੀ ਨਾਲ ਗਏ ਹਨ । ਜਿਹੜੇ ਕਦਮ ਉਨ੍ਹਾਂ ਨੇ ਚੁੱਕਣ ਲਈ ਕਿਹਾ, ਅਸੀਂ ਚੁੱਕੇ ਹਨ । (ਥੰਪਿੰਗ)

**ਉਪ ਮੁੱਖ ਮੰਤਰੀ :** ਪਹਿਲੀ ਵਾਰ ਆਏ ਸਨ ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ .....(ਵਿਘਨ)....

**ਮਾਨਯੋਗ ਸਪੀਕਰ :** ਰਾਣਾ ਜੀ, ਆਪਾਂ ਕਹਿ ਤਾਂ ਲਿਆ ਹੈ।

**ਰਾਣਾ ਗੁਰਜੀਤ ਸਿੰਘ :** ਸਰ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੱਕ ਤਾਂ ਜਿਹੜੀ 25/12 ਤੋਂ ਪੈਂਡਿੰਗ ਪੇਮੈਂਟ ਹੈ, ਉਹ ਇਮੀਜੇਟਲੀ ਰਿਲੀਜ਼ ਹੋਣੀ ਚਾਹੀਦੀ ਹੈ। ਦੂਸਰੀ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਆਪਾਂ ਪ੍ਰਾਈਵੇਟ ਨੂੰ ਅਤੇ ਕੋਆਪ੍ਰੇਟਿਵ ਨੂੰ ਇਸ ਤਰ੍ਹਾਂ ਨਾ ਵੰਡੀਏ। ਆਫਟਰ ਆਲ ਕਿਸਾਨ ਦਾ ਪੈਸਾ ਪ੍ਰਾਈਵੇਟ ਨੇ ਵੀ ਦੇਣਾ ਹੈ ਅਤੇ ਕੋਆਪ੍ਰੇਟਿਵ ਨੇ ਵੀ ਦੇਣਾ ਹੈ। ਵੇਚ ਕੇ ਮਾਰਕੀਟ ਭਾਅ ਤੇ ਦੇਣਾ ਹੈ। ਜੇ ਕਿਹਾ ਜਾਵੇ ਕਿ ਘਾਟੇ ਖਾ ਕੇ ਦੇਣਗੇ ਤਾਂ ਬੜਾ ਮੁਸ਼ਕਲ ਹੋ ਜਾਵੇਗਾ। ਵੱਧ ਤੋਂ ਵੱਧ ਅੰਦਰ ਕਰ ਦਿਓਗੇ, ਇਸ ਤੋਂ ਅੱਗੇ ਕੁਝ ਨਹੀਂ ਹੋਣਾ। ਮੈਂ ਦੂਸਰੀ ਗੱਲ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੂੰ ਗੰਭੀਰ ਹੋਣਾ ਚਾਹੀਦਾ ਹੈ। ਜੋਸ਼ੀ ਜੀ ਦਾ ਸਬਜੈਕਟ ਹੈ ਨਹੀਂ, ਉਠ ਪੈਂਦੇ ਹਨ ਬੋਲਣ ਲਈ, ਇਸ ਤਰ੍ਹਾਂ ਨਹੀਂ ਬੋਲਣਾ ਚਾਹੀਦਾ .....(ਵਿਘਨ)..... ਸਰ, ਦੂਸਰੀ ਗੱਲ। ਇਹ ਲੰਬੀ ਪਰਾਬਲਮ ਹੈ। ਇਹ ਇਸ ਸਾਲ ਦੀ ਗੱਲ ਨਹੀਂ। ਆਉਣ ਵਾਲੇ 2-3 ਸਾਲ ਇਹੀ ਹਾਲ ਰਹੇਗਾ। ਉਸ ਦੇ ਲਈ ਸਰਕਾਰ ਦੱਸੇ ਕਿ ਕੀ ਪ੍ਰਬੰਧ ਕੀਤੇ ਹਨ ਅਤੇ ਕੀ ਪ੍ਰਬੰਧ ਕਰਨਗੇ ?

**ਮਾਨਯੋਗ ਸਪੀਕਰ :** ਸਰਦਾਰ ਮਹੇਸ਼ਇੰਦਰ ਸਿੰਘ ਜੀ।

**ਰਾਣਾ ਗੁਰਜੀਤ ਸਿੰਘ :** ਡੇਅਲੀ ਵੇਜਿਜ਼ ਤੇ ਸਰਕਾਰ ਨਾ ਚਲਾਓ ....(ਵਿਘਨ)....

**ਸਰਦਾਰ ਰਣਦੀਪ ਸਿੰਘ :** ਸਰ, ਪੇਮੈਂਟ ਤਾਂ ਦੱਸ ਦਿਓ। 25/12 ਤੋਂ ਪੇਮੈਂਟ ਖੜ੍ਹੀ ਹੈ ...(ਵਿਘਨ)....

**ਸਰਦਾਰ ਮਹੇਸ਼ਇੰਦਰ ਸਿੰਘ :** ਸਪੀਕਰ ਸਾਹਿਬ, ਇੱਕ ਬਹੁਤ ਹੀ

....(ਵਿਘਨ).... ਬੈਠ ਜਾਓ ਯਾਰ, ਬੈਠ ਜਾਓ ...(ਵਿਘਨ)....ਸਪੀਕਰ ਸਾਹਿਬ, ਇੱਕ ਬਹੁਤ ਚਿੰਤਾਜਨਕ ਵਿਸ਼ਾ ਹੈ, ਜੋ ਮੈਂ ਤੁਹਾਡੇ ਰਾਹੀਂ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਇੱਕ ਅੱਜ ਦੇ ਟ੍ਰਿਬਿਊਨ ਅਖਬਾਰ ਦੀ ਖਬਰ ਛਾਇਆ ਹੋਈ ਹੈ .....(ਵਿਘਨ)... ਡਿਸਟ੍ਰਿਕਟ ਮੋਗਾ ਦੇ ਮੁਤੱਲਕ .....(ਵਿਘਨ).... ਭਰਾ, ਬਹੁਤ ਰੌਲਾ ਪੈ ਗਿਆ, ਬੈਠ ਜਾਵੋ।

ਸਪੀਕਰ ਸਾਹਿਬ, ਇੱਕ ਬਹੁਤ ਹੀ ਚਿੰਤਾਜਨਕ ਵਿਸ਼ਾ ਹੈ। ਅੱਜ ਦੇ ਟ੍ਰਿਬਿਊਨ ਅਖਬਾਰ ਦੀ ਮੋਗਾ ਡਿਸਟ੍ਰਿਕਟ ਦੇ ਮੁਤੱਲਕ ਖਬਰ ਹੈ। ਉਥੇ ਵਾਟਰ ਐਂਡ ਸੈਨੀਟੇਸ਼ਨ ਡਿਪਾਰਟਮੈਂਟ ਨੇ ਪਾਣੀ ਦੇ ਸੈਂਪਲ ਲਏ ਹਨ। ਉਥੇ 337 ਪਿੰਡ ਮੋਗਾ ਜ਼ਿਲ੍ਹੇ ਦੇ ਹਨ। 252 ਪਿੰਡਾਂ ਦੇ ਸੈਂਪਲ ਲਏ ਔਰ 150 ਪਿੰਡਾਂ ਦੇ ਪਾਣੀ ਵਿੱਚ ਯੂਰੇਨੀਅਮ ਅਤੇ ਹੈਵੀ ਮੈਟਲ ਪਾਏ ਗਏ ਹਨ, ਜਿਹੜੇ ਕੈਂਸਰ ਦੀ ਇੱਕ ਵਜ੍ਹਾ ਬਣਦੇ ਹਨ। ਮੈਂ ਪਹਿਲਾਂ ਵੀ ਕਾਲ ਅਟੈਨਸ਼ਨ ਰਾਹੀਂ ਹਾਊਸ ਨੂੰ ਬੇਨਤੀ ਕੀਤੀ ਸੀ। ਤੁਸੀਂ ਮੈਨੂੰ ਸਮਾਂ ਦਿੱਤਾ ਸੀ, ਤੁਹਾਡਾ ਧੰਨਵਾਦ। ਉਸ ਵਿੱਚ ਬਹੁਤ ਸਾਰੇ ਉਪਰਾਲੇ ਡਿਪਟੀ ਸੀ.ਐਮ. ਸਾਹਿਬ ਨੇ ਕੀਤੇ ਸਨ । ਜਿਹੜੇ ਪਿੰਡਾਂ ਵਿੱਚ ਆਰ.ਓ. ਲੱਗਣੇ ਰਹਿੰਦੇ ਸਨ, ਇਨ੍ਹਾਂ ਨੇ ਲਗਾ ਦਿੱਤੇ। ਇਨ੍ਹਾਂ ਦਾ ਧੰਨਵਾਦ। ਲੇਕਿਨ ਅੱਜ ਜਿਹੜਾ ਚਿੰਤਾ ਦਾ ਵਿਸ਼ਾ ਹੈ, ਉਹ ਇਹ ਹੈ ਕਿ ਜਿਹੜਾ ਵਾਟਰ ਸਪਲਾਈ ਐਂਡ ਸੈਨੀਟੇਸ਼ਨ ਡਿਪਾਰਟਮੈਂਟ ਹੈ, ਇਸ ਦੇ ਸੈਂਪਲ ਲੈਣ ਤੋਂ ਬਾਅਦ 150 ਪਿੰਡਾਂ ਵਿੱਚ ਇਸ ਤਰ੍ਹਾਂ ਦੇ ਤੱਤ ਪਾਏ ਗਏ। 35 ਪਿੰਡ ਐਸੇ ਹਨ, ਜਿਸ ਵਿੱਚ ਆਇਰਨ ਕੰਟੈਂਟ ਪਾਏ ਗਏ ਹਨ। ਇਸ ਤੋਂ ਇਲਾਵਾ ਕੁਝ ਪਿੰਡ ਐਸੇ ਹਨ, ਜਿਨ੍ਹਾਂ ਬਾਰੇ ਰਿਕਾਰਡ ਦੱਸਦਾ ਹੈ ਕਿ ਪਿਛਲੇ 10 ਸਾਲਾਂ ਵਿੱਚ ਉਥੇ 2000 ਕੈਜ਼ੂਐਲਟੀਜ਼ ਡਿਊ ਟੂ ਕੈਂਸਰ ਅਤੇ ਪਾਣੀ ਦੀ ਬਿਮਾਰੀ ਕਰਕੇ ਹੋਈਆਂ ਹਨ। ਉਦੋਂ ਮੈਂ ਹਾਊਸ ਨੂੰ ਤੁਹਾਡੇ ਰਾਹੀਂ ਕਾਲ ਅਟੈਨਸ਼ਨ ਰਾਹੀਂ ਵੀ ਬੇਨਤੀ ਕੀਤੀ ਸੀ ਕਿ ਸਭ ਤੋਂ ਜ਼ਿਆਦਾ ਮਾਲਵਾ ਏਰੀਆ ਕੈਂਸਰ ਦੀ ਗ੍ਰਿਫਤ ਵਿੱਚ ਆਇਆ ਹੈ। ਉਸ ਮਾਲਵੇ ਵਿੱਚੋਂ ਮੋਗਾ ਜ਼ਿਲ੍ਹੇ ਵਿੱਚ ਕੈਜ਼ੂਐਲਟੀ ਦੀ ਇੰਤਹਾ ਹੋ ਚੁੱਕੀ ਹੈ। ਮੋਗਾ ਜ਼ਿਲ੍ਹੇ ਵਿੱਚੋਂ ਇੱਕ ਬਾਘਾਪੁਰਾਣਾ ਕਾਂਸਟੀਚਿਊਂਸੀ ਵਿੱਚ ਕਸਬਾ ਬਾਘਾਪੁਰਾਣਾ ਐਸਾ ਹੈ, ਜਿਸ ਵਿੱਚ ਸਭ ਤੋਂ ਵੱਧ ਮੌਤਾਂ ਹੋਈਆਂ ਹਨ। ਮੇਰੀ ਉਸ ਕਾਲ ਅਟੈਨਸ਼ਨ ਰਾਹੀਂ ਹਾਊਸ ਨੂੰ ਤੁਹਾਡੇ ਰਾਹੀਂ ਬੇਨਤੀ ਸੀ ਕਿ ਪਿਛਲੇ 10 ਸਾਲਾਂ ਵਿੱਚ ਤਕਰੀਬਨ ਡੇਢ-ਪੌਣੇ ਦੋ ਸੌ ਔਰਤਾਂ ਅਤੇ ਮਰਦ ਕੈਂਸਰ ਕਰਕੇ, ਕਿਡਨੀ ਫੇਲ੍ਹ ਹੋਣ ਕਰਕੇ, ਹਾਈਪਰਟੈਨਸ਼ਨ ਕਰਕੇ ਐਕਸਪਾਇਰ ਹੋ ਚੁੱਕੇ ਹਨ। ਉਸ ਵਿੱਚ ਸਰਕਾਰ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਬਾਘਾਪੁਰਾਣਾ ਵਿੱਚ ਪੰਜ

[ ਸਰਦਾਰ ਮਹੇਸ਼ਇੰਦਰ ਸਿੰਘ ]

ਆਰ.ਓ. ਲਗਾਏ ਹਨ, ਇਸ ਵਾਸਤੇ ਡਿਪਟੀ ਸੀ.ਐਮ. ਸਾਹਿਬ ਦਾ ਬਹੁਤ ਬਹੁਤ ਧੰਨਵਾਦ। ਲੇਕਿਨ ਅੱਜ ਮੇਰੀ ਤੁਹਾਡੇ ਰਾਹੀਂ ਸਰਕਾਰ ਨੂੰ ਗੁਜ਼ਾਰਿਸ਼ ਹੈ ਕਿ ਇੱਕ ਸਪੈਸ਼ਲ ਟੀਮ, ਹੈਲਥ ਡਿਪਾਰਟਮੈਂਟ ਦੀ ਜਾਵੇ, ਜੋ ਵਾਟਰ ਐਂਡ ਸੈਨੀਟੇਸ਼ਨ ਦੇ ਸੈਂਪਲ ਲਵੇ ਅਤੇ ਨਾਲ ਦੀ ਨਾਲ ਤੁਹਾਡੇ ਰਾਹੀਂ ਇਹ ਵੀ ਗੁਜ਼ਾਰਿਸ਼ ਹੈ ਕਿ ਇੱਕ ਬਹੁਤ ਅਹਿਮ ਡਾਕਟਰਾਂ ਦੀ ਟੀਮ ਉਥੇ ਭੇਜੀ ਜਾਵੇ । ਇਸ ਬਾਰੇ ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਉਸ ਟੀਮ ਨੂੰ ਉਥੇ ਭੇਜ ਕੇ ਟੋਟਲ ਚੈਕਅੱਪ ਕਰਵਾਈਏ ਕਿ ਕਿਨ੍ਹਾਂ ਕਾਰਨਾਂ ਕਰਕੇ ਉਨ੍ਹਾਂ ਪਿੰਡਾਂ ਅਤੇ ਉਸ ਕਸਬੇ ਵਿੱਚ ਕੈਂਸਰ ਦੀਆਂ ਜ਼ਿਆਦਾ ਕੈਜ਼ੂਐਲਟੀਜ਼ ਹੋ ਰਹੀਆਂ ਹਨ। ਇਹ ਮੇਰੀ ਗੁਜ਼ਾਰਿਸ਼ ਹੈ। ਧੰਨਵਾਦ ਜੀ।

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਤੁਹਾਡੇ ਜ਼ਰੀਏ ਸਾਡੇ ਸਤਿਕਾਰਯੋਗ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ। ਸਾਡਾ ਸੁਲਤਾਨਪੁਰ ਲੋਧੀ ਬੜਾ ਪਵਿੱਤਰ ਸ਼ਹਿਰ ਹੈ ...

**ਮਾਨਯੋਗ ਸਪੀਕਰ :** ਤੁਸੀਂ ਧਿਆਨ ਵਿੱਚ ਲਿਆਉਣਾ ਹੈ, ਪੁੱਛਣਾ ਨਹੀਂ। I cannot compel ਕਿ ਉਹ ਤੁਹਾਨੂੰ ਜਵਾਬ ਦੇਣ।

**ਸਰਦਾਰ ਨਵਤੇਜ ਸਿੰਘ ਚੀਮਾ :** ਸਰ, 2007 ਵਿੱਚ ਗੌਰਮਿੰਟ ਨੇ ਪਵਿੱਤਰ ਸ਼ਹਿਰ ਦੀ ਅਨਾਊਂਸਮੈਂਟ ਕੀਤੀ ਸੀ। ਅੱਜ 2015 ਹੋ ਗਿਆ ਹੈ ਜੀ। ਸਾਰੇ ਹਾਊਸ ਨੂੰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਇਹ ਸ਼ਹਿਰ ਸੰਬੰਧਿਤ ਹੈ, ਆਪਾਂ ਸਾਰੇ ਇਸ ਪਾਸੇ ਧਿਆਨ ਦੇਈਏ। ਸਾਰੀ ਦੁਨੀਆ ਤੋਂ ਉਥੇ ਲੱਖਾਂ ਲੋਕ ਗੁਰਦੁਆਰਾ ਬੇਰ ਸਾਹਿਬ ਦੇ ਦਰਸ਼ਨ ਕਰਨ ਆਉਂਦੇ ਹਨ ਪਰ ਜਦੋਂ ਆ ਕੇ ਉਥੋਂ ਦੀ ਹਾਲਤ ਵੇਖਦੇ ਹਨ ਤਾਂ ਉਹ ਉਥੋਂ ਬਹੁਤ ਮਾਯੂਸ ਹੋ ਕੇ ਜਾਂਦੇ ਹਨ । ਇਹ ਉਹ ਧਰਤੀ ਹੈ ਜਿਥੋਂ ਮੂਲ ਮੰਤਰ ਸ਼ੁਰੂ ਹੋਇਆ ਹੋਵੇ, ਗੁਰੂ ਨਾਨਕ ਦੇਵ ਸਾਹਿਬ ਜੀ ਦੀ ਧਰਤੀ ਹੋਵੇ, ਜਿਥੇ ਉਨ੍ਹਾਂ ਨੇ ਇੰਨਾ ਸਮਾਂ ਗੁਜ਼ਾਰਿਆ ਹੋਵੇ, ਉਸ ਸ਼ਹਿਰ ਦੀ ਇਹੋ ਜਿਹੀ ਹਾਲਤ ਹੈ। ਇਸ ਬਾਰੇ ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹੁਣ ਸਾਲ 2007 ਤੋਂ ਸਾਲ 2015 ਆ ਗਿਆ ਹੈ । ਮੇਰੀ ਬੇਨਤੀ ਹੈ ਕਿ ਸਾਡੇ ਪਵਿੱਤਰ ਸ਼ਹਿਰ ਦੀ ਇਹ ਮੰਗ ਕਦੋਂ ਪੂਰੀ ਕੀਤੀ ਜਾਵੇਗੀ ? ਉਸ ਸ਼ਹਿਰ ਦੀ ਸਜਾਵਟ ਲਈ, ਸੀਵਰੇਜ ਲਈ, ਸੜਕਾਂ ਲਈ ਤੇ ਹੋਰ ਜਿਹੜੀ ਚੀਜ਼ ਗੁਰਦੁਆਰਾ ਸਾਹਿਬ ਦੇ ਆਸ ਪਾਸ ਠੀਕ ਕਰਨ ਵਾਲੀ ਹੈ, ਮੇਰੀ ਬੇਨਤੀ ਹੈ ਕਿ ਇਸ ਨੂੰ

ਕਦੋਂ ਤੱਕ ਪੂਰਾ ਕੀਤਾ ਜਾਵੇਗਾ ? ਇਸ ਤੋਂ ਇਲਾਵਾ ਉਥੇ ਹਾਲੇ ਤੱਕ ਫਾਇਰ ਬ੍ਰਿਗੇਡ ਦੀ ਗੱਡੀ ਵੀ ਇੰਨੇ ਪਵਿੱਤਰ ਸ਼ਹਿਰ ਵਿਚ ਨਹੀਂ ਹੈ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਭਾਖੜਾ ਨਹਿਰ ਰਾਹੀਂ ਜਿਹੜੀਆਂ ਹੋਰ ਦੂਜੀਆਂ ਨਹਿਰਾਂ ਦੁਆਰਾ ਕਿਸਾਨਾਂ ਨੂੰ ਪਾਣੀ ਜਾ ਰਿਹਾ ਹੈ ਉਹ ਸਾਰੀਆਂ ਨਹਿਰਾਂ ਰੋਕ ਦਿੱਤੀਆਂ ਹਨ ਕਿਉਂਕਿ ਸਰਕਾਰ ਨੇ 50/- ਰੁਪਏ ਏਕੜ ਮੁਆਮਲਾ ਲਗਾਇਆ ਹੈ । ਮੈਂ ਕਹਿੰਦਾ ਹਾਂ ਕਿ ਇਹ ਪੈਸੇ ਲੈ ਲੈਣ । ਕਿਸਾਨ ਪੈਸੇ ਦੇਣ ਨੂੰ ਤਿਆਰ ਹਨ ਪਰ ਉਥੇ ਸਾਰੇ ਵਾਟਰ ਵਰਕਸ ਖਾਲੀ ਪਏ ਹਨ । ਤੁਸੀਂ ਸਾਡੇ ਸਰਦੂਲਗੜ੍ਹ ਹਲਕੇ ਦੀਆਂ ਜਿੰਨੀਆਂ ਨਹਿਰਾਂ ਹਨ, ਉਹ ਸਾਰੀਆਂ ਬੰਦ ਕਰ ਦਿੱਤੀਆਂ ਹਨ, ਕਿਸੇ ਪਿੰਡ ਨੂੰ ਪਾਣੀ ਨਹੀਂ ਜਾ ਰਿਹਾ ਤੇ ਸਾਰੇ ਵਾਟਰ ਵਰਕਸ ਬੰਦ ਪਏ ਹਨ ਔਰ ਕਿਸਾਨ ਵਿਚਾਰੇ ਚੀਕਾਂ ਮਾਰੀ ਜਾਂਦੇ ਹਨ । ਮੇਰੀ ਬੇਨਤੀ ਹੈ ਕਿ ਇਨ੍ਹਾਂ ਨੂੰ ਚਲਾਓ ਔਰ ਜਿਹੜਾ ਤੁਹਾਡਾ ਪਾਣੀ ਦਾ ਮੁਆਮਲਾ ਹੈ, ਉਹ ਤੁਸੀਂ ਫਿਕਸ ਅੱਪ ਕਰੋ । ਤੁਹਾਡੇ ਕੋਲ ਪਟਵਾਰੀ ਹੈ, ਕਾਨੂੰਨਗੋ ਹਨ, ਐਕਸੀਅਨ ਹਨ ਉਨ੍ਹਾਂ ਰਾਹੀਂ ਪੈਸੇ ਉਗਰਾਹੋ ਪਰ ਉਸ ਵਿਚ ਪਾਣੀ ਜ਼ਰੂਰ ਛੱਡ ਦਿਉ। ਪਾਣੀ ਬਿਲਕੁਲ ਬੰਦ ਪਿਆ ਹੈ।

**ਸ਼੍ਰੀਮਤੀ ਹਰਚੰਦ ਕੌਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦੀ ਹਾਂ ਕਿ ਇਕ ਘਨੌਰੀ ਕਲਾਂ ਪਿੰਡ ਜਿਹੜਾ ਕਿ ਮੇਰਾ ਆਪਣਾ ਪਿੰਡ ਹੈ, ਉਥੇ ਇਕ ਬੁੱਚੜਖਾਨਾ ਖੋਲ੍ਹਿਆ ਜਾ ਰਿਹਾ ਹੈ । ਉਥੇ ਸੀ.ਐਮ. ਸਾਹਿਬ ਸੰਗਤ ਦਰਸ਼ਨ ਕਰਕੇ ਆਏ ਸਨ ਤਾਂ ਇਨ੍ਹਾਂ ਨੇ ਕਿਹਾ ਸੀ ਕਿ ਇਥੇ ਬੁੱਚੜਖਾਨਾ ਨਹੀਂ ਬਣੇਗਾ । ਉਸ ਤੋਂ ਬਾਅਦ ਫਿਰ ਜਿਹੜੀ ਜਗ੍ਹਾ ਉਸ ਨੂੰ ਦਿੱਤੀ ਹੋਈ ਹੈ, ਉਥੇ ਉਨ੍ਹਾਂ ਨੇ ਫਿਰ ਬੁੱਚੜਖਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਅੱਜ ਮੇਰਾ ਖਿਆਲ ਹੈ ਕਿ ਉਥੇ ਲੋਕਾਂ ਨੂੰ ਮਰਨ ਵਰਤ ਤੇ ਬੈਠਿਆਂ ਇੱਕ ਮਹੀਨਾ ਹੋ ਗਿਆ ਹੈ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਉਹ ਬੁੱਚੜਖਾਨਾ ਬਣੇਗਾ ਤਾਂ ਵੀ ਸੀ.ਐਮ. ਦੱਸਣ ਅਤੇ ਜੇ ਨਹੀਂ ਬਣੇਗਾ ਤਾਂ ਵੀ ਦੱਸਣ ਕਿਉਂਕਿ ਇਸ ਵਿੱਚ ਲੋਕਾਂ ਦਾ ਪ੍ਰਦੂਸ਼ਣ ਆਦਿ ਨਾਲ ਬਹੁਤ ਨੁਕਸਾਨ ਹੁੰਦਾ ਹੈ। ਇਹ ਸਾਰਿਆਂ ਨੂੰ ਪਤਾ ਹੈ ਕਿ ਇਸ ਰਾਹੀਂ ਕਿੰਨਾ ਪਾਣੀ ਗੰਦਾ ਹੁੰਦਾ ਹੈ, ਕਿੰਨਾ ਸਾਰਾ ਪਾਣੀ ਖਰਾਬ ਹੋ ਜਾਂਦਾ ਹੈ। ਸੀ.ਐਮ. ਸਾਹਿਬ ਆਪ ਹੀ ਕਹਿ ਕੇ ਆਏ ਸਨ ਕਿ ਇਥੇ ਨਹੀਂ ਬਣੇਗਾ। ਅੱਜ ਫਿਰ ਉਥੇ ਲੋਕ ਮਰਨ ਵਰਤ ਤੇ ਬੈਠੇ ਹਨ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਬੀਬੀ ਜੀ ਦੇ ਪਿੰਡ ਵੀ ਗਿਆ ਸੀ ਪਰ ਬੀਬੀ ਜੀ ਨੇ ਦਰਸ਼ਨ ਨਹੀਂ ਦਿੱਤੇ, ਚਲੋ ਕੋਈ ਗੱਲ ਨਹੀਂ, ਇਹ ਤਾਂ ਇਨ੍ਹਾਂ ਦੀ ਮਰਜ਼ੀ ਹੈ। ਲੇਕਿਨ ਮੈਂ ਉਥੇ ਬਿਲਕੁਲ ਐਲਾਨ ਕੀਤਾ ਹੈ ਔਰ ਉਸ ਐਲਾਨ ਉਤੇ ਪੱਕਾ ਹਾਂ ਕਿ ਉਥੇ ਬੁੱਚੜਖਾਨਾ ਨਹੀਂ ਬਣੇਗਾ। (ਥੰਪਿੰਗ)

**ਸ਼੍ਰੀਮਤੀ ਹਰਚੰਦ ਕੌਰ :** ਸਪੀਕਰ ਸਾਹਿਬ, ਮੈਂ ਸੀ.ਐਮ.ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਇਹ ਵਿਸ਼ਵਾਸ ਦਿਵਾਇਆ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਦਿਨਾਂ ਵਿੱਚ ਪੰਜਾਬ ਵਿੱਚ ਕਈ ਥਾਵਾਂ ਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਖਾਸ ਤੌਰ ਤੇ ਜਿਥੋਂ ਮੈਂ ਐਮ.ਐਲ.ਏ.ਹਾਂ, ਪਿਛਲੀ ਰਾਤ ਉਥੇ ਬਹੁਤ ਵੱਡੇ ਲੈਵਲ ਉਤੇ ਗੜ੍ਹੇਮਾਰੀ ਹੋਈ ਹੈ। ਸਪੀਕਰ ਸਾਹਿਬ, ਉਸ ਨਾਲ ਕਿਸਾਨਾਂ ਦਾ ਤਕਰੀਬਨ 70-80 ਪਰਸੈਂਟ ਦਾ ਨੁਕਸਾਨ ਹੋਇਆ ਹੈ, ਜਿਹੜੀ ਰਾਤ ਗੜ੍ਹੇ ਮਾਰੀ ਹੋਈ ਹੈ, ਉਸ ਨਾਲ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਵੀ ਕਰਦਾ ਹਾਂ ਤੇ ਦੱਸਣਾ ਵੀ ਚਾਹੁੰਦਾ ਹਾਂ ਕਿ ਉਸ ਨੁਕਸਾਨ ਬਾਰੇ ਇੱਕ ਤਾਂ ਸਪੈਸ਼ਲ ਗਿਰਦਾਵਰੀ ਕਰਵਾਈ ਜਾਵੇ ਕਿਉਂਕਿ ਸਾਡੇ ਕੋਲ ਕੋਈ ਅਜਿਹੀ ਬੀਮਾ ਸਕੀਮ ਨਹੀਂ ਹੈ ਜਿਸ ਨਾਲ ਉਹ ਕਵਰ ਕੀਤਾ ਜਾ ਸਕੇ। ਅੱਜ ਇਸ ਹਾਊਸ ਵਿੱਚ ਪੰਜਾਬ ਦੇ ਸਾਰੇ ਕਿਸਾਨਾਂ ਵਾਸਤੇ ਇੱਕ ਯੋਗ ਮੁਆਵਜ਼ੇ ਦਾ ਐਲਾਨ ਕੀਤਾ ਜਾਵੇ ਕਿਉਂਕਿ ਅੱਜ ਕਿਸਾਨ ਭੁੱਬਾਂ ਮਾਰ ਮਾਰ ਕੇ ਰੋ ਰਿਹਾ ਹੈ । ਇਸ ਦੇ ਨਾਲ ਨਾਲ ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿੱਥੋਂ ਤੱਕ ਕਮੇਟੀ ਦੀਆਂ ਚੋਣਾਂ ਦਾ ਸੰਬੰਧ ਹੈ, ਅੱਜ ਸਰਹਿੰਦ ਚੋਣ ਹੋਣ ਜਾ ਰਹੀ ਹੈ ਤੇ ਉਥੇ ਸਾਡੇ ਸਾਰੇ ਮੈਂਬਰਾਂ ਨੂੰ ਥਰੈਟ ਕੀਤਾ ਗਿਆ ਹੈ ਕਿ ਤੁਹਾਨੂੰ ਉਥੇ ਪਹੁੰਚਣ ਨਹੀਂ ਦਿੱਤਾ ਜਾਵੇਗਾ..... ।

**ਮਾਨਯੋਗ ਸਪੀਕਰ :** ਨਹੀਂ ਜੀ, ਨਾਗਰਾ ਜੀ, ਅੱਗੇ ਧਿਆਨ ਦਿਵਾਊ ਮਤਾ ਆ ਰਿਹਾ ਹੈ, ਕੋਈ ਐਸੀ ਗੱਲ ਨਹੀਂ ਹੈ। ਤੁਸੀਂ ਸਿਰਫ ਇੱਕ ਮਸਲੇ ਬਾਰੇ ਹੀ ਗੱਲ ਕਰ ਸਕਦੇ ਹੋ। ਹਾਂ ਜੀ, ਸਿੱਧੂ ਸਾਹਿਬ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਉਥੇ ਤਿੰਨ ਵਜੇ ਚੋਣ ਹੋਣੀ ਹੈ ਤੇ ਮੈਂ ਤੁਹਾਨੂੰ ਦੱਸ ਕੇ ਜਾ ਰਿਹਾ ਹਾਂ । (ਵਿਘਨ)

**ਮਾਨਯੋਗ ਸਪੀਕਰ :** ਨਾਗਰਾ ਜੀ, ਬੈਠੋ। ਹਾਂ ਜੀ, ਸਰਦਾਰ ਬਲਬੀਰ ਸਿੰਘ ਸਿੱਧੂ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਾਡੇ ਉਤੇ ਅਟੈਕ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ । ਸਾਨੂੰ ਉਥੇ ਪਹੁੰਚਣ ਨਹੀਂ ਦਿੱਤਾ ਜਾਵੇਗਾ । ਇਸ ਕਰਕੇ ਸਾਡੀ ਸਿਕਿਓਰਟੀ ਦਾ ਇੰਤਜ਼ਾਮ ਕੀਤਾ ਜਾਵੇ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਜਿਹੜਾ ਪਹਿਲਾ ਮਸਲਾ ਹੈ, ਮੈਂ ਇਸ ਦਾ ਜਵਾਬ ਦੇ ਦੇਵਾਂ ਕਿਉਂਕਿ ਇਹ ਬਹੁਤ ਵੱਡਾ ਮਸਲਾ ਹੈ ਅਤੇ ਸਾਰੇ ਸੂਬੇ ਨਾਲ ਰਿਲੇਟਿਡ ਹੈ। ਜੇਕਰ ਮੈਂ ਇਸ ਦਾ ਜਵਾਬ ਨਾ ਦੇਵਾਂ ਤਾਂ ਕਲੈਰਿਟੀ ਨਹੀਂ ਆਉਣੀ। ਬਾਰਸ਼ਾਂ ਅਤੇ ਗੜ੍ਹੇਮਾਰੀ ਨਾਲ ਸੂਬੇ ਦੇ ਕਿਸਾਨਾਂ ਦਾ ਬਹੁਤ ਬੁਰਾ ਹਾਲ ਹੋਇਆ ਹੈ। ਇਹ ਜਿਹੜਾ ਨੁਕਸਾਨ ਹੋਇਆ ਹੈ, ਮੈਨੂੰ ਇਸ ਦਾ ਬਹੁਤ ਦੁੱਖ ਅਤੇ ਅਫ਼ਸੋਸ ਹੈ। ਅਸੀਂ ਸਾਰੇ ਡੀ.ਸੀਜ਼ ਨੂੰ ਹਦਾਇਤਾਂ ਕਰ ਦਿੱਤੀਆਂ ਹਨ ਕਿ ਉਹ ਸਪੈਸ਼ਲ ਗਿਰਦਾਵਰੀ ਕਰਨ ਕਿਉਂਕਿ ਜਦੋਂ ਅਜਿਹਾ ਨੁਕਸਾਨ ਹੁੰਦਾ ਹੈ, ਉਸ ਦਾ ਇਕੋ ਹੀ ਤਰੀਕਾ ਹੁੰਦਾ ਹੈ ਅਤੇ ਉਹ ਸਪੈਸ਼ਲ ਗਿਰਦਾਵਰੀ ਹੈ। ਇਹ ਗਿਰਦਾਵਰੀ ਹੋ ਰਹੀ ਹੈ ਅਤੇ ਕਾਨੂੰਨ ਮੁਤਾਬਿਕ ਜੋ ਬਣਦਾ ਮੁਆਵਜ਼ਾ ਹੈ, ਉਹ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਵੇਗਾ । (ਥੰਪਿੰਗ) ਲੇਕਿਨ ਮੈਨੂੰ ਇੱਕ ਗੱਲ ਦਾ ਅਫ਼ਸੋਸ ਹੈ, ਸ਼ਾਇਦ ਉਹ ਸਹੀ ਹੋਵੇ। ਇਹ ਪਹਿਲੀ ਸਰਕਾਰ ਵੇਲੇ ਦਾ ਕਾਨੂੰਨ ਚੱਲ ਰਿਹਾ ਹੈ ਕਿ ਜੇਕਰ ਸਾਰਾ ਨੁਕਸਾਨ ਹੋ ਜਾਵੇ ਤਾਂ 3500/- ਰੁਪਏ ਤੋਂ ਵੱਧ ਨਹੀਂ ਦੇਣੇ ਹਨ। ਅਸੀਂ ਆਪ ਵੀ 1500/- ਰੁਪਏ ਪਾਉਂਦੇ ਹਾਂ। ਇਸ ਲਈ ਇਸ ਬਾਰੇ ਐਗਰੀਕਲਚਰ ਮਨਿਸਟਰ ਅਤੇ ਹਾਇਰ ਅਥਾਰਟੀਜ਼ ਨੂੰ ਲਿਖਿਆ ਹੈ ਕਿ ਇਹ ਨੁਕਸਾਨ ਜ਼ਿਆਦਾ ਹੈ ਅਤੇ ਇਸ ਨਾਲ ਕੰਪਨਸੇਟ ਨਹੀਂ ਹੁੰਦਾ। ਸੋ, ਇਹ ਮੈਂ ਤੁਹਾਨੂੰ ਇਨਫਰਮੇਸ਼ਨ ਦੇਣੀ ਚਾਹੁੰਦਾ ਸੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ...

**ਮਾਨਯੋਗ ਸਪੀਕਰ :** ਇਹ ਕੁਐਸਚਨ ਆਵਰ ਨਹੀਂ ਹੈ। ਨਾਗਰਾ ਜੀ, ਬੈਠ ਜਾਓ। (ਵਿਘਨ, ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ** : ** **

---

**Not recorded as ordered by the Chair.

**Mr. Speaker :** Not to be recorded. ਜੋ ਨਾਗਰਾ ਜੀ ਨੇ ਕਿਹਾ ਹੈ, ਉਹ ਰਿਕਾਰਡ ਨਹੀਂ ਕਰਨਾ। ਜਿਹੜਾ ਮੇਰੇ ਤੋਂ ਪੁੱਛੇ ਬਗੈਰ ਬੋਲਿਆ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ। ਨਾਗਰਾ ਜੀ, ਤੁਸੀਂ ਆਪਣੇ ਸਾਥੀਆਂ ਦਾ ਸਮਾਂ ਲੈ ਰਹੇ ਹੋ।

**ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) :** ** **

**Mr. Speaker :** Not to be recorded. Nagra ji, please sit down. (Interruptions) ਨਾਗਰਾ ਜੀ ਕੁਝ ਵੀ ਰਿਕਾਰਡ ਨਹੀਂ ਹੋ ਰਿਹਾ ਹੈ। ਸਿਰਫ਼ ਦੋ ਮਿੰਟ ਰਹਿ ਗਏ ਹਨ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੇਰਾ ਕੁਐਸਚਨ ਰਹਿ ਰਿਹਾ ਹੈ...(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਇਹ ਤੁਹਾਡਾ ਸਾਥੀ ਹੈ, ਮੈਂ ਕੀ ਕਰ ਸਕਦਾ ਹਾਂ। ਨਾਗਰਾ ਜੀ, ਤੁਸੀਂ ਟਾਈਮ ਵੇਸਟ ਕਰ ਰਹੇ ਹੋ। Nagra ji, Nothing is going to be recorded. Please sit down. (Interruptions)

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਲਾਡਰਾਂ ਚੌਂਕ ਬੜਾ ਅਹਿਮ ਚੌਂਕ ਹੈ ਅਤੇ ਇੱਥੇ ਦੋ T ਪੁਆਇੰਟ ਬਣਦੇ ਹਨ।

**ਮਾਨਯੋਗ ਸਪੀਕਰ :** ਤੁਹਾਡੀ ਇਸ ਵਾਸਤੇ ਕਾਲ ਅਟੈਂਨਸ਼ਨ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ :** ਹਾਂ ਜੀ, ਸਰ।

**Mr. Speaker :** Then please sit down.

**ਸਰਦਾਰ ਬਲਬੀਰ ਸਿੰਘ ਸਿੱਧੂ :** ਸਰ, ਹੁਣ ਤਾਂ ਗੱਲ ਸ਼ੁਰੂ ਹੋ ਗਈ ਹੈ।

**ਮਾਨਯੋਗ ਸਪੀਕਰ :** ਤੁਹਾਡੀ ਇਸ ਵਾਸਤੇ ਕਾਲ ਅਟੈਂਨਸ਼ਨ ਐਡਮਿਟ ਹੋਈ ਹੈ, ਕੀ ਉਸ ਨੂੰ ਰਿਜੈਕਟ ਕਰ ਦੇਈਏ?

**ਸਰਦਾਰ ਬਲਬੀਰ ਸਿੰਘ ਸਿੱਧੂ :** ਹਾਂ ਜੀ, ਰਿਜੈਕਟ ਕਰ ਦਿਓ।

---
**Not recorded as ordered by the Chair.

ਮੇਰੀ ਬੇਨਤੀ ਹੈ, ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਥੇ ਰੋਜ਼ਾਨਾ 2-3 ਘੰਟੇ ਦਾ ਜਾਮ ਲਗਦਾ ਹੈ। ਉਥੇ ਇੰਨਾ ਜ਼ਿਆਦਾ ਟ੍ਰੈਫਿਕ ਹੈ ਕਿ ਪੁਲਿਸ ਵੀ ਕਮਲੀ ਹੋ ਜਾਂਦੀ ਹੈ। ਮੈਂ ਇਸ ਬਾਰੇ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਰਾ ਪੰਜਾਬ ਇਥੋਂ ਲੰਘਦਾ ਹੈ। ਇਸ ਦੋ ਕਿਲੋਮੀਟਰ ਦੇ ਟੋਟੇ ਨੂੰ 4 ਲੇਨ ਕਰਨ ਅਤੇ ਲਾਂਡਰਾਂ ਵਿਖੇ ਚੌਂਕ ਬਣਾਉਣ ਦੀ ਲੋੜ ਹੈ। ਸਰਕਾਰ ਇਸ ਨੂੰ ਕਦੋਂ ਤੱਕ ਬਣਾ ਦੇਵੇਗੀ, ਸੀ.ਐਮ. ਸਾਹਿਬ ਇਸ ਬਾਰੇ ਸਾਰੇ ਹਾਊਸ ਨੂੰ ਵਿਸ਼ਵਾਸ ਦਿਵਾਉਣ । ਇਹ ਮੇਰੇ ਇਕੱਲੇ ਦਾ ਮਸਲਾ ਨਹੀਂ ਹੈ ਬਲਕਿ ਇਹ ਤਾਂ ਸਮੁੱਚੇ ਪੰਜਾਬ ਦਾ ਮਸਲਾ ਹੈ। ਉਥੇ ਬਹੁਤ ਜ਼ਿਆਦਾ ਐਕਸੀਡੈਂਟ ਹੁੰਦੇ ਹਨ। ਜਿਨ੍ਹਾਂ ਵਿਅਕਤੀਆਂ ਨੂੰ ਹਾਰਟ ਅਟੈਕ ਹੋਇਆ ਹੁੰਦਾ ਹੈ, ਉਨ੍ਹਾਂ ਨੇ ਫੋਰਟਿਸ ਜਲਦੀ ਤੋਂ ਜਲਦੀ ਪਹੁੰਚਣਾ ਹੁੰਦਾ ਹੈ ਪਰੰਤੂ ਟ੍ਰੈਫਿਕ ਹੋਣ ਕਾਰਨ ਸਮੇਂ ਤੇ ਹਸਪਤਾਲ ਨਹੀਂ ਪਹੁੰਚ ਸਕਦੇ ਅਤੇ ਰਸਤੇ ਵਿੱਚ ਹੀ ਉਨ੍ਹਾਂ ਦੀ ਡੈੱਥ ਹੋ ਜਾਂਦੀ ਹੈ। ਇਹ ਬੜਾ ਅਹਿਮ ਮਸਲਾ ਹੈ ਅਤੇ ਮੈਂ ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰਦਾ ਹਾਂ ਕਿ ਇਸ ਪਾਸੇ ਜ਼ਰੂਰ ਧਿਆਨ ਦੇਣ ਅਤੇ ਇਸ ਬਾਰੇ ਵਿਸ਼ਵਾਸ ਦਿਵਾਉਣ।

**ਸ਼੍ਰੀ ਅਸ਼ਵਨੀ ਸੇਖੜੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬਟਾਲਾ ਤੋਂ ਰਈਆ ਰੋਡ ਇੱਕ ਮਹੱਤਵਪੂਰਨ ਨੈਸ਼ਨਲ ਹਾਈਵੇਅ ਹੈ ਜਿਹੜਾ ਕਿ ਜ਼ਿਲ੍ਹਾ ਗੁਰਦਾਸਪੁਰ ਨੂੰ ਔਰ ਬਾਰਡਰ ਨੂੰ ਨੈਸ਼ਨਲ ਹਾਈਵੇਅ ਨਾਲ ਕੁਨੈਕਟ ਕਰਦਾ ਹੈ। ਉਸ ਰੋਡ ਦਾ ਇੰਨਾ ਬੁਰਾ ਹਾਲ ਹੈ ਕਿ ਲੋਕਾਂ ਨੇ ਵਾਇਆ ਅੰਮ੍ਰਿਤਸਰ-ਬਿਆਸ ਜਾਣਾ ਸ਼ੁਰੂ ਕਰ ਦਿੱਤਾ ਹੈ। ਸੋ, ਇਹ ਇੰਪਾਰਟੈਂਟ ਰੋਡ ਹੈ। ਇਸ ਨੂੰ ਇਮੀਜੀਏਟਲੀ ਟੇਕਅੱਪ ਕਰਨਾ ਚਾਹੀਦਾ ਹੈ। ਉਥੇ ਬਹੁਤ ਸਾਰੇ ਐਕਸੀਡੈਂਟ ਵੀ ਹੋ ਚੁੱਕੇ ਹਨ ਤੇ ਕਈ ਜਾਨਾਂ ਜਾ ਚੁੱਕੀਆਂ ਹਨ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਬਟਾਲਾ ਤੋਂ ਰਈਆ ਰੋਡ ਦੀ ਘੱਟੋ ਘੱਟ ਰਿਪੇਅਰ ਤਾਂ ਕਰਵਾ ਦਿੱਤੀ ਜਾਵੇ। ਇਹ ਬਹੁਤ ਜ਼ਰੂਰੀ ਹੈ। ਇੱਕ ਹੋਰ ਇੰਪਾਰਟੈਂਟ ਇਸ਼ੂ ਹੈ।

**ਮਾਨਯੋਗ ਸਪੀਕਰ :** ਹੁਣ ਨਹੀਂ, ਕੱਲ੍ਹ ਨੂੰ ਕਹਿ ਲੈਣਾ। ਜ਼ੀਰੋ ਆਵਰ ਖਤਮ ਹੈ। ਹੁਣ ਧਿਆਨ ਦਿਵਾਊ ਨੋਟਿਸ। ਸਰਦਾਰ ਚਰਨਜੀਤ ਸਿੰਘ ਚੰਨੀ।

## CALLING ATTENTION NOTICES UNDER RULE 66

**(ਕ੍ਰਮ ਨੰ: 5)**

**ਸਰਦਾਰ ਚਰਨਜੀਤ ਸਿੰਘ ਚੰਨੀ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਸੰਵੇਦਨਸ਼ੀਲ ਮੁੱਦੇ ਵੱਲ ਦਿਵਾਉਂਦਾ ਹਾਂ, ਅਰਥਾਤ, ਤੱਥ ਹੈ ਕਿ ਰਾਜ ਵਿੱਚ ਅਨੁਸੂਚਿਤ ਜਾਤੀ ਸੰਪਰਦਾਇ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਸਮੇਂ ਸਿਰ ਉਨ੍ਹਾਂ ਦੇ ਵਜ਼ੀਫੇ ਨਹੀਂ ਮਿਲ ਰਹੇ ਹਨ। ਇਸ ਦੇ ਨਤੀਜੇ ਵਜੋਂ ਉਹ ਆਰਥਿਕ ਔਕੜਾਂ ਤੋਂ ਪੀੜ੍ਹਿਤ ਹਨ ਅਤੇ ਇਸ ਦੇ ਕਾਰਨ ਉਨ੍ਹਾਂ ਦੀ ਪੜ੍ਹਾਈ ਖਤਰੇ ਵਿੱਚ ਪੈ ਗਈ ਹੈ । ਸਰਕਾਰ ਵਿਰੁੱਧ ਉਨ੍ਹਾਂ ਵਿੱਚ ਭਾਰੀ ਰੋਸ ਹੈ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸੰਬੰਧਿਤ ਮੰਤਰੀ ਜੀ ਕਿਰਪਾ ਕਰਕੇ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ) :** ਸਪੀਕਰ ਸਾਹਿਬ, ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਸਕੀਮਾਂ ਤਹਿਤ ਸਾਲ 2013-14 ਅਤੇ 2014-15 ਦੌਰਾਨ ਵੰਡੀ ਗਈ ਰਾਸ਼ੀ ਦਾ ਵੇਰਵਾ :

1. **ਪੋਸਟ ਮੈਟ੍ਰਿਕ ਅਨੁਸੂਚਿਤ ਜਾਤੀਆਂ ਸਕੀਮ (100% ਕੇਂਦਰ ਦੀ ਮਦਦ ਨਾਲ)**

   (ੳ) ਸਾਲ 2013-14 ਵਿੱਚ ਵੰਡੀ ਗਈ ਰਾਸ਼ੀ 383 ਕਰੋੜ 16 ਲੱਖ ਰੁਪਏ, ਕਵਰ ਕੀਤੇ ਗਏ ਵਿਦਿਆਰਥੀ 3 ਲੱਖ 66 ਹਜ਼ਾਰ 604

   (ਅ) ਸਾਲ 2014-15 ਵੰਡੀ ਗਈ ਰਾਸ਼ੀ 437 ਕਰੋੜ 67 ਲੱਖ ਰੁਪਿਆ। ਕਵਰ ਕੀਤੇ ਵਿਦਿਆਰਥੀ 4 ਲੱਖ 69 ਹਜ਼ਾਰ 802

2. **ਪ੍ਰੀ-ਮੈਟ੍ਰਿਕ ਅਨੁਸੂਚਿਤ ਜਾਤੀਆਂ ਸਕੀਮ (100% ਕੇਂਦਰ ਦੀ ਮਦਦ ਨਾਲ)**

   (ੳ) ਸਾਲ 2013-14 ਵਿੱਚ ਵੰਡੀ ਗਈ ਰਾਸ਼ੀ 21 ਕਰੋੜ 58 ਲੱਖ ਰੁਪਏ ਅਤੇ ਕਵਰ ਕੀਤੇ ਵਿਦਿਆਰਥੀ 1 ਲੱਖ 10 ਹਜ਼ਾਰ 446

   (ਅ) ਸਾਲ 2014-15 ਵਿੱਚ ਵੰਡੀ ਗਈ ਰਾਸ਼ੀ 87 ਕਰੋੜ 79 ਲੱਖ ਰੁਪਏ ਅਤੇ ਕਵਰ ਕੀਤੇ ਵਿਦਿਆਰਥੀ 3 ਲੱਖ 90 ਹਜ਼ਾਰ 358

3. **ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਲੜਕੀਆਂ ਲਈ ਹਾਜ਼ਰੀ ਵਜ਼ੀਫਾ ਸਕੀਮ (ਰਾਜ ਪੱਧਰੀ)**

(ੳ) ਸਾਲ 2013-14 ਵਿੱਚ ਵੰਡੀ ਗਈ ਰਾਸ਼ੀ 9 ਕਰੋੜ 28 ਲੱਖ ਰੁਪਏ ਅਤੇ ਕਵਰ ਕੀਤੇ ਗਏ ਵਿਦਿਆਰਥੀ 1 ਲੱਖ 85 ਹਜ਼ਾਰ 686

(ਅ) ਸਾਲ 2014-15 ਵਿੱਚ ਵੰਡੀ ਰਾਸ਼ੀ 5 ਕਰੋੜ 22 ਲੱਖ ਰੁਪਏ ਅਤੇ ਕਵਰ ਕੀਤੇ ਵਿਦਿਆਰਥੀ 1 ਲੱਖ 4 ਹਜ਼ਾਰ 490

4. (ੳ) ਸਾਲ 2013-14 ਵਿੱਚ ਵੰਡੀ ਗਈ ਰਾਸ਼ੀ ਦਾ ਕੁੱਲ ਜੋੜ 413 ਕਰੋੜ 98 ਲੱਖ ਰੁਪਏ ਅਤੇ ਕਵਰ ਕੀਤੇ ਵਿਦਿਆਰਥੀ 6 ਲੱਖ 62 ਹਜ਼ਾਰ 736

(ਅ) ਸਾਲ 2014-15 ਵਿੱਚ ਵੰਡੀ ਗਈ ਰਾਸ਼ੀ ਦਾ ਕੁੱਲ ਜੋੜ 530 ਕਰੋੜ 68 ਲੱਖ ਰੁਪਏ ਅਤੇ ਕਵਰ ਕੀਤੇ ਵਿਦਿਆਰਥੀ 9 ਲੱਖ 64 ਹਜ਼ਾਰ 650

**ਸਰਦਾਰ ਚਰਨਜੀਤ ਸਿੰਘ ਚੰਨੀ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮੰਤਰੀ ਜੀ ਨੂੰ ਸਾਲ 2012-13, 2013-14 ਅਤੇ 2014-15 ਤਿੰਨ ਸਾਲਾਂ ਦੀ ਰਿਪੋਰਟ ਬਾਰੇ ਪੁੱਛਣਾ ਚਾਹੁੰਦਾ ਹਾਂ । ਮੈਂ ਇਨ੍ਹਾਂ ਦੇ ਡਿਪਾਰਟਮੈਂਟ ਕੋਲੋਂ ਰਿਪੋਰਟ ਲਈ ਹੈ। ਮੇਰੇ ਕੋਲ ਸਾਲ 2012-13 ਦੀ ਜੋ ਰਿਪੋਰਟ ਹੈ, ਉਸ ਤਹਿਤ ਸਿਰਫ 14,000 ਬੱਚਿਆਂ ਨੂੰ ਵਜ਼ੀਫਾ ਦਿੱਤਾ ਗਿਆ। ਸਾਲ 2013-14 ਵਿੱਚ 3 ਲੱਖ 66 ਹਜ਼ਾਰ ਵਿਦਿਆਰਥੀਆਂ ਨੂੰ ਵਜ਼ੀਫਾ ਦਿੱਤਾ ਗਿਆ ਹੈ । ਇਸ ਸਾਲ ਦੌਰਾਨ 4 ਲੱਖ 69 ਹਜ਼ਾਰ ਵਿਦਿਆਰਥੀਆਂ ਨੂੰ ਵਜ਼ੀਫਾ ਦਿੱਤਾ ਗਿਆ ਹੈ। ਇਹ ਜਿਹੜਾ ਇੱਕ ਲੱਖ ਵਿਦਿਆਰਥੀ ਇਸ ਸਾਲ ਰਹਿ ਗਿਆ ਹੈ ਅਤੇ ਚਾਰ ਲੱਖ ਵਿਦਿਆਰਥੀ ਪਿਛਲੇ ਸਾਲ ਵਜ਼ੀਫਾ ਲੈਣ ਤੋਂ ਰਹਿ ਗਿਆ, ਉਸ ਦਾ ਕੀ ਕਾਰਨ ਹੈ ? ਦੂਸਰਾ, ਜਿਹੜਾ ਇਨ੍ਹਾਂ ਨੇ ਟੋਟਲ ਦੱਸਿਆ ਹੈ ਕਿ 6,62,736 ਵਿਦਿਆਰਥੀਆਂ ਨੂੰ ਪਿਛਲੇ ਸਾਲ ਦਿੱਤਾ ਅਤੇ 9,64,650 ਵਿਦਿਆਰਥੀਆਂ ਨੂੰ ਇਸ ਸਾਲ ਵਜ਼ੀਫਾ ਦਿੱਤਾ ਗਿਆ ਹੈ ਪਰ ਜਿਹੜੇ ਤਿੰਨ ਲੱਖ ਵਿਦਿਆਰਥੀਆਂ ਨੂੰ ਵਜ਼ੀਫਾ ਨਹੀਂ ਦਿੱਤਾ ਗਿਆ, ਉਸ ਦਾ ਕੀ ਕਾਰਨ ਹੈ ? ਉਹ ਪੈਸੇ ਕਿੱਥੇ ਗਏ? ਕੀ ਇਹ ਸਰਕਾਰੀ ਏਡਿਡ ਸਕੂਲਾਂ ਨੂੰ ਵੀ ਇਹ ਵਜ਼ੀਫਾ ਦਿੰਦੇ ਹਨ ਜਾਂ ਨਹੀਂ?

**ਮਾਨਯੋਗ ਸਪੀਕਰ :** ਰਣੀਕੇ ਜੀ, ਮੈਂਬਰ ਸਾਹਿਬ ਨੇ ਦੋ ਸਵਾਲ ਪੁੱਛੇ ਹਨ । ਇਕ ਸਵਾਲ ਤਾਂ ਇਹ ਹੈ ਕਿ 3 ਲੱਖ 64 ਹਜ਼ਾਰ ਵਜ਼ੀਫੇ ਬਾਕੀ ਹਨ, ਇਸ ਬਾਰੇ ਦੱਸੋ। ਦੂਸਰਾ ਏਡਿਡ ਸਕੂਲਾਂ ਬਾਰੇ ਦੱਸਿਆ ਜਾਵੇ ।

**ਮੰਤਰੀ :** ਸਪੀਕਰ ਸਾਹਿਬ, ਕੋਈ ਬਕਾਇਆ ਨਹੀਂ ਹੈ। ਏਡਿਡ ਸਕੂਲਾਂ ਵਿਚ ਬੱਚਿਆਂ ਨੂੰ ਵਜ਼ੀਫੇ ਜਾਂਦੇ ਹਨ। ਇਸ ਕਰਕੇ ਮੈਂਬਰ ਸਾਹਿਬ ਜਿਹੜਾ ਤੁਸੀਂ ਲੱਖਾਂ ਵਿਚ ਕਹਿ ਰਹੇ ਹੋ ਕਿ ਵਜ਼ੀਫੇ ਰਹਿ ਗਏ ਹਨ, ਮੈਂ ਸਾਰਾ ਪਤਾ ਕੀਤਾ ਹੈ, ਸਾਰੇ ਪੈਸੇ ਗਏ ਹਨ। ਜੇਕਰ ਤੁਸੀਂ ਚਾਹੁੰਦੇ ਹੋ ਤਾਂ ਅਸੀਂ ਇੱਕ ਇੱਕ ਬੱਚੇ ਦਾ ਤੁਹਾਨੂੰ ਹਿਸਾਬ ਵੀ ਦੇ ਦਿਆਂਗੇ। ਅਸੀਂ ਇਸ ਨੂੰ ਚੈੱਕ ਕਰਨ ਲਈ ਕਮੇਟੀਆਂ ਵੀ ਬਣਾ ਦਿੱਤੀਆਂ ਹਨ। ਜੇਕਰ ਕੋਈ ਮਾਮਲਾ ਤੁਹਾਡੇ ਧਿਆਨ ਵਿਚ ਹੈ ਤਾਂ ਤੁਸੀਂ ਮੈਨੂੰ ਦੱਸੋ, ਅਸੀਂ ਉਸਦੀ ਪੜਤਾਲ ਕਰਵਾ ਕੇ ਜ਼ਿੰਮੇਵਾਰ ਵਿਅਕਤੀਆਂ ਨੂੰ ਬਣਦੀ ਸਜ਼ਾ ਵੀ ਦਿਆਂਗੇ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਇਹ ਵਿਧਾਨ ਸਭਾ ਦਾ ਸਦਨ ਹੈ, ** **

**Mr. Speaker :** No, No. This is not allowed.

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਪੁੱਛਦਾ ਹਾਂ ਕਿ ਇਹ ਏਡਿਡ ਸਕੂਲਾਂ ਨੂੰ ਪੈਸਾ ਦਿੰਦੇ ਹਨ ਜਾਂ ਨਹੀਂ। ਦੂਸਰਾ, ਇਨ੍ਹਾਂ ਦੇ ਅੰਕੜਿਆਂ ਵਿੱਚ ਇਸ ਸਾਲ ਅਤੇ ਪਿਛਲੇ ਸਾਲ ਵਿੱਚ 3 ਲੱਖ ਬੱਚਿਆਂ ਦਾ ਫਰਕ ਹੈ ਅਤੇ ਪਿਛਲੇ ਸਾਲ ਅਤੇ ਉਸ ਤੋਂ ਪਹਿਲਾਂ 6 ਲੱਖ ਬੱਚਿਆਂ ਦਾ ਫਰਕ ਹੈ। ਉਨ੍ਹਾਂ ਬੱਚਿਆਂ ਨੂੰ ਜਿਹੜੇ ਵਜ਼ੀਫੇ ਨਹੀਂ ਦਿੱਤੇ ਗਏ, ਮੈਂ ਉਸ ਬਾਰੇ ਪੁੱਛ ਰਿਹਾ ਹਾਂ। ਜੇਕਰ ਕਮੇਟੀ ਹੀ ਬਣਾਉਣੀ ਹੈ ਤਾਂ ਹਾਊਸ ਦੀ ਇੱਕ ਕਮੇਟੀ ਸਪੀਕਰ ਸਾਹਿਬ ਦੀ ਪ੍ਰਧਾਨਗੀ ਹੇਠ ਬਣਾਉਣੀ ਚਾਹੀਦੀ ਹੈ, ਜੋ ਇਹ ਸਭ ਚੈੱਕ ਕਰ ਲਵੇ। ਇਹ ਗਰੀਬ ਬੱਚਿਆਂ ਦਾ ਸਵਾਲ ਹੈ। ਜਿਹੜੇ ਬੱਚਿਆਂ ਨੂੰ ਵਜ਼ੀਫੇ ਦਾ ਪੈਸਾ ਨਹੀਂ ਮਿਲਦਾ ਉਨ੍ਹਾਂ ਨੂੰ ਸਕੂਲ ਛੱਡਣਾ ਪੈਂਦਾ ਹੈ, ਕਿਉਂਕਿ ਉਨ੍ਹਾਂ ਦੇ ਮਾਪਿਆਂ ਕੋਲ ਪੈਸੇ ਨਹੀਂ ਹੁੰਦੇ। ਪਿਛਲੀ ਵਾਰ ਵੀ ਵਿਧਾਨ ਸਭਾ ਵਿੱਚ ਗੱਲ ਕੀਤੀ ਗਈ ਸੀ ਕਿ ਸਰਕਾਰੀ ਕਾਲਜਾਂ ਵਿੱਚ ਗਰੀਬ ਬੱਚਿਆਂ ਨੂੰ ਜਿਹੜੀ ਫੀਸ ਰੀਇੰਬਰਸ ਕੀਤੀ ਜਾਂਦੀ ਹੈ, ਉਹ ਪਹਿਲਾਂ ਹੀ ਦੇ ਦਿੱਤੀ ਜਾਵੇ ਪਰ ਅਜਿਹਾ

**Not recorded as ordered by the Chair.

ਨਹੀਂ ਕੀਤਾ ਗਿਆ ਜਿਸ ਕਾਰਨ ਹਜ਼ਾਰਾਂ ਬੱਚੇ ਡਰਾਪ ਆਊਟ ਹੋ ਗਏ। ਅੱਜ ਫਿਰ ਸਕੂਲਾਂ ਵਿਚ ਬੱਚੇ ਨਹੀਂ ਪੜ੍ਹਨ ਜਾ ਰਹੇ। ਮੈਂ ਆਪ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਹਾਡੀ ਰਹਿਨੁਮਾਈ ਹੇਠ ਹਾਊਸ ਦੀ ਇਕ ਕਮੇਟੀ ਬਣਾਈ ਜਾਵੇ, ਜਿਹੜੇ ਬੱਚਿਆਂ ਨੂੰ ਵਜ਼ੀਫਾ ਨਹੀਂ ਮਿਲ ਰਿਹਾ, ਇਸ ਦੀ ਪੜਤਾਲ ਕੀਤੀ ਜਾਵੇ।

**ਮਾਨਯੋਗ ਸਪੀਕਰ :** ਹਾਂ ਜੀ, ਚੀਮਾ ਸਾਹਿਬ।

**ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) :** ਸਪੀਕਰ ਸਾਹਿਬ, ............

**ਸਰਦਾਰ ਚਰਨਜੀਤ ਸਿੰਘ ਚੰਨੀ :** ਕਾਲ ਅਟੈਨਸ਼ਨ ਵਿੱਚ ਚੀਮਾ ਸਾਹਿਬ ਨੂੰ ਬੋਲਣ ਦਾ ਅਧਿਕਾਰ ਹੀ ਨਹੀਂ ਹੈ।

**ਮਾਨਯੋਗ ਸਪੀਕਰ :** ਨਹੀਂ ਜੀ, ਮੰਤਰੀ ਬੋਲ ਸਕਦਾ ਹੈ।

**ਸਿੱਖਿਆ ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਹਾਊਸ ਨੂੰ ਗੁੰਮਰਾਹ ਕਰਨ ਦਾ ਕੋਈ ਹੱਕ ਨਹੀਂ ਹੈ। ਇਹ ਕਹਿੰਦੇ ਹਨ ਕਿ ਹਜ਼ਾਰਾਂ ਬੱਚੇ ਡਰਾਪ ਆਊਟ ਹੋ ਗਏ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਦਾ ਡਰਾਪ ਆਊਟ ਰੇਟ ਕਿੰਨਾ ਹੈ, ਇਸ ਕਰਕੇ ਤੱਥਾਂ ਦੇ ਅਧਾਰ ਤੇ ਗੱਲ ਕਰਨ, ਐਵੇਂ ਫਾਲਤੂ ਗੱਲਾਂ ਨਾ ਕਰਨ। ਡਰਾਪ ਆਊਟ ਦੀਆਂ ਫਿਗਰਜ਼ ਮੇਰੇ ਕੋਲ ਹਨ, ਜੇਕਰ ਕਹਿੰਦੇ ਹੋ ਤਾਂ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ ਪਰ ਇਸ ਤਰ੍ਹਾਂ ਹਾਊਸ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਗੁੰਮਰਾਹ ਨਹੀਂ ਕਰ ਰਿਹਾ, ਮੈਂ ਤਾਂ ਜਿਹੜੇ ਇਨ੍ਹਾਂ ਨੇ ਤੱਥ ਦਿੱਤੇ ਹਨ, ਉਨ੍ਹਾਂ ਦੇ ਅਧਾਰ ਤੇ ਹੀ ਗੱਲ ਕਰ ਰਿਹਾ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਪਿਛਲੇ ਸਾਲ 6 ਲੱਖ 62 ਹਜ਼ਾਰ ਨੂੰ ਵਜ਼ੀਫਾ ਦਿੱਤਾ ਹੈ ਅਤੇ ਇਸ ਸਾਲ 9 ਲੱਖ 64 ਹਜ਼ਾਰ ਬੱਚਿਆਂ ਨੂੰ ਵਜ਼ੀਫਾ ਦਿੱਤਾ ਗਿਆ ਹੈ। ਇਸ ਕਰਕੇ ਮੰਤਰੀ ਜੀ ਦੱਸਣ ਕਿ 3 ਲੱਖ ਬੱਚਿਆਂ ਦਾ ਵਜ਼ੀਫਾ ਕਿੱਥੇ ਗਿਆ ਅਤੇ ਉਸ ਤੋਂ ਪਿਛਲੇ ਸਾਲ 6 ਲੱਖ ਬੱਚਿਆਂ ਦਾ ਵਜ਼ੀਫਾ ਕਿੱਥੇ ਗਿਆ ? ਇਸੇ ਕਰਕੇ ਮੈਂ ਕਹਿੰਦਾ ਹਾਂ ਕਿ ਤੁਹਾਡੀ ਰਹਿਨੁਮਾਈ ਹੇਠ ਹਾਊਸ ਦੀ ਇਕ ਕਮੇਟੀ ਬਣਾਈ ਜਾਵੇ ਜਿਸ ਵਿੱਚ ਤੁਸੀਂ ਸਾਰੇ ਤੱਥ ਕੱਢ ਕੇ ਅਗਲੇ ਸੈਸ਼ਨ ਵਿੱਚ ਸਾਨੂੰ ਦੇ ਦਿਓ। ਮੈਂ ਤਾਂ ਕੋਈ ਗਲਤ ਗੱਲ ਨਹੀਂ ਕਰ ਰਿਹਾ।

**ਮੰਤਰੀ :** ਸਪੀਕਰ ਸਾਹਿਬ, ਇਹ ਬਹੁਤ ਪੁਰਾਣੇ ਮੈਂਬਰ ਹਨ, ਬੜੇ ਤਜਰਬੇਕਾਰ ਹਨ। ਇਕੱਲੇ ਇਨ੍ਹਾਂ ਨੂੰ ਹੀ ਗਰੀਬਾਂ ਦੀ ਚਿੰਤਾ ਨਹੀਂ ਹੈ, ਸਾਨੂੰ ਗਰੀਬਾਂ ਦੀ ਇਨ੍ਹਾਂ ਤੋਂ ਵੱਧ ਚਿੰਤਾ ਹੈ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)। ਜੇਕਰ ਇਨ੍ਹਾਂ ਦੇ ਧਿਆਨ ਵਿਚ ਅਜਿਹਾ ਕੋਈ ਮਾਮਲਾ ਹੈ ਤਾਂ ਇਹ ਮੈਨੂੰ ਲਿਖ ਕੇ ਦੇ ਦੇਣ। ਐਵੇਂ ਜ਼ਬਾਨੀ ਗੱਲਾਂ ਨਾ ਕਰਨ। (ਵਿਘਨ) (ਸ਼ੋਰ)

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਤਾਂ ਕਾਲ ਅਟੈਂਨਸ਼ਨ ਲਿਖ ਕੇ ਦਿੱਤੀ ਹੈ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਸਰਦਾਰ ਹਰਦਿਆਲ ਸਿੰਘ ਕੰਬੋਜ ਜੀ। (ਵਿਘਨ..ਸ਼ੋਰ)

**ਸਰਦਾਰ ਅਜਾਇਬ ਸਿੰਘ ਭੱਟੀ :** ਸਪੀਕਰ ਸਾਹਿਬ, ਸਪਲੀਮੈਂਟਰੀ।

**ਮਾਨਯੋਗ ਸਪੀਕਰ :** ਨਹੀਂ ਜੀ, ਜਿਹੜੇ ਮੈਂਬਰ ਦੀ ਕਾਲ ਅਟੈਨਸ਼ਨ ਹੈ, ਕੇਵਲ ਉਹੀ ਸਪਲੀਮੈਂਟਰੀ ਕਰ ਸਕਦਾ ਹੈ। ਸਰਦਾਰ ਹਰਦਿਆਲ ਸਿੰਘ ਕੰਬੋਜ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਇਹ ਪੰਜਾਬ ਦਾ ਬਰਨਿੰਗ ਇਸ਼ੂ ਹੈ। ਸਰਕਾਰ ਗਰੀਬਾਂ ਦੇ ਪੈਸੇ ਨਹੀਂ ਦੇ ਰਹੀ, ਸਰਕਾਰ ਦੇ ਨੁਮਾਇੰਦੇ, ਮੰਤਰੀ ਅਤੇ ਮੁੱਖ ਮੰਤਰੀ ਵੀ ਚੁੱਪ ਬੈਠੇ ਹਨ। ਉਨ੍ਹਾਂ ਨੂੰ ਬਿਆਨ ਦੇਣਾ ਚਾਹੀਦਾ ਹੈ। ਉਹ ਦੱਸਣ ਕਿ ਗਰੀਬਾਂ ਦਾ ਪੈਸਾ ਕਿੱਥੇ ਗਿਆ? (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਸਰਦਾਰ ਹਰਦਿਆਲ ਸਿੰਘ ਕੰਬੋਜ ਜੀ।

---

## (ਕ੍ਰਮ ਨੰ. 8 ਅਤੇ 15)

**(i) ਸਰਦਾਰ ਹਰਦਿਆਲ ਸਿੰਘ ਕੰਬੋਜ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਹਾਲ ਹੀ ਵਿੱਚ ਹੋਈ ਬੇਮੌਸਮੀ ਭਾਰੀ ਬਾਰਸ਼ ਅਤੇ ਗੜ੍ਹੇਮਾਰੀ ਕਾਰਨ ਰਾਜ ਵਿੱਚ ਕਣਕ ਦੀ ਫਸਲ, ਆਲੂਆਂ ਦੀ ਫਸਲ ਅਤੇ ਹੋਰ ਫਸਲਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ ਜਿਸ ਕਾਰਨ ਕਿਸਾਨੀ ਵਰਗ ਦਾ ਬਹੁਤ

ਜ਼ਿਆਦਾ ਆਰਥਿਕ ਨੁਕਸਾਨ ਹੋਇਆ ਹੈ । ਇਸ ਕਰਕੇ ਰਾਜ ਦੇ ਕਿਸਾਨੀ ਵਰਗ ਵਿੱਚ ਬੇਚੈਨੀ ਤੇ ਪ੍ਰੇਸ਼ਾਨੀ ਪਾਈ ਜਾ ਰਹੀ ਹੈ । ਕਿਸਾਨਾਂ ਦੀ ਮਾਇਕ ਮਦਦ ਵਾਸਤੇ ਸਰਕਾਰ ਵੱਲੋਂ ਕੀ ਕੀ ਉਪਰਾਲੇ ਕੀਤੇ ਗਏ ਜਾਂ ਕੀਤੇ ਜਾ ਰਹੇ ਹਨ ?

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸੰਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

**(ii) ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ, ਅਰਥਾਤ ਹਾਲ ਹੀ ਵਿੱਚ ਹੋਈਆਂ ਬਾਰਸ਼ਾਂ ਅਤੇ ਗੜ੍ਹੇ ਪੈਣ ਕਾਰਨ ਫਸਲਾਂ ਅਤੇ ਸਬਜ਼ੀਆਂ (ਬਨਸਪਤੀ) ਨੂੰ ਹੋਏ ਨੁਕਸਾਨ ਵੱਲ ਦਿਵਾਉਂਦਾ ਹਾਂ। ਪੰਜਾਬ ਵਿੱਚ ਹਜ਼ਾਰਾਂ ਏਕੜ ਜ਼ਮੀਨ ਵਿੱਚ ਫਸਲਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ ਹਨ । ਕਿਸਾਨਾਂ ਅਤੇ ਸਬਜ਼ੀਆਂ ਉਗਾਉਣ ਵਾਲਿਆਂ ਨੂੰ ਭਾਰੀ ਨੁਕਸਾਨ ਹੋਇਆ ਹੈ । ਸਰਕਾਰ ਨੂੰ ਵਿਸ਼ੇਸ਼ ਗਿਰਦਾਵਰੀ ਕਰਨ ਤੋਂ ਬਾਅਦ 20,000/-ਰੁਪਏ ਪ੍ਰਤੀ ਏਕੜ ਦੀ ਦਰ ਤੇ ਉਨ੍ਹਾਂ ਨੂੰ ਮੁਆਵਜ਼ਾ ਦੇਣ ਦਾ ਤੁਰੰਤ ਐਲਾਨ ਕਰਨਾ ਚਾਹੀਦਾ ਸੀ । ਇਸ ਮਾਮਲੇ ਤੇ ਪੰਜਾਬ ਦੇ ਕਿਸਾਨਾਂ ਵਿੱਚ ਭਾਰੀ ਬੇਚੈਨੀ ਅਤੇ ਰੋਸ ਹੈ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸੰਬੰਧਿਤ ਮੰਤਰੀ ਜੀ ਸਦਨ ਵਿੱਚ ਧਿਆਨ ਦੇਣ ਦੀ ਖੇਚਲ ਕਰਨ ।

**ਮਾਲ ਤੇ ਮੁੜ ਵਸੇਬਾ ਸੂਚਨਾ ਤੇ ਲੋਕ ਸੰਪਰਕ, ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਮੈਂ ਸਦਨ ਨੂੰ ਦੱਸਣਾ ਚਾਹਾਂਗਾ ਕਿ ਇਹ ਮਾਮਲਾ ਸਰਕਾਰ ਦੇ ਧਿਆਨ ਵਿੱਚ ਹੈ। ਰਾਜ ਵਿੱਚ ਹੋਈ ਭਾਰੀ ਬੇਮੌਸਮੀ ਬਾਰਿਸ਼ ਅਤੇ ਗੜ੍ਹੇਮਾਰੀ ਕਾਰਨ ਫਸਲਾਂ ਦੇ ਨੁਕਸਾਨ ਸਬੰਧੀ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਰਿਪੋਰਟ ਭੇਜਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਿਆਂ ਵਿੱਚ ਗਿਰਦਾਵਰੀ ਦੀ ਕਾਰਵਾਈ ਪਹਿਲਾਂ ਹੀ ਚੱਲ ਰਹੀ ਹੈ ਅਤੇ ਡਿਪਟੀ ਕਮਿਸ਼ਨਰ ਤੋਂ ਨੁਕਸਾਨ ਸਬੰਧੀ ਰਿਪੋਰਟਾਂ ਪ੍ਰਾਪਤ ਹੋਣ ਤੇ ਹਦਾਇਤਾਂ ਅਨੁਸਾਰ ਰਾਹਤ ਜਾਰੀ ਕਰ ਦਿੱਤੀ ਜਾਵੇਗੀ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਦਾ ਵਿਸਥਾਰ ਪੂਰਵਕ ਜਵਾਬ ਸੀ.ਐਮ. ਸਾਹਿਬ ਆਪ ਵੀ ਜ਼ੀਰੋ ਆਵਰ ਵਿੱਚ ਦੱਸ ਚੁੱਕੇ ਹਨ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਵੈਸੇ ਮਾਨਯੋਗ ਮੁੱਖ ਮੰਤਰੀ ਸਾਹਿਬ ਪਹਿਲਾਂ ਹੀ ਇਸ ਸਦਨ ਵਿੱਚ ਦੱਸ ਚੁੱਕੇ ਹਨ ਪਰ ਅਸੀਂ ਚਾਹਾਂਗੇ ਕਿ ਘੱਟੋ-ਘੱਟ ਮੁੱਖ ਮੰਤਰੀ ਸਾਹਿਬ ਇਹ ਦੱਸਣ ਕਿ ਕਿੰਨਾ ਮੁਆਵਜ਼ਾ ਪ੍ਰਤੀ ਏਕੜ ਹੈ ? ਮੇਰੀ ਇਹ ਵੀ ਬੇਨਤੀ ਹੈ ਕਿ ਉਹ ਵੱਧ ਤੋਂ ਵੱਧ ਕਿਸਾਨਾਂ ਨੂੰ ਦਿੱਤਾ ਜਾਵੇ ਕਿਉਂਕਿ ਇਹ ਵੈਜੀਟੇਬਲ ਗਰੋਇੰਗ ਏਰੀਆ ਹੈ । ਪੂਰੇ ਪੰਜਾਬ ਅੰਦਰ ਜਿਹੜੀ ਫਸਲ ਦਾ ਨੁਕਸਾਨ ਹੋਇਆ ਹੈ, ਉਸ ਕਾਰਨ ਸਬਜ਼ੀਆਂ ਦੇ ਕਾਸ਼ਤਕਾਰਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ। ਅਸੀਂ ਚਾਹਾਂਗੇ ਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਇਸ ਵਿਸ਼ੇ ਤੇ ਕੁਝ ਦੱਸਣ ਅਤੇ ਕੋਈ ਸਮਾਂ ਨਿਸ਼ਚਿਤ ਕਰਨ ਕਿ ਕਿੰਨੇ ਸਮੇਂ ਦੇ ਅੰਦਰ ਗਿਰਦਾਵਰੀ ਕਰਵਾ ਕੇ ਮੁਆਵਜ਼ਾ ਦਿੱਤਾ ਜਾਵੇਗਾ ?

**ਮਾਨਯੋਗ ਸਪੀਕਰ :** ਸਰਦਾਰ ਅਜੀਤ ਇੰਦਰ ਸਿੰਘ ਮੋਫਰ ਸਾਹਿਬ, ਤੁਹਾਡੇ ਦੋਵਾਂ ਦੀਆਂ ਕਾਲ ਅਟੈਨਸ਼ਨਜ਼ ਨੂੰ ਕਲੱਬ ਕੀਤਾ ਗਿਆ ਹੈ, ਤੁਸੀਂ ਸਪਲੀਮੈਂਟਰੀ ਪੁੱਛੋ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਪੈਸੀਫਿਕਲੀ ਦੱਸਣ ਕਿ ਪੰਜਾਬ ਸਰਕਾਰ ਕਿੰਨਾ ਪੈਸਾ ਦੇਵੇਗੀ ? ਕਾਰਨ ਇਹ ਹੈ ਕਿ ਆਲਰੈਡੀ ਓਵਰਡਰਾਫਟਿੰਗ ਬਾਰੇ ਢੀਂਡਸਾ ਸਾਹਿਬ ਕਹਿ ਰਹੇ ਹਨ ਕਿ ਸਾਡੇ ਕੋਲ ਪੈਸਾ ਨਹੀਂ ਹੈ। ਸੈਕੰਡਲੀ, ਮਾਲ ਤੇ ਜਾਨ ਦੀ ਰਾਖੀ ਇਕੱਲੀ ਪੰਜਾਬ ਸਰਕਾਰ ਦੀ ਨਹੀਂ ਹੈ ਬਲਕਿ ਹਿੰਦੁਸਤਾਨ ਦੀ ਸਰਕਾਰ ਦੀ ਵੀ ਨਾਲ ਹੈ । ਇਸ ਲਈ ਜਿਵੇਂ ਜੰਮੂ ਕਸ਼ਮੀਰ ਜਾਂ ਹੋਰ ਸੂਬਿਆਂ ਵਿੱਚ ਪੈਸੇ ਆਏ ਹਨ, ਉਸੇ ਤਰ੍ਹਾਂ ਇਹ ਆਪਣੇ ਪ੍ਰਾਈਮ ਮਨਿਸਟਰ ਤੋਂ ਕਿੰਨਾ ਪੈਸਾ ਪਰ ਏਕੜ ਮੁਆਵਜ਼ਾ ਮੰਗਣਗੇ ? ਇਸ ਬਾਰੇ ਇਹ ਦੱਸਣ ਦੀ ਖੇਚਲ ਕਰਨ ।

**ਮੰਤਰੀ :** ਸਪੀਕਰ ਸਾਹਿਬ, ਇਸ ਦੇ ਦੋ ਪਾਰਟ ਆਨਰੇਬਲ ਮੈਂਬਰ ਸਾਹਿਬ ਨੇ ਪੁੱਛੇ ਹਨ। ਮੈਂ ਦੱਸਦਾ ਹਾਂ ਕਿ ਮਿਤੀ 9.3.2015 ਨੂੰ ਸੀ.ਐਮ. ਸਾਹਿਬ ਨੇ ਆਪ ਮੋਦੀ ਸਾਹਿਬ ਨੂੰ ਚਿੱਠੀ ਲਿਖੀ ਹੈ ਅਤੇ ਐਗਰੀਕਲਚਰ ਯੂਨੀਅਨ ਮਨਿਸਟਰ ਸਾਹਿਬ ਨੂੰ ਵੀ ਚਿੱਠੀ ਲਿਖੀ ਹੈ ਜਿਸ ਵਿੱਚ ਇਸ ਦਾ ਬੜੇ ਵਿਸਥਾਰ ਪੂਰਵਕ ਜ਼ਿਕਰ ਕੀਤਾ ਗਿਆ ਹੈ । If you want, I can read it out. ਮੈਂ ਸਾਰੀ ਗੱਲ ਤੁਹਾਨੂੰ ਦੱਸ ਸਕਦਾ ਹਾਂ, ਤੁਹਾਡੇ ਤੋਂ ਕਿਹੜਾ ਲੁਕੋਅ ਹੈ, ਤੁਸੀਂ ਸਾਡੇ ਹੀ ਹੋ । (ਹਾਸਾ) ਦੂਜੀ ਗੱਲ, ਸਪੀਕਰ ਸਾਹਿਬ, ਇਹ ਬੜਾ ਇਨ੍ਹਾਂ

ਨੇ ਇੱਕ ਵਧੀਆ ਸਵਾਲ ਕੀਤਾ ਜਿਸ ਤੇ ਸੀ.ਐਮ ਸਾਹਿਬ ਨੇ ਬੜੀ ਗੰਭੀਰਤਾ ਵਿਖਾਈ। ਵੈਸੇ ਇਸ ਸਾਰੀ ਗੱਲ ਨੂੰ ਸਮਝਣਾ ਚਾਹੀਦਾ ਹੈ। ਸਾਲ 2001 ਤੋਂ ਲੈ ਕੇ ਸਾਲ 2013 ਤੱਕ ਮੈਂ ਮੋਟੀ ਮੋਟੀ ਸਾਰੀ ਸਥਿਤੀ ਦੱਸਦਾ ਹਾਂ ਕਿਉਂਕਿ ਤੁਸੀਂ ਪੁੱਛਿਆ ਸੀ ਕਿ ਕਿੰਨਾ ਮੁਆਵਜ਼ਾ ਜਾਂਦਾ ਸੀ। ਸਾਲ 2001 ਤੋਂ ਲੈ ਕੇ ਸਾਲ 2013 ਤੱਕ ਜੇ ਇੱਕ ਏਕੜ ਦੀ ਫਸਲ ਦਾ ਨੁਕਸਾਨ ਹੋ ਜਾਂਦਾ ਸੀ ਤਾਂ ਕੇਵਲ ਤੇ ਕੇਵਲ 2000/- ਰੁਪਏ ਹੀ ਦਿੱਤੇ ਜਾਂਦੇ ਸਨ । (ਵਿਘਨ) .. ਤੁਹਾਡੇ ਵੇਲੇ ਦੀ ਹੀ ਗੱਲ ਕਰ ਰਿਹਾ ਹਾਂ। ਤੁਸੀਂ ਗੁੱਸਾ ਕਿਉਂ ਕਰ ਰਹੇ ਹੋ ? (ਵਿਘਨ) ਤੁਸੀਂ ਗੁੱਸਾ ਕਿਉਂ ਕਰ ਰਹੇ ਹੋ ? ਮੈਂ ਤਾਂ ਸਾਰੀ ਸਥਿਤੀ ਦੀ ਗੱਲ ਕਰ ਰਿਹਾ ਹਾਂ । (ਵਿਘਨ)

**Mr. Speaker :** Don't distrub, please listen, No, No.

**ਮੰਤਰੀ :** ਇਹ ਮੇਰੇ ਪਿਆਰੇ ਹਨ, ਮੇਰੇ ਆਪਣੇ ਹਨ । ਇਨ੍ਹਾਂ ਨੇ ਸਵਾਲ ਕੀਤਾ ਹੈ । ਜੇ ਤੁਸੀਂ ਨਹੀਂ ਆਪਣਾ ਸਮਝਦੇ ਤਾਂ ਗੱਲ ਵੱਖਰੀ ਹੈ । (ਵਿਘਨ) ਸਪੀਕਰ ਸਾਹਿਬ, ਕੀ ਮੈਂ ਸਵਾਲ ਦਾ ਜਵਾਬ ਦਿਆਂ ?

**ਮਾਨਯੋਗ ਸਪੀਕਰ :** ਹਾਂ ਜੀ, ਤੁਸੀਂ ਜਵਾਬ ਦਿਓ ।

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਮੈਨੂੰ ਸਵਾਲ ਪੁੱਛਿਆ ਹੈ ਕਿ ਕੀ ਤੁਸੀਂ ਦਿੱਲੀ ਦੀ ਸਰਕਾਰ ਨਾਲ ਕੋਈ ਚਿੱਠੀ ਪੱਤਰ ਕੀਤਾ ਹੈ। ਮੈਂ ਦੱਸ ਦਿੱਤਾ ਜੀ ਸੀ.ਐਮ ਸਾਹਿਬ ਦੇ ਚਿੱਠੀ ਪੱਤਰ ਬਾਰੇ । ਦੂਜਾ ਸਵਾਲ ਇਨ੍ਹਾਂ ਨੇ ਕੀਤਾ ਹੈ ਕਿ ਇਹ ਦੱਸੋ ਕਿ ਸੂਬੇ ਦੀ ਸਰਕਾਰ ਕੀ ਕਰੇਗੀ ? ਮੈਂ ਅਸਲੀ ਸਥਿਤੀ ਤੋਂ ਜਾਣੂੰ ਕਰਵਾ ਰਿਹਾ ਹਾਂ ਕਿ ਸਾਲ 2001 ਤੋਂ ਸਾਲ 2007 ਤੱਕ 2000/- ਰੁਪਏ ਪਰ ਏਕੜ ਦਿੱਤੇ ਜਾਂਦੇ ਸਨ ਪਰ ਜਦੋਂ ਤੋਂ ਬਾਦਲ ਸਾਹਿਬ ਮੁੱਖ ਮੰਤਰੀ ਬਣੇ ਹਨ, ਉਦੋਂ ਤੋਂ 5000/- ਰੁਪਏ ਦਿੱਤੇ ਜਾਂਦੇ ਹਨ । (ਥੰਪਿੰਗ) ਮਾਨਯੋਗ ਬਾਦਲ ਸਾਹਿਬ ਨੇ ਫਿਰ ਇਹ ਗੱਲ ਕਹੀ ਹੈ ਕਿ ਜੇ ਰਕਮ ਘੱਟ ਹੈ, ਇਸ ਨੂੰ ਇਨ ਟੋਟਲ....(ਵਿਘਨ) (ਸ਼ੋਰ).... ਮੇਰੀ ਬੇਨਤੀ ਹੈ ਕਿ ਮੇਰੀ ਗੱਲ ਸੁਣ ਲਉ। ਡਾਕਟਰ ਮਨਮੋਹਨ ਸਿੰਘ ਜੀ ਦੀ ਸਰਕਾਰ ਵਿੱਚ ਵੀ ਇਹ ਇਸ਼ੂ ਵਾਰ ਵਾਰ ਰੇਜ਼ ਹੁੰਦਾ ਰਿਹਾ ਹੈ ਕਿ ਇਹ ਮੁਆਵਜ਼ਾ ਘੱਟ ਹੈ ਅਤੇ ਇਹ ਰਿਵਾਈਜ਼ ਹੋਣਾ ਚਾਹੀਦਾ ਹੈ। ਮੈਂ ਚਾਹੁੰਦਾ ਹਾਂ ਕਿ we should not play politics on it. ਅਸੀਂ ਤਾਂ ਚਾਹੁੰਦੇ ਹਾਂ ਕਿ ਇਸ ਦੀ ਰਿਵੀਜ਼ਨ ਹੋਵੇ । ਇਹੀ ਚਿੱਠੀ ਦਾ ਹਿੱਸਾ ਬਣ ਕੇ ਗਿਆ ਹੈ..... (ਵਿਘਨ) (ਸ਼ੋਰ)

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਸੁਖਬੀਰ ਜੀ ਸਾਲ 2001 ਵਿੱਚ ਕੇਂਦਰ ਵਿੱਚ ਮੰਤਰੀ ਸਨ, ਉਦੋਂ ਕਿੰਨਾ ਮੁਆਵਜ਼ਾ ਦਿੱਤਾ ਗਿਆ ਸੀ ? (ਸ਼ੋਰ)

**ਮੰਤਰੀ :** ਸੁਖਬੀਰ ਜੀ ਵੇਲੇ ਦਾ ਤਾਂ ਪਤਾ ਨਹੀਂ, ਤੁਹਾਡੇ ਵੇਲੇ 2000/- ਰੁਪਏ ਹੁੰਦਾ ਸੀ ।(ਵਿਘਨ) ਹੁਣ ਇਹ ਵੱਧ ਗਿਆ ਹੈ ਪਰ ਇਹ ਇਸ ਦਾ ਧੰਨਵਾਦ ਨਹੀਂ ਕਰਦੇ। (ਸ਼ੋਰ)

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਹੁਣ ਕਿੰਨੇ ਮੰਗ ਲਏ ਹਨ ? (ਸ਼ੋਰ)

**ਮੰਤਰੀ :** ਤੁਹਾਨੂੰ ਇਕੱਲਿਆਂ ਨੂੰ ਦੱਸਾਂਗਾ। (ਵਿਘਨ)

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਫਿਰ ਤੁਸੀਂ ਬਿਗਾਨਿਆਂ ਵਾਲੀ ਗੱਲ ਕਰ ਦਿੱਤੀ।

**ਮਾਨਯੋਗ ਸਪੀਕਰ :** ਨਹੀਂ ਜੀ, ਤੁਹਾਡੇ ਨਾਲ ਤਾਂ ਬਹੁਤ ਪਿਆਰ ਕਰਦੇ ਹਨ। ਹਾਂ ਜੀ, ਚੰਨੀ ਸਾਹਿਬ।

---

**(ਕ੍ਰਮ ਨੰ. 12)**

**ਸਰਦਾਰ ਚਰਨਜੀਤ ਸਿੰਘ ਚੰਨੀ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਵਿੱਚ ਠੇਕੇਦਾਰੀ ਸਿਸਟਮ ਰਾਹੀਂ ਸਰਕਾਰ ਵਿੱਚ ਵੱਖ ਵੱਖ ਵਿਭਾਗਾਂ ਵਿੱਚ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ ਪਰ ਇਨ੍ਹਾਂ ਵਿੱਚ ਅਨੁਸੂਚਿਤ ਜਾਤੀ ਦੇ ਲੋਕਾਂ ਲਈ ਵਿਧਾਨ ਵੱਲੋਂ ਦਿੱਤੀ ਗਈ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਰਿਜ਼ਰਵੇਸ਼ਨ ਨਹੀਂ ਦਿੱਤੀ ਜਾਂਦੀ ਜਿਸ ਨਾਲ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ ਨਜ਼ਰ ਸੰਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ) :** ਮਾਨਯੋਗ ਸਪੀਕਰ ਸਾਹਿਬ, ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਠੇਕੇ ਦੇ ਅਧਾਰ ਤੇ ਭਰਤੀ ਕੀਤੇ ਜਾਣ ਵਾਲੇ

ਕਰਮਚਾਰੀਆਂ ਵਿੱਚ ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਰਿਜ਼ਰਵੇਸ਼ਨ ਦੇਣ ਲਈ ਪਹਿਲਾਂ ਹੀ ਪੰਜਾਬ ਸਰਕਾਰ ਵੱਲੋਂ ਨੋਟੀਫਾਈ ਕੀਤੇ ਪੰਜਾਬ ਸ਼ਡਿਊਲਡ ਕਾਸਟ, ਬੈਕਵਰਡ ਕਲਾਸਿਜ਼ ਰਿਜ਼ਰਵੇਸ਼ਨ ਸਰਵਿਸ ਐਕਟ, 2006 ਦੀ ਧਾਰਾ 4(7) ਵਿੱਚ ਉਪਲਬਧ ਹੈ। ਫਿਰ ਵੀ ਜੇਕਰ ਮਾਨਯੋਗ ਮੈਂਬਰ ਸਾਹਿਬ ਦੇ ਧਿਆਨ ਵਿੱਚ ਹੈ ਕਿ ਕੋਈ ਸੰਸਥਾ ਇਸ ਤੇ ਅਮਲ ਨਹੀਂ ਕਰਦੀ ਤਾਂ ਇਹ ਮੇਰੇ ਧਿਆਨ ਵਿੱਚ ਲਿਆ ਦੇਣ, ਵਿਭਾਗ ਵੱਲੋਂ ਬਣਦੀ ਕਾਰਵਾਈ ਜ਼ਰੂਰ ਕੀਤੀ ਜਾਵੇਗੀ। ਰਿਜ਼ਰਵੇਸ਼ਨ ਦੇਣੀ ਬਣਦੀ ਹੈ ਅਤੇ ਜ਼ਰੂਰ ਦਿਵਾਵਾਂਗੇ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਵੈਸੇ ਤਾਂ ਇਹ ਮਸਲਾ ਐਡਮਿਨਸਟ੍ਰੇਟਿਵ ਹੈ। ਇਸ ਲਈ ਮੁੱਖ ਮੰਤਰੀ ਜੀ ਦਾ ਜਵਾਬ ਦੇਣਾ ਬਣਦਾ ਹੈ। (ਵਿਘਨ) (ਸ਼ੋਰ) ਇਸ ਤਰ੍ਹਾਂ ਪਹਿਲਾਂ ਵੀ ਕਈ ਵਾਰ ਸਾਡੇ ਨਾਲ ਹੋ ਚੁੱਕਾ ਹੈ।(ਵਿਘਨ) (ਸ਼ੋਰ)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਇਨ੍ਹਾਂ ਦੀ ਥੋੜ੍ਹੀ ਕਲਾਸ ਲਗਾਉ, ਸਬਕ ਸਿਖਾਉ ਅਤੇ ਵਾਰਨ ਕਰੋ। (ਵਿਘਨ) (ਸ਼ੋਰ)

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) :** ਜੇਕਰ ਇਹ ਗੱਲ ਹੈ ਤਾਂ ਸਾਡੇ ਵੱਲ ਐਸ.ਸੀ. ਜ਼ਿਆਦਾ ਕਿਉਂ ਹਨ? (ਵਿਘਨ) (ਸ਼ੋਰ)

**ਸਰਦਾਰ ਚਰਨਜੀਤ ਸਿੰਘ ਚੰਨੀ :** ** ** (ਵਿਘਨ) (ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**Mr. Speaker :** Nothing should be recorded. (interruptions) ਮੁੱਖ ਮੰਤਰੀ ਸਾਹਿਬ ਸਬੰਧੀ ਬੋਲੇ ਗਏ ਸ਼ਬਦ ਐਕਸਪੰਜ ਕਰ ਦਿੱਤੇ ਜਾਣ।(ਵਿਘਨ) (ਸ਼ੋਰ)

---

**Expunged/Not recorded as ordered by the Chair.

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ :** ਅਗਲੀ ਆਈਟਮ, ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਹੇਠ ਲਿਖੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :-

1. ਸਾਲ 2011-12 ਲਈ ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦੀ ਸਾਲਾਨਾ ਆਡਿਟ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53(1) ਅਧੀਨ ਲੋੜੀਂਦਾ ਹੈ ।

2. ਸਾਲ 2010-11, 2011-12 ਅਤੇ 2012-13 ਲਈ ਪੰਜਾਬ ਲਘੂ ਉਦਯੋਗਾਂ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ ਦੀਆਂ ਸਾਲਾਨਾ ਪ੍ਰਬੰਧਕੀ ਰਿਪੋਰਟਾਂ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ ।

3. ਸਾਲ 2010-11 ਲਈ ਪੰਜਾਬ ਲਘੂ ਉਦਯੋਗਾਂ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ ਦੀ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ; ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ ।

4. ਸਾਲ 2011-12 ਲਈ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਕਾਰਪੋਰੇਸ਼ਨ ਲਿਮਟਿਡ ਦੀ 36ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹਾਂ; ਅਤੇ

5. ਸਾਲ 2013-14 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 105(2) ਅਧੀਨ ਲੋੜੀਂਦਾ ਹੈ ।

## WALK-OUT

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ। ਮੇਰਾ ਸਪਲੀਮੈਂਟਰੀ ਕਰਨ ਦਾ ਅਧਿਕਾਰ ਬਣਦਾ ਹੈ....

**ਮਾਨਯੋਗ ਸਪੀਕਰ :** ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ। ਰਣੀਕੇ ਸਾਹਿਬ ਨੇ ਜਵਾਬ ਦੇ ਦਿੱਤਾ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿਚ ਆ ਕੇ ਖੜ੍ਹੇ ਹੋ ਗਏ)

**Mr. Speaker :** Not to be recorded. (interruptions) Nothing should be recorded. (interrruptions) Please go to your seats.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਐਸ.ਸੀ. ਵਿਦਿਆਰਥੀਆਂ ਨੂੰ ਵਜ਼ੀਫਿਆਂ ਦੀ ਅਦਾਇਗੀ ਨਾ ਕਰਨ ਕਰਕੇ ** ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ-ਆਊਟ ਕਰ ਗਏ।)

---

## RESUMPTION OF DISCUSSION ON GOVERNOR'S ADDRESS AND VOTE ON THE MOTION OF THANKS

**ਮਾਨਯੋਗ ਸਪੀਕਰ :** ਰਾਜਪਾਲ ਜੀ ਦੇ ਭਾਸ਼ਣ ਤੇ ਮੁੜ ਬਹਿਸ ਅਰੰਭ ਹੋਣੀ ਹੈ । ਕੱਲ੍ਹ ਜਿਸ ਵੇਲੇ ਹਾਊਸ ਐਡਜਰਨ ਹੋਇਆ ਸੀ, ਜਸਟਿਸ ਨਿਰਮਲ ਸਿੰਘ ਜੀ ਬੋਲ ਰਹੇ ਸਨ ਅਤੇ ਉਹ ਹੁਣ ਆਪਣੀ ਬਹਿਸ ਜਾਰੀ ਰੱਖਣਗੇ ।

**ਜਸਟਿਸ ਨਿਰਮਲ ਸਿੰਘ (ਬੱਸੀ ਪਠਾਣਾਂ, ਐਸ. ਸੀ.) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਗਵਰਨਰ ਐਡਰੈਸ ਤੇ ਜਿਹੜੇ ਮੇਰੇ ਵਿਚਾਰ ਅਧੂਰੇ ਰਹਿ ਗਏ ਸਨ, ਉਸ ਬਾਰੇ ਮੈਨੂੰ ਬੋਲਣ ਦਾ ਮੌਕਾ ਮਿਲਿਆ ਹੈ।

**Not recorded as ordered by the Chair.

[ ਜਸਟਿਸ ਨਿਰਮਲ ਸਿੰਘ ]

ਕੱਲ੍ਹ ਮੈਂ ਗੱਲ ਕਰ ਰਿਹਾ ਸੀ ਕਿ 29 ਜਨਵਰੀ 1955 ਨੂੰ ਸ਼੍ਰੀ ਗੁਲਜ਼ਾਰੀ ਲਾਲ ਨੰਦਾ ਜੀ, ਕੇਂਦਰ ਦੇ ਇਰੀਗੇਸ਼ਨ ਮਨਿਸਟਰ ਨੇ ਪਾਣੀਆਂ ਦੀ ਵੰਡ ਵਾਸਤੇ ਇੱਕ ਅਚਨਚੇਤ ਮੀਟਿੰਗ ਬੁਲਾਈ, ਉਸ ਮੀਟਿੰਗ ਦੀ ਕਾਰਵਾਈ ਜਾਂ ਬਰੀਫ ਕੰਟੈਂਟਸ ਇਸ ਤਰ੍ਹਾਂ ਹਨ :

After a brief discussion on the demand of the waters as given by the States, the following decision was taken :

The supply was low and the storage in the River Ravi and Beas over and above actual prepartitioned utilisation base shall be allocated as under :

| | |
|---|---|
| Share of Punjab : | 5.95 MAF |
| Share of Kashmir : | 0.65 MAF |
| Share of Rajasthan : | 8.00 MAF |
| Share of Pepsu : | 1.30 MAF |
| Total : | 15.85 MAF |

ਮਾਨਯੋਗ ਸਪੀਕਰ ਸਾਹਿਬ, ਮੇਰਾ ਸਦਨ ਦੇ ਧਿਆਨ ਵਿਚ ਲਿਆਉਣ ਦਾ ਮਤਲਬ ਸੀ ਕਿ ਜਦੋਂ ਇਨ੍ਹਾਂ ਦੋਵਾਂ ਦਰਿਆਵਾਂ ਦੇ ਪਾਣੀ ਦੀ ਐਲੋਕੇਸ਼ਨ ਕੀਤੀ ਗਈ, ਉਸ ਸਮੇਂ ਜਿਹੜੀ ਇਸ ਦੀ ਕਲਾਜ਼ ਪੰਜ ਸੀ –

The question of allocation of costs of water including the cost of the storage and other works may be taken up separately as the conference was concerned only with the distribution of the supply.

ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਲਗਭਗ ......

**ਮਾਨਯੋਗ ਸਪੀਕਰ :** ਜਸਟਿਸ ਸਾਹਿਬ, ਮਿੱਤਲ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ

ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅੱਜ ਬੜਾ ਅੱਛਾ ਸਦਨ ਚਲ ਰਿਹਾ ਹੈ ਅਤੇ ਮੈਂ ਚਾਹੁੰਦਾ ਸੀ ਕਿ ਇਨ੍ਹਾਂ ਨੂੰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) 10 ਵਿਚੋਂ 10 ਨੰਬਰ ਦੇਈਏ। ਅੱਜ ਕੁਐਸਚਨ ਆਵਰ ਬੜਾ ਅੱਛਾ ਨਿਕਲਿਆ ਹੈ ਪਰ ਪਿੱਛੋਂ ਇਨ੍ਹਾਂ ਦੀ ਕੋਈ ਘੰਟੀ ਵੱਜ ਗਈ ਕਿ ਤੁਸੀਂ ਵਾਕ-ਆਊਟ ਕਿਉਂ ਨਹੀਂ ਕੀਤਾ? ਕੱਲ੍ਹ ਵੀ ਵਜ਼ੀਫਿਆਂ ਦੇ ਮੁੱਦੇ ਤੇ ਇਨ੍ਹਾਂ ਨੇ ਵਾਕ-ਆਊਟ ਕੀਤਾ। ਅੱਜ ਵੀ ਇਨ੍ਹਾਂ ਨੇ ਗੰਨੇ ਦੇ ਮਸਲੇ ਤੇ ਵਾਕ-ਆਊਟ ਕਰਨ ਦੀ ਕੋਸ਼ਿਸ਼ ਕੀਤੀ ਪਰ ਮਾਨਯੋਗ ਬਾਦਲ ਸਾਹਿਬ ਨੇ ਬੜਾ ਵਿਸਥਾਰ ਵਿਚ ਜਵਾਬ ਦਿੱਤਾ। ਫਿਰ ਉਨ੍ਹਾਂ ਕੋਲ ਕੋਈ ਸਵਾਲ ਹੀ ਨਹੀਂ ਰਿਹਾ। ਫਿਰ ਜਿਹੜਾ ਮੋਸਟ ਕੰਡੈਮੇਬਲ ਪਾਰਟ ਹੈ, ਲੀਡਰ ਆਫ ਦਿ ਹਾਊਸ ਦੇ ਖਿਲਾਫ ਇੰਨੇ ਘਟੀਆ ਸ਼ਬਦ ਇਸਤੇਮਾਲ ਕੀਤੇ ਗਏ ।

**ਮਾਨਯੋਗ ਸਪੀਕਰ :** ਉਹ ਲਫਜ਼ ਐਕਸਪੰਜ ਕਰਵਾ ਦਿੱਤੇ ਹਨ ।

**ਸੰਸਦੀ ਮਾਮਲੇ ਮੰਤਰੀ :** ਐਕਸਪੰਜ ਤਾਂ ਭਾਵੇਂ ਕਰਵਾ ਦਿੱਤੇ ਹਨ ਪਰ ਮੈਂ ਜਿਹੜਾ ਕਹਿਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਅਸੀਂ ਕੋਈ ਮਰਿਆਦਾ ਵਿੱਚ ਹਾਂ ਜਾਂ ਨਹੀਂ ਹਾਂ । ਗਵਰਨਰ ਸਾਹਿਬ ਬੋਲਣ ਵਾਸਤੇ ਖੜ੍ਹੇ ਹੋਏ ਤੇ ਉਨ੍ਹਾਂ ਦੇ ਬੋਲਣ ਤੋਂ ਪਹਿਲਾਂ ਹੀ ਬੋਲਣਾ ਸ਼ੁਰੂ ਕਰ ਦਿੱਤਾ । ਹਾਲਾਂਕਿ ਰੂਲ 17-ਏ ਕਹਿੰਦਾ ਹੈ that it amounts to the Contempt of the House. ਮੈਂ ਤਾਂ ਮੋਸ਼ਨ ਵੀ ਦਿੱਤੀ ਸੀ ਪਰ ਚਲੋ ਤੁਸੀਂ ਲਿਹਾਜ਼ ਕਰ ਦਿੱਤਾ ਕਿ ਕੋਈ ਮੋਸ਼ਨ ਨਾ ਲਿਆਓ । ਆਪਾਂ ਕਿਸ ਵਾਸਤੇ ਇਸ ਤਰ੍ਹਾਂ ਦੀ ਗੱਲ ਪੈਦਾ ਕਰਨੀ ਹੈ । ਅੱਛੇ ਮਾਹੌਲ ਵਿੱਚ ਆਪਾਂ ਬਹਿਸ ਕਰ ਲਈਏ । ਆਪਾਂ ਟੀ.ਵੀ. ਵੀ ਬੰਦ ਕਰ ਦਿੱਤਾ ਸੀ ਕਿ ਸ਼ਾਇਦ ਟੀ.ਵੀ. ਦੇਖ ਕੇ ਜ਼ਿਆਦਾ ਰੌਲਾ ਪਾਉਂਦੇ ਹਨ ਤਾਂ ਕਿ ਲੋਕ ਦੇਖਣ ਕਿ ਅਸੀਂ ਰੌਲਾ ਪਾਉਂਦੇ ਹਾਂ। ਅੱਜ ਟੀ.ਵੀ. ਚੱਲ ਪਿਆ ਹੈ, ਇਸ ਕਰਕੇ ਫਿਰ ਜੋਸ਼ ਆ ਗਿਆ ਹੈ ।

**ਮਾਨਯੋਗ ਸਪੀਕਰ :** ਅੰਦਰ ਹੀ ਚੱਲ ਰਿਹਾ ਹੈ, ਬਾਹਰ ਟੈਲੀਕਾਸਟ ਨਹੀਂ ਹੋ ਰਿਹਾ ।

**ਸੰਸਦੀ ਮਾਮਲੇ ਮੰਤਰੀ :** ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿੱਚ ਵੀ ਜੋ ਗੱਲਾਂ ਹੋਈਆਂ, ਉਸ ਵਿੱਚ ਬਿਲਕੁਲ ਤੈਅ ਹੋਇਆ ਸੀ ਕਿ ਅਸੀਂ ਪੀਸਫੁਲੀ ਚੱਲਾਂਗੇ ਤੇ ਬਾਦਲ ਸਾਹਿਬ ਦਾ ਭਾਸ਼ਣ ਅਤੇ ਲੀਡਰ ਆਫ ਦਿ ਆਪੋਜ਼ੀਸ਼ਨ ਦਾ ਭਾਸ਼ਣ ਸੁਣਾਂਗੇ । ਇਨ੍ਹਾਂ ਦਾ ਭਾਸ਼ਣ ਅਸੀਂ ਸੁਣ ਲਿਆ,

[ ਸੰਸਦੀ ਮਾਮਲੇ ਮੰਤਰੀ ]

ਬੈਠ ਕੇ ਸੁਣ ਲਿਆ । ਇਹ ਜੋ ਮਰਜ਼ੀ ਕਹੀ ਜਾਣ ਪਰ ਜਦੋਂ ਅੱਜ ਬਾਦਲ ਸਾਹਿਬ ਨੇ ਜਵਾਬ ਦੇਣਾ ਹੈ ਤਾਂ ਇਹ ਕੋਈ ਗਰਾਊਂਡ ਬਣਾ ਕੇ ਬਾਹਰ ਨਿਕਲ ਗਏ। ਇਹ ਕੁਝ ਤਾਂ ਨਿਯਮਾਵਲੀ ਤੇ ਚੱਲਣ । ਬਹੁਤ ਸਾਰੇ ਨਿਯਮ, ਬਹੁਤ ਸਾਰੀਆਂ ਵਿਪਸ ਕਾਨਫਰੰਸਾਂ ਹੋ ਗਈਆਂ, ਮਨਿਸਟਰਜ਼ ਕਾਨਫਰੰਸਾਂ ਹੋ ਗਈਆਂ ਤੇ ਉਨ੍ਹਾਂ ਸਾਰੀਆਂ ਵਿੱਚ ਇਸ ਗੱਲ ਦਾ ਜ਼ਿਕਰ ਹੋ ਗਿਆ । ਰੂਲ-17 ਏ ਉਸ ਤੋਂ ਬਾਅਦ ਐਡ ਹੋਇਆ ਸੀ । ਜਦੋਂ ਵਿਪਸ ਕਾਨਫਰੰਸ ਹੋਈ ਤੇ ਫਿਰ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰਸ ਕਾਨਫਰੰਸ ਹੋਈ, ਉਸ ਤੋਂ ਬਾਅਦ ਇਹ ਰੂਲ ਐਡ ਹੋਇਆ ਸੀ । ਸੋ, ਮੈਂ ਕਹਿੰਦਾ ਹਾਂ ਕਿ ਇਸ ਬਾਰੇ ਇੱਕ ਵਾਰੀ ਹੋਰ ਮੀਟਿੰਗ ਕਰ ਲਓ ਕਿ ਕੁਝ ਤਾਂ ਨਾਰਮਜ਼ ਤੈਅ ਹੋਣ । ਗਵਰਨਰ ਸਾਹਿਬ ਅਤੇ ਰਾਸ਼ਟਰਪਤੀ ਜੀ ਦੇ ਭਾਸ਼ਣ ਤੇ ਬੜਾ ਕਲੀਅਰ ਹੈ ਕਿ ਵੈੱਲ ਵਿੱਚ ਨਾ ਜਾਇਆ ਜਾਵੇ, ਵਾਕ-ਆਊਟ ਨਾ ਕੀਤਾ ਜਾਵੇ । ਜਿਸ ਦਿਨ ਬਜਟ ਪੇਸ਼ ਹੋਣਾ ਹੈ, ਉਸ ਤੇ ਬਾਅਦ ਵਿੱਚ ਬੋਲ ਲਓ ਪਰ ਉਸ ਦਿਨ ਸਿਰਫ ਬਜਟ ਸਪੀਚ ਹੀ ਹੋਣੀ ਹੈ, ਹੋਰ ਕੁਝ ਨਹੀਂ ਹੋਣਾ । ਕੁਝ ਜਿਹੜੀਆਂ ਚੀਜ਼ਾਂ ਤੈਅ ਹਨ, ਪਾਰਲੀਮੈਂਟਰੀ ਸਿਸਟਮ ਵਿੱਚ ਤੈਅ ਹਨ, ਡੈਮੋਕਰੇਟਿਕ ਨਾਰਮਜ਼ ਤੈਅ ਹਨ, ਉਨ੍ਹਾਂ ਦੀ ਤਾਂ ਕਿਸੇ ਤਰੀਕੇ ਨਾਲ ਪਾਲਣਾ ਕਰਵਾਓ ।

**Mr. Speaker :** Can I compel them?

**ਸੰਸਦੀ ਮਾਮਲੇ ਮੰਤਰੀ :** ਤੁਸੀਂ ਜਿੰਨਾ ਮਰਜ਼ੀ ਕਹੀ ਜਾਓ । ਪਰਨਾਲਾ ਤਾਂ ਉਥੇ ਦਾ ਉਥੇ ਹੀ ਰਹਿੰਦਾ ਹੈ।

**ਮਾਨਯੋਗ ਸਪੀਕਰ :** ਫਿਰ ਕੀਤਾ ਕੀ ਜਾਵੇ ।

**ਸੰਸਦੀ ਮਾਮਲੇ ਮੰਤਰੀ :** ਮਜੀਠੀਆ ਸਾਹਿਬ ਦਾ ਮਸਲਾ ਰੋਜ਼ ਉਠਦਾ ਹੈ। ਇਸ ਨੂੰ ਇੱਕ ਵਾਰ ਬੰਦ ਕੀਤਾ ਜਾਵੇ । ਦੋਸ਼ਰੋਪਣ ਨਾਲ ਕੁਝ ਨਹੀਂ ਹੋਣਾ। ਮੈਂ ਦੇਖਿਆ ਹੈ ਕਿ ਇਨ੍ਹਾਂ ਦੇ ਬੜੇ ਚੰਗੇ ਚੰਗੇ ਸਵਾਲ ਆਉਂਦੇ ਹਨ ਪਰ ਉਹ ਗੱਲ ਇੰਨੀ ਵਧਾਉਣ ਕਰਕੇ ਉਨ੍ਹਾਂ ਸਵਾਲਾਂ ਦੀ ਮਰਿਆਦਾ ਹੀ ਖਤਮ ਹੋ ਜਾਂਦੀ ਹੈ, ਸਪਿਰਿਟ ਹੀ ਖਤਮ ਹੋ ਜਾਂਦੀ ਹੈ । ਇਸ ਕਰਕੇ ਕੋਈ ਨਾ ਕੋਈ ਮੀਟਿੰਗ ਕਰ ਲਓ, ਕੋਈ ਕਲਾਸ ਲਗਾ ਲਓ । ਤਿੰਨ ਸਾਲ ਨਿਕਲ ਗਏ । ਦੋ ਸਾਲ ਹੋਰ ਹਨ ।

**(ਕੁਝ ਅਵਾਜ਼ਾਂ :** ਡੇਢ ਸਾਲ ਹੈ ।)

ਇਸ ਕਰਕੇ ਇਸ ਤੇ ਕੋਈ ਵਿਚਾਰ ਕੀਤਾ ਜਾਵੇ । ਸਰਦਾਰ ਲਾਲ ਸਿੰਘ ਜੀ ਵਰਗੇ ਸੀਨੀਅਰ ਮੈਂਬਰ ਬੈਠੇ ਹਨ ਤੇ ਮੈਨੂੰ ਲੱਗਦਾ ਹੈ ਕਿ ਇਨ੍ਹਾਂ ਦੀ ਵੀ ਨਹੀਂ ਸੁਣੀ ਜਾਂਦੀ । ਸੋ, ਅਸੀਂ ਇਨ੍ਹਾਂ ਦਾ ਆਦਰ ਕਰਦੇ ਹਾਂ ।ਸ਼੍ਰੀ ਬ੍ਰਹਮ ਮਹਿੰਦਰਾ ਜੀ ਦਾ ਅਸੀਂ ਆਦਰ ਕਰਦੇ ਹਾਂ । ਇਹ ਕਦੀ ਅਨਨਸੈਸਰੀ ਇੰਟਰਫੀਅਰ ਨਹੀਂ ਕਰਦੇ । ਇਹ ਕਦੀ ਬੋਲਦੇ ਨਹੀਂ ਪਰ ਇਨ੍ਹਾਂ ਅੱਛੇ ਮੈਂਬਰਾਂ ਦੀ ਵੀ ਇਹ ਚੱਲਣ ਨਹੀਂ ਦਿੰਦੇ । ਸੋ, ਇਸ ਤੇ ਜ਼ਰੂਰ ਵਿਚਾਰ ਕੀਤਾ ਜਾਵੇ। ਮੇਰੀ ਇਹੀ ਬੇਨਤੀ ਹੈ ।

**ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਸਪੀਕਰ ਸਾਹਿਬ, ਮਿੱਤਲ ਸਾਹਿਬ ਨੇ ਜਿਹੜੀ ਬੇਨਤੀ ਕੀਤੀ ਹੈ, ਇਹ ਬੜੀ ਹੀ ਜੈਨੂਅਨ ਹੈ । ਅਸੀਂ ਜਦੋਂ ਵਿਧਾਨ ਸਭਾ ਵਿੱਚ ਆ ਜਾਂਦੇ ਹਾਂ ਜਾਂ ਪਾਰਲੀਮੈਂਟ ਵਿੱਚ ਚਲੇ ਜਾਂਦੇ ਹਾਂ ਤਾਂ ਇਸ ਹਿੰਦੁਸਤਾਨ ਦੀ ਧਰਤੀ ਦੀ ਸਹੁੰ ਖਾਂਦੇ ਹਾਂ । ਉਸ ਸਮੇਂ ਇਸ ਗੱਲ ਦੀ ਕੋਈ ਸਹੁੰ ਨਹੀਂ ਖਾਂਦਾ ਕਿ ਤੂੰ ਕਿਹੜੇ ਮਜ਼ਹਬ ਨਾਲ ਹੈਂ ਪਰ ਇੱਥੇ ਤਾਂ ਮੈਂ ਵੇਖ ਰਿਹਾ ਹਾਂ, ਇਨ੍ਹਾਂ ਦਾ ਸਿਵਾਏ ਪਾੜੋ ਤੇ ਰਾਜ ਕਰੋ ਤੋਂ ਇਲਾਵਾ ਹੋਰ ਕੋਈ ਮੰਤਵ ਹੀ ਨਹੀਂ । ਕੀ ਸਾਨੂੰ ਕਿਸੇ ਵਰਗ ਨੇ ਵੋਟਾਂ ਨਹੀਂ ਪਾਈਆਂ ? ਹਰ ਵਰਗ ਨੇ ਵੋਟਾਂ ਪਾਈਆਂ ਹਨ । ਹਰ ਚੁਣਿਆ ਹੋਇਆ ਜਿਹੜਾ ਨੁਮਾਇੰਦਾ ਹੈ, ਉਸ ਨੂੰ ਹਰ ਵਰਗ ਨੇ ਵੋਟਾਂ ਪਾਈਆਂ ਹਨ । ਕਿਸੇ ਤਰ੍ਹਾਂ ਇੱਥੇ ਇਹੋ ਜਿਹੀ ਗੱਲ ਕਰਨੀ, are we setting the right principles? Are we setting the right standards ? Why they are dividing people ? ਜ਼ਾਤ-ਪਾਤ ਦੇ ਨਾਂ ਤੇ ਇੱਥੇ ਕੀ ਕੰਮ ਸ਼ੁਰੂ ਹੋਇਆ ਪਿਆ ਹੈ, ਸਾਨੂੰ ਸਮਝ ਨਹੀਂ ਆਉਂਦੀ । ਮਤਲਬ ਇਹ ਕਿ ਇਹ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਕਿਸੇ ਇੱਕ ਵਰਗ ਨੂੰ, ਇੱਕ ਵਿਲੇਜਰ ਨੂੰ, ਇੱਕ ਕਰੀਡ ਨੂੰ, ਇੱਕ ਕਲਾਸ ਨੂੰ ਰਿਪ੍ਰੈਜ਼ੈਂਟ ਕਰਦੇ ਹਨ ਤੇ ਹੋਰ ਐਮ. ਐਲ. ਏਜ਼ ਜਿਹੜੇ ਇੱਥੇ ਆਏ ਹਨ, ਕੀ ਉਹ ਉਨ੍ਹਾਂ ਨੂੰ ਰਿਪ੍ਰੈਜ਼ੈਂਟ ਨਹੀਂ ਕਰਦੇ ? ਕੀ ਸਾਨੂੰ ਕੋਈ ਜ਼ੁੰਮੇਵਾਰੀ ਨਹੀਂ ਹੈ । ਹਰ ਗੱਲ ਤੇ ਵੰਡ ਕੇ ਜਿਹੜੇ ਸੁਆਲ ਕੀਤੇ ਜਾਂਦੇ ਹਨ, ਗਲਤ ਰੈਂਫਰੈਂਸਿਜ਼ ਦਿੱਤੇ ਜਾਂਦੇ ਹਨ, ਮੈਂ ਸਮਝਦਾ ਹਾਂ, ਸਪੀਕਰ ਸਾਹਿਬ, ਆਪ ਜੀ ਦਾ ਹੱਕ ਬਣਦਾ ਹੈ ਕਿ ਇਸ ਨੂੰ ਉਸੇ ਵੇਲੇ ਠੱਪ ਕੀਤਾ ਜਾਵੇ । There is no end to it and it will lead to wrong directions, ਜਿਵੇਂ ਮਿੱਤਲ ਸਾਹਿਬ ਨੇ ਕਿਹਾ ਹੈ ।

**ਸ਼੍ਰੀਮਤੀ ਗੁਰਇਕਬਾਲ ਕੌਰ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**ਮਾਨਯੋਗ ਸਪੀਕਰ :** ਬੀਬੀ ਜੀ, ਕੁਐਸਚਨ ਆਵਰ ਜਾਂ ਜ਼ੀਰੋ ਆਵਰ ਤਾਂ ਨਹੀਂ ਹੈ । ਹੁਣ ਤਾਂ ਬਹਿਸ ਚੱਲ ਪਈ ਹੈ ।

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਮੈਂ ਆਪਣੀ ਗੱਲ ਕਹਿਣ ਤੋਂ ਪਹਿਲਾਂ, ਮੈਂ ਸਾਹਮਣੇ ਬੈਠੇ ਭਰਾਵਾਂ ਨੂੰ ਇੱਕ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਐਨਰਜੀ ਤੁਸੀਂ ਇੱਥੇ ਵਾਕ-ਆਊਟ ਵਿੱਚ ਲਗਾਉਂਦੇ ਹੋ, ਨਾਅਰੇ ਲਗਾਉਣ ਵਿੱਚ ਲਗਾਉਂਦੇ ਹੋ, ਸੈਕਟਰ 15 ਵਿੱਚ ਤੁਹਾਡਾ ਕਾਂਗਰਸ ਭਵਨ ਹੈ, ਉਥੇ ਜਾ ਕੇ ਇਹ ਸਭ ਕੁਝ ਕਰ ਲਓ । ਪਹਿਲਾਂ ਉਥੇ ਜਾ ਕੇ ਪ੍ਰਧਾਨਗੀ ਦਾ ਮਸਲਾ ਹੀ ਸੁਲਝਾਓ ।

**ਸ਼੍ਰੀ ਤਰਲੋਚਨ ਸਿੰਘ :** ** ** **

**Mr. Speaker :** No, no. Please sit down. ......(Interruptions) ..... Please sit down. ......(Interruptions) Please sit down. ...... (Interruptions)

**ਜਸਟਿਸ ਨਿਰਮਲ ਸਿੰਘ :** ਮੈਂ ਤਾਂ ਤੁਹਾਨੂੰ ਸੁਜੈਸ਼ਨ ਹੀ ਦਿੱਤਾ ਹੈ। ...(ਵਿਘਨ).... ਮੇਰਾ ਤਾਂ ਸੁਜੈਸ਼ਨ ਹੈ, ਮੰਨਣਾ ਜਾਂ ਨਾ ਮੰਨਣਾ ਇਹ ਤੁਹਾਡੀ ਡਿਊਟੀ ਹੈ। ...(ਵਿਘਨ)...... ਮੇਰਾ ਤਾਂ ਇੱਕ ਸੁਜੈਸ਼ਨ ਹੈ, ਮੰਨਣਾ ਜਾਂ ਨਾ ਮੰਨਣਾ, ਇਹ ਤੁਹਾਡਾ ਕੰਮ ਹੈ ......(ਵਿਘਨ)..... ਮੈਂ ਤਾਂ ਆਪਣਾ ਜਿਹੜਾ ਮੁੱਦਾ ਸੀ .....(ਵਿਘਨ)......

**ਸ਼੍ਰੀ ਤਰਲੋਚਨ ਸਿੰਘ :** ** **

**ਮਾਨਯੋਗ ਸਪੀਕਰ :** ਪਲੀਜ਼, Please address the Chair. ਜੋ ਵੀ ਬਗੈਰ ਪਰਮਿਸ਼ਨ ਤੋਂ ਬੋਲਿਆ ਜਾ ਰਿਹਾ ਹੈ, ਉਸ ਨੂੰ ਐਕਸਪੰਜ ਕਰ ਦੇਣਾ। ...(ਵਿਘਨ)....

**ਮੁੱਖ ਸੰਸਦੀ ਸਕੱਤਰ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ (ਸ਼੍ਰੀ ਦੇਸ ਰਾਜ ਧੁੱਗਾ) :** ਸਪੀਕਰ ਸਾਹਿਬ, ** ** ** .....(ਵਿਘਨ)....

---

**Expunged as ordered by the Chair.

**ਸਰਦਾਰ ਬਲਬੀਰ ਸਿੰਘ ਸਿੱਧੂ :** ** ** **

**ਮਾਨਯੋਗ ਸਪੀਕਰ :** ਧੁੱਗਾ ਜੀ, sit down ...... ਧੁੱਗਾ ਜੀ, sit down. ..... ਧੁੱਗਾ ਜੀ, sit down. ਜੋ ਸਿੱਧੂ ਸਾਹਿਬ ਨੇ ਕਿਹਾ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ ।

**ਜਸਟਿਸ ਨਿਰਮਲ ਸਿੰਘ :** ਜਿਸ ਮੁੱਦੇ ਤੇ ਤੁਸੀਂ ਵਾਕ-ਆਊਟ ਕੀਤਾ ਸੀ, ਉਸ ਮੁੱਦੇ ਤੇ ਦਰਦ ਮੈਨੂੰ ਤੁਹਾਡੇ ਨਾਲੋਂ ਜ਼ਿਆਦਾ ਹੈ। (ਥੰਪਿੰਗ)

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਨੂੰ ਦਰਦ ਹੈ ਪਰ ਇਹ ਕਾਰਵਾਈ ਨਹੀਂ ਕਰਵਾ ਸਕਦੇ ...(ਵਿਘਨ)....

**Mr. Speaker :** Please sit down...... Please sit down.

**ਸ਼੍ਰੀ ਤਰਲੋਚਨ ਸਿੰਘ :** ** ** **

**Mr. Speaker :** Tarlochan Singh ji, Nothing is going to be recorded. Please sit down. ਡਿਸਟਰਬ ਨਾ ਕਰੋ।

**ਸ਼੍ਰੀ ਤਰਲੋਚਨ ਸਿੰਘ :** ** ** **

**Mr. Speaker :** No, no. .... (Interruptions) .... Please conclude now.

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਮੈਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ, ਜਿਹੜੀ ਮੀਟਿੰਗ 29 ਜਨਵਰੀ, 1955 ਨੂੰ ਹੋਈ ਸੀ, ਉਸ ਦੀ ਕਲਾਜ਼-5 ਤੁਹਾਡੇ ਸਾਹਮਣੇ ਰੱਖੀ ਹੈ। ਇਸ ਕਲਾਜ਼ ਨੂੰ ਰੱਖਣ ਦਾ ਮੇਰਾ ਇੱਕ ਮਕਸਦ ਸੀ। ਮਕਸਦ ਇਹ ਸੀ ਕਿ ਪਾਣੀ ਤਾਂ ਵੰਡ ਦਿੱਤਾ ਰਾਜਸਥਾਨ ਨੂੰ ਫਰੀ ਆਫ ਕਾਸਟ। ਉਦੋਂ ਮੀਟਿੰਗ ਵਿੱਚ ਗੁਲਜ਼ਾਰੀ ਲਾਲ ਨੰਦਾ ਜੀ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਤੁਹਾਡੀ ਕਾਸਟ ਬਾਰੇ ਬਾਅਦ ਵਿੱਚ ਫੈਸਲਾ ਕਰਾਂਗੇ। ਅੱਜ 60 ਸਾਲ ਹੋ ਗਏ ਹਨ, ਜੋ ਮੈਂ ਰਿਕਾਰਡ ਸਰਚ ਕੀਤਾ ਹੈ, ਇਸ ਮੁੱਦੇ ਤੇ ਕਦੇ ਕੋਈ ਮੀਟਿੰਗ ਕੇਂਦਰ ਸਰਕਾਰ ਵੱਲੋਂ ਨਹੀਂ ਹੋਈ। 1956 ਵਿੱਚ ਪੈਪਸੂ ਨੂੰ ਪੰਜਾਬ ਵਿੱਚ ਮਰਜ ਕਰ ਦਿੱਤਾ ਅਤੇ ਉਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬਾ ਬਣਾਉਣ ਦੀ ਜੱਦੋ-ਜਹਿਦ ਸ਼ੁਰੂ ਕੀਤੀ।

**Expunged as ordered by the Chair.

[ ਜਸਟਿਸ ਨਿਰਮਲ ਸਿੰਘ ]

ਤੁਹਾਡਾ ਫਰਜ਼ ਬਣਦਾ ਹੈ ਕਿ ਇਸ ਕਲਾਜ਼ ਤੇ ਪੰਜਾਬ ਨੂੰ ਦਰਿਆਈ ਪਾਣੀਆਂ ਦਾ ਮੁੱਲ ਦਿਵਾਉਂਦੇ। ਇੱਕ ਮੈਂ ਹੋਰ ਗੱਲ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਮੀਟਿੰਗ ਸੀ, ਉਸ ਦੀਆਂ ਪਰੋਸੀਡਿੰਗਜ਼ ਨਾ ਤਾਂ ਕੈਬਨਿਟ ਨੇ ਪਾਸ ਕੀਤੀਆਂ ਅਤੇ ਨਾ ਉਦੋਂ ਦੇ ਸੀ.ਐਮ. ਨੇ ਕੀਤੀਆਂ ਹਨ। ਇਹ ਸਿਰਫ ਤੇ ਸਿਰਫ ਉਦੋਂ ਦੇ ਇਰੀਗੇਸ਼ਨ ਮਨਿਸਟਰ ਚੌਧਰੀ ਲਹਿਰੀ ਸਿੰਘ ਜੀ ਸੀ, ਉਨ੍ਹਾਂ ਨੇ ਜ਼ਰੂਰ ਇੱਕ ਲੈਟਰ ਕੇਂਦਰ ਨੂੰ ਲਿਖ ਕੇ ਭੇਜਿਆ ਸੀ। Minister is not competent to take such a decision, ਜਿਹੜਾ ਪੰਜਾਬ ਦੇ ਹਿਤਾਂ ਨਾਲ ਸੀ। ਇਹ ਜਿਹੜੀ ਪਾਣੀਆਂ ਦੀ ਕੀਮਤ ਲੈਣ ਦੀ ਗੱਲ ਹੈ, ਇਹ ਕੋਈ ਉਦੋਂ ਨਹੀਂ ਸੀ। ਅਸੀਂ ਪਹਿਲਾਂ ਵੀ ਪਾਣੀਆਂ ਦੀ ਰਾਇਲਟੀ ਲੈਂਦੇ ਸੀ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਦੱਸਣਾ ਚਾਹਾਂਗਾ ਕਿ ਜਦੋਂ 1868 ਵਿੱਚ ਸਰਹਿੰਦ ਕੈਨਾਲ ਰੋਪੜ ਤੋਂ ਕੱਢੀ ਗਈ, ਪਟਿਆਲਾ ਸਟੇਟ, ਨਾਭਾ ਸਟੇਟ, ਜੀਂਦ, ਜਿਹੜੀਆਂ ਸਟੇਟਾਂ ਨੇ ਪਾਣੀ ਲਿਆ, ਉਨ੍ਹਾਂ ਨੂੰ ਬ੍ਰਿਟਿਸ਼ ਸਰਕਾਰ ਨੇ ਕੋਈ ਰਾਈਟ ਦੇ ਮੁਤਾਬਿਕ ਪਾਣੀ ਨਹੀਂ ਦਿੱਤਾ। ਉਨ੍ਹਾਂ ਨੂੰ ਸਿਰਫ ਤੇ ਸਿਰਫ ਇੱਕ ਮਿਹਰਬਾਨੀ ਕਰਕੇ ਪਾਣੀ ਦਿੱਤਾ ਸੀ, ਨਾ ਕਿ ਮੈਟਰ ਆਫ ਰਾਈਟ ਅਨੁਸਾਰ ਦਿੱਤਾ ਸੀ ਤੇ ਉਹ ਵੀ ਮੁੱਲ ਦੇ ਕੇ ਦਿੱਤਾ ਸੀ। ਅਸੀਂ 1956 ਤੱਕ ਜਿਹੜੀਆਂ ਸਟੇਟਾਂ ਪੰਜਾਬ ਦੇ ਅੰਦਰ ਆਈਆਂ ਸਨ, ਉਨ੍ਹਾਂ ਦਾ 1956 ਤੱਕ ਪੈਸੇ ਲੈਂਦੇ ਰਹੇ। ਇਸੇ ਤਰ੍ਹਾਂ ਹੀ 1920 ਵਿਚ ਗੰਗ ਕੈਨਾਲ ਫਿਰੋਜ਼ਪੁਰ ਤੋਂ ਕੱਢੀ ਗਈ । ਇਸ ਦਾ ਪਾਣੀ ਬਹਾਵਲਪੁਰ ਪਾਕਿਸਤਾਨ ਨੂੰ ਜਾਂਦਾ ਸੀ, ਗੰਗਾਨਗਰ ਨੂੰ ਜਾਂਦਾ ਸੀ, ਬੀਕਾਨੇਰ ਨੂੰ ਜਾਂਦਾ ਸੀ ਤੇ ਹੋਰ ਸਟੇਟਾਂ ਨੂੰ ਵੀ ਜਾਂਦਾ ਸੀ। ਉਨ੍ਹਾਂ ਦੀ ਵੀ ਬ੍ਰਿਟਿਸ਼ ਪੰਜਾਬ ਨੂੰ ਪੇਮੈਂਟ ਹੁੰਦੀ ਰਹੀ । ਇਹ ਪੇਮੈਂਟ ਜਿਹੜੀ ਹੈ, ਇਹ ਅਸੀਂ 1956 ਤੱਕ ਰਾਜਸਥਾਨ ਤੋਂ ਲਈ । ਰਾਜਸਥਾਨ ਤੋਂ ਜੋ ਪੇਮੈਂਟ ਲਈ ਹੈ, ਮੈਂ ਸਦਨ ਵਿਚ ਮੁੱਖ ਮੰਤਰੀ ਸਾਹਿਬ ਜੀ ਦੇ ਧਿਆਨ ਵਿਚ ਵੀ ਲਿਆਉਣਾ ਚਾਹਾਂਗਾ ਕਿ ਉਹ ਸਾਡਾ ਕਿਹੜਾ ਐਗਰੀਮੈਂਟ ਹੈ ? ਇਹ ਕਿਸੇ ਕਾਨਫਰੰਸ ਵਿੱਚ ਮਸਲਾ ਡਿਸਕਸ ਹੋਇਆ ਸੀ ਕਿ ਅਸੀਂ ਰਾਜਸਥਾਨ ਤੋਂ ਪੈਸਾ ਨਹੀਂ ਲੈਣਾ, ਅਸੀਂ ਰਾਇਲਟੀ ਤੁਹਾਡੇ ਕੋਲੋਂ ਨਹੀਂ ਲੈਣੀ, ਤੁਹਾਨੂੰ ਫਰੀ ਪਾਣੀ ਦੇਣਾ ਹੈ। ਅੱਜ ਜੇ ਪੰਜਾਬ ਦੀ ਅਰਥ ਵਿਵਸਥਾ ਡਗਮਗਾ ਰਹੀ ਹੈ ਤਾਂ ਇਹ ਪਾਣੀ ਰਾਜਸਥਾਨ ਨੂੰ ਦੇਣ ਕਰਕੇ ਹੈ ਕਿਉਂਕਿ ਅੱਜ ਅਸੀਂ ਸਸਟੇਨਏਬਲ ਐਗਰੀਕਲਚਰ ਬਣਾਉਣ ਵਾਸਤੇ 12 ਲੱਖ 25 ਹਜ਼ਾਰ 66 ਟਿਊਬਵੈਲ ਜਿਹੜੇ ਬਿਜਲੀ ਨਾਲ ਚੱਲਣ ਵਾਲੇ ਹਨ, ਉਹ ਅਸੀਂ 31 ਮਾਰਚ, 2014 ਤੱਕ ਲਗਾਏ ਹਨ। ਇਸ

ਤੋਂ ਬਿਨਾਂ ਕੁਝ ਸਾਡੇ ਜਿਹੜੇ ਟਿਊਬਵੈਲ ਹਨ, ਉਹ ਡੀਜ਼ਲ ਨਾਲ ਵੀ ਚਲਦੇ ਹਨ। ਪੰਜਾਬ ਦਾ ਪਾਣੀ ਹੇਠਾਂ ਜਾ ਰਿਹਾ ਹੈ । ਵੇਖੋ, ਆਪਾਂ ਪਾਣੀ ਦੀ ਵੰਡ ਕਿਸੇ ਸੂਬੇ ਦੀ ਤੌਰ ਤੇ ਵੇਖਦੇ ਹਾਂ । ਕਿਸੇ ਸੂਬੇ ਨੂੰ ਨੁਕਸਾਨ ਪਹੁੰਚਾ ਕੇ ਦੂਜੇ ਸੂਬੇ ਨੂੰ ਫਾਇਦਾ ਕਰਨ ਦਾ ਕੋਈ ਕੁਦਰਤੀ ਅਸੂਲ ਨਹੀਂ ਹੈ, ਕਾਂਸਟੀਚਿਊਸ਼ਨ ਨਹੀਂ ਕਹਿੰਦਾ ਕਿਉਂਕਿ ਦਰਿਆਵਾਂ ਉਤੇ ਜਿਹੜਾ ਹੱਕ ਹੈ, ਉਹ ਸਟੇਟਾਂ ਦਾ ਹੈ ਤੇ ਇੰਟਰ ਸਟੇਟ ਵਾਟਰ ਡਿਸਪਿਊਟ ਉਦੋਂ ਬਣਦੇ ਹਨ ਜਦੋਂ ਦਰਿਆ ਇੰਟਰ ਸਟੇਟ ਬਣਦੇ ਹਨ ਭਾਵ ਦਰਿਆ ਦੋ ਰਾਜਾਂ ਵਿਚੋਂ ਦੀ ਨਿਕਲਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਨਾ ਸਤਲੁਜ, ਨਾ ਬਿਆਸ ਤੇ ਨਾ ਹੀ ਰਾਵੀ, ਤਿੰਨੋਂ ਦਰਿਆ ਰਾਜਸਥਾਨ ਦੇ ਨੇੜੇ-ਤੇੜੇ ਵੀ ਨਹੀਂ ਹਨ। ਮੇਰੇ ਕੋਲ ਨਕਸ਼ਾ ਪਿਆ ਹੈ, ਜੇ ਨਕਸ਼ੇ ਵਿਚ ਦੇਖੀਏ ਤਾਂ ਰਾਜਸਥਾਨ ਕਿੰਨੇ ਕਿਲੋਮੀਟਰ ਦੂਰ ਹੈ। ਅਸੀਂ ਪਾਕਿਸਤਾਨ ਨਾਲ ਕੋ-ਰਿਪੇਰੀਅਨ ਅਜੇ ਵੀ ਹਾਂ, ਭਾਵੇਂ ਇੰਡਸ ਕਮਿਸ਼ਨ ਨੇ ਸਾਨੂੰ ਤਿੰਨ ਦਰਿਆਵਾਂ ਦਾ ਪੂਰਾ ਰਾਈਟ ਦਿੱਤਾ ਹੈ । ਜੇ ਕੁਦਰਤੀ ਤੌਰ ਤੇ ਵੇਖੀਏ ਤਾਂ ਅਜੇ ਵੀ ਅਸੀਂ ਕੋ-ਰਿਪੇਰੀਅਨ ਹਾਂ ਪਰ ਅਸੀਂ ਅੱਪਰ ਰਿਪੇਰੀਅਨ ਹਾਂ ਤੇ ਉਹ ਲੋਅ ਰਿਪੇਰੀਅਨ ਹਨ ਕਿਉਂਕਿ ਸਾਡੇ ਕੋਲ ਜਦੋਂ ਪਾਣੀ ਬਹੁਤਾਤ ਵਿੱਚ ਹੁੰਦਾ ਹੈ, ਜਦੋਂ ਬਾਰਸ਼ ਆਉਂਦੀ ਹੈ ਤਾਂ ਉਹ ਪਾਣੀ ਪਾਕਿਸਤਾਨ ਵਿਚ ਚਲਿਆ ਜਾਂਦਾ ਹੈ। ਰਿਪੇਰੀਅਨ ਲਾਅ ਇਸ ਉਤੇ ਹੀ ਡਿਪੈਂਡ ਕਰਦਾ ਹੈ ਕਿ ਜੇ ਦੋ ਸਟੇਟਾਂ ਵਿੱਚੋਂ ਦੀ ਪਾਣੀ ਨਿਕਲੇ ਪਰ ਰਾਜਸਥਾਨ ਵਿਚੋਂ ਤਾਂ ਪਾਣੀ ਨਿਕਲਿਆ ਹੀ ਨਹੀਂ ਹੈ। ਮੇਰੇ ਸਾਹਮਣੇ ਵੀਰ ਬੈਠੇ ਹਨ । ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ 1955 ਤੋਂ ਲੈ ਕੇ 1966 ਤੱਕ ਰਾਜ ਕੀਤਾ, ਤੁਹਾਡੀ ਹੀ ਸਰਕਾਰ ਰਹੀ। ਉਸ ਸਮੇਂ ਗੁਲਜ਼ਾਰੀ ਲਾਲ ਨੰਦਾ ਜੀ ਨੇ ਪੈਸਾ ਲੈਣ ਦਾ ਫੈਸਲਾ ਕੀਤਾ ਸੀ ਪਰ ਉਨ੍ਹਾਂ ਨੇ ਕਿਹਾ ਸੀ ਕਿ ਇਸ ਸੰਬੰਧੀ ਬਾਅਦ ਵਿਚ ਮੀਟਿੰਗ ਕਰ ਦਿਆਂਗੇ ਪਰ ਅੱਜ 60 ਸਾਲ ਹੋ ਗਏ ਹਨ ਤੇ 60 ਸਾਲਾਂ ਵਿੱਚ ਉਹ ਮੀਟਿੰਗ ਹੀ ਨਹੀਂ ਬੁਲਾਈ ਗਈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਜੇ ਅਸੀਂ ਸਾਰਾ ਅਸੈਸ ਕਰੀਏ ਤਾਂ ਸਾਡੇ ਕੋਲ ਰਾਜਸਥਾਨ ਨੂੰ ਪਾਣੀ ਦੇਣ ਵਾਸਤੇ ਨਹੀਂ ਹੈ। ਸਾਡੀ ਜਿਹੜੀ ਲੋੜ ਹੈ, ਉਹ 54 ਐਮ. ਏ.ਐਫ. ਹੈ । ਚਾਰ ਐਮ.ਏ.ਐਫ. ਸਾਡੀ ਲੋੜ ਕੁਦਰਤ ਦੇ ਪਾਣੀ ਨਾਲ ਪੂਰੀ ਹੋ ਜਾਂਦੀ ਹੈ, ਬਾਰਸ਼ਾਂ ਹੋ ਜਾਂਦੀਆਂ ਹਨ ਜਾਂ ਛੋਟੀਆਂ-ਮੋਟੀਆਂ ਨਦੀਆਂ ਤੋਂ ਪੂਰਾ ਕਰ ਲੈਂਦੇ ਹਾਂ। ਬਾਕੀ 50 ਐਮ.ਏ.ਐਫ. ਪਾਣੀ ਜਿਹੜਾ ਹੈ, ਉਹ ਪੰਜਾਬ ਦੀ ਲੋੜ ਹੈ। ਇਸ ਲਈ ਬਾਕੀ 50 ਐਮ.ਏ.ਐਫ. ਸਾਨੂੰ ਪੰਜਾਬ ਵਿੱਚ ਨਹਿਰਾਂ

ਰਾਹੀਂ ਯੂਜ਼ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਕਿਸਾਨ ਭਰਾ ਟਿਊਬਵੈਲ ਲਗਾ ਰਹੇ ਹਨ । ਮੈਨੂੰ ਬਹੁਤੇ ਹਲਕਿਆਂ ਦਾ ਪਤਾ ਨਹੀਂ ਹੈ ਕਿ ਕਿੰਨੇ ਕਿੰਨੇ ਹਾਰਸ ਪਾਵਰ ਦੀ ਮੋਟਰ ਲੱਗਦੀ ਹੈ ਪਰੰਤੂ ਮੇਰੇ ਹਲਕੇ ਵਿਚ ਤਾਂ 20 ਹਾਰਸ ਪਾਵਰ ਤੋਂ ਘੱਟ ਕੋਈ ਮੋਟਰ ਨਹੀਂ ਹੈ । ਜੇ 20 ਹਾਰਸ ਪਾਵਰ ਦੀ ਮੋਟਰ ਲਗਾ ਕੇ ਅਸੀਂ ਪਾਣੀ ਕੱਢਣਾ ਹੈ ਤਾਂ ਅਸੀਂ ਆਪਣੇ ਨਾਲ ਵੀ ਅਤੇ ਆਪਣੀ ਆਉਣ ਵਾਲੀ ਜੈਨਰੇਸ਼ਨ ਨਾਲ ਵੀ ਬਹੁਤ ਵੱਡਾ ਧੋਖਾ ਕਰ ਰਹੇ ਹਾਂ। ਪੰਜਾਬ ਨੂੰ ਡੈਜ਼ਰਟ ਬਣਨ ਤੋਂ ਬਚਾਉਣ ਵਾਸਤੇ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜਿਹੜਾ ਪਾਣੀ ਰਾਜਸਥਾਨ ਨੂੰ ਜਾਂਦਾ ਹੈ, ਉਸ ਨੂੰ ਕਿਸੇ ਨਾ ਕਿਸੇ ਤਰੀਕੇ ਰੋਕੀਏ। ਜੇਕਰ ਅਸੀਂ ਉਹ ਪਾਣੀ ਰੋਕ ਲੈਂਦੇ ਹਾਂ ਤਾਂ ਜੋ ਸਬਸਿਡੀ ਦਿੱਤੀ ਜਾਂਦੀ ਹੈ, ਜਿਸ ਬਾਰੇ ਰੌਲਾ ਬਹੁਤ ਪੈਂਦਾ ਹੈ.....

**ਸਰਦਾਰ ਬਲਬੀਰ ਸਿੰਘ ਸਿੱਧੂ :** ** **

**Mr. Speaker :** No point of order.

**ਜਸਟਿਸ ਨਿਰਮਲ ਸਿੰਘ :** ਮੈਂ ਕੈਪਟਨ ਅਮਰਿੰਦਰ ਸਿੰਘ ਤੇ ਵੀ ਆ ਰਿਹਾ ਹਾਂ। ਜਿਹੜਾ ਵਾਟਰ ਟਰਮੀਨੇਸ਼ਨ ਐਕਟ, 2004 ਵਿੱਚ ਉਨ੍ਹਾਂ ਨੇ ਪਾਸ ਕੀਤਾ ਸੀ, ਮੈਂ ਉਸ ਤੇ ਆ ਰਿਹਾ ਹਾਂ। ਭਾਵੇਂ ਕੇਂਦਰ ਦੀ ਕੋਈ ਵੀ ਸਰਕਾਰ ਹੋਵੇ, ਇੱਕ ਰੱਟ ਜ਼ਰੂਰ ਲਗਾਈ ਜਾਂਦੀ ਹੈ ਕਿ ਐਗਰੀਕਲਚਰ ਸੈਕਟਰ ਦੇ ਭਰਾਵਾਂ ਨੂੰ ਬਿਜਲੀ ਫਰੀ ਦਿੱਤੀ ਜਾਂਦੀ ਹੈ। ਜੇਕਰ ਅਸੀਂ ਫਰੀ ਦਿੰਦੇ ਹਾਂ, ਤੁਸੀਂ ਇਸ ਗੱਲ ਦਾ ਅੰਦਾਜ਼ਾ ਲਗਾਓ ਕਿ ਨਹਿਰ ਨਾਲੋਂ ਟਿਊਬਵੈੱਲ ਨਾਲ ਸਿੰਜਾਈ 10 ਗੁਣਾਂ ਮਹਿੰਗੀ ਪੈਂਦੀ ਹੈ। ਉਹ ਸਾਰੀ ਦੀ ਸਾਰੀ ਬਿਜਲੀ ਜਿਹੜੀ ਐਗਰੀਕਲਚਰ ਸੈਕਟਰ ਨੂੰ ਜਾਂਦੀ ਹੈ, ਉਹ ਦੇਣ ਦੀ ਲੋੜ ਨਹੀਂ ਪਵੇਗੀ, ਜੇਕਰ ਸਾਡਾ ਸਾਰਾ ਪਾਣੀ ਸਾਨੂੰ ਮਿਲ ਜਾਵੇ ਕਿਉਂਕਿ ਇਸ ਪਾਣੀ ਨਾਲ ਹੀ ਸਾਰੀ ਸਿੰਜਾਈ ਹੋ ਜਾਵੇਗੀ। ਜਿਹੜੀ ਉਹ ਪੰਜਾਬ ਦੀ ਬਿਜਲੀ ਬਚੇਗੀ, ਉਸ ਨੂੰ ਅਸੀਂ ਇੰਡਸਟਰੀ ਸੈਕਟਰ ਨੂੰ ਦੇ ਸਕਦੇ ਹਾਂ ਅਤੇ ਉਹ ਵੀ ਅੱਧੇ ਰੇਟ ਤੇ ਦੇ ਸਕਦੇ ਹਾਂ। ਕਈ ਸਰਕਾਰਾਂ ਇਹ ਗੱਲ ਕਹਿੰਦੀਆਂ ਹਨ ਕਿ ਅਸੀਂ ਡੋਮੈਸਟਿਕ ਬਿਜਲੀ ਅੱਧੇ ਰੇਟ ਤੇ ਦੇਵਾਂਗੇ ਪਰੰਤੂ ਅਸੀਂ ਇੰਡਸਟਰੀ ਸੈਕਟਰ ਨੂੰ ਅੱਧੇ ਰੇਟ ਤੇ ਬਿਜਲੀ ਦੇ ਸਕਦੇ ਹਾਂ ਕਿਉਂਕਿ ਅੱਜ ਦੀ ਡੇਟ ਵਿੱਚ ਸਾਡੇ ਕੋਲ ਬਿਜਲੀ

**Expunged as ordered by the Chair.

ਸਰਪਲੱਸ ਹੈ। ਜੇਕਰ ਸਾਡੇ ਕੋਲ ਐਗਰੀਕਲਚਰ ਸਾਈਡ ਵਾਲੀ ਬਿਜਲੀ ਵੀ ਆ ਜਾਵੇ ਤਾਂ ਪੰਜਾਬ ਇੰਡਸਟ੍ਰੀਲਾਈਜੇਸ਼ਨ ਵਿੱਚ ਇੱਕ ਮੋਹਰੀ ਸੂਬਾ ਬਣ ਜਾਵੇਗਾ। ਜਿਵੇਂ ਲੋਕ ਗੁਜਰਾਤ ਦੀਆਂ ਬੜੀਆਂ ਗੱਲਾਂ ਕਰਦੇ ਹਨ, ਫਿਰ ਅਸੀਂ ਪੰਜਾਬ ਨੂੰ ਅੱਗੇ ਲੈ ਕੇ ਜਾਵਾਂਗੇ ਪਰ ਕੰਡੀਸ਼ਨ ਇਹ ਹੈ ਕਿ ਸਾਨੂੰ ਪਾਣੀ ਰਾਜਸਥਾਨ ਨੂੰ ਜਾਣ ਤੋਂ ਰੋਕਣਾ ਪਵੇਗਾ। ਅਸੀਂ ਇਸ ਸਬੰਧੀ ਅੰਕੜੇ ਕੱਢੇ ਸਨ ਕਿ ਇਸ ਪਾਣੀ ਦਾ ਮੁੱਲ ਕਿਸ ਤਰ੍ਹਾਂ ਅਸੈਸ ਕੀਤਾ ਜਾਵੇ। ਇਸ ਸੰਬੰਧੀ 1955 ਵਿੱਚ ਮੀਟਿੰਗ ਹੋਈ ਸੀ । 1956 ਵਿੱਚ ਜਦੋਂ ਰਾਜਸਥਾਨ ਨੂੰ ਪਾਣੀ ਜਾਣ ਲੱਗਿਆ ਸੀ, ਉਸ ਦਿਨ ਤੋਂ ਟਿਊਬਵੈੱਲਾਂ ਨੂੰ ਦਿੱਤੀ ਜਾਣ ਵਾਲੀ ਬਿਜਲੀ ਦੇ ਮੁੱਲ ਨੂੰ ਰਾਜਸਥਾਨ ਨੂੰ ਜਿਹੜਾ ਪਾਣੀ ਜਾਂਦਾ ਹੈ, ਉਸ ਵਿਚੋਂ ਐਕਸਟ੍ਰੈਕਟ ਕੀਤਾ ਜਾਵੇ ਤਾਂ ਉਹ ਅੱਜ ਦੀ ਡੇਟ ਤੱਕ ਲਗਭਗ 80,000 ਕਰੋੜ ਰੁਪਿਆ ਬਣਦਾ ਹੈ। ਇਹ ਮੁੱਦਾ ਸਾਡੀ ਅਰਥ ਵਿਵਸਥਾ ਨਾਲ ਰਿਲੇਟਿਡ ਹੈ। ਜੇਕਰ ਸਾਡੀ ਇਹ ਵਿਵਸਥਾ ਸੁਧਰਦੀ ਹੈ ਤਾਂ ਇਸ ਨਾਲ ਪੰਜਾਬ ਵਿੱਚ ਨਵੀਂ ਇੰਡਸਟਰੀ ਲੱਗ ਸਕਦੀ ਹੈ ਜਿਸ ਨਾਲ ਅਨਇੰਪਲਾਇਮੈਂਟ ਸੁਧਰੇਗੀ। ਪੰਜਾਬ ਦੇ ਨੌਜਵਾਨ ਨੂੰ ਪੰਜਾਬ ਵਿੱਚ ਹੀ ਇੰਪਲਾਇਮੈਂਟ ਮਿਲੇਗੀ।

**Mr. Speaker :** Judge Sahib, conclude now.

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਜਿਹੜੀ ਸਾਡੇ ਸਿਰ ਤੇ ਕਰਜ਼ੇ ਦੀ ਪੰਡ ਚੜ੍ਹੀ ਹੋਈ ਹੈ, ਇਹ ਵੀ ਬੜੀ ਵੱਡੀ ਗੱਲ ਹੈ। ਕਰਜ਼ਾ ਸਾਡੇ ਤੇ ਦੋ ਕਾਰਨਾਂ ਕਰਕੇ ਚੜ੍ਹਿਆ ਹੈ। ਇੱਕ ਕਾਰਨ ਮੈਂ ਦੱਸ ਚੁੱਕਿਆ ਹਾਂ ਕਿ ਰਾਜਸਥਾਨ ਨੂੰ ਪਾਣੀ ਜਾਣ ਕਰਕੇ ਸਾਡੇ ਤੇ ਕਰਜ਼ਾ ਚੜ੍ਹਿਆ ਹੈ। ਜੇਕਰ ਰਾਜਸਥਾਨ ਨੂੰ ਸਬਸਿਡੀ ਨਾ ਦੇਈਏ ਤਾਂ ਸਾਡੇ ਤੇ ਕਰਜ਼ਾ ਨਹੀਂ ਚੜ੍ਹਦਾ। ਦੂਜਾ ਕਾਰਨ, ਸਾਰੇ ਹਿੰਦੁਸਤਾਨ ਵਿੱਚ ਸਿਰਫ਼ ਪੰਜਾਬ ਹੀ ਅਜਿਹੀ ਐਗਜ਼ਾਂਪਲ ਹੈ ਜਿਥੇ ਟੈਰੋਰਿਜ਼ਮ ਆਇਆ। ਅਸੀਂ ਉਸ ਨੂੰ ਭੁਗਤਿਆ ਹੈ। ਬਾਹਰੋਂ ਫੋਰਸਿਜ਼ ਆਈਆਂ, ਲਾਅ ਐਂਡ ਆਰਡਰ ਮੇਨਟੇਨ ਕਰਨ ਵਾਸਤੇ ਬੀ.ਐਸ.ਐਫ. ਆਈ, ਸੀ.ਆਰ.ਪੀ.ਐਫ. ਆਈ । ਸੰਵਿਧਾਨ ਵਿੱਚ ਲਿਖਿਆ ਹੋਇਆ ਹੈ ਕਿ ਇੰਟਰਨਲ ਤੇ ਐਕਸਟ੍ਰਨਲ ਡਿਸਟਰਬੈਂਸ ਨੂੰ ਕੰਟਰੋਲ ਕਰਨਾ ਸੈਂਟਰ ਸਰਕਾਰ ਦਾ ਫਰਜ਼ ਹੈ। ਜੇ ਸੈਂਟਰ ਸਰਕਾਰ ਦਾ ਇੰਟਰਨਲ ਅਤੇ ਐਕਸਟਰਨਲ ਡਿਸਟਰਬੈਂਸ ਨੂੰ ਕੰਟਰੋਲ ਕਰਨ ਦਾ ਫਰਜ਼ ਹੈ ਤਾਂ ਫਿਰ ਸਾਡੇ ਕੋਲੋਂ ਉਸ ਦੇ ਪੈਸੇ ਕਿਉਂ ਵਸੂਲੇ ਜਾਂਦੇ ਹਨ? ਜੰਮੂ ਕਸ਼ਮੀਰ, ਛੱਤੀਸਗੜ੍ਹ, ਆਂਧਰਾ ਪ੍ਰਦੇਸ਼ ਅਤੇ

[ ਜਸਟਿਸ ਨਿਰਮਲ ਸਿੰਘ ]

ਅਸਾਮ ਤੋਂ ਕਿਉਂ ਨਹੀਂ ਵਸੂਲੇ ਜਾਂਦੇ? ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਕਿਹਾ ਹੈ ਕਿ ਇਹ ਸਾਡੇ ਨਾਲ ਵਿਤਕਰਾ ਹੈ। ਇਹ ਬਹੁਤ ਵੱਡਾ ਵਿਤਕਰਾ ਹੈ। ਇਸੇ ਵਿਤਕਰੇ ਕਰਕੇ ਸਾਡੀ ਅਰਥ ਵਿਵਸਥਾ ਡਗਮਗਾਈ ਹੈ ਅਤੇ ਡਿਸਟਰਬ ਹੋਈ ਹੈ। ਇਹ ਬੜਾ ਵੱਡਾ ਪੁਆਇੰਟ ਹੈ। ਭਾਵੇਂ ਗਵਰਨਰ ਸਾਹਿਬ ਨੇ ਦੱਸਿਆ ਹੈ ਕਿ ਸਾਡਾ ਗਰੋਥ ਰੇਟ ਘਟਿਆ ਹੈ ਪਰੰਤੂ ਫਿਰ ਵੀ ਅਸੀਂ ਸੁਚੱਜੇ ਢੰਗ ਨਾਲ ਆਪਣਾ ਰੈਵੇਨਿਊ ਵਧਾਉਣ ਦੀ ਪੂਰੀ ਕੋਸ਼ਿਸ਼ ਵਿੱਚ ਹਾਂ ਅਤੇ ਰੈਵੇਨਿਊ ਪਿਛਲੇ ਸਾਲ ਵਿੱਚ ਵਧਿਆ ਵੀ ਹੈ। ਮੈਂ ਇੰਨਾ ਹੀ ਕਹਿੰਦਾ ਹੋਇਆ ਜਿਹੜਾ ਬੀਬੀ ਜੀ ਨੇ ਮਤਾ ਲਿਆਂਦਾ ਹੈ, ਮੈਂ ਉਸ ਦੀ ਸਪੋਰਟ ਕਰਦਾ ਹਾਂ। ਬਹੁਤ ਬਹੁਤ ਧੰਨਵਾਦ। (ਥੰਪਿੰਗ)

**ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਸ਼ਹਿਰੀ) :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਆਭਾਰੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ।

**ਮਾਨਯੋਗ ਸਪੀਕਰ :** ਤੁਹਾਡੀ ਪਾਰਟੀ ਦੇ ਸਿਰਫ 17 ਮਿੰਟ ਬਾਕੀ ਹਨ। ਹੋਰ ਬੋਲਣ ਵਾਲੇ ਵੀ ਬਹੁਤ ਹਨ।

**ਸ਼੍ਰੀ ਮਨੋਰੰਜਨ ਕਾਲੀਆ :** ਜਿਹੜੀ ਸਮੇਂ ਦੀ ਐਕਸਟੈਨਸ਼ਨ ਹੋਣੀ ਹੈ, ਉਸ ਦੇ ਵਿਚੋਂ ਵੀ ਤਾਂ ਟਾਈਮ ਦੇਣਾ ਹੈ ਜੀ।

ਸਪੀਕਰ ਸਾਹਿਬ, ਮੈਂ ਤੁਹਾਡਾ ਆਭਾਰੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਦੇ ਧੰਨਵਾਦ ਦੇ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜਿਹੜਾ ਮਤਾ ਬੀਬੀ ਜਗੀਰ ਕੌਰ ਜੀ ਲੈ ਕੇ ਆਏ ਹਨ ਕਿ ਸਾਰਾ ਹਾਊਸ ਗਵਰਨਰ ਸਾਹਿਬ ਦਾ ਆਭਾਰ ਵਿਅਕਤ ਕਰੇ ਕਿ ਜਿਹੜਾ ਭਾਸ਼ਣ ਉਨ੍ਹਾਂ ਨੇ ਇਸ ਅਜ਼ੀਮ ਸਦਨ ਵਿੱਚ 12 ਤਾਰੀਖ ਨੂੰ ਦਿੱਤਾ ਹੈ। ਗਵਰਨਰ ਸਾਹਿਬ ਸ਼੍ਰੀ ਕਪਤਾਨ ਸਿੰਘ ਸੋਲੰਕੀ ਜੀ ਨੇ 12 ਤਾਰੀਖ ਨੂੰ ਇਤਿਹਾਸ ਦੀ ਰਚਨਾ ਕੀਤੀ ਹੈ ਕਿ ਉਨ੍ਹਾਂ ਨੇ ਆਪਣਾ ਭਾਸ਼ਣ ਰਾਸ਼ਟਰ ਭਾਸ਼ਾ ਹਿੰਦੀ ਵਿੱਚ ਦਿੱਤਾ ਹੈ। ਸਾਲ 1947 ਤੋਂ ਲੈ ਕੇ ਹੁਣ ਤੱਕ ਜਿੰਨੇ ਗਵਰਨਰ ਸਾਹਿਬ ਨੇ ਇਥੇ ਭਾਸ਼ਣ ਦਿੱਤੇ ਹਨ, ਉਹ ਅੰਗਰੇਜ਼ੀ ਵਿੱਚ ਦਿੱਤੇ ਹਨ, ਨਾ ਰਾਸ਼ਟਰ ਭਾਸ਼ਾ ਵਿੱਚ ਦਿੱਤੇ ਹਨ ਤੇ ਨਾ ਹੀ ਮਾਂ-ਬੋਲੀ ਪੰਜਾਬੀ ਭਾਸ਼ਾ ਵਿੱਚ ਦਿੱਤੇ ਹਨ। ਮੈਂ ਨਹੀਂ ਕਹਿੰਦਾ ਕਿ ਕੋਈ ਭਾਸ਼ਾ ਬੁਰੀ ਹੈ। ਅੰਗਰੇਜ਼ੀ ਬਿਲਕੁਲ ਸਿੱਖਣੀ ਚਾਹੀਦੀ ਹੈ ਅਤੇ ਫਰੈਂਚ ਵੀ ਸਿੱਖਣੀ ਚਾਹੀਦੀ ਹੈ ਲੇਕਿਨ ਜਿਹੜੇ ਭਾਵ

ਅਸੀਂ ਰਾਸ਼ਟਰ ਭਾਸ਼ਾ ਅਤੇ ਮਾਂ-ਬੋਲੀ ਵਿੱਚ ਪ੍ਰਗਟ ਕਰ ਸਕਦੇ ਹਾਂ, ਉਹ ਅਸੀਂ ਕਿਸੇ ਹੋਰ ਦੂਸਰੀ ਭਾਸ਼ਾ ਵਿੱਚ ਪ੍ਰਗਟ ਨਹੀਂ ਕਰ ਸਕਦੇ। ਸੋ, ਇਸ ਲਈ ਗਵਰਨਰ ਸਾਹਿਬ ਨੇ ਇੱਥੇ 12 ਤਾਰੀਖ ਨੂੰ ਇੱਕ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ ਹੈ। ਇਸ ਵਾਸਤੇ ਮੈਂ ਉਨ੍ਹਾਂ ਦਾ ਆਭਾਰ ਵਿਅਕਤ ਕਰਦਾ ਹਾਂ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਪੰਜਾਬ ਦੇ ਬਹੁਤ ਲੰਬੇ ਸਮੇਂ ਤੋਂ ਲਟਕਦੇ ਮਸਲਿਆਂ ਦਾ ਵੀ ਜ਼ਿਕਰ ਕੀਤਾ ਹੈ। ਮੇਰੇ ਤੋਂ ਪਹਿਲਾਂ ਜਸਟਿਸ ਨਿਰਮਲ ਸਿੰਘ ਜੀ ਵੀ ਬੋਲ ਚੁੱਕੇ ਹਨ, ਮੈਂ ਉਸ ਦੀ ਤਫਸੀਲ ਵਿੱਚ ਨਹੀਂ ਜਾਵਾਂਗਾ, ਚਾਹੇ ਉਹ ਪਾਣੀਆਂ ਦਾ ਮਸਲਾ ਹੋਵੇ, ਚਾਹੇ ਚੰਡੀਗੜ੍ਹ ਨੂੰ ਟਰਾਂਸਫਰ ਕਰਨ ਦਾ ਹੋਵੇ ਅਤੇ ਚਾਹੇ ਖੇਤੀ ਖੇਤਰ ਨਾਲ ਜੁੜੀਆਂ ਸਮੱਸਿਆਵਾਂ ਹੋਣ। ਕੇਂਦਰ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੇ ਨੇਤ੍ਰਿਤਵ ਵਿੱਚ ਜਿਹੜੀ ਸਰਕਾਰ ਆਈ ਹੈ, ਗਵਰਨਰ ਸਾਹਿਬ ਨੇ ਉਸ ਦੀ ਸ਼ਲਾਘਾ ਕੀਤੀ ਹੈ ਕਿ ਜਿਹੜਾ ਸੰਘੀ ਢਾਂਚਾ ਹੈ, ਫੈਡਰਲ ਸਟ੍ਰਕਚਰ ਨੂੰ ਮਜ਼ਬੂਤ ਕਰਨ ਦਾ ਜਿਹੜਾ ਉਪਰਾਲਾ ਕੀਤਾ ਹੈ, ਉਹ ਬਹੁਤ ਸ਼ਲਾਘਾਯੋਗ ਹੈ। ਇਸ ਦੇ ਨਾਲ ਹੀ ਜਦੋਂ ਕੇਂਦਰ ਵਿੱਚ ਸਾਲ 2014 ਵਿੱਚ ਐਨ.ਡੀ.ਏ. ਦੀ ਸਰਕਾਰ ਆਈ ਹੈ, ਤਾਂ ਉਨ੍ਹਾਂ ਨੇ ਪਲਾਨਿੰਗ ਕਮਿਸ਼ਨ ਨੂੰ ਬਦਲ ਕੇ ਨੀਤੀ ਆਯੋਗ ਦਾ ਗਠਨ ਕੀਤਾ ਹੈ। ਇਹ ਸਿਰਫ ਨਾਮ ਹੀ ਨਹੀਂ ਬਦਲਿਆ ਸਗੋਂ ਕੰਮ ਵੀ ਬਦਲ ਗਿਆ ਹੈ। ਵਿਅਕਤੀ ਵੀ ਬਦਲੇ ਗਏ ਹਨ ਕਿ ਇਸ ਨੀਤੀ ਆਯੋਗ ਨੂੰ ਹੁਣ ਕੌਣ ਚਲਾਉਣਗੇ ? ਪਲਾਨਿੰਗ ਕਮਿਸ਼ਨ ਨੂੰ 65 ਸਾਲ ਕੌਣ ਚਲਾਉਂਦੇ ਰਹੇ? ਉਹ ਲੋਕ ਚਲਾਉਂਦੇ ਰਹੇ ਜੋ ਏ.ਸੀ. ਵਿਚ ਬੈਠ ਕੇ ਪੂਰੇ ਦੇਸ਼ ਦੀਆਂ ਸਕੀਮਾਂ ਬਣਾਉਂਦੇ ਰਹੇ। ਸਾਲ 2012 ਵਿੱਚ ਇਕ ਹਿੰਦੀ ਡੇਅਲੀ ਨੇ ਪਲਾਨਿੰਗ ਕਮਿਸ਼ਨ ਨੂੰ ਆਰ.ਟੀ.ਆਈ. ਪਾਈ ਕਿ ਤੁਸੀਂ ਗ੍ਰਾਮੀਣ ਯੋਜਨਾਵਾਂ ਬਣਾਉਦੇ ਹੋ, ਤੁਹਾਡੇ ਕਿੰਨੇ ਮੈਂਬਰ ਸਾਹਿਬਾਨ ਪਿੰਡਾਂ ਵਿਚ ਜਾ ਕੇ ਆਏ ਹਨ। ਇਸ ਦਾ ਜਵਾਬ ਆਇਆ ਕਿ ਸਿਰਫ ਇਕ ਡਾ. ਮਹੀਰ ਸ਼ਾਹ ਗਏ ਹਨ, ਬਾਕੀ ਕੋਈ ਨਹੀਂ ਗਿਆ। ਸੋ, ਇਹ ਏ.ਸੀ. ਵਿਚ ਬਹਿ ਕੇ ਯੋਜਨਾਵਾਂ ਬਣਾਉਂਦੇ ਸਨ। ਇਸੇ ਗੱਲ ਦਾ ਨਤੀਜਾ ਹੈ ਕਿ 2012-13 ਵਿੱਚ ਇਨ੍ਹਾਂ ਨੇ ਕਿਹਾ ਹੈ ਕਿ ਜਿਹੜਾ ਵਿਅਕਤੀ ਰੋਜ਼ 27/- ਰੁਪਏ ਖਰਚਦਾ ਹੈ, ਉਹ ਗਰੀਬ ਨਹੀਂ ਹੈ ਅਤੇ 2012-13 ਵਿਚ ਯੋਜਨਾ ਆਯੋਗ ਨੇ 35 ਲੱਖ ਰੁਪਿਆ ਆਪਣੇ ਟਾਇਲਟਜ਼ ਦੀ ਰੈਨੋਵੇਸ਼ਨ ਲਈ ਖਰਚਿਆ ਹੈ। ਸੋ, ਇਸ ਤਰ੍ਹਾਂ ਦੀਆਂ ਸਕੀਮਾਂ ਬਣਾਉਂਦੇ ਸੀ। ਯੋਜਨਾ ਕਮਿਸ਼ਨ ਦਾ ਇਹ ਹਾਲ ਸੀ ਕਿ ਫੰਡਜ਼ ਅਵੇਲੇਬਲ ਹਨ, ਕੋਈ ਨਾ ਕੋਈ ਸਕੀਮ ਬਣਾ ਦਿਓ, ਚਾਹੇ ਸਾਨੂੰ ਸਕੀਮ ਪਸੰਦ

[ ਸ਼੍ਰੀ ਮਨੋਰੰਜਨ ਕਾਲੀਆ ]

ਹੈ ਜਾਂ ਨਹੀਂ ਹੈ, ਫਿਰ ਉਹ ਸਕੀਮ ਲਾਗੂ ਹੋ ਜਾਂਦੀ ਸੀ। ਸੋ, ਇਸ ਢੰਗ ਨਾਲ 65 ਸਾਲ ਯੋਜਨਾ ਆਯੋਗ ਕੰਮ ਕਰਦਾ ਰਿਹਾ। ਹੁਣ ਉਸ ਤੋਂ ਛੁਟਕਾਰਾ ਪਾ ਕੇ ਨੀਤੀ ਆਯੋਗ ਬਣਾਇਆ ਗਿਆ ਹੈ। ਇਸ ਵਿਚ ਨੀਤੀਆਂ ਕੌਣ ਬਣਾਉਣਗੇ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ** **

**Mr. Speaker :** No point of order. Kalia ji, please continue.

**ਸ਼੍ਰੀ ਮਨੋਰੰਜਨ ਕਾਲੀਆ :** ਮਾਨਯੋਗ ਸਪੀਕਰ ਸਾਹਿਬ, ਮੈਂ ਗੱਲ ਕਰ ਰਿਹਾ ਸੀ ਕਿ ਨੀਤੀ ਆਯੋਗ ਵਿਚ ਕੌਣ ਨੀਤੀਆਂ ਬਣਾਉਣਗੇ ? 29 ਰਾਜਾਂ ਦੇ ਮੁੱਖ ਮੰਤਰੀ ਅਤੇ 7 ਯੂਨੀਅਨ ਟੈਰੇਟਰੀਜ਼ ਦੇ ਨੁਮਾਇੰਦੇ ਨੀਤੀ ਆਯੋਗ ਵਿੱਚ ਮੈਂਬਰ ਹੋਣਗੇ ਜਿਸ ਨਾਲ ਉਹ ਆਪਣੇ ਰਾਜ ਦੀ ਲੋੜ ਅਨੁਸਾਰ ਢੁਕਵੀਆਂ ਨੀਤੀਆਂ ਬਣਾਉਣਗੇ, ਨਾ ਕਿ ਇਕੋ ਹੀ ਮਾਪਦੰਡ ਸਾਰੀਆਂ ਸਟੇਟਾਂ ਲਈ ਹੋਵੇਗਾ। ਸੋ, ਇਹ ਬਹੁਤ ਵੱਡਾ ਉਪਰਾਲਾ ਹੈ। ਹੁਣ ਪਾਲਿਸੀ ਕਮਿਸ਼ਨ ਨਾਲ ਦੇਸ਼ ਤਰੱਕੀ ਕਰੇਗਾ ਕਿਉਂਕਿ ਜੇਕਰ ਪ੍ਰਦੇਸ਼ ਤਰੱਕੀ ਕਰਨਗੇ ਤਾਂ ਹੀ ਦੇਸ਼ ਤਰੱਕੀ ਕਰੇਗਾ। ਸੋ, ਇਸ ਨਾਲ ਆਪਟੀਮਮ ਯੂਜ਼ ਆਫ ਮਨੀ, ਆਪਟੀਮਮ ਯੂਜ਼ ਆਫ ਰੈਵੀਨਿਊ ਹੋਵੇਗਾ।

**ਸਰਦਾਰ ਜਗਮੋਹਨ ਸਿੰਘ ਕੰਗ :** ** **

**ਮਾਨਯੋਗ ਸਪੀਕਰ :** ਨਹੀਂ ਜੀ, ਨੋ ਪੁਆਇੰਟ ਆਫ ਆਰਡਰ। ਕਾਲੀਆ ਜੀ, ਪਲੀਜ਼ ਕੰਟੀਨਿਊ।

**ਸ਼੍ਰੀ ਮਨੋਰੰਜਨ ਕਾਲੀਆ :** ਸਪੀਕਰ ਸਾਹਿਬ, ਇਨ੍ਹਾਂ ਨੂੰ ਬਹੁਤ ਤਕਲੀਫ ਹੈ ਪਰ ਇਸ ਨਾਲ ਹਰੇਕ ਸਟੇਟ ਆਪਟੀਮਮ ਯੂਜ਼ ਆਫ ਰੈਵੀਨਿਊ ਕਰ ਸਕੇਗੀ। ਇਹ ਕਿਉਂ ਹੋਇਆ ? ਇਹ ਇਸ ਲਈ ਹੋਇਆ ਕਿਉਂਕਿ ਇਹ ਤਜਰਬਾ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦਾ ਬਤੌਰ ਗੁਜਰਾਤ ਦੇ ਮੁੱਖ ਮੰਤਰੀ 12-13 ਸਾਲ ਰਿਹਾ ਹੈ। ਉਨ੍ਹਾਂ ਨੇ ਉਥੇ ਦੇਖਿਆ ਕਿ ਇਕ ਮੁੱਖ ਮੰਤਰੀ ਨੂੰ ਸਟੇਟ ਦੀ ਤਰੱਕੀ ਲਈ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਉਨ੍ਹਾਂ ਨੂੰ ਸਭ ਤੋਂ ਵੱਡੀ ਦਿੱਕਤ ਪਲਾਨਿੰਗ ਕਮਿਸ਼ਨ ਵਿੱਚੋਂ ਆਈ । ਹੁਣ ਨੀਤੀ ਪਹਿਲਾਂ ਬਣੇਗੀ, ਫਿਰ ਉਸ ਨੂੰ ਐਗਜ਼ੀਕਿਊਟ ਕਰਨ ਦੀ ਪਲਾਨਿੰਗ ਹੋਵੇਗੀ। ਇਸ ਦਾ ਮਤਲਬ ਹੈ ਕਿ 65 ਸਾਲਾਂ ਤੱਕ ਪਲਾਨਿੰਗ without

**Expunged as ordered by the Chair.

policy ਚਲਦੀ ਰਹੀ ਹੈ ਪਰ ਇਸ ਦੇ ਲਈ ਸ਼੍ਰੀ ਨਰਿੰਦਰ ਮੋਦੀ ਜੀ ਨੇ ਬੀੜਾ ਉਠਾਇਆ ਹੈ ਕਿ ਸੰਘੀ ਢਾਂਚਾ ਮਜ਼ਬੂਤ ਕੀਤਾ ਜਾਵੇ । ਸੱਚਮੁੱਚ ਇਹ ਆਉਣ ਵਾਲੇ ਸਮੇਂ ਵਿੱਚ ਭਾਰਤ ਦੀ ਤਰੱਕੀ ਲਈ ਨੀਂਹ ਸਾਬਤ ਹੋਵੇਗਾ । ਇਸ ਦੇ ਨਾਲ ਇੰਨਾ ਹੀ ਨਹੀਂ, ਉਨ੍ਹਾਂ ਨੇ 10% ਸਟੇਟ ਰੈਵੇਨਿਊ ਵਧਾ ਦਿੱਤਾ ਹੈ ਯਾਨੀ 32% ਤੋਂ 42% ਕਰ ਦਿੱਤਾ ਹੈ। ਇਹ ਵੀ ਉਨ੍ਹਾਂ ਦਾ ਆਪਣਾ ਬਤੌਰ ਮੁੱਖ ਮੰਤਰੀ ਤਜਰਬਾ ਸੀ ਕਿ ਜ਼ਿਆਦਾ ਹਿੱਸਾ ਪ੍ਰਦੇਸ਼ਾਂ ਨੂੰ ਦੇਣਾ ਚਾਹੀਦਾ ਹੈ ਔਰ ਹੁਣ ਲਗਭਗ 58% ਦੇ ਨੇੜੇ 42% ਭਾਵ ਅੱਧ ਦੇ ਲਾਗੇ ਪਹੁੰਚ ਗਏ ਹਾਂ।

**ਸ਼੍ਰੀ ਬ੍ਰਹਮ ਮਹਿੰਦਰਾ ( ਬੈਠੇ-ਬੈਠੇ) :** ਮੋਦੀ ਸਾਹਿਬ ਦੀ ਗੱਲ ਕਰੀ ਜਾਂਦੇ ਹੋ, ਕੋਈ ਬਾਦਲ ਸਾਹਿਬ ਦੀ ਵੀ ਕਰ ਲਓ।

**Mr. Speaker :** Don't disturb.

**ਸ਼੍ਰੀ ਮਨੋਰੰਜਨ ਕਾਲੀਆ :** ਸਪੀਕਰ ਸਾਹਿਬ, ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਕਿਹਾ ਹੈ ਕਿ ਕੇਂਦਰ ਸਰਕਾਰ ਨੇ 1984 ਦੇ Riot Victim families ਨੂੰ ਜੋ ਪੰਜ-ਪੰਜ ਲੱਖ ਰੁਪਿਆ ਦਿੱਤਾ ਹੈ, ਉਸ ਦੀ ਵੀ ਸ਼ਲਾਘਾ ਕਰਦੇ ਹਾਂ। ਲੇਕਿਨ ਮੈਂ ਅੱਜ ਇਸ ਸਦਨ ਦੁਆਰਾ ਕੇਂਦਰ ਤੋਂ ਮੰਗ ਕਰਦਾ ਹਾਂ ਕਿ ਜਿਹੜੇ ਆਤੰਕਵਾਦ ਦੇ ਪੀੜ੍ਹਿਤ ਹਨ ਜਿਨ੍ਹਾਂ ਦੇ ਜੀਅ ਚਲੇ ਗਏ ਹਨ, ਉਨ੍ਹਾਂ ਨੂੰ ਵੀ ਪੰਜ ਲੱਖ ਰੁਪਿਆ ਕੇਂਦਰ ਸਰਕਾਰ ਦੇਵੇ। ਮਾਨਯੋਗ ਸਪੀਕਰ ਸਾਹਿਬ, ਜਦੋਂ ਦੀ ਕੇਂਦਰ ਸਰਕਾਰ ਆਈ ਹੈ, ਮੋਦੀ ਸਰਕਾਰ ਆਈ ਹੈ, ਖਾਸ ਕਰਕੇ ਜਿਹੜਾ ਪਿਆਰ ਦਾ ਨਿੱਘ ਹੈ, ਉਹ ਪੰਜਾਬ ਨੇ ਵੀ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਹੈ । ਉਨ੍ਹਾਂ ਨੇ ਸਾਲ 2015 ਵਿੱਚ ਜਿਹੜਾ ਬਜਟ ਪੇਸ਼ ਕੀਤਾ ਹੈ, ਉਸ ਵਿੱਚ ਪੰਜਾਬ ਨੂੰ ਬਹੁਤ ਕੁਝ ਦਿੱਤਾ ਹੈ। ਸ਼੍ਰੀ ਅਰੁਣ ਜੇਤਲੀ ਜੀ ਨੇ ਫਾਇਨਾਂਸ ਮਨਿਸਟਰ ਦੇ ਤੌਰ ਤੇ ਪੰਜਾਬ ਲਈ ਬਹੁਤ ਵਧੀਆ ਘੋਸ਼ਣਾਵਾਂ ਕੀਤੀਆਂ ਹਨ। ਸ਼੍ਰੀ ਅੰਮ੍ਰਿਤਸਰ ਸਾਹਿਬ ਨੂੰ ਹੈਰੀਟੇਜ ਸਿਟੀ ਡਿਕਲੇਅਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ, ਜਲ੍ਹਿਆਂ ਵਾਲੇ ਬਾਗ ਨੂੰ ਕਲਚਰਲ ਵਰਲਡ ਹੈਰੀਟੇਜ ਸਾਈਟ ਬਣਾਉਣ ਦਾ ਉਪਰਾਲਾ ਕੀਤਾ ਗਿਆ ਹੈ ਔਰ ਇਸੇ ਤਰ੍ਹਾਂ ਪੰਜਾਬ ਵਿੱਚ IIM, AIMS ਵੀ ਇੱਥੇ ਖੋਲ੍ਹਿਆ ਜਾਵੇਗਾ। ਸਾਲ 2007 ਵਿੱਚ ਜਦੋਂ ਪਲਾਨ ਅਪਰੂਵ ਕਰਵਾਉਣ ਗਏ ਸੀ, ਉਦੋਂ ਮਾਨਯੋਗ ਮੁੱਖ ਮੰਤਰੀ ਜੀ ਤੇ ਮੈਂ ਇਹ ਮੰਗ ਕੀਤੀ ਸੀ ਕਿ ਜਲੰਧਰ ਦਾ ਜਿਹੜਾ PIMS ਹੈ, ਉਸ ਨੂੰ AIMS ਦੀ ਬਰਾਂਚ ਡਿਕਲੇਅਰ ਕੀਤਾ ਜਾਵੇ ਕਿਉਂਕਿ ਵਾਜਪਾਈ ਸਰਕਾਰ ਨੇ ਚਾਰ ਕਲਸਟਰ

[ ਸ਼੍ਰੀ ਮਨੋਰੰਜਨ ਕਾਲੀਆ ]

ਬਣਾਏ ਸੀ। ਸੋ, ਇਸ ਸੰਬੰਧ ਵਿੱਚ ਜਦੋਂ ਮੈਂ ਸਾਲ 2002 ਵਿੱਚ ਉਸ ਸਮੇਂ ਦੇ ਮੁੱਖ ਮੰਤਰੀ ** ** ਨੂੰ ਵੀ ਚਿੱਠੀ ਲਿੱਖੀ ਕਿ PIMS ਨੂੰ AIIMS ਦੀ ਬਰਾਂਚ ਦੇ ਤੌਰ ਤੇ ਕਨਵਰਟ ਕਰਵਾਉਣ ਦਾ ਉਪਰਾਲਾ ਕੀਤਾ ਜਾਵੇ।

**ਮਾਨਯੋਗ ਸਪੀਕਰ :** ** ** ਸਾਹਿਬ ਦਾ ਨਾਂ ਐਕਸਪੰਜ ਕਰ ਦਿੱਤਾ ਜਾਵੇ। He is not present in the House.

**ਸ਼੍ਰੀ ਮਨੋਰੰਜਨ ਕਾਲੀਆ :** ਲੇਕਿਨ ਉਸ ਸਮੇਂ ਕੋਈ ਸੁਣਵਾਈ ਨਹੀਂ ਹੋਈ। ਹੁਣ ਏਮਜ਼ ਦੀ ਬਰਾਂਚ ਇਥੇ ਪੰਜਾਬ ਵਿੱਚ ਖੁੱਲ੍ਹੇਗੀ ਅਤੇ ਮੈਂ ਤੁਹਾਡੇ ਦੁਆਰਾ ਮਾਨਯੋਗ ਮੁੱਖ ਮੰਤਰੀ ਜੀ ਨੂੰ ਦਰਖਾਸਤ ਕਰਾਂਗਾ ਕਿ ਇਹ ਜਲੰਧਰ ਵਿੱਚ ਹੀ ਖੁੱਲ੍ਹੇ ਕਿਉਂਕਿ ਜਲੰਧਰ ਸੈਂਟਰਲ ਪਲੇਸ ਹੈ । ਸੋ, ਇਸ ਨਾਤੇ ਸਾਰਿਆਂ ਨੂੰ ਇਸ ਦਾ ਲਾਭ ਮਿਲੇਗਾ । ਇਸ ਦਾ ਇੱਕ ਕਾਰਨ ਹੋਰ ਵੀ ਹੈ ਕਿ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਵਿੱਚ ਮੈਡੀਕਲ ਕਾਲਜ਼ਿਜ਼ ਹਨ ਔਰ ਜਲੰਧਰ ਵਿੱਚ ਇਸ ਦੇ ਖੁੱਲ੍ਹਣ ਨਾਲ ਸਭ ਨੂੰ ਰਾਹਤ ਮਿਲੇਗੀ । ਇਸੇ ਤਰ੍ਹਾਂ ਮੇਰੀ ਬੇਨਤੀ ਹੈ ਕਿ ਕਿਸਾਨੀ ਨੂੰ ਵਧਾਉਣ ਲਈ ਐਗਰੀਕਲਚਰਲ ਰਿਸਰਚ ਅਤੇ ਤਕਨਾਲੋਜੀਕਲ ਇੰਪਰੂਵਮੈਂਟ ਜੋ ਹੈ, ਉਹ ਬੜੀ ਜ਼ਰੂਰੀ ਹੈ, ਐਗਰੀਕਲਚਰਲ ਰਿਸਰਚ ਲਈ new centres of excellence, ਉਹ ਚਾਹੇ vegetables, citrus, potato, floriculture ਵਿੱਚ ਹੋਣ, ਖੋਲ੍ਹੇ ਜਾ ਰਹੇ ਹਨ । ਇਸ ਦੇ ਲਈ ਪੰਜਾਬ ਵਿੱਚ ਐਗਰੀਕਲਚਰ ਰਿਸਰਚ ਦੀ ਜਿਹੜੀ ਸ਼ੁਰੂਆਤ ਹੋਈ ਹੈ, ਉਹ ਬਹੁਤ ਸ਼ਲਾਘਾਯੋਗ ਹੈ। ਮੈਂ ਇਸ ਗੱਲ ਦਾ ਵੀ ਹਾਮੀ ਹਾਂ ਕਿ ਕਿਸਾਨੀ ਵਿੱਚ ਹੁਣ Diversification of Crops ਹੋਵੇ ਤਾਂ ਜੋ ਇਸ ਦੀ ਖੜ੍ਹੋਤ ਜਿਹੜੀ ਹੈ, ਉਸ ਤੋਂ ਕਿਸਾਨ ਨਿਜਾਤ ਪਾ ਸਕੇ । ਇਸੇ ਤਰ੍ਹਾਂ soil testing ਲਈ ਆਉਣ ਵਾਲੇ ਸਾਲ ਵਿੱਚ 3 ਲੱਖ soil health cards ਦਿੱਤੇ ਜਾਣਗੇ ਜਿਸ ਨਾਲ ਕਿਸਾਨ ਨੂੰ ਪਤਾ ਲੱਗੇਗਾ ਕਿ ਮੇਰੀ ਜ਼ਮੀਨ ਵਿੱਚ ਕਿਹੜੀ ਕਿਹੜੀ ਫਸਲ ਹੋ ਸਕਦੀ ਹੈ। ਉਸ ਨੂੰ ਅਸਾਨੀ ਹੋਵੇਗੀ ਕਿ ਮੈਂ ਉਹ ਹੀ ਫਸਲ ਉਗਾਵਾਂ ਜਿਸ ਨਾਲ ਮੈਨੂੰ ਉਪਜ ਜ਼ਿਆਦਾ ਮਿਲੇ ।

ਮਾਨਯੋਗ ਸਪੀਕਰ ਸਾਹਿਬ, ਇਸੇ ਤਰ੍ਹਾਂ ਪਿਛਲੇ ਸਮੇਂ ਵਿੱਚ ਪੁਲਿਸ ਵਿੱਚ ਕਾਫੀ ਰਿਫਾਮਰਜ਼ ਹੋਏ ਹਨ ਜਿਵੇਂ ਕਿ ਇਸ ਨੂੰ ਚੁਸਤ-ਦਰੁਸਤ ਬਣਾਉਣ ਲਈ ਹੈਲਪ ਲਾਈਨ ਖੋਲ੍ਹਣਾ-181 ਨੰਬਰ, ਸਾਂਝ ਕੇਂਦਰ, ਸੀ.ਸੀ.ਟੀ.ਵੀ. ਦਾ ਲਗਾਉਣਾ,

**Expunged as ordered by the Chair.

Safe city Project ਦੇ ਲਗਾਉਣ ਦੀ ਸ਼ੁਰੂਆਤ ਕਰਨਾ ਆਦਿ ਸ਼ਾਮਲ ਹਨ । ਇਸੇ ਤਰ੍ਹਾਂ ਤਿੰਨ ਸ਼ਹਿਰ ਜਲੰਧਰ, ਲੁਧਿਆਣਾ ਅਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਨੂੰ ਕਮਿਸ਼ਨਰੇਟ ਸਿਸਟਮ ਥੱਲੇ ਲਿਆਂਦਾ ਗਿਆ । ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮਾਨਯੋਗ ਮੁੱਖ ਮੰਤਰੀ ਜੀ ਅਤੇ ਮਾਨਯੋਗ ਉਪ ਮੁੱਖ ਮੰਤਰੀ ਜੀ ਨੂੰ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਕਮਿਸ਼ਨਰੇਟ ਸਿਸਟਮ ਵਿੱਚ ਡਿਪਟੀ ਕਮਿਸ਼ਨਰ ਨੂੰ ਜੁਡੀਸ਼ੀਅਲ ਪਾਵਰਜ਼ ਦਿੱਤੀਆਂ ਗਈਆਂ ਹਨ, ਉਸ ਦੀ ਰੀ-ਓਰੀਏਂਟੇਸ਼ਨ ਜ਼ਰੂਰੀ ਹੈ ਅਤੇ ਇਹ ਜਿਹੜੀਆਂ ਜੁਡੀਸ਼ੀਅਲ ਪਾਵਰਜ਼ ਉਨ੍ਹਾਂ ਨੂੰ ਦਿੱਤੀਆਂ ਹਨ that should be used judiciously and with a judicial procedure. ਮੇਰਾ ਜ਼ਾਤੀ ਤਜਰਬਾ ਵੀ ਹੈ ਕਿ ਕਈ ਵਾਰੀ ਕੀ ਹੁੰਦਾ ਹੈ ਕਿ ਧਾਰਾ 751, 109 ਜਾਂ 110 ਅਧੀਨ ਬੰਦੇ ਅੰਦਰ ਕਰ ਦਿੱਤੇ ਜਾਂਦੇ ਹਨ। ਉਹ ਜ਼ਿਆਦਾ ਦੇਰ ਅੰਦਰ ਨਹੀਂ ਰੱਖੇ ਜਾ ਸਕਦੇ ਤੇ ਡੀ.ਸੀ.ਪੀ. ਆਮ ਤੌਰ ਤੇ ਕੀ ਕਰਦੇ ਹਨ ਕਿ ਉਨ੍ਹਾਂ ਨੂੰ ਅੰਦਰ ਰੱਖਣ ਲਈ ਕਹਿ ਦਿੰਦੇ ਹਨ ਤੇ ਨਾਲ ਕਹਿ ਦਿੰਦੇ ਹਨ ਕਿ ਆਪਣੇ ਹਲਕੇ ਦੇ ਵਿਧਾਇਕ ਦੀ ਜਾਂ ਕਿਸੇ ਗਜ਼ਟਿਡ ਅਫਸਰ ਦੀ ਸ਼ਿਉਰਿਟੀ ਲੈ ਕੇ ਆਉ। ਉਹ ਨਾ ਤਾਂ ਸ਼ਿਓਰਟੀ ਲਈ ਉਨ੍ਹਾਂ ਨੂੰ ਮਿਲ ਸਕਦੇ ਹਨ ਅਤੇ ਨਾ ਹੀ ਉਹ ਬੰਦੇ ਬਾਹਰ ਆ ਸਕਦੇ ਹਨ । ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਮਾਨਯੋਗ ਮੁੱਖ ਮੰਤਰੀ ਜੀ ਗੌਰ ਕਰਨ ਕਿਉਂਕਿ ਰੀ-ਓਰੀਏਂਟੇਸ਼ਨ ਬਹੁਤ ਜ਼ਰੂਰੀ ਹੈ । ਕਾਰਨ ਇਹ ਹੈ ਕਿ ਪੁਲਿਸ ਅਫਸਰਾਂ ਦਾ ਨਜ਼ਰੀਆ ਪੁਲਿਸ ਅਫਸਰ ਦੇ ਤੌਰ ਤੇ ਕੰਮ ਕਰਨ ਦਾ ਹੁੰਦਾ ਹੈ । ਸੋ, ਇਨ੍ਹਾਂ ਜੁਡੀਸ਼ੀਅਲ ਪਾਵਰਜ਼ ਲਈ ਜੁਡੀਸ਼ੀਅਲ ਪ੍ਰੋਸੀਜਰ ਇੰਪਲੀਮੈਂਟ ਹੋਣਾ ਚਾਹੀਦਾ ਹੈ ਤਾਂ ਕਿ ਸਰਕਾਰ ਦਾ ਅਕਸ ਚੰਗਾ ਹੋਵੇ ਨਾ ਕਿ ਖਰਾਬ ਹੋਵੇ। ਇਸ ਲਈ ਮੈਂ ਆਸ ਰੱਖਦਾ ਹਾਂ ਕਿ ਮਾਨਯੋਗ ਮੁੱਖ ਮੰਤਰੀ ਜੀ ਇਸ ਤੇ ਗੌਰ ਕਰਨਗੇ।

ਇਸੇ ਤਰ੍ਹਾਂ ਇਨਫਰਾਸਟਰੱਕਚਰ ਲਈ 1500 ਕਰੋੜ ਰੁਪਏ ਦੀਆਂ ਰੂਰਲ ਸੜਕਾਂ ਅਤੇ 1340 ਕਰੋੜ ਰੁਪਿਆ ਆਰ.ਓ.ਬੀ. ਅਤੇ ਆਰ.ਯੂ.ਬੀ. ਤੇ ਖਰਚ ਕੀਤਾ ਜਾ ਰਿਹਾ ਹੈ। ਮੈਂ ਮਾਨਯੋਗ ਸਪੀਕਰ ਸਾਹਿਬ ਤੁਹਾਡੇ ਦੁਆਰਾ ਮਾਨਯੋਗ ਮੁੱਖ ਮੰਤਰੀ ਜੀ ਦਾ ਆਭਾਰੀ ਹਾਂ ਕਿਉਂਕਿ ਪਿਛਲੇ ਦਿਨੀਂ ਜਲੰਧਰ ਵਿੱਚ ਇੱਕ ਮੰਦਭਾਗੀ ਘਟਨਾ ਵਾਪਰੀ ਹੈ। ਉਥੇ ਰੇਲਵੇ ਫਾਟਕ ਵਿੱਚ ਟਰੱਕ ਜਾ ਘੁਸਿਆ ਜਿਸ ਨਾਲ ਦੋ ਮੌਤਾਂ ਹੋ ਗਈਆਂ ਅਤੇ ਦੋ ਜ਼ਖਮੀ ਹੋ ਗਏ। ਜੇਕਰ ਟਾਂਡਾ ਰੋਡ ਉਤੇ ਰੇਲਵੇ ਓਵਰਬਰਿੱਜ ਬਣਿਆ ਹੁੰਦਾ ਤਾਂ ਇਹ ਘਟਨਾ ਨਾ ਹੁੰਦੀ। ਮੈਂ ਉਸ ਦਿਨ ਸਵੇਰੇ 10 ਵਜੇ ਮੁੱਖ ਮੰਤਰੀ ਜੀ ਨੂੰ ਟੈਲੀਫੂਨ ਕੀਤਾ ਕਿ ਇੱਕ

[ ਸ਼੍ਰੀ ਮਨੋਰੰਜਨ ਕਾਲੀਆ ]

ਬੰਦਾ ਆਈ.ਸੀ.ਯੂ. ਵਿੱਚ ਹੈ ਅਤੇ ਉਸ ਦੇ ਸਿਰ ਤੇ ਫਰੈਕਚਰ ਹੈ, ਉਸ ਕੋਲ ਕੋਈ ਪੈਸਾ ਧੇਲਾ ਨਹੀਂ ਹੈ। ਜੇਕਰ ਸਰਕਾਰ ਮਦਦ ਕਰ ਦੇਵੇ ਤਾਂ ਚੰਗਾ ਹੋਵੇਗਾ। ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਦਾ ਬਹੁਤ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਉਸੇ ਵਕਤ ਹੀ ਡੀ.ਸੀ. ਨੂੰ ਆਰਡਰ ਕੀਤੇ ਕਿ ਇਨ੍ਹਾਂ ਦਾ ਸਾਰੇ ਦਾ ਸਾਰਾ ਇਲਾਜ ਮੁਫਤ ਹੋਵੇਗਾ ਅਤੇ ਜਿਹੜੇ ਦੋ ਲੋਕ ਦੁਨੀਆਂ ਵਿੱਚੋਂ ਚਲੇ ਗਏ ਹਨ, ਉਨ੍ਹਾਂ 1-1 ਲੱਖ ਰੁਪਿਆ ਮੁਆਵਜ਼ਾ ਦਿੱਤਾ ਜਾਵੇਗਾ। ਉਸ ਮਰੀਜ਼ ਦਾ ਇਲਾਜ ਚੱਲ ਰਿਹਾ ਹੈ ਅਤੇ ਉਸ ਮਰੀਜ ਦੀ ਸਥਿਤੀ ਬਿਹਤਰ ਹੋ ਰਹੀ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਆਰ.ਓ.ਬੀ. ਅਤੇ ਆਰ.ਯੂ.ਬੀ. ਬਣਾਉਣ ਦਾ ਉਪਰਾਲਾ ਬਹੁਤ ਜ਼ਰੂਰੀ ਹੈ ਕਿਉਂਕਿ ਅੱਜ ਕੱਲ੍ਹ ਟਰੈਫਿਕ ਬਹੁਤ ਵੱਧ ਰਿਹਾ ਹੈ। ਇਸ ਵੱਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਲਗਭਗ 6563 ਨਾਜਾਇਜ਼ ਕਾਲੋਨੀਆਂ ਅੱਜ ਰੈਗੂਲਰ ਕੀਤੀਆਂ ਗਈਆਂ ਹਨ। ਇਹ ਬਹੁਤ ਅੱਛੀ ਗੱਲ ਹੈ। ਸਰਕਾਰ ਨੇ civic amenities ਪ੍ਰੋਵਾਈਡ ਕਰਨ ਦਾ ਬੀੜਾ ਉਠਾਇਆ ਹੈ। ਇਸ ਨਾਲ ਲਗਭਗ 560 ਕਰੋੜ ਰੁਪਏ ਫੀਸ ਦੇ ਤੌਰ ਤੇ ਇਕੱਠੇ ਕੀਤੇ ਗਏ ਹਨ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਮਿਊਂਸਿਪਲ ਕਮੇਟੀ ਅਤੇ ਕੌਂਸਲ ਨੂੰ ਹਦਾਇਤ ਹੋਵੇ ਕਿ ਇਹ ਪੈਸਾ ਸਿਰਫ ਤੇ ਸਿਰਫ ਰੈਗੂਲਰਾਈਜ਼ ਕੀਤੀਆਂ ਕਾਲੋਨੀਆਂ ਤੇ ਹੀ ਖਰਚ ਕੀਤਾ ਜਾਣਾ ਚਾਹੀਦਾ ਹੈ, ਕਿਸੇ ਹੋਰ ਕੰਮ ਲਈ ਇਹ ਖਰਚ ਨਾ ਕੀਤਾ ਜਾਵੇ। ਜੇਕਰ ਕੋਈ ਖਰਚ ਕਰਦਾ ਹੈ ਤਾਂ ਉਸ ਖਿਲਾਫ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਮਾਨਯੋਗ ਸਪੀਕਰ ਸਾਹਿਬ, ਮੈਂ ਇੱਕ ਹੋਰ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਜਿਹੜੀਆਂ ਪਲਾਨਡ ਕਾਲੋਨੀਆਂ ਹਨ, ਜਿਵੇਂ ਕਿ ਪੁੱਡਾ ਕੋਈ ਕਾਲੋਨੀ ਬਣਾਉਂਦੀ ਹੈ, ਉਸ ਦੀ ਪੰਜ ਸਾਲ ਬਾਅਦ ਮੇਨਟੀਨੈਂਸ ਮਿਉਂਸਿਪਲ ਕਾਰਪੋਰੇਸ਼ਨ ਜਾਂ ਕੌਂਸਲ ਨੂੰ ਦੇ ਦਿੱਤੀ ਜਾਂਦੀ ਹੈ ਪਰ ਉਨ੍ਹਾਂ ਕੋਲ ਪੂਰੇ ਫੰਡਜ਼ ਨਹੀਂ ਹੁੰਦੇ ਜਿਸ ਕਰਕੇ ਕੰਮ ਲਟਕ ਜਾਂਦੇ ਹਨ । ਮੈਂ ਪਿਛਲੇ ਦਿਨੀਂ ਹਰਿਆਣਾ ਵਿੱਚ ਦੇਖਿਆ ਕਿ ਉਥੇ ਕੀ ਸਿਸਟਮ ਹੈ। ਉਥੇ ਕੋਈ ਡਿਵੈਲਪਰ ਕਾਲੋਨੀ ਬਣਾਉਂਦਾ ਹੈ ਤਾਂ ਉਹ ਹੀ ਪੱਕੇ ਤੌਰ ਤੇ ਉਸ ਨੂੰ ਮੇਨਟੇਨ ਕਰਦਾ ਹੈ। ਉਥੇ ਇਲੈਕਟ੍ਰਿਕ ਸਪਲਾਈ ਡਿਵੈਲਪਰ ਨੂੰ ਇਕੱਠੇ ਤੌਰ ਤੇ ਦੇ ਦਿੱਤੀ ਜਾਂਦੀ ਹੈ ਅਤੇ ਡਿਵੈਲਪਰ ਸਾਰਿਆਂ ਤੋਂ

1000/- ਰੁਪਏ ਜਾਂ 2000/- ਰੁਪਏ ਮਹੀਨਾ ਕੁਲੈਕਟ ਕਰਦਾ ਹੈ। ਉਥੇ ਡਿਵੈਲਪਰ ਸੜਕਾਂ, ਲਾਈਟਾਂ ਅਤੇ ਪਾਣੀ, ਸਭ ਕੁਝ ਮੇਨਟੇਨ ਕਰਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇੱਥੇ ਵੀ ਡਿਵੈਲਪਰ ਹੀ ਸੜਕਾਂ ਵੀ ਮੇਨਟੇਨ ਕਰੇਗਾ ਅਤੇ ਲਾਈਟਾਂ ਅਤੇ ਪਾਣੀ ਨੂੰ ਵੀ ਮੇਨਟੇਨ ਕਰੇਗਾ । ਅਸੀਂ ਇਕੱਠੇ ਤੌਰ ਤੇ ਪੈਸਾ ਡਿਵੈਲਪਰ ਨੂੰ ਦੇਈ ਜਾਈਏ ਤੇ ਉਹ ਅੱਗੇ ਲਗਾਈ ਜਾਵੇ । ਇਸ ਲਈ ਇਥੇ ਵੀ ਜੇਕਰ ਕੋਈ ਐਸੀ ਪਾਲਿਸੀ ਹੋ ਜਾਵੇ ਤਾਂ ਬਿਹਤਰ ਹੋਵੇਗਾ।

**ਮਾਨਯੋਗ ਸਪੀਕਰ :** ਕਨਕਲੂਡ ਕਰੋ ਜੀ। Please conclude now.

**ਸ਼੍ਰੀ ਮਨੋਰੰਜਨ ਕਾਲੀਆ :** ਇਸੇ ਤਰ੍ਹਾਂ, ਮਾਨਯੋਗ ਸਪੀਕਰ ਸਾਹਿਬ, ਇਥੇ ਸਭ ਤੋਂ ਜ਼ਿਆਦਾ ਨਸ਼ਿਆਂ ਦਾ ਜ਼ਿਕਰ ਕੀਤਾ ਗਿਆ ਹੈ। ਜਿਹੜਾ ਨਸ਼ਾ ਫੈਲ ਰਿਹਾ ਹੈ, ਉਹ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਹੈ। ਇਹ ਸਾਰਿਆਂ ਲਈ ਹੈ। ਜਿਹੜਾ ਵੀ ਵਿਅਕਤੀ ਇਸ ਨਸ਼ੇ ਦੇ ਕਾਰੋਬਾਰ ਵਿੱਚ ਹੈ ਜਾਂ ਜਿਹੜਾ ਵਿਅਕਤੀ ਇਸ ਨੂੰ ਸਪੋਰਟ ਕਰਦਾ ਹੈ, ਉਹ ਸਮਾਜ ਦੇ ਖਿਲਾਫ ਗੁਨਾਹ ਕਰਦਾ ਹੈ। ਇਸ ਲਈ ਸਾਡੀ ਸਾਰਿਆਂ ਦੀ ਜ਼ੁੰਮੇਵਾਰੀ ਹੈ ਕਿ ਇਸ ਨਸ਼ੇ ਦੇ ਆਤੰਕਵਾਦ ਨਾਲ ਲੜਿਆ ਜਾਵੇ। ਪੰਜਾਬ ਵਿਚ ਨਸ਼ੇ ਦੀ ਕੋਈ ਖੇਤੀ ਨਹੀਂ ਹੁੰਦੀ, ਕੋਈ ਲਾਇਸੰਸ ਕਲਟੀਵੇਸ਼ਨ ਨਹੀਂ ਹੈ। ਰਾਜਸਥਾਨ ਵਿਚ ਲਾਇਸੰਸ ਕਲਟੀਵੇਸ਼ਨ ਹੈ। ਹਿਮਾਚਲ ਪ੍ਰਦੇਸ਼ ਵਿੱਚ ਵੀ ਹੁੰਦੀ ਹੈ। ਧਰਮਸ਼ਾਲਾ ਅਤੇ ਮਨਾਲੀ ਦਾ ਜਿਹੜਾ ਏਰੀਆ ਹੈ, ਇਥੇ ਚਰਸ ਦੀ ਖੇਤੀ ਹੁੰਦੀ ਹੈ। ਕੁੱਲੂ ਵੈਲੀ ਨੂੰ ਡਰੱਗ ਵੈਲੀ ਵੀ ਕਿਹਾ ਜਾਂਦਾ ਹੈ। ਉਥੇ ਰਸੌਲ-ਕਸੌਲ, ਕਲਗਾ-ਪੁਲਗਾ ਇਹ ਦੋ ਏਰੀਏ ਹਨ। ਉਥੇ ਕਸੌਲ ਨੂੰ ਡਰੱਗ ਈਵਲ (evil) ਕਿਹਾ ਜਾਂਦਾ ਹੈ ਅਤੇ ਮਿੰਨੀ ਇਜ਼ਰਾਈਲ ਕਿਹਾ ਜਾਂਦਾ ਹੈ। ਮੇਰੀ ਬੇਨਤੀ ਹੈ ਕਿ ਇਸ ਨੂੰ ਨੱਥ ਕਿਉਂ ਨਹੀਂ ਪਾਈ ਜਾਂਦੀ? ਪੰਜਾਬ ਵਿਚ ਕਲਟੀਵੇਸ਼ਨ ਨਹੀਂ ਹੁੰਦੀ ਪਰ ਫਿਰ ਵੀ ਇਹ ਨਸ਼ਿਆਂ ਤੋਂ ਗ੍ਰਸਤ ਹੈ। ਸਪੀਕਰ ਸਾਹਿਬ, ਮੈਂ ਸਿੰਥੈਟਿਕ ਡਰੱਗ ਦੀ ਪ੍ਰਾਬਲਮ ਬਾਰੇ ਗੱਲ ਕਰਨੀ ਚਾਹੁੰਦਾ ਹਾਂ । ਮੇਰੀ ਬੇਨਤੀ ਹੈ ਕਿ ਜਿਹੜੀ ਆਈਸ ਬਣਦੀ ਹੈ, ਉਹ ਸੂਡੋਫਾਈਡਰੀਨ ਤੋਂ ਬਣਦੀ ਹੈ। ਇਹ ਇਕ ਸਾਲਟ ਹੈ ਜਿਹੜਾ ਕਿ ਫਾਰਮਾਸੂਟੀਕਲ ਵਿਚ ਐਂਟੀ ਅਲਰਜੀ ਵਾਸਤੇ ਯੂਜ਼ ਹੁੰਦਾ ਹੈ। ਜਿਹੜੀ ਜ਼ੁਕਾਮ ਲਈ ਟੈਬਲੇਟ ਬਣਦੀਆਂ ਹਨ, ਉਸ ਵਿੱਚ ਇਹ ਐਂਟੀ ਅਲਰਜੀ ਵਾਸਤੇ ਯੂਜ਼ ਹੁੰਦਾ ਹੈ। ਅੱਜ ਐਂਟੀ ਅਲਰਜੀ ਲਈ ਹੋਰ ਸਾਲਟ ਵੀ ਆ ਗਏ ਹਨ ਜਿਹੜੇ ਕਿ ਸੂਡੋਫਾਈਡਰਿਨ ਤੋਂ ਇਲਾਵਾ ਹਨ which has a

[ ਸ਼੍ਰੀ ਮਨੋਰੰਜਨ ਕਾਲੀਆ ]

better spectrum of anti allergies than pseudoephedrine. ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਕੇਂਦਰ ਸਰਕਾਰ ਨਾਲ ਇਹ ਗੱਲ ਉਠਾਉਣ ਕਿ ਜਿਹੜੇ ਫਾਰਮਾਸੂਟੀਕਲ ਵਿੱਚ ਇਹ ਸੂਡੋਫਾਈਡਰੀਨ ਵਰਤਿਆ ਜਾਂਦਾ ਹੈ, ਉਹ ਬੰਦ ਕਰ ਦੇਣ ਕਿਉਂਜੋ ਅੱਜ ਇਸ ਸਾਲਟ ਦੇ ਆਲਟਰਨੇਟਿਵ ਮੌਜੂਦ ਹਨ। ਜਿਹੜੀ ਆਈਸ ਬਣਦੀ ਹੈ, ਉਹ ਇਸ ਸੂਡੋਫਾਈਡਰੀਨ ਤੋਂ ਹੀ ਬਣਦੀ ਹੈ। ਇਸ ਕਰਕੇ ਇਸ ਦੀ ਮੈਨੂਫੈਕਚਰਿੰਗ ਹੀ ਬੰਦ ਕਰ ਦਿੱਤੀ ਹੈ। ਉਸ ਦੇ ਨਾਲ ਜੇਕਰ ਐਂਟੀ ਅਲਰਜੀ ਦਵਾਈ ਬਣਾਉਣੀ ਹੈ ਤਾਂ ਉਸ ਵਾਸਤੇ ਆਲਟਰਨੇਟਿਵ ਸਾਲਟ ਅਵੇਲਏਬਲ ਹਨ ਅਤੇ ਉਨ੍ਹਾਂ ਦਾ ਬੈਟਰ ਸਪੈਕਟਰਮ ਹੈ। ਇਸ ਲਈ ਮੈਂ ਅੱਜ ਇਸ ਅਜ਼ੀਮ ਸਦਨ ਵਿੱਚ ਮੰਗ ਕਰਦਾ ਹਾਂ ਕਿ ਜੇਕਰ ਉਨ੍ਹਾਂ ਨੇ ਇਹ ਬੰਦ ਨਹੀਂ ਕਰਨੀ ਤਾਂ ਜਿਹੜੀ ਦੋ ਨੰਬਰ ਦੀ ਸਪਲਾਈ ਹੈ, ਜਿਸ ਕੋਲੋਂ ਸੂਡੋਫਾਈਡਰੀਨ ਪਰਚੇਜ਼ ਕੀਤਾ ਜਾਦਾ ਹੈ, ਉਸ ਉਤੇ ਕਰੜੀ ਨਿਗਰਾਨੀ ਰੱਖਣੀ ਚਾਹੀਦੀ ਹੈ। ਇਸ ਵਾਸਤੇ ਕੇਂਦਰ ਸਰਕਾਰ ਨੂੰ ਕਿਹਾ ਜਾਵੇ ਕਿ ਜੇਕਰ ਇਹ ਫੈਕਟਰੀਆਂ ਹੀ ਬੰਦ ਹੋ ਜਾਣ ਤਾਂ ਕੋਈ ਨੁਕਸਾਨ ਨਹੀਂ ਹੋਵੇਗਾ। ਉਸ ਨਾਲ ਸਿੰਥੈਟਿਕ ਡਰੱਗ ਬੰਦ ਹੋ ਜਾਵੇਗੀ ਅਤੇ ਜਿਹੜੇ ਆਲਟਰਨੇਟਿਵ ਸਾਲਟ ਐਂਟੀ ਅਲਰਜੀ ਲਈ ਅਵੇਲਏਬਲ ਹਨ, ਉਹ ਵਰਤੇ ਜਾਣੇ ਚਾਹੀਦੇ ਹਨ। ਇਸ ਗੱਲ ਦੀ ਸਾਨੂੰ ਮੰਗ ਰੱਖਣੀ ਚਾਹੀਦੀ ਹੈ। ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਕੋਲ ਇਹ ਮੰਗ ਰੱਖਦਾ ਹਾਂ।

**Mr. Speaker :** Please conclude now. Please conclude.

**ਸ਼੍ਰੀ ਮਨੋਰੰਜਨ ਕਾਲੀਆ :** ਸਪੀਕਰ ਸਾਹਿਬ, ਮੈਂ ਬੱਸ ਦੋ ਮਿੰਟ ਹੀ ਲੈਣੇ ਹਨ, ਮੈਂ ਕਨਕਲੂਡ ਕਰ ਰਿਹਾ ਹਾਂ । ਨਦੀਆਂ ਦੀ ਸਫਾਈ ਦਾ ਇੰਪਾਰਟੈਂਟ ਇਸ਼ੂ ਹੈ। ਇਹ ਮੁੱਖ ਮੰਤਰੀ ਜੀ ਕਰਵਾ ਰਹੇ ਹਨ। ਲੇਕਿਨ ਜਿਹੜੇ ਚੋਅ ਅਤੇ ਨਾਲੇ ਹਨ, ਉਹ ਵੀ ਕਵਰ ਨਹੀਂ ਹੋਣੇ ਚਾਹੀਦੇ । ਤੁਹਾਨੂੰ ਯਾਦ ਹੋਵੇਗਾ ਕਿ 1985 ਵਿਚ ਹੜ੍ਹ ਆਇਆ ਸੀ ਤਾਂ ਕਿੰਨੀਆਂ ਹੀ ਰੈਜ਼ੀਡੈਂਸ਼ੀਅਲ ਕਲੋਨੀਆਂ ਰੁੜ ਗਈਆਂ ਸਨ। ਕੇਦਾਰ ਨਾਥ ਵਿੱਚ ਪਾਣੀ ਦਾ ਨੈਚੁਰਲ ਫਲੋਅ ਰੁਕ ਗਿਆ ਸੀ। ਚੋਅ-ਨਾਲਿਆਂ ਤੇ ਕੰਸਟਰਕਸ਼ਨ ਹੋ ਗਈ ਜਿਸ ਕਾਰਨ ਜ਼ਿਆਦਾ ਉਜਾੜਾ ਹੋਇਆ। ਇਥੇ ਨੇੜੇ ਹੀ ਪਿੰਡ ਹੈ ਬਡਮਾਜਰਾ, ਅਸੀਂ ਉਥੋਂ ਰੋਜ਼ ਲੰਘ ਕੇ ਆਉਂਦੇ ਹਾਂ। ਉਥੇ ਪੁਲ ਦੇ ਹੇਠਾਂ ਕਲੋਨੀ ਬਣ ਰਹੀ ਹੈ ਜੋ ਪ੍ਰਾਈਵੇਟ

ਕਾਲੋਨਾਈਜ਼ਰ ਬਣਾ ਰਿਹਾ ਹੈ । ਉਸ ਚੋਅ ਵਿੱਚ, ਜੇ ਰੱਬ ਨਾ ਕਰੇ ਕਿ ਹੜ੍ਹ ਆ ਜਾਵੇ ਤਾਂ ਕਿੰਨਾ ਜਾਨੀ ਤੇ ਮਾਲੀ ਨੁਕਸਾਨ ਹੋਵੇਗਾ। ਸਾਨੂੰ ਉਸ ਨੂੰ ਪਲਾਨ ਕਰਨ ਦੀ ਜ਼ਰੂਰਤ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਹੜ੍ਹ ਨਾਲ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਾ ਹੋਵੇ।

ਮਾਨਯੋਗ ਸਪੀਕਰ ਸਾਹਿਬ, ਜਿਹੜੀ ਆਟਾ ਦਾਲਾ ਸਕੀਮ ਹੈ, ਉਸ ਵਿੱਚ ਮਾਨਯੋਗ ਮੁੱਖ ਮੰਤਰੀ ਜੀ ਅਤੇ ਸਰਦਾਰ ਆਦੇਸ਼ ਪ੍ਰਤਾਪ ਸਿੰਘ ਜੀ ਦਾ ਬਹੁਤ ਵਧੀਆ ਉਪਰਾਲਾ ਹੈ ਕਿ ਹੁਣ ਸਿੱਧੇ ਤੌਰ ਤੇ ਕਣਕ ਕੰਜ਼ਿਊਮਰ ਨੂੰ ਦਿੱਤੀ ਜਾਂਦੀ ਹੈ । ਇਸ ਵਿੱਚ ਕੋਈ ਵੀ ਪਿਲਫਰੇਜ਼ ਨਹੀਂ ਹੁੰਦੀ । ਜਿੱਥੋਂ ਚਲਦੀ ਹੈ ਤੇ ਉਸ ਤੋਂ ਬਾਅਦ ਸਿੱਧੀ ਕੰਜ਼ਿਊਮਰ ਨੂੰ ਦਿੱਤੀ ਜਾਂਦੀ ਹੈ । ਇਸ ਵਾਸਤੇ ਲੋਕ ਬਹੁਤ ਖੁਸ਼ ਹਨ । ਮੈਂ ਚਾਹੁੰਦਾ ਹਾਂ ਕਿ ਬਾਕੀ ਜਿਹੜੇ ਰਹਿੰਦੇ ਕੰਜ਼ਿਊਮਰ ਹਨ, ਜਿਨ੍ਹਾਂ ਨੂੰ ਨੀਲੇ ਕਾਰਡਾਂ ਦੀ ਲੋੜ ਹੈ, ਉਨ੍ਹਾਂ ਦੇ ਵੀ ਕਾਰਡ ਬਣਾਏ ਜਾਣ ।

**Mr. Speaker :** Thanks.

**ਸ਼੍ਰੀ ਮਨੋਰੰਜਨ ਕਾਲੀਆ :** ਇਸੇ ਤਰ੍ਹਾਂ ਜਿਹੜਾ ਸਮਾਰਟ ਸਿਟੀ ਦਾ ਪ੍ਰਾਜੈਕਟ ਹੈ, ਉਨ੍ਹਾਂ ਵਿੱਚ ਜਿਹੜੇ ਸਾਡੇ ਪੰਜਾਬ ਦੇ ਕਾਰਪੋਰੇਸ਼ਨ ਟਾਊਨਜ਼ ਹਨ, ਉਹ ਐਟ ਲੀਸਟ ਜ਼ਰੂਰ ਇਨਕਲੂਡ ਕੀਤੇ ਜਾਣ । (ਵਿਘਨ)

**ਮਾਨਯੋਗ ਸਪੀਕਰ :** ਉਹ ਆਪਣੀ ਪਾਰਟੀ ਦਾ ਟਾਈਮ ਵਰਤ ਰਹੇ ਹਨ । ਕਾਲੀਆ ਜੀ, ਧੰਨਵਾਦ ਜੀ ਹੁਣ ।

**ਸ਼੍ਰੀ ਮਨੋਰੰਜਨ ਕਾਲੀਆ :** ਮੈਂ ਮੁੱਖ ਮੰਤਰੀ ਜੀ ਨੂੰ ਰਿਕੁਐਸਟ ਕਰਾਂਗਾ ਕਿ ਇਸ ਮਾਮਲੇ ਨੂੰ ਟੇਕ-ਅੱਪ ਕੀਤਾ ਜਾਵੇ। ਮੈਂ ਜ਼ਿਆਦਾ ਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਤੁਹਾਡਾ ਆਭਾਰ ਪ੍ਰਗਟ ਕਰਦਾ ਹਾਂ ਤੇ ਜਿਹੜਾ ਬੀਬੀ ਜੀ ਨੇ ਧੰਨਵਾਦ ਦਾ ਪ੍ਰਸਤਾਵ ਲਿਆਂਦਾ ਹੈ, ਉਸ ਦੀ ਮੈਂ ਪ੍ਰੋੜ੍ਹਤਾ ਕਰਦਾ ਹਾਂ । ਧੰਨਵਾਦ ਜੀ। (ਵਿਘਨ)

**ਮਾਨਯੋਗ ਸਪੀਕਰ :** ਉਨ੍ਹਾਂ ਦਾ ਆਪਣੀ ਪਾਰਟੀ ਦਾ ਟਾਈਮ ਹੈ । ਉਹ ਆਪਣੇ 17 ਮਿੰਟ ਬੋਲੇ ਹਨ ।

(**ਇੱਕ ਅਵਾਜ਼ :** ਉਨ੍ਹਾਂ ਦੇ 19 ਮਿੰਟ ਤਾਂ ਕੁੱਲ ਹਨ ।)

**ਮਾਨਯੋਗ ਸਪੀਕਰ** : ਦੋ ਘੰਟੇ ਸੈਸ਼ਨ ਵਧਾਉਣਾ ਵੀ ਹੈ । ਸ਼੍ਰੀਮਤੀ ਪਰਨੀਤ ਕੌਰ ਜੀ । ਦਸ ਮਿੰਟ । (ਵਿਘਨ) ਤੁਹਾਡੇ ਲੀਡਰ ਨੇ ਜੋ ਲਿਖ ਕੇ ਭੇਜਿਆ ਹੈ, ਮੈਂ ਉਸ ਮੁਤਾਬਕ ਹੀ ਕਰ ਰਿਹਾ ਹਾਂ ।

**ਸ਼੍ਰੀਮਤੀ ਪਰਨੀਤ ਕੌਰ (ਪਟਿਆਲਾ ਟਾਊਨ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਇਹ ਮੌਕਾ ਦਿੱਤਾ ਹੈ ਕਿ ਮੈਂ ਅੱਜ ਇਸ ਡਿਬੇਟ ਵਿੱਚ ਪਾਰਟੀਸੀਪੇਟ ਕਰ ਰਹੀ ਹਾਂ । ਸਪੀਕਰ ਸਾਹਿਬ, ਮੈਂ ਪਹਿਲੀ ਵਾਰੀ ਇਸ ਸਦਨ ਵਿੱਚ ਬੋਲ ਰਹੀ ਹਾਂ ਔਰ ਮੈਂ ਸਾਰੇ ਆਨਰੇਬਲ ਮੈਂਬਰਜ਼ ਅੱਗੇ ਰਿਕੁਐਸਟ ਕਰਦੀ ਹਾਂ ਕਿ ਉਹ ਕੰਸੀਡੀਰੇਸ਼ਨ ਦੇਣ । ਗਵਰਨਰ ਸਾਹਿਬ ਦਾ ਜੋ ਐਡਰੈਸ ਹੁੰਦਾ ਹੈ, ਉਸ ਵਿੱਚ ਗੌਰਮਿੰਟ ਨੇ ਪਿਛਲੇ ਸਾਲ ਵਿੱਚ ਜੋ ਕੁਝ ਕੀਤਾ ਹੈ ਤੇ ਅਗਲੇ ਸਾਲ ਦੀਆਂ ਗੌਰਮਿੰਟ ਦੀਆਂ ਜੋ ਨੀਤੀਆਂ ਹਨ, ਉਸ ਤੇ ਉਹ ਦੱਸਦੇ ਹਨ ਕਿ ਕੀ ਹੋਇਆ ਹੈ ਤੇ ਕੀ ਕਰਨ ਵਾਲੇ ਹਾਂ । ਤਕਰੀਬਨ 244 ਪੈਰ੍ਹੇ ਹਨ ਪਰ ਇਸ ਐਡਰੈਸ ਨੂੰ ਜਦੋਂ ਪੜ੍ਹ ਕੇ ਵੇਖਿਆ ਤੇ ਮੈਨੂੰ ਮਹਿਸੂਸ ਹੋਇਆ ਕਿ ਬੇਸਿਕ ਇਸ਼ੂਜ਼ ਉਤੇ ਕੋਈ ਗੱਲ ਨਹੀਂ ਹੋਈ । ਚਾਹੇ ਉਹ ਸਿਵਕ ਗੱਲਾਂ ਹੋਣ, ਚਾਹੇ ਖੇਤੀਬਾੜੀ ਹੋਵੇ, ਚਾਹੇ ਐਜੂਕੇਸ਼ਨ ਹੋਵੇ ਤੇ ਚਾਹੇ ਉਹ ਹੈਲਥ ਹੋਵੇ । ਮੈਂ ਪਟਿਆਲਾ ਤੋਂ ਐਮ. ਐਲ. ਏ. ਚੁਣੀ ਗਈ ਹਾਂ । ਸੋ, ਮੇਰੀ ਜਿਹੜੀ ਪਹਿਲੀ ਜ਼ੁੰਮੇਵਾਰੀ ਹੈ, ਉਹ ਪਟਿਆਲਾ ਸ਼ਹਿਰ ਲਈ ਹੈ । ਸਪੀਕਰ ਸਾਹਿਬ, ਮੈਂ ਬਹੁਤ ਦੁਖ ਨਾਲ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਸਾਲ 2007 ਤੋਂ ਪਟਿਆਲਾ ਬਿਲਕੁਲ ਨਜ਼ਰਅੰਦਾਜ਼ ਕੀਤਾ ਗਿਆ ਹੈ । ਪੈਰ੍ਹਾ 93-97 ਵਿੱਚ ਲਿਖਿਆ ਗਿਆ ਹੈ, ਮੈਂ ਕੋਟ ਕਰਦੀ ਹਾਂ :

> "The Govt. claims it has taken concrete steps for improving the basic civic amenities like drinking water, sewerage, housing and city transport services."

ਛੇ ਮਹੀਨੇ ਪਹਿਲਾਂ ਮੈਂ ਪਟਿਆਲਾ ਵਿੱਚ ਵਾਰਡਵਾਈਜ਼ ਸਰਵੇ ਕਰਵਾਇਆ ਔਰ ਜੋ ਉਸ ਦਾ ਨਤੀਜਾ ਨਿਕਲਿਆ, ਬਹੁਤ ਵਿਸਥਾਰ ਵਿੱਚ ਲਿਖ ਕੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਭੇਜਿਆ ਤੇ ਜਿਹੜੇ ਉਸ ਨਾਲ ਸੰਬੰਧਿਤ ਮਹਿਕਮੇ ਹਨ, ਉਨ੍ਹਾਂ ਨੂੰ ਵੀ ਭੇਜਿਆ ਪਰ ਉਸ ਦਾ ਕੋਈ ਜਵਾਬ ਨਹੀਂ ਆਇਆ । ਉਥੇ ਕੋਈ ਪੀਣ ਵਾਲਾ ਪਾਣੀ ਨਹੀਂ ਤੇ ਅੱਜ ਜੇ ਉਥੇ ਪੀਣ ਵਾਲੇ ਪਾਣੀ ਦੀ ਦਿੱਕਤ ਆ ਰਹੀ ਹੈ ਤਾਂ ਸਮਝੋ ਗਰਮੀਆਂ ਵਿੱਚ ਉਥੇ ਕੀ ਹੋਵੇਗਾ । ਪਾਣੀ ਅਤੇ ਸੀਵਰੇਜ ਦੀਆਂ ਪਾਈਪਾਂ ਦਾ ਆਪਸ ਵਿੱਚ ਮੇਲ ਹੋ ਰਿਹਾ ਹੈ। ਉਥੇ ਬਹੁਤ ਬੁਰਾ ਹਾਲ ਹੈ । ਇਸ ਵਾਸਤੇ ਜੋ ਕਲੋਰੀਨੇਸ਼ਨ ਕਰਦੇ ਹਨ, ਉਹ ਵੀ

ਸਹੀ ਢੰਗ ਨਾਲ ਨਹੀਂ ਹੋ ਰਹੀ ਕਿਉਂਕਿ ਜੇ ਪੂਰੀ ਤਰ੍ਹਾਂ ਕਲੋਰੀਨੇਸ਼ਨ ਨਾ ਹੋਵੇ ਤਾਂ ਇਹ ਇੱਕ ਕੈਂਸਰ ਦਾ ਮੁੱਦਾ ਬਣ ਸਕਦਾ ਹੈ। ਸਾਲ 2009 ਤੇ ਸਾਲ 2010 ਵਿੱਚ ਜਦ ਮੈਂ ਮੈਂਬਰ ਪਾਰਲੀਮੈਂਟ ਸੀ ਤਾਂ ਪਹਿਲੀ ਕਿਸ਼ਤ ਵਿੱਚੋਂ ਪੰਜਾਹ ਲੱਖ ਰੁਪਿਆ ਮੈਂ ਸੈੱਟ ਐਸਾਈਡ ਕੀਤਾ ਸੀ ਕਿ ਸ਼ਹਿਰ ਵਿੱਚ ਆਰ. ਓ. ਸਿਸਟਮ ਲਗਾਵਾਂਗੇ । ਨੰਦੀ ਫਾਊਂਡੇਸ਼ਨ ਨੂੰ ਬੁਲਾਇਆ ਗਿਆ ਤੇ ਉਨ੍ਹਾਂ ਨੇ ਪੂਰੀ ਸਕੀਮ ਬਣਾਈ । ਜਿਹੜੀ ਸਾਡੀ ਮਿਊਂਸਿਪਲ ਕਾਰਪੋਰੇਸ਼ਨ ਹੈ, ਜਿਹੜੀ ਬੀ. ਜੇ. ਪੀ. ਤੇ ਸ਼੍ਰੋਮਣੀ ਅਕਾਲੀ ਦਲ ਦੀ ਬਣਾਈ ਹੋਈ ਹੈ ਅਸੀਂ ਉਹ ਸਕੀਮ, ਉਨ੍ਹਾਂ ਕੋਲ ਲੈ ਕੇ ਗਏ । ਉਨ੍ਹਾਂ ਨੇ ਰਾਹ ਨਹੀਂ ਦਿੱਤਾ ਤੇ ਛੇ ਮਹੀਨੇ ਮੱਥੇ ਮਾਰ ਕੇ ਨੰਦੀ ਫਾਊਂਡੇਸ਼ਨ ਵੀ ਚਲੀ ਗਈ ਪਰ ਉਹ ਸਕੀਮ ਲਾਗੂ ਨਹੀਂ ਹੋਈ ਕਿਉਂਕਿ ਉਹ ਮਿਊਂਸਿਪਲ ਕਾਰਪੋਰੇਸ਼ਨ ਰਾਹੀਂ ਲਾਗੂ ਹੋਣੀ ਸੀ। ਸ਼ਹਿਰ ਵਾਸੀਆਂ ਨੇ ਪਾਣੀ ਪੀਣਾ ਸੀ, ਕੇਵਲ ਕਾਂਗਰਸੀਆਂ ਨੇ ਨਹੀਂ, ਹਰ ਇੱਕ ਮਜ਼ਹਬ, ਹਰ ਇੱਕ ਪਾਰਟੀ, ਹਰ ਇੱਕ ਵਰਗ ਦੇ ਲੋਕਾਂ ਨੇ ਪਾਣੀ ਪੀਣਾ ਸੀ । ਇਹ ਸਾਡੇ ਅੰਦਰੂਨੀ ਸ਼ਹਿਰ ਦੇ ਕੁਝ ਮਸਲੇ ਹਨ। ਇਸ ਤੋਂ ਇਲਾਵਾ ਬਾਹਰਲੇ ਪਾਸੇ ਸਲੱਮ ਬਸਤੀਆਂ ਬਹੁਤ ਹਨ । ਇੱਕ ਲੱਕੜ ਮੰਡੀ ਸਲੱਮ ਬਸਤੀ ਹੈ, ਉਥੇ ਮੈਂ ਇੱਕ ਟਿਊਬਵੈਲ ਲਗਾਇਆ। ਉਹ ਟਿਊਬਵੈਲ ਵੀ ਕਾਰਪੋਰੇਸ਼ਨ ਦੇ ਰਾਹੀਂ ਲਗਾਇਆ ਗਿਆ। ਜਦ ਉਹ ਟਿਊਬਵੈਲ ਚਾਲੂ ਕਰਨ ਦਾ ਟਾਈਮ ਆਇਆ ਤਾਂ ਕਾਰੋਪਰੇਸ਼ਨ ਵਾਲੇ ਕਹਿਣ ਲੱਗੇ ਕਿ ਸਾਡੇ ਕੋਲ ਇਸ ਦੀ ਮੋਟਰ ਲਗਾਉਣ ਲਈ ਪੈਸੇ ਨਹੀਂ ਹਨ। ਮੋਟਰ ਲਗਵਾਈ ਔਰ ਸ਼ਰਮ ਵਾਲੀ ਗੱਲ ਹੈ ਕਿ ਜਿਥੇ ਅੱਜ ਗਰੀਬ ਤੋਂ ਗਰੀਬ ਵਸਦਾ ਹੈ, ਉਸ ਦਾ ਹੱਕ ਹੈ ਕਿ ਉਸ ਨੂੰ ਪਾਣੀ ਮਿਲੇ। ਉਨ੍ਹਾਂ ਨੇ ਅੱਜ ਤੱਕ ਪਾਈਪਾਂ ਤੱਕ ਨਹੀਂ ਲਗਾਈਆਂ। ਇਹ ਦੋ ਛੋਟੇ ਉਦਾਹਰਨ ਮੈਂ ਤਾਂ ਦਿੱਤੇ ਹਨ ਕਿਉਂਕਿ ਇਸ ਐਡਰੈਸ ਦੇ ਇੱਕ ਪੈਰ੍ਹੇ ਵਿੱਚ ਕਿਹਾ ਗਿਆ ਹੈ ਕਿ ਪੀਣ ਵਾਲੇ ਪਾਣੀ ਲਈ ਅਸੀਂ ਇਹ ਕੰਕਰੀਟ ਸਟੈਪ ਲੈ ਰਹੇ ਹਾਂ। ਹੁਣ ਬਾਕੀ ਰਿਹਾ ਸੀਵਰੇਜ ਸਿਸਟਮ ਦਾ ਕੰਮ। ਇਸ ਦਾ ਸ਼ਹਿਰ ਵਿੱਚ ਬਹੁਤ ਹੀ ਭੈੜਾ ਸਿਸਟਮ ਹੈ। ਪਟਿਆਲਾ ਸ਼ਹਿਰ ਪੁਰਾਣਾ ਹੈ, ਗਲੀਆਂ ਭੀੜੀਆਂ ਹਨ ਔਰ ਕਦੇ ਵੀ ਚਾਹੇ ਥੋੜ੍ਹਾ ਜਿਹਾ ਮੀਂਹ ਪੈ ਜਾਵੇ ਤਾਂ ਉਹ ਪੂਰਾ ਸ਼ਹਿਰ ਨਰਕ ਬਣ ਜਾਂਦਾ ਹੈ। ਵਾਰਡ ਨੰ: 1 ਦੇ ਵਿੱਚ ਬਾਜ਼ੀਗਰ ਬਸਤੀ ਹੈ। ਉਥੇ ਗਲੀਆਂ ਪੱਕੀਆਂ ਕਰਵਾਈਆਂ ਗਈਆਂ ਕਿਉਂਕਿ ਇਹ ਸ਼ਹਿਰ ਵਿੱਚ ਆ ਗਈ ਹੈ ਪਰ ਉਥੇ ਪਿੰਡਾਂ ਨਾਲੋਂ ਵੀ ਬੁਰੀ ਹਾਲਤ ਹੈ। ਕੁਝ ਮਹੀਨੇ ਪਹਿਲਾਂ ਕਾਰਪੋਰੇਸ਼ਨ ਨੇ ਜੇ.ਸੀ.ਬੀ. ਭੇਜ ਕੇ ਉਨ੍ਹਾਂ ਨੂੰ ਪੁਟਵਾ ਦਿੱਤਾ ਤੇ ਉਹ ਕਹਿਣ ਲੱਗੇ ਕਿ ਅਸੀਂ ਕੰਕਰੀਟ ਬਣਾਵਾਂਗੇ ਪਰ

[ ਸ਼੍ਰੀਮਤੀ ਪਰਨੀਤ ਕੌਰ ]

ਅੱਜ ਤੱਕ ਕੋਈ ਕੰਕਰੀਟ ਨਹੀਂ ਹੋਇਆ। ਇਹ ਵੀ ਇੱਕ ਉਦਾਹਰਣ ਹੈ ਕਿ ਕਿਸ ਤਰ੍ਹਾਂ ਦਾ ਤੁਹਾਡਾ ਇਹ ਪ੍ਰੋਗਰਾਮ ਇੰਪਲੀਮੈਂਟ ਹੋ ਰਿਹਾ ਹੈ। ਜਦ ਕਾਂਗਰਸ ਦੀ ਸਰਕਾਰ ਸੀ ਤਾਂ ਅਸੀਂ ਪਟਿਆਲੇ ਨੂੰ ਕਾਊਂਟਰ ਮੈਗਨਿਟ ਆਫ ਐਨ.ਸੀ.ਆਰ., ਨਿਊ ਦਿੱਲੀ ਸਿਟੀ ਕੋਲ ਲਿਸਟ ਕਰਵਾਇਆ। ਕਰੋੜਾਂ ਰੁਪਏ ਦਿੱਲੀ ਡਿਵੈਲਪਮੈਂਟ ਬੋਰਡ ਦੇ ਵਿਚੋਂ ਸਕੀਮਾਂ ਦੇ ਲਈ ਆਏ ਅਤੇ ਲੱਗੇ। ਮੈਂ ਬੜੇ ਦੁੱਖ ਦੇ ਨਾਲ ਕਹਿ ਰਹੀ ਹਾਂ ਕਿ ਸਾਲ 2007 ਦੇ ਬਾਅਦ ਇਸ ਪਟਿਆਲੇ ਸ਼ਹਿਰ ਵਿਚੋਂ ਦਿੱਲੀ ਨੂੰ ਕੋਈ ਸਕੀਮ ਨਹੀਂ ਗਈ ਤੇ ਕੋਈ ਪੈਸਾ ਨਹੀਂ ਆਇਆ । ਮੇਰੇ ਖਿਆਲ ਵਿੱਚ 10 ਮੈਗਨੇਟ ਸਿਟੀ ਹਨ ਔਰ 9 ਵਿੱਚ ਜ਼ਰੂਰ ਸਕੀਮਾਂ ਗਈਆਂ ਹਨ ਔਰ ਪੈਸਾ ਆਇਆ ਹੈ। ਕੋਈ ਫੰਡ ਪਟਿਆਲੇ ਲਈ ਨੈਸ਼ਨਲ ਅਰਬਨ ਰੂਰਲ ਮਿਸ਼ਨ ਤੋਂ ਰਿਲੀਜ਼ ਨਹੀਂ ਹੋਇਆ ਔਰ ਨਾ ਹੀ ਫਾਇਨਾਂਸ ਕਮਿਸ਼ਨ ਤੋਂ ਰਿਲੀਜ਼ ਹੋਇਆ । ਕੱਲ੍ਹ ਬੀਬੀ ਜੀ ਬੋਲ ਰਹੇ ਸੀ, ਬਹੁਤ ਖੁਸ਼ੀ ਹੋਈ ਕਿ ਉਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਜ਼ਿਕਰ ਕੀਤਾ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਹੈਰੀਟੇਜ ਸਕੀਮ ਦੇ ਹੇਠ ਸਿਲੈਕਟ ਕੀਤਾ ਗਿਆ ਹੈ। ਸਾਨੂੰ ਮਾਣ ਹੈ ਔਰ ਖੁਸ਼ੀ ਹੈ ਕਿਉਂਕਿ ਸਾਡੇ ਸਾਰੇ ਪੰਜਾਬੀਆਂ ਦੀ ਹੋਂਦ ਉਥੇ ਹੈ, ਜਿਥੇ ਸ੍ਰੀ ਹਰਿਮੰਦਰ ਸਾਹਿਬ ਹੋਵੇ, ਜਲ੍ਹਿਆਂ ਵਾਲਾ ਬਾਗ ਹੋਵੇ, ਦੁਰਗਿਆਨਾ ਮੰਦਰ ਹੋਵੇ, ਇਹ ਸਾਰੀਆਂ ਚੀਜਾਂ ਉਥੇ ਹਨ। ਸਪੀਕਰ ਸਾਹਿਬ, ਸਾਨੂੰ ਖੁਸ਼ੀ ਹੁੰਦੀ ਹੈ ਕਿ ਇਹ ਸਿਟੀ ਡਿਵੈਲਪ ਹੋਵੇਗਾ ਪਰ ਨਾਲ ਦੀ ਨਾਲ ਮੈਂ ਤੁਹਾਡੇ ਥਰੂ ਮਾਨਯੋਗ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਹੋਰ ਵੀ ਸ਼ਹਿਰ ਪੰਜਾਬ ਵਿੱਚ ਹਨ ਜਿਹੜੇ ਕਿ ਇਸ ਸਕੀਮ ਵਿੱਚ ਲੈਣੇ ਚਾਹੀਦੇ ਹਨ। ਪਟਿਆਲਾ ਇੱਕ ਇਸ ਤਰ੍ਹਾਂ ਦਾ ਸ਼ਹਿਰ ਹੈ, ਜਿਸ ਵਿੱਚ ਬਹੁਤ ਰਿਚ ਕਲਚਰਲ ਹੈਰੀਟੇਜ ਹੈ। ਇਤਿਹਾਸ ਹੈ। ਮਾਲਵੇ ਦਾ ਦਿਲ ਹੈ। ਇਸ ਲਈ ਮੈਂ ਰਿਕੁਐਸਟ ਕਰਦੀ ਹਾਂ ਕਿ ਇਸ ਸ਼ਹਿਰ ਨੂੰ ਇਸ ਸਕੀਮ ਵਿੱਚ ਤੁਸੀਂ ਲਿਸਟ ਕਰਵਾਓ। ਜਿਹੜੀ ਸਾਡੀ ਨਵੀਂ ਪੀੜ੍ਹੀ ਹੈ, ਉਹ ਉਪਰ ਆ ਰਹੀ ਹੈ । ਇਸ ਲਈ ਜ਼ਰੂਰਤ ਹੈ ਕਿ ਜੋ ਸਾਡਾ ਸਭਿਆਚਾਰ ਹੈ, ਜੋ ਸਾਡਾ ਹੈਰੀਟੇਜ ਹੈ, ਉਸ ਨੂੰ ਅਸੀਂ ਸ਼ੋਅ ਕੇਸ ਕਰੀਏ ਕਿ ਉਨ੍ਹਾਂ ਨੂੰ ਵੀ ਪਤਾ ਲੱਗੇ। ਜੇਕਰ ਉਹ ਦੇਖਣਗੇ, ਸੁਣਨਗੇ ਤਾਂ ਹੀ ਉਨ੍ਹਾਂ ਨੂੰ ਪਤਾ ਚੱਲੇਗਾ ਕਿ ਇਹ ਸਾਡੀ ਵਿਰਾਸਤ ਹੈ। ਸਾਲ ਦੇ ਵਿੱਚ ਤਿੰਨ ਹੈਰੀਟਜ ਮੇਲੇ ਹੁੰਦੇ ਸੀ ਜਿਸ ਨੂੰ ਹੈਰੀਟੇਜ ਵੀਕ ਕਿਹਾ ਜਾਂਦਾ ਸੀ, ਪਟਿਆਲਾ, ਕਪੂਰਥਲਾ ਔਰ ਅੰਮ੍ਰਿਤਸਰ ਵਿੱਚ। ਬੜੇ ਦੁੱਖ ਦੇ ਨਾਲ ਮੈਂ ਕਹਿਣਾ ਚਾਹੁੰਦੀ ਹਾਂ ਕਿ ਕਪੂਰਥਲਾ ਅਤੇ ਅੰਮ੍ਰਿਤਸਰ ਵਿੱਚ ਤਾਂ ਇਨ੍ਹਾਂ

ਮੇਲਿਆਂ ਨੂੰ ਜਾਰੀ ਰੱਖਿਆ ਗਿਆ ਪਰ ਪਟਿਆਲੇ ਵਿੱਚ ਸਾਲ 2007 ਤੋਂ ਬਾਅਦ ਇੱਕ ਵਾਰੀ ਵੀ ਤੁਸੀਂ ਇਹ ਹੈਰੀਟੇਜ ਨਾ ਮੇਲਾ ਲਗਾਇਆ ਔਰ ਨਾ ਵੀਕ ਕਰਵਾਇਆ। ਮੇਰੀ ਬੇਨਤੀ ਹੈ ਕਿ ਸਿਰਫ ਪੰਜਾਬ ਦੀ ਹੈਰੀਟੇਜ ਨਹੀਂ, ਪੂਰੇ ਹਿੰਦੁਸਤਾਨ ਦੀ ਹੈਰੀਟੇਜ ਸਾਡੇ ਨੌਜਵਾਨ ਪੀੜ੍ਹੀ ਨੂੰ ਅੱਗੇ ਦੇਖਣ ਲਈ ਮਿਲੇ।

ਪੈਰ੍ਹਾ 22 ਅਤੇ 23 ਵਿੱਚ ਮੈਂ ਕਹਿਣਾ ਚਾਹੁੰਦੀ ਹਾਂ ਕਿ ਬਾਦਲ ਸਾਹਿਬ ਦਾ ਜਿਹੜਾ ਸੰਗਤ ਦਰਸ਼ਨ ਦਾ ਪ੍ਰੋਗਰਾਮ ਹੈ, ਬਹੁਤ ਵਧੀਆ ਪ੍ਰੋਗਰਾਮ ਹੈ। ਇਸ ਨੂੰ ਹਾਈਲਾਈਟ ਕੀਤਾ ਗਿਆ ਹੈ। (ਥੰਪਿੰਗ) ਪਟਿਆਲੇ ਵੀ ਸੰਗਤ ਦਰਸ਼ਨ ਹੋਇਆ ਸੀ। ਸੀ. ਐਮ. ਸਾਹਿਬ ਕਹਿੰਦੇ ਸੀ ਕਿ ਅੱਜ ਤੋਂ ਮੈਂ ਪਟਿਆਲੇ ਨੂੰ ਗੋਦ ਲੈ ਲਵਾਂਗਾ। ਬਹੁਤ ਖੁਸ਼ੀ ਹੋਈ ਸਾਰਿਆਂ ਨੂੰ ਕਿ ਡਿਵੈਲਪਮੈਂਟ ਹੋਵੇਗੀ ਪਰ ਐਸਾ ਮਤਰੇਈ ਮਾਂ ਵਾਲਾ ਸਾਡੇ ਨਾਲ ਸਲੂਕ ਹੋਇਆ ਕਿ ਉਥੇ ਕੁਝ ਨਹੀਂ ਹੋਇਆ ਔਰ ਲੋਕਾਂ ਵਿੱਚ ਜਦੋਂ ਜ਼ਿਆਦਾ ਦੁੱਖ ਤਕਲੀਫ ਹੋਈ ਤਾਂ ਇਹ ਹਦਾਇਤ ਆਈ ਕਿ ਜਿਹੜੀਆਂ ਪਟਿਆਲੇ ਵਿੱਚ ਸਾਡੀਆਂ ਪ੍ਰਾਪਰਟੀਜ਼ ਹਨ ਉਨ੍ਹਾਂ ਨੂੰ ਤੁਸੀਂ ਵੇਚ ਕੇ ਪੈਸਾ ਲਗਾਉ ਤੇ ਇਹ ਪੈਸਾ ਪਟਿਆਲਾ ਡਿਵੈਲਪਮੈਂਟ ਅਥਾਰਟੀ ਦੇ ਥਰੂ ਲੱਗੇਗਾ । ਉਸ ਵਿੱਚ ਵੀ ਇਹ ਵਿਤਕਰਾ ਹੋਇਆ ਕਿ ਉਸ ਅਥਾਰਟੀ ਦੀ ਜਿਹੜੀ ਲਿਮਟ ਸੀ, ਹੱਦ ਸੀ, ਉਸ ਨੂੰ ਪਿੰਡਾਂ ਤੱਕ ਲੈ ਗਏ, ਪਿੰਡਾਂ ਤੋਂ ਬਾਹਰ ਕਿਸੇ ਹੋਰ ਡਿਸਟ੍ਰਕਿਟ ਤੱਕ ਲੈ ਗਏ ਪਰ ਜਿਹੜਾ ਪੈਸਾ ਆਇਆ ਉਹ ਪਟਿਆਲੇ ਵਿੱਚ ਨਹੀਂ ਲੱਗਿਆ । ਉਹ ਲੱਗਿਆ ਜਿਥੇ ਜਿਥੇ ਇਨ੍ਹਾਂ ਦੀ ਮਰਜ਼ੀ ਸੀ, ਉਸ ਸ਼ਹਿਰ ਤੋਂ ਬਾਹਰ ਲੱਗਿਆ । ਸੋ, ਇਹ ਗੱਲਾਂ ਮੈਂ ਤੁਹਾਡੇ ਸਾਹਮਣੇ ਲਿਆਉਣਾ ਚਾਹੁੰਦੀ ਹਾਂ। ਇਕ ਗੱਲ ਮੈਂ ਜ਼ਰੂਰ ਕਹਿਣਾ ਚਾਹੁੰਦੀ ਹਾਂ ਕਿ ਹੁਣੇ ਉਠ ਕੇ ਕਿਹਾ ਗਿਆ ਸੀ ਕਿ ਵਿਤਕਰਾ ਨਹੀਂ ਕਰਨਾ ਚਾਹੀਦਾ, ਮਜ਼ਹਬ ਦਾ ਜਾਂ ਕਿਸੇ ਚੀਜ਼ ਦਾ ਵਿਤਕਰਾ ਨਹੀਂ ਕਰਨਾ ਚਾਹੀਦਾ ਪਰ ਵਿਤਕਰਾ ਪਟਿਆਲੇ ਨਾਲ ਹੋਇਆ ਹੈ ਕਿਉਂਕਿ ਇਹ ਪਰੰਪਰਾ ਪਟਿਆਲੇ ਦੀ ਹੈ ਜਿਥੇ ਕਿਲਾ ਮੁਬਾਰਕ ਇੱਕ ਪ੍ਰੋਟੈਕਟਿਡ ਮਾਨੋਮੈਂਟ ਹੈ । ਇਸ ਕਰਕੇ ਪਟਿਆਲਾ ਬਹੁਤ ਵਧੀਆ ਟੂਰਿਸਟ ਹੱਬ ਬਣ ਸਕਦਾ ਹੈ ਜਿਸ ਨਾਲ ਗੌਰਮਿੰਟ ਨੂੰ ਆਮਦਨ ਆ ਸਕਦੀ ਹੈ। ਉਹ ਕਿਲਾ ਮੁਬਾਰਕ ਬਿਲਕੁਲ ਹੀ ਗਿਰ ਰਿਹਾ ਹੈ, ਇਹ ਉਹ ਇੱਕ ਇਮਾਰਤ ਹੈ ਜਿਸ ਵਿੱਚ ਇਕ ਛੱਤ ਦੇ ਹੇਠਾਂ ਗੁਰਦੁਆਰਾ ਸਾਹਿਬ, ਮੰਦਰ ਔਰ ਇਕ ਫਕੀਰ ਦੀ ਧੂਣੀ ਹੈ। ਇਹ ਪਰੰਪਰਾ ਹੈ ਕਿ ਸਾਰੇ ਇਕੱਠੇ ਚੱਲਣ । ਇਸ ਉਤੇ ਤੁਸੀਂ ਜ਼ਰੂਰ ਕੋਈ ਗੌਰ ਕਰਕੇ ਇਸ ਦਾ ਕੋਈ ਹੱਲ ਕਰੋ ਤਾਂ ਕਿ ਉਹ ਇਮਾਰਤ ਖੜ੍ਹੀ ਰਹੀ ਤੇ ਇਹ ਪਰੰਪਰਾ ਇਕੱਲੇ

[ ਸ਼੍ਰੀਮਤੀ ਪਰਨੀਤ ਕੌਰ ]

ਪਟਿਆਲੇ ਵਿੱਚ ਨਹੀਂ ਬਲਕਿ ਪੂਰੇ ਪੰਜਾਬ ਵਿੱਚ ਜਾਵੇ।

ਸਪੀਕਰ ਸਾਹਿਬ, ਸਮਾਰਟ ਸਿਟੀ ਦੀ ਗੱਲ ਹੋਈ ਹੈ । ਬਹੁਤ ਵਧੀਆ ਕੰਸੈਪਟ ਹੈ। ਮੋਦੀ ਸਰਕਾਰ ਦੀ ਬਹੁਤ ਪ੍ਰਸ਼ੰਸਾ ਹੋਈ ਹੈ । ਸੋ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਪਲੀਜ਼ ਪਟਿਆਲੇ ਨੂੰ ਵੀ ਇੱਕ ਸਮਾਰਟ ਸਿਟੀ ਦਾ ਦਰਜਾ ਦਿਵਾਉ।

ਸਪੀਕਰ ਸਾਹਿਬ, ਐਗਰੀਕਲਚਰ ਉਤੇ ਬਹੁਤ ਕੁਝ ਕਿਹਾ ਗਿਆ ਹੈ। ਮੈਂ ਇਸ ਉਤੇ ਜ਼ਿਆਦਾ ਨਹੀਂ ਜਾਵਾਂਗੀ ਕਿਉਂਕਿ ਜਿਹੜੇ ਐਕਸਪਰਟ ਹਨ ਉਹੀ ਦੱਸਣਗੇ ਕਿ ਕੀ ਕਮੀਆਂ-ਪੇਸ਼ੀਆਂ ਹਨ, ਕਿਸ ਤਰ੍ਹਾਂ ਸਾਰਾ ਕੁਝ ਚੱਲ ਰਿਹਾ ਹੈ। ਮੈਂ ਤਾਂ ਇਹੀ ਕਹਿਣਾ ਚਾਹੁੰਦੀ ਹਾਂ ਕਿ ਜੋ ਤਕਲੀਫ ਕਿਸਾਨਾਂ ਨੂੰ ਇਸ ਸਾਲ ਨਵੰਬਰ, ਦਸੰਬਰ ਮਹੀਨੇ ਵਿੱਚ ਯੂਰੀਏ ਦੀ ਖਰੀਦ ਉਤੇ ਹੋਈ ਹੈ, ਉਹ ਫਿਰ ਨਾ ਹੋਵੇ । ਹੁਣ ਕਣਕ ਦੀ ਖਰੀਦ ਦਾ ਟਾਈਮ ਆ ਰਿਹਾ ਹੈ, ਜੇਤਲੀ ਸਾਹਿਬ ਦੀ ਬਹੁਤ ਪ੍ਰਸ਼ੰਸਾ ਹੋਈ ਹੈ, ਮੈਂ ਆਸ ਕਰਦੀ ਹਾਂ ਕਿ ਹੁਣ ਜੇਤਲੀ ਸਾਹਿਬ ਦਾ ਜਿਹੜਾ ਅਕਾਊਂਟ ਹੈ, ਉਹ ਤੁਸੀਂ ਸਾਰਾ ਕਲੀਅਰ ਕਰ ਲਿਆ ਹੋਵੇਗਾ ਕਿ ਉਹ ਤਕਲੀਫ ਪੈਸੇ ਦੀ ਐਤਕੀਂ ਕਿਸਾਨਾਂ ਲਈ ਨਾ ਆਵੇ ਕਿਉਂਕਿ ਕਿਸਾਨ ਤੇ ਖੇਤ ਮਜ਼ਦੂਰ ਦੋਵੇਂ ਸੂਲੀ ਉਤੇ ਟੰਗੇ ਜਾਂਦੇ ਹਨ ਕਿ ਕਦੋਂ ਅਸੀਂ ਆਪਣਾ ਜਿਣਸ ਵੇਚੀਏ ਤੇ ਕਦੋਂ ਘਰ ਜਾਈਏ ।

ਸਪੀਕਰ ਸਾਹਿਬ, ਐਜੂਕੇਸ਼ਨ ਉਤੇ ਬਹੁਤ ਕੁਝ ਕਿਹਾ ਗਿਆ ਹੈ ਪਰ ਪ੍ਰਾਇਮਰੀ ਤੇ ਐਲੀਮੈਂਟਰੀ ਐਜੂਕੇਸ਼ਨ ਦਾ ਕੋਈ ਜ਼ਿਕਰ ਨਹੀਂ ਹੋਇਆ ਹੈ। ਮੈਂ ਕਹਿਣਾ ਚਾਹੁੰਦੀ ਹਾਂ ਕਿ ਇਹ ਐਜੂਕੇਸ਼ਨ ਲਈ ਸਾਡੀਆਂ ਨੀਹਾਂ ਹਨ। ਮੈਂ ਤਾਂ ਸਮਝਦੀ ਹਾਂ ਕਿ ਐਜੂਕੇਸ਼ਨ ਅੱਛੀ ਹੋਵੇ ਤਾਂ ਹੀ ਇੰਪਾਵਰਮੈਂਟ ਹੁੰਦੀ ਹੈ, ਖਾਸ ਕਰਕੇ ਜੇ ਇਕ ਔਰਤ ਦੀ ਤੁਸੀਂ ਜ਼ਿਆਦਾ ਇੰਪਾਵਰਮੈਂਟ ਕਰਨੀ ਹੈ ਤਾਂ ਇਹ ਐਜੂਕੇਸ਼ਨ ਰਾਹੀਂ ਹੋਵੇਗੀ । ਇਸ ਲਈ ਉਸ ਸਿਸਟਮ ਨੂੰ ਤੁਹਾਨੂੰ ਤਕੜਾ ਕਰਨਾ ਚਾਹੀਦਾ ਹੈ ।

ਸਪੀਕਰ ਸਾਹਿਬ, ਹੈਲਥ ਉਤੇ ਬਹੁਤ ਕੁਝ ਕਿਹਾ ਗਿਆ ਹੈ। ਕਹਾਵਤ ਹੈ : ਜਾਨ ਹੈ ਤੋ ਜਹਾਨ ਹੈ। ਮੈਂ ਤਾਂ ਜੋ ਮੇਰੇ ਖੇਤਰ ਵਿਚ ਬੀਤ ਰਹੀ ਹੈ, ਉਸ ਉਤੇ ਹੀ ਤੁਹਾਨੂੰ ਐਗਜ਼ਾਂਪਲ ਦੇ ਸਕਦੀ ਹਾਂ। ਰਾਜਿੰਦਰਾ ਹਸਪਤਾਲ ਹਿੰਦੁਸਤਾਨ ਵਿੱਚ ਇੱਕ ਪ੍ਰੀਮੀਅਰ ਇੰਸਟੀਚਿਊਸ਼ਨ ਸੀ, ਬਾਹਰ ਵੀ ਸਾਡੀ ਐਲੂਮਨੀ

ਬਹੁਤ ਵੱਡੀ ਹੈ ਜਿਹੜੇ ਡਾਕਟਰ ਇਥੋਂ ਸਿੱਖ ਕੇ ਗਏ ਹਨ ਪਰ ਅੱਜ ਉਸ ਹਸਪਤਾਲ ਦੀ ਇਹ ਹਾਲਤ ਹੈ ਕਿ ਨਾ ਉਥੇ ਫਰਨੈਲ ਹੈ, ਨਾ ਉਥੇ ਬੈਡ ਸ਼ੀਟਸ ਹਨ, ਨਾ ਉਥੇ ਅੱਛੇ ਗੱਦੇ ਹਨ। ਸਪੀਕਰ ਸਾਹਿਬ, ਪਿਛੇ ਦੋ ਸਾਲ ਪਹਿਲਾਂ ਸਾਡੇ ਡਾਇਰੀਆ ਤੇ ਕੋਲਰਾ ਦੀ ਆਊਟ ਬ੍ਰੇਕ ਹੋਈ ਸੀ । ਮੈਂ ਜਦੋਂ ਉਸ ਵੇਲੇ ਹਸਪਤਾਲ ਵਿੱਚ ਗਈ ਤਾਂ ਮੈਂ ਉਦੋਂ ਆਨਰੇਬਲ ਸੀ.ਐਮ.ਸਾਹਿਬ ਨੂੰ ਚਿੱਠੀ ਵੀ ਲਿਖੀ ਕਿ ਗੱਦਿਆਂ ਦੀ ਇੱਥੇ ਬਹੁਤ ਬੁਰੀ ਹਾਲਤ ਹੈ । ਇਸ ਲਈ ਤੁਸੀਂ ਇਹ ਗੱਦੇ ਤਾਂ ਜ਼ਰੂਰ ਖਰੀਦ ਲਵੋ ਕਿਉਂਕਿ ਇਹ ਬਹੁਤ ਪੁਰਾਣੇ ਹਨ । ਉਨ੍ਹਾਂ ਵਿਚੋਂ ਤਾਂ ਸਪਰਿੰਗ ਨਿਕਲੇ ਹੋਏ ਸਨ ਤੇ ਮਰੀਜ਼ਾਂ ਨੂੰ ਉਨ੍ਹਾਂ ਉਤੇ ਸੌਣ ਲਈ ਕਿਤੇ ਵੀ ਜਗ੍ਹਾ ਨਹੀਂ ਮਿਲ ਰਹੀ ਸੀ । ਇਸੇ ਤਰ੍ਹਾਂ ਉਥੇ ਬੇਸਿਕ ਦਵਾਈਆਂ ਵੀ ਨਹੀਂ ਸਨ । ਏਮਜ਼ ਆਵੇਗਾ, ਬਹੁਤ ਵਧੀਆ ਗੱਲ ਹੈ ਪਰ ਇਸ ਦਾ ਜ਼ਰੂਰ ਪ੍ਰਬੰਧ ਹੋਣਾ ਚਾਹੀਦਾ ਹੈ ਕਿ ਏਮਜ਼ ਚਲਾਉਣਯੋਗ ਜੋ ਫੰਡਜ਼ ਹੋਣ, ਉਹ ਪੂਰੇ ਆਉਣ ਕਿਉਂਕਿ ਜੋ ਅੱਜ ਸੁਣਨ ਵਿੱਚ ਆਇਆ ਹੈ ਕਿ ਬਾਬਾ ਫਰੀਦ ਯੂਨੀਵਰਸਿਟੀ ਵਿੱਚ ਫੰਡਜ਼ ਦੀ ਬਹੁਤ ਕਮੀ ਹੈ । ਇਥੋਂ ਤੱਕ ਕਿ ਵਾਈਸ ਚਾਂਸਲਰ ਤੇ ਉਨ੍ਹਾਂ ਦੇ ਜਿਹੜੇ ਕੁਲੀਗ ਹਨ, ਉਨ੍ਹਾਂ ਨੂੰ ਕਿਤੇ ਆਉਣ-ਜਾਣ ਵਾਸਤੇ ਜਿਹੜੇ ਆਨਰੇਰੀਅਮ ਮਿਲਦੇ ਹਨ, ਉਸ ਨੂੰ ਹਾਸਪੀਟਲ ਵੈਲਫੇਅਰ ਫੰਡ ਵਿੱਚ ਪਾਉਂਦੇ ਹਨ ਅਤੇ ਇਸ ਨਾਲ ਉਸ ਨੂੰ ਚਲਾਉਂਦੇ ਹਨ । ਮੈਂ ਅੰਤ ਵਿੱਚ ਕਨਕਲੂਡ ਕਰਨ ਤੋਂ ਪਹਿਲਾਂ ਇਹ ਕਹਿਣਾ ਚਾਹੁੰਦੀ ਹਾਂ, ਪੈਰ੍ਹਾ ਨੰਬਰ 18 ਵਿੱਚ ਫਾਇਨਾਂਸ ਮਨਿਸਟਰ ਦਾ ਬਹੁਤ ਧੰਨਵਾਦ ਕੀਤਾ ਗਿਆ ਹੈ ਕਿ ਉਨ੍ਹਾਂ ਨੇ ਪ੍ਰਾਜੈਕਟਸ ਸੈਂਕਸ਼ਨ ਕੀਤੇ ਹਨ। ਇਹ ਅੱਛੀ ਗੱਲ ਹੈ ਪਰੰਤੂ ਇਸ ਬਾਰੇ ਸਾਨੂੰ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਹੜੇ ਕਿਹੜੇ ਪ੍ਰਾਜੈਕਟ ਹਨ। ਪਹਿਲਾ ਪ੍ਰਾਜੈਕਟ ਇਹ ਹੋਣਾ ਚਾਹੀਦਾ ਹੈ ਕਿ ਕਣਕ ਦੀ ਖਰੀਦ ਹੋਵੇ ਤੇ ਕਿਸਾਨ ਨੂੰ ਜਲਦੀ ਅਤੇ ਅਸਾਨੀ ਨਾਲ ਪੈਸੇ ਮਿਲਣ ਤਾਂ ਕਿ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਇਸ ਵਾਸਤੇ ਕੋਈ ਦਿੱਕਤ ਨਾ ਆਵੇ।

ਮੈਂ ਇਹ ਗੱਲ ਕਹਿ ਕੇ ਆਪਣੀ ਸਪੀਚ ਖਤਮ ਕਰਾਂਗੀ ਕਿ ਪੰਜਾਬ ਗੌਰਮਿੰਟ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਡਾ. ਮਨਮੋਹਨ ਸਿੰਘ ਦੀ ਗੌਰਮਿੰਟ ਨੇ ਸਾਨੂੰ ਕੀ ਕੁਝ ਦਿੱਤਾ ਹੈ। ਜਦੋਂ ਸੇਮ ਵਰਗਾ ਵੱਡਾ ਮੁੱਦਾ ਉੱਠਿਆ ਸੀ, ਬਾਦਲ ਸਾਹਿਬ ਅਤੇ ਹੋਰ ਮਨਿਸਟਰ ਉਥੇ ਗਏ ਅਤੇ 2200 ਕਰੋੜ ਰੁਪਏ ਉਸ ਵਾਸਤੇ ਲੈ ਕੇ ਆਏ। ਸੰਗਰੂਰ ਅਤੇ ਮੁਹਾਲੀ ਦੇ ਨੇੜੇ ਕੈਂਸਰ ਦੇ ਦੋ ਵੱਡੇ ਹਸਪਤਾਲ ਸੈਂਕਸ਼ਨ ਹੋਏ। ਇਹ ਚਾਲੂ ਹੋ ਗਏ ਹਨ ਅਤੇ ਇਨ੍ਹਾਂ ਤੇ ਕੰਮ ਵੀ ਸ਼ੁਰੂ ਹੋ

[ ਸ਼੍ਰੀਮਤੀ ਪਰਨੀਤ ਕੌਰ ]

ਗਿਆ। ਮੇਰਾ ਖਿਆਲ ਹੈ ਕਿ ਆਊਟ ਪੇਸ਼ੈਂਟਸ ਦਾ ਵਿੰਗ ਵੀ ਸ਼ੁਰੂ ਹੋ ਗਿਆ ਹੈ। ਮੇਰੀ ਰਿਕੁਐਸਟ ਤੇ ਸ਼੍ਰੀ ਅਨੰਦ ਸ਼ਰਮਾ ਜੀ ਨੇ ਪੰਜਾਬ ਗੌਰਮਿੰਟ ਨਾਲ ਮਿਲ ਕੇ ਬਨੂੜ ਵਿਖੇ ਐਫ.ਟੀ.ਡੀ.ਆਈ. ਦੀ ਸ਼ੁਰੂਆਤ ਕਰਵਾਈ। ਇਹ ਇੱਕ ਅਜਿਹਾ ਇੰਸਟੀਚਿਊਟ ਹੈ ਜਿਹੜਾ ਸਾਡੇ ਨੌਜਵਾਨਾਂ ਦੀ ਨੌਕਰੀ ਦੀ ਸਮੱਸਿਆ ਨੂੰ ਕਿਸੇ ਹੱਦ ਤੱਕ ਦੂਰ ਕਰੇਗਾ। ਇਹੋ ਜਿਹੇ ਇੰਸਟੀਚਿਊਟ ਲਿਆਉਣੇ ਚਾਹੀਦੇ ਹਨ। ਜਿਹੜਾ 1000 ਬੱਚਾ ਉਥੇ ਪੜ੍ਹੇਗਾ, ਉਸ ਨੂੰ ਕੋਰਸ ਦੀ ਕੰਪਲੀਸ਼ਨ ਤੇ ਉਥੇ ਹੀ ਪਲੇਸਮੈਂਟ ਮਿਲੇਗੀ ਅਤੇ ਨੌਕਰੀ ਮਿਲੇਗੀ। ਅੰਮ੍ਰਿਤਸਰ ਅਤੇ ਪਟਿਆਲਾ ਦੇ ਹਸਪਤਾਲਾਂ ਦੀ ਸੁਪਰ ਸਪੈਸ਼ੇਲਿਟੀ ਹਸਪਤਾਲ ਦੇ ਤੌਰ ਤੇ ਅਪਗ੍ਰੇਡੇਸ਼ਨ ਹੋਈ।

ਮੈਂ ਇੱਕ ਵਾਰ ਫਿਰ ਇਹ ਗੱਲ ਕਹਿਣਾ ਚਾਹੁੰਦੀ ਹਾਂ ਕਿਉਂਕਿ ਇਹ ਮਸਲਾ ਹਰੇਕ ਨਾਲ ਜੁੜਿਆ ਹੋਇਆ ਹੈ, ਇਸ ਲਈ ਜਦੋਂ ਕਿਸਾਨਾਂ ਦੀ ਰਬੀ ਅਤੇ ਖ਼ਰੀਫ਼ ਦੀ ਫ਼ਸਲ ਆਉਂਦੀ ਸੀ ਤਾਂ ਉਸ ਨੂੰ ਚੁੱਕਣ ਵਾਸਤੇ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਕਦੀ ਕੋਈ ਉਲਾਂਭਾ ਨਹੀਂ ਆਉਣ ਦਿੱਤਾ। ਇਹ ਉਸੇ ਤਰ੍ਹਾਂ ਸੀ ਕਿ ਜਿਵੇਂ ਇਕ ਪੇਸ਼ੈਂਟ ਆਈ.ਸੀ.ਯੂ. ਵਿੱਚ ਚਲਾ ਜਾਂਦਾ ਹੈ, ਉਸ ਨੂੰ ਆਕਸੀਜਨ ਦੇਣੀ ਪੈਂਦੀ ਹੈ । ਇਸ ਲਈ ਸਾਨੂੰ ਉਨ੍ਹਾਂ ਦਾ ਬਹੁਤ ਧੰਨਵਾਦ ਕਰਨਾ ਚਾਹੀਦਾ ਹੈ। ਮੈਂ, ਸਪੀਕਰ ਸਾਹਿਬ, ਤੁਹਾਡੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ ਅਤੇ ਜਿਹੜੇ ਗਵਰਨਰ ਐਡਰੈਸ ਤੇ ਬਹਿਸ ਹੋ ਰਹੀ ਹੈ, ਮੈਂ ਇਸ ਗਵਰਨਰ ਐਡਰੈਸ ਨੂੰ ਹੈਵੀ ਹਾਰਟ ਨਾਲ ਰਿਜੈਕਟ ਕਰਕੇ ਬੈਠ ਰਹੀ ਹਾਂ। Thank you.

**ਸਰਦਾਰ ਇਕਬਾਲ ਸਿੰਘ ਝੂੰਦਾਂ (ਅਮਰਗੜ੍ਹ) :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ, ਜਿਸ ਬਾਰੇ ਬੀਬੀ ਜਗੀਰ ਕੌਰ ਜੀ ਵੱਲੋਂ ਧੰਨਵਾਦ ਦਾ ਪ੍ਰਸਤਾਵ ਪੇਸ਼ ਕੀਤਾ ਗਿਆ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਪੰਜਾਬ ਵਿੱਚ ਸਾਡੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਹੈ ਅਤੇ ਪੰਜਾਬ ਨਾਲ ਵੱਖ ਵੱਖ ਸਮਿਆਂ ਤੇ ਜੋ ਵਿਤਕਰੇ ਅਤੇ ਧੱਕੇ ਹੁੰਦੇ ਰਹੇ, ਉਨ੍ਹਾਂ ਦਾ ਜ਼ਿਕਰ ਵੀ ਕੀਤਾ ਹੈ। ਜਿੱਥੇ ਉਨ੍ਹਾਂ ਨੇ ਪੰਜਾਬ ਦੇ ਦਰਦ ਨੂੰ ਬਿਆਨ ਕੀਤਾ ਹੈ, ਉਥੇ ਪੰਜਾਬ ਦੇ ਸੀਮਤ ਸਾਧਨਾਂ ਦੇ ਬਾਵਜੂਦ ਸਾਡੇ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਰਹਿਨੁਮਾਈ ਹੇਠ ਅਸੀਂ

ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹਿਆ ਹੈ, ਉਸ ਦਾ ਵੀ ਜ਼ਿਕਰ ਕੀਤਾ ਹੈ। ਇਕ ਬੇਨਤੀ ਮੈਂ ਸਾਡੇ ਸਾਮ੍ਹਣੇ ਬੈਠੇ ਵੀਰਾਂ ਨੂੰ ਕਰਨੀ ਚਾਹੁੰਦਾ ਹਾਂ, ਉਹ ਇਹ ਹੈ ਕਿ ਕੱਲ੍ਹ ਜਦੋਂ ਹਾਊਸ ਵਿਚ ਸ਼੍ਰੀ ਬ੍ਰਹਮ ਮਹਿੰਦਰਾ ਜੀ ਬੋਲ ਰਹੇ ਸੀ ਤਾਂ ਸਾਡੇ ਸਤਿਕਾਰਯੋਗ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਉਨ੍ਹਾਂ ਦੀ ਇੱਕ ਇੱਕ ਗੱਲ ਆਪਣੇ ਪੈਡ ਤੇ ਨੋਟ ਕਰ ਰਹੇ ਸੀ। ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਪਾਂ ਸਾਰੇ ਆਪਣੇ ਕੰਮਾਂ ਲਈ ਮੁੱਖ ਮੰਤਰੀ ਸਾਹਿਬ ਕੋਲ ਜਦੋਂ ਜਾਂਦੇ ਹਾਂ ਤਾਂ ਉਹ ਬੜੇ ਸਲੀਕੇ ਨਾਲ, ਪਿਆਰ ਸਤਿਕਾਰ ਨਾਲ ਸਾਰਿਆਂ ਨੂੰ ਪੇਸ਼ ਆਉਂਦੇ ਹਨ ਪਰੰਤੂ ਜਿਸ ਤਰ੍ਹਾਂ ਦਾ ਵਰਤਾਰਾ ਕੱਲ੍ਹ ਰੰਧਾਵਾ ਸਾਹਿਬ ਦੇ ਭਾਸ਼ਣ ਦੌਰਾਨ ਦੇਖਣ ਨੂੰ ਮਿਲਿਆ, ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀਆਂ ਪਰੰਪਰਾਵਾਂ ਸਾਨੂੰ ਹਾਊਸ ਵਿੱਚ ਨਹੀਂ ਪਾਉਣੀਆਂ ਚਾਹੀਦੀਆਂ। ਉਸਾਰੂ ਤਰੀਕੇ ਨਾਲ ਸਰਕਾਰ ਦੀ ਨੁਕਤਾਚੀਨੀ ਕਰਨਾ ਆਪੋਜ਼ੀਸ਼ਨ ਦਾ ਹੱਕ ਹੈ ਪਰੰਤੂ ਨਿੱਜੀ ਤੌਰ ਤੇ ਜਾਂ ਐਸੀਆਂ ਗੱਲਾਂ ਜਿਹੜੀਆਂ ਹਾਊਸ ਦੀ ਮਰਿਆਦਾ ਨੂੰ ਭੰਗ ਕਰਦੀਆਂ ਹਨ, ਉਹ ਕਰਨ ਤੋਂ ਸਾਨੂੰ ਗੁਰੇਜ਼ ਕਰਨਾ ਚਾਹੀਦਾ ਹੈ। ਸੋ, ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬੜੀ ਫਰਾਖਦਿਲੀ ਨਾਲ ਸਾਡੇ ਮੁੱਖ ਮੰਤਰੀ ਸਾਹਿਬ ਹਰ ਗੱਲ ਨੂੰ ਜਿੰਨੀ ਸੰਜੀਦਗੀ ਨਾਲ ਵਜ਼ਨ ਦਿੰਦੇ ਹਨ, ਉਹ ਗੱਲ ਅਸੀਂ ਹਾਊਸ ਵਿੱਚ ਕਹੀਏ। ਉਹ ਉਸ ਤੇ ਅਮਲ ਵੀ ਕਰਨਗੇ ਅਤੇ ਤੁਹਾਡੀਆਂ ਸਾਰੀਆਂ ਗੱਲਾਂ ਦਾ ਜਵਾਬ ਵੀ ਦੇਣਗੇ। ਇੱਕ ਤਾਂ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ। ਇਸ ਤੋਂ ਇਲਾਵਾ ਮੈਂ ਦੋ-ਤਿੰਨ ਮੁੱਦਿਆਂ ਤੇ ਗੱਲ ਕਰਨੀ ਚਾਹੁੰਦਾ ਹਾਂ।

ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਖੇਤੀਬਾੜੀ ਬਾਰੇ ਬੜੇ ਚੇਤੰਨ ਹਨ । ਸਾਡੇ ਐਗਰੀਕਲਚਰ ਮਨਿਸਟਰ ਸਾਹਿਬ ਵੀ ਬੈਠੇ ਹਨ, ਮੈਂ ਉਨ੍ਹਾਂ ਦੇ ਧਿਆਨ ਵਿੱਚ ਵੀ ਦੋ-ਚਾਰ ਗੱਲਾਂ ਲਿਆਉਣੀਆਂ ਚਾਹੁੰਦਾ ਹਾਂ। ਇੱਕ ਤਾਂ ਅੱਜ ਸਾਡੇ ਪੰਜਾਬ ਦੀ ਕਿਸਾਨੀ ਡੁੱਬ ਰਹੀ ਹੈ। ਬਹੁਤ ਮਾੜੇ ਦੌਰ ਵਿਚੋਂ ਪੰਜਾਬ ਦੀ ਕਿਸਾਨੀ ਗੁਜ਼ਰ ਰਹੀ ਹੈ। ਅਸੀਂ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਦਾ ਧੰਨਵਾਦ ਕਰਦੇ ਹਾਂ ਕਿ ਜਿਸ ਦਿਨ ਤੋਂ ਸਰਕਾਰ ਹੋਂਦ ਵਿੱਚ ਆਈ ਹੈ, ਉਨ੍ਹਾਂ ਨੇ ਕਿਸਾਨਾਂ ਦੇ ਬਿਲ ਮੁਆਫ ਕੀਤੇ ਹਨ, ਅਜਿਹਾ ਕਰਕੇ ਹਜ਼ਾਰਾਂ ਕਰੋੜ ਰੁਪਏ ਦਾ ਬੋਝ ਸਾਡੀ ਸਰਕਾਰ ਚੁੱਕ ਰਹੀ ਹੈ ਪਰ ਇਨ੍ਹਾਂ ਨੇ ਨਾ ਤਾਂ ਕਣਕ ਦਾ ਅਤੇ ਨਾ ਹੀ ਝੋਨੇ ਦਾ ਉਤਪਾਦਨ ਘਟਣ ਦਿੱਤਾ ਹੈ। ਅਸੀਂ ਕੇਂਦਰੀ ਭੰਡਾਰਾਂ ਵਿੱਚ ਅਨਾਜ ਵੱਧ ਭੇਜਣ ਵਿੱਚ ਯੋਗਦਾਨ ਵੀ ਪਾਇਆ ਹੈ। ਇਨ੍ਹਾਂ ਸਾਰੇ ਹਾਲਾਤਾਂ ਵਿੱਚ ਸਾਡੇ ਸੂਬੇ

[ ਸਰਦਾਰ ਇਕਬਾਲ ਸਿੰਘ ਝੂੰਦਾਂ ]

ਦੇ ਪਾਣੀ ਦਾ ਲੈਵਲ ਵੀ ਥੱਲੇ ਜਾ ਰਿਹਾ ਹੈ। ਸਾਡੀ ਕਿਸਾਨੀ ਕਰਜ਼ੇ ਹੇਠ ਵੀ ਦੱਬ ਰਹੀ ਹੈ। ਇਨ੍ਹਾਂ ਹਾਲਾਤਾਂ ਵਿੱਚ ਕਿਸਾਨਾਂ ਨੂੰ ਜੋ ਦਰਪੇਸ਼ ਮੁਸ਼ਕਲਾਂ ਹਨ, ਮੈਂ ਮਾਨਯੋਗ ਖੇਤੀਬਾੜੀ ਮੰਤਰੀ ਸਾਹਿਬ ਨੂੰ ਵੀ ਬੇਨਤੀ ਕਰਦਾ ਹਾਂ ਕਿ ਉਹ ਥੋੜ੍ਹਾ ਜਿਹਾ ਮੇਰੀ ਗੱਲ ਵੱਲ ਧਿਆਨ ਦੇਣ। ਸਾਡੇ ਕਿਸਾਨਾਂ ਦੀ ਸਭ ਤੋਂ ਵੱਡੀ ਮੁਸ਼ਕਲ ਕੁਦਰਤੀ ਆਫ਼ਤਾਂ ਦਾ ਆਉਣਾ ਹੈ। ਕੁਦਰਤੀ ਆਫ਼ਤਾਂ ਚਾਹੇ ਗੜੇਮਾਰੀ ਹੈ, ਚਾਹੇ ਹੜ੍ਹ ਹਨ, ਚਾਹੇ ਅੱਗ ਹੈ । ਅੱਗ ਨਾਲ ਵੀ ਫਸਲਾਂ ਸੜ ਜਾਂਦੀਆਂ ਹਨ। ਕੁਦਰਤੀ ਆਫ਼ਤਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਕਿਸਾਨਾਂ ਨੂੰ ਮਿਲਣਾ ਚਾਹੀਦਾ ਹੈ । ਕਿਸਾਨ 50000-50000 ਰੁਪਏ ਦੇ ਠੇਕੇ ਤੇ ਜ਼ਮੀਨ ਲੈ ਕੇ ਫਸਲ ਉਗਾਉਂਦੇ ਹਨ ਪਰ ਉਸ ਤੋਂ ਬਾਅਦ ਅੱਗ ਲੱਗਣ ਕਾਰਨ ਫਸਲ ਮੱਚ ਜਾਂਦੀ ਹੈ ਜਾਂ ਗੜੇ ਪੈ ਜਾਂਦੇ ਹਨ । ਠੀਕ ਹੈ ਕਿ ਬਾਦਲ ਸਾਹਿਬ ਨੇ ਸਾਡੇ ਸੀਮਤ ਸਾਧਨਾਂ ਦੇ ਕਾਰਨ ਇਹ ਮੁਆਵਜ਼ਾ ਵਧਾਉਣ ਦਾ ਉਪਰਾਲਾ ਕੀਤਾ ਹੈ, ਪਰ ਇਹ ਮੁਆਵਜ਼ਾ ਬਹੁਤ ਥੋੜ੍ਹਾ ਹੈ । ਇਸ ਨੂੰ ਵਧਾਉਣ ਵਾਸਤੇ ਕਿਸੇ ਵੀ ਰੂਪ ਵਿੱਚ ਚਾਹੇ ਕੋਈ ਫੰਡਜ ਕ੍ਰੀਏਟ ਕੀਤੇ ਜਾਣ ਪਰ ਇਹ ਮੁਆਵਜ਼ਾ ਪੰਜਾਬ ਸਰਕਾਰ ਵੱਲੋਂ ਵਧਾਇਆ ਜਾਵੇ ਅਤੇ ਇਸ ਬਾਰੇ ਕੇਂਦਰ ਸਰਕਾਰ ਨੂੰ ਵੀ ਲਿਖ ਕੇ ਭੇਜਿਆ ਜਾਵੇ। ਇੱਕ ਤਾਂ ਮੇਰੀ ਇਹ ਗੁਜਾਰਿਸ਼ ਹੈ। ਦੂਜੀ ਮੇਰੀ ਬੇਨਤੀ ਇਹ ਹੈ ਕਿ ਜਿਹੜੀ ਸਾਡੀ ਡਾਈਵਰਸੀਫਿਕੇਸ਼ਨ ਹੈ, ਘੱਟੋ-ਘੱਟ ਝੋਨੇ ਦੀ ਸਿੱਧੀ ਬਿਜਾਈ ਲਈ ਹੋਰ ਕੋਈ ਖੋਜ ਕਰਨ ਵਾਸਤੇ ਪੀ.ਏ.ਯੂ. ਨੂੰ ਸਾਧਨ ਪੈਦਾ ਕਰਨ ਵਾਸਤੇ ਹੋਰ ਫੰਡਜ਼ ਦਿੱਤੇ ਜਾਣ, ਹੋਰ ਪੈਸੇ ਦਿੱਤੇ ਜਾਣ ਜਿਸ ਨਾਲ ਝੋਨੇ ਦੀ ਸਿੱਧੀ ਬਿਜਾਈ ਹੋਵੇ ਜਿਸ ਨਾਲ ਅਸੀਂ ਪਾਣੀ ਦਾ ਥੱਲੇ ਦਾ ਲੈਵਲ ਬਚਾ ਸਕੀਏ। ਬਾਦਲ ਸਾਹਿਬ ਨੇ ਕੇਂਦਰ ਸਰਕਾਰ ਤੋਂ ਸਾਡੇ ਸਤਿਕਾਰਯੋਗ ਫੂਡ ਪ੍ਰੋਸੈਸਿੰਗ ਮਨਿਸਟਰ ਸਾਹਿਬ ਦੀ ਯੋਗ ਅਗਵਾਈ ਸਦਕਾ ਬਹੁਤ ਵੱਡਾ ਉਪਰਾਲਾ ਕੀਤਾ ਹੈ ਕਿ 900 ਕਰੋੜ ਰੁਪਏ ਤੋਂ ਉਪਰ ਦਾ ਕੋਟਲਾ ਬ੍ਰਾਂਚ ਦਾ ਸਿੰਚਾਈ ਦਾ ਪ੍ਰੋਗਰਾਮ ਲਿਆਂਦਾ ਹੈ ਜਿਸ ਨਾਲ ਖਾਲ ਪੱਕੇ ਕਰਨ ਦਾ ਪ੍ਰੋਗਰਾਮ ਹੈ। ਇਸ ਪ੍ਰੋਗਰਾਮ ਨੂੰ ਬਾਕੀ ਨਹਿਰਾਂ ਤੇ ਵੀ ਲਿਆਂਦਾ ਜਾਵੇ ਤਾਂ ਹੀ ਅਸੀਂ ਆਪਣੇ ਧਰਤੀ ਦੇ ਹੇਠਲੇ ਪਾਣੀ ਦੇ ਲੈਵਲ ਨੂੰ ਬਚਾਉਣ ਵਿੱਚ ਕਾਮਯਾਬ ਹੋਵਾਂਗੇ। ਇੱਕ ਹੋਰ ਬਹੁਤ ਵੱਡੀ ਸਮੱਸਿਆ ਇਹ ਹੈ ਕਿ ਕਿਸਾਨ ਟਿਊਬਵੈੱਲ ਕੁਨੈਕਸ਼ਨਾਂ ਸਬੰਧੀ ਫੇਸ ਕਰ ਰਹੇ ਹਨ। ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਸਬੰਧੀ ਜੋ ਬਹੁਤ ਵੱਡੀ ਡਿਮਾਂਡ ਸੀ, ਇਸ ਸਬੰਧੀ ਸਾਡੀ ਸਰਕਾਰ ਦਾ ਜੋ ਫਰਜ਼ ਸੀ, ਉਹ ਅਸੀਂ ਨਿਭਾ ਦਿੱਤਾ ਪਰ ਪਿਛਲੀ ਯੂ.ਪੀ.ਏ. ਸਰਕਾਰ ਦੇ ਸਮੇਂ ਤੋਂ ਹੀ ਇਹ ਕੁਨੈਕਸ਼ਨ ਜਾਰੀ

ਕਰਨ ਤੇ ਰੋਕ ਲੱਗੀ ਹੋਈ ਸੀ। ਅਸੀਂ ਪ੍ਰੋਸੀਡ ਕਰ ਰਹੇ ਹਾਂ, ਸਾਡੀ ਸਰਕਾਰ ਬਹੁਤ ਕੋਸ਼ਿਸ਼ ਵੀ ਕਰ ਰਹੀ ਹੈ ਪਰ ਉਹ ਮਸਲਾ ਅਜੇ ਤੱਕ ਹੱਲ ਨਹੀਂ ਹੋਇਆ। ਇਸ ਦੇ ਕਾਰਨ ਕਿਸਾਨ ਬੜੇ ਪਰੇਸ਼ਾਨ ਹਨ। ਇਸ ਬਾਰੇ ਕਿਸੇ ਨਾ ਕਿਸੇ ਰੂਪ ਵਿੱਚ ਮਾਮਲਾ ਟੇਕਅੱਪ ਕਰਕੇ ਇਸ ਦਾ ਸਦੀਵੀ ਹੱਲ ਕੱਢਿਆ ਜਾਵੇ ਔਰ ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਜਾਰੀ ਕੀਤੇ ਜਾਣ।

*1.04 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮੈਂਬਰ, ਪੈਨਲ ਆਫ ਚੇਅਰਮੈਂਨ, ਸ਼੍ਰੀ ਮਨੋਰੰਜਨ ਕਾਲੀਆ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਚੇਅਰਮੈਨ ਸਾਹਿਬ, ਰਾਣਾ ਜੀ ਗੰਨਾ ਮਿੱਲਾਂ ਦੇ ਪੈਸਿਆਂ ਸਬੰਧੀ ਜ਼ਿਕਰ ਕਰ ਰਹੇ ਸਨ ਕਿ ਗੰਨਾ ਮਿੱਲਾਂ ਦੇ ਮਾਲਕਾਂ ਨੂੰ ਯੂ.ਪੀ.ਏ. ਸਰਕਾਰ ਨੇ ਹੀ ਪੈਸੇ ਦਿੱਤੇ ਹਨ ਅਤੇ ਹੋਰ ਕਿਸੇ ਸਰਕਾਰ ਨੇ ਨਹੀਂ ਦਿੱਤੇ। ਮੈਂ ਮਿੱਲ ਮਾਲਕਾਂ ਸਬੰਧੀ ਮਾਨਯੋਗ ਮੁੱਖ ਮੰਤਰੀ ਸਾਹਿਬ ਤੇ ਖੇਤੀਬਾੜੀ ਮੰਤਰੀ ਸਾਹਿਬ ਦੇ ਧਿਆਨ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਸਾਡੀਆਂ ਮਿੱਲਾਂ ਹਨ, ਚਾਹੇ ਕੋਆਪਰੇਟਿਵ ਹਨ, ਚਾਹੇ ਪ੍ਰਾਈਵੇਟ ਹਨ, ਇਹ ਸਾਰੇ ਕਿਸਾਨਾਂ ਨਾਲ ਗੰਨਾ ਬਾਊਂਡ ਕਰਨ ਦਾ ਐਗਰੀਮੈਂਟ ਕਰਦੀਆਂ ਹਨ। ਗੰਨਾ ਬਾਊਂਡ ਕਰਕੇ ਬਾਅਦ ਵਿੱਚ ਕੋਈ ਗੰਨਾ ਖਰੀਦਦੇ ਨਹੀਂ ਹਨ ਔਰ ਜੋ ਪਰੇਸ਼ਾਨੀ ਮਿੱਲ ਮਾਲਕਾਂ ਤੋਂ ਗੰਨਾ ਉਤਪਾਦਕ ਫੇਸ ਕਰ ਰਹੇ ਹਨ, ਮੈਨੂੰ ਨਹੀਂ ਪਤਾ ਇਨ੍ਹਾਂ ਦੀ ਮਿੱਲ ਦੀ ਕੀ ਪੁਜੀਸ਼ਨ ਹੈ ਪਰ ਮੈਂ ਧੂਰੀ ਦੀ ਗੱਲ ਕਰ ਰਿਹਾ ਹਾਂ, ਉਥੇ ਦਾ ਕਿਸਾਨ ਇੰਨੀ ਮਾੜੀ ਹਾਲਤ ਵਿੱਚੋਂ ਗੁਜ਼ਰ ਰਿਹਾ ਹੈ ਤੇ ਬਾਊਂਡ ਕੀਤਾ ਹੋਇਆ ਗੰਨਾ ਖੜ੍ਹਿਆ ਹੋਇਆ ਹੀ ਸੁੱਕਣ ਦੇ ਕਿਨਾਰੇ ਖੜ੍ਹਾ ਹੈ, ਉਸ ਨੂੰ ਕੋਈ ਖਰੀਦ ਨਹੀਂ ਰਿਹਾ । ਇਸ ਕਰਕੇ ਅਸੀਂ ਐਸੀ ਹਾਲਤ ਵਿਚੋਂ ਗੁਜ਼ਰ ਰਹੇ ਹਾਂ। ਮੇਰੀ ਬੇਨਤੀ ਹੈ ਕਿ ਜਿਹੜੀਆਂ ਮਿੱਲਾਂ ਗੰਨਾ ਬਾਊਂਡ ਕਰਦੀਆਂ ਹਨ, ਇਸ ਬਾਰੇ ਸਰਕਾਰ ਜ਼ੁੰਮੇਵਾਰੀ ਨਾਲ ਇਸ ਗੱਲ ਨੂੰ ਐਨਸ਼ਿਊਰ ਕਰੇ ਕਿ ਮਿੱਲ ਮਾਲਕਾਂ ਨੂੰ ਉਹ ਗੰਨਾ ਖਰੀਦਣਾ ਲਾਜ਼ਮੀ ਹੋਵੇ ਜਾਂ ਉਨ੍ਹਾਂ ਵਾਸਤੇ ਕੋਈ ਸ਼ਰਤਾਂ ਰੱਖੀਆਂ ਜਾਣ ਤਾਂ ਕਿ ਉਹ ਕਿਸਾਨਾਂ ਨਾਲ ਕੋਈ ਕੁਤਾਹੀ ਨਾ ਕਰ ਸਕਣ। ਮੈਂ ਕੁਝ ਗੱਲਾਂ ਖੇਤੀਬਾੜੀ ਬਾਰੇ ਕਰਨੀਆਂ ਚਾਹੁੰਦਾ ਹਾਂ।

**ਰਾਣਾ ਗੁਰਜੀਤ ਸਿੰਘ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ। ਮੈਂ ਥੋੜ੍ਹਾ ਜਿਹਾ ਮੈਂਬਰ ਸਾਹਿਬ ਨੂੰ ਕੁਰੈਕਟ ਕਰਨਾ ਚਾਹੁੰਦਾ ਹਾਂ। ਮੈਂ ਜਿਹੜੀ

[ ਰਾਣਾ ਗੁਰਜੀਤ ਸਿੰਘ ]

40/- ਰੁਪਏ ਕੁਇੰਟਲ ਦੀ ਗੱਲ ਕੀਤੀ ਹੈ, ਉਹ ਮਿੱਲ ਮਾਲਕ ਦੀ ਨਹੀਂ ਕੀਤੀ, ਉਹ ਕਿਸਾਨਾਂ ਨੂੰ ਯੂ.ਪੀ.ਏ. ਸਰਕਾਰ ਨੇ ਦਿੱਤੇ ਹਨ।

**ਸ਼੍ਰੀ ਸਭਾਪਤੀ :** ਮੈਂਬਰ ਸਾਹਿਬ, ਚੇਅਰ ਨੂੰ ਐਡਰੈਸ ਕਰੋ।

**ਰਾਣਾ ਗੁਰਜੀਤ ਸਿੰਘ :** ਚੇਅਰਮੈਨ ਸਾਹਿਬ, ਠੀਕ ਹੈ ਜੀ। ਸਰ, ਮੈਂ ਤੁਹਾਡੇ ਰਾਹੀਂ ਸਦਨ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ 40/- ਰੁਪਏ ਕੁਇੰਟਲ ਕਿਸੇ ਮਿੱਲ ਮਾਲਕ ਨੂੰ ਨਹੀਂ ਦਿੱਤੇ, ਉਹ ਕਿਸਾਨ ਨੂੰ ਦਿੱਤੇ ਹਨ। ਉਸੇ ਪੈਟਰਨ ਤੇ ਪੰਜਾਬ ਸਰਕਾਰ ਕਿਸਾਨਾਂ ਨੂੰ 40/- ਰੁਪਏ ਕੁਇੰਟਲ ਦੇਵੇ। ਇਹ ਮੇਰੀ ਬੇਨਤੀ ਹੈ। ਦੂਸਰੀ ਗੱਲ ਇਹ ਹੈ ਕਿ ਮੁਲਾਇਮ ਸਿੰਘ ਦੀ ਸਰਕਾਰ 40/- ਰੁਪਏ ਕੁਇੰਟਲ ਕਿਸਾਨਾਂ ਨੂੰ ਦੇ ਰਹੀ ਹੈ।

**ਸ਼੍ਰੀ ਸਭਾਪਤੀ :** ਮੈਂਬਰ ਸਾਹਿਬ, ਤੁਹਾਡੀ ਗੱਲ ਪਹਿਲਾਂ ਆ ਚੁੱਕੀ ਹੈ।

**ਰਾਣਾ ਗੁਰਜੀਤ ਸਿੰਘ :** ਚੇਅਰਮੈਨ ਸਾਹਿਬ, ਚਾਹੇ ਮਿੱਲ ਪ੍ਰਾਈਵੇਟ ਹੋਵੇ, ਚਾਹੇ ਕੋਆਪਰੇਟਿਵ ਮਿੱਲ ਹੋਵੇ, ਉਹ ਕਿਸਾਨ ਨੂੰ 40/-ਰੁਪਏ ਕੁਇੰਟਲ ਦੇਵੇ। ਦੂਸਰੀ ਗੱਲ ਬਾਂਡ ਦੀ ਕੀਤੀ ਹੈ। ਇਸ ਵਿਚ ਮੈਂ ਸਰਕਾਰ ਦੀ ਨਲਾਇਕੀ ਸਮਝਾਂਗਾ। ਜੇਕਰ ਸਰਕਾਰ ਇਹ ਨਹੀਂ ਕਰ ਸਕਦੀ ਤਾਂ who is responsible?

**ਸ਼੍ਰੀ ਸਭਾਪਤੀ :** ਮੈਂਬਰ ਸਾਹਿਬ, ਤੁਸੀਂ ਪੁਆਇੰਟ ਆਫ ਆਰਡਰ ਤੇ ਕੋਈ ਇਸ਼ੂ ਰੇਜ਼ ਕਰ ਸਕਦੇ ਹੋ ਕਿ ਇਹ ਗਲਤ ਹੈ ਜਾਂ ਠੀਕ ਹੈ ਪਰ ਤੁਸੀਂ ਤਾਂ ਸਪੀਚ ਕਰ ਰਹੇ ਹੋ।

**ਰਾਣਾ ਗੁਰਜੀਤ ਸਿੰਘ :** ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਸਰਕਾਰ ਐਕਸ਼ਨ ਲਵੇ ਚਾਹੇ ਮਿੱਲ ਪ੍ਰਾਈਵੇਟ ਹੋਵੇ ਜਾਂ ਕੋਆਪਰੇਟਿਵ ਹੋਵੇ। ਜੇਕਰ ਸਰਕਾਰ ਐਕਸ਼ਨ ਨਹੀਂ ਲੈਂਦੀ ਤਾਂ ਫਿਰ ਤਾਂ ਸਰਕਾਰ ਟਾਈਮ ਪਾਸ ਕਰ ਰਹੀ ਹੈ। (ਵਿਘਨ..ਸ਼ੋਰ)

**ਸ਼੍ਰੀ ਸਭਾਪਤੀ :** ਹਾਂ ਜੀ, ਝੂੰਦਾਂ ਜੀ । Silence please.

**ਸਰਦਾਰ ਇਕਬਾਲ ਸਿੰਘ ਝੂੰਦਾਂ :** ਚੇਅਰਮੈਨ ਸਾਹਿਬ, ਮੈਂ ਮੰਤਰੀ ਜੀ ਨੂੰ ਹੀ ਕਹਿ ਰਿਹਾ ਸੀ ਕਿ ਜਿਹੜੇ ਉਹ ਗੰਨੇ ਬਾਊਂਡ ਕਰਦੇ ਹਨ, ਉਸ ਨੂੰ ਐਨਸ਼ਿਉਰ ਕਰਨ ਕਿ ਅੱਗੇ ਤੋਂ ਮਿੱਲ ਮਾਲਕ ਕਿਸਾਨਾਂ ਨਾਲ ਧੋਖਾ ਨਾ ਕਰਨ। ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਬਿਜਲੀ ਦੇ ਖੇਤਰ ਵਿਚ ਵੀ ਬਹੁਤ

ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ ਕਿਉਂਕਿ ਬਿਜਲੀ ਤੋਂ ਬਿਨਾਂ ਕੋਈ ਵੀ ਸੂਬਾ ਤਰੱਕੀ ਨਹੀਂ ਕਰ ਸਕਦਾ।

**ਸ਼੍ਰੀ ਸਭਾਪਤੀ :** ਪਲੀਜ਼, ਵਾਈਂਡ ਅੱਪ ਕਰੋ ਜੀ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਚੇਅਰਮੈਨ ਸਾਹਿਬ, ਦੋ ਮਿੰਟ ਤਾਂ ਗੱਲ ਕਰ ਲੈਣ ਦਿਓ। ਸੋ, ਸਾਡੀ ਸਰਕਾਰ ਨੇ ਬਿਜਲੀ ਦਾ ਉਤਪਾਦਨ ਵਧਾਇਆ ਹੈ। 1360 ਮੈਗਾਵਾਟ ਬਿਜਲੀ 2014-15 ਵਿੱਚ ਵਧਾਈ ਹੈ ਅਤੇ 1320 ਮੈਗਾਵਾਟ ਇਸ ਸਾਲ ਵਧਾਉਣ ਜਾ ਰਹੇ ਹਾਂ। ਚਾਹੇ ਸਾਡੇ ਸਾਹਮਣੇ ਬੈਠੇ ਸਾਥੀ ਕੁਝ ਵੀ ਕਹੀ ਜਾਣ ਪਰ ਸਾਰਾ ਪੰਜਾਬ ਜਾਣਦਾ ਹੈ ਕਿ ਪੰਜਾਬ ਵਿਚ ਗਰਮੀਆਂ ਦੌਰਾਨ ਬਹੁਤ ਹੀ ਘੱਟ ਬਿਜਲੀ ਦੇ ਕੱਟ ਲੱਗੇ ਹਨ, ਇਹ ਸਾਡੀ ਬਹੁਤ ਵੱਡੀ ਪ੍ਰਾਪਤੀ ਹੈ। ਇਸ ਦੇ ਨਾਲ ਨਾਲ ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਸਮੱਸਿਆ ਬਿਜਲੀ ਨਾਲ ਸਬੰਧਿਤ ਪਿੰਡਾਂ ਦੇ ਲੋਕਾਂ ਨੂੰ ਪੇਸ਼ ਆ ਰਹੀ ਹੈ। ਜਿਹੜੇ ਸਾਡੇ ਪਿੰਡ ਮੇਨ ਰੋਡ ਤੇ ਹਨ, ਜਿਥੇ 100 ਫੁੱਟ ਦੀ ਸ਼ਰਤ ਲਾਗੂ ਹੁੰਦੀ ਹੈ, 100 ਫੁੱਟ ਤੱਕ ਕੰਸਟਰੱਕਸ਼ਨ ਨਹੀਂ ਕਰ ਸਕਦੇ, ਉਥੇ ਜੇਕਰ ਦੋ ਭਰਾ ਵੱਖ ਵੱਖ ਹੋ ਜਾਂਦੇ ਹਨ ਤਾਂ ਉਨਾਂ ਦੇ ਨਵਾਂ ਮੀਟਰ ਨਹੀਂ ਲਗਦਾ। ਸੋ, ਅਜਿਹੇ ਹਾਲਤਾਂ ਵਿਚੋਂ ਲੋਕ ਗੁਜ਼ਰ ਰਹੇ ਹਨ। ਇਸ ਲਈ ਬਿਜਲੀ ਬੋਰਡ ਜ਼ਰੂਰ ਕੋਈ ਪ੍ਰਬੰਧ ਕਰੇ ਤਾਂ ਕਿ ਲੋਕਾਂ ਨੂੰ ਕੁਨੈਕਸ਼ਨ ਜਾਰੀ ਕੀਤੇ ਜਾਣ। ਇਸ ਤੋਂ ਇਲਾਵਾ ਸਿੱਖਿਆ ਦੇ ਖੇਤਰ ਵਿਚ ਵੀ ਬਹੁਤ ਪਸਾਰ ਹੋਇਆ ਹੈ।

**ਸ਼੍ਰੀ ਸਭਾਪਤੀ :** ਪਲੀਜ਼, ਵਾਈਂਡ ਅੱਪ ਕਰੋ ਜੀ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਚੇਅਰਮੈਨ ਸਾਹਿਬ, ਮੈਂ ਦੋ-ਤਿੰਨ ਗੱਲਾਂ ਆਪਣੇ ਹਲਕੇ ਦੀਆਂ ਕਰਨੀਆਂ ਹਨ, ਫਿਰ ਸਮਾਪਤੀ ਕਰ ਦਿੰਦਾ ਹਾਂ। ਇੱਕ ਤਾਂ ਮੈਂ ਸਾਡੇ ਮੁੱਖ ਮੰਤਰੀ ਜੀ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਬਹੁਤ ਵੱਡੇ ਕਾਰਜ ਸਾਡੇ ਹਲਕੇ ਵਿਚ ਕੀਤੇ ਹਨ। 20 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਕਾਲਜ, ਅਮਰਗੜ੍ਹ ਵਿਖੇ ਬਣਾਇਆ ਹੈ। ਇਸ ਵਾਸਤੇ ਸਾਡਾ ਇਲਾਕਾ ਪਿਛਲੇ 60 ਸਾਲਾਂ ਤੋਂ ਮੰਗ ਕਰ ਰਿਹਾ ਸੀ। ਇਸ ਲਈ ਮੈਂ ਇਨ੍ਹਾਂ ਦਾ ਕੋਟ ਕੋਟ ਧੰਨਵਾਦ ਕਰਦਾ ਹਾਂ। ਅਹਿਮਦਗੜ੍ਹ ਵਿਖੇ ਵੀ 50 ਏਕੜ ਜ਼ਮੀਨ ਐਕਵਾਇਰ ਕਰਕੇ ਦਾਣਾ ਮੰਡੀ ਬਣਾਈ ਹੈ, ਇਸ ਲਈ ਵੀ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਪਰ ਸਾਡੇ ਦੋ ਮਸਲੇ ਹਨ। ਮੇਰਾ ਖਿਆਲ ਹੈ ਕਿ ਸਾਰੇ ਪੰਜਾਬ ਵਿਚ ਇਕੋ ਸ਼ਹਿਰ ਹੋਣਾ ਹੈ, ਜਿਸ ਦਾ ਪਾਣੀ ਟੋਭਿਆਂ ਵਿੱਚ

[ ਸਰਦਾਰ ਇਕਬਾਲ ਸਿੰਘ ਝੂੰਦਾਂ ]

ਨਿਕਲਦਾ ਹੈ। ਕੋਈ ਪੰਜਾਬ ਦਾ ਸ਼ਹਿਰ ਅਜਿਹਾ ਨਹੀਂ ਜਿਸ ਦਾ ਪਾਣੀ ਪਿੰਡਾਂ ਵਾਂਗੂ ਟੋਭਿਆ ਵਿਚੋਂ ਨਿਕਲਦਾ ਹੋਵੇ। ਜਦੋਂ ਵੀ ਬਾਰਸ਼ ਆਉਂਦੀ ਹੈ, ਸਾਰੀ ਦੁਨੀਆ ਸੁੱਖ ਮੰਗਦੀ ਹੈ ਕਿ ਮੀਂਹ ਪਵੇ ਪਰ ਸਾਡਾ ਤਾਂ ਟੋਭਿਆਂ ਵਿਚੋਂ ਪਾਣੀ ਵਾਪਸ ਸ਼ਹਿਰ ਵਿੱਚ ਆ ਜਾਂਦਾ ਹੈ, ਤਿੰਨ ਤਿੰਨ ਦਿਨ ਪਾਣੀ ਕਾਰਨ ਨਰਕ ਵਿੱਚ ਅਸੀਂ ਖੜ੍ਹੇ ਰਹਿੰਦੇ ਹਾਂ। ਇਹੋ ਜਿਹੇ ਹਾਲ ਵਿੱਚੋਂ ਅਸੀਂ ਗੁਜ਼ਰਦੇ ਹਾਂ। ਸਾਡਾ ਐਸ.ਟੀ.ਪੀ. ਲਵਾ ਕੇ ਉਹ ਪਾਣੀ ਸਾਡਾ ਡਰੇਨੇਜ਼ ਵਿੱਚ ਕਢਵਾ ਦਿਓ। 10/- ਕਰੋੜ ਰੁਪਏ ਦਾ ਪ੍ਰਾਜੈਕਟ ਹੈ, ਮੇਰੀ ਹੱਥ ਜੋੜ ਕੇ ਇਹ ਬੇਨਤੀ ਹੈ। ਇੱਕ ਪਰਾਬਲਮ ਅਹਿਮਦਗੜ੍ਹ ਸ਼ਹਿਰ ਦੀ ਇਹ ਹੈ ਕਿ ਉਥੇ ਤਿੰਨ ਫਾਟਕ ਪੈਂਦੇ ਹਨ, ਬੀਰ ਰੋਡ, ਜੰਗੇੜਾ ਰੋਡ ਅਤੇ ਜੰਘਾਲੀ ਰੋਡ। ਉਸ ਪਾਸੇ ਬਹੁਤ ਹੀ ਟਰੇਨਜ਼ ਵੱਧ ਗਈਆਂ ਹਨ ਪਰ ਕੋਈ ਅੰਡਰ ਬਰਿਜ ਵੀ ਨਹੀਂ ਹੈ। ਅਸੀਂ ਕਹਿੰਦੇ ਹਾਂ ਕਿ ਜੇ ਓਵਰ ਬਰਿੱਜ ਨਹੀਂ ਬਣ ਸਕਦਾ ਤਾਂ ਅੰਡਰ ਬਰਿਜ ਬਣਾ ਦਿਓ ਤਾਂ ਕਿ ਐਮਰਜੈਂਸੀ ਵੇਲੇ ਜੇਕਰ ਲੁਧਿਆਣਾ ਜਾਣਾ ਹੈ, ਮਲੇਰਕੋਟਲਾ, ਸੰਗਰੂਰ ਜਾਂ ਚੰਡੀਗੜ੍ਹ ਆਉਣਾ ਜਾਣਾ ਹੈ ਜਾਂ ਕਿਸੇ ਪਾਸੇ ਨਿਕਲਣਾ ਹੈ ਜਾਂ ਕਿਸੇ ਐਮਰਜੈਂਸੀ ਵੇਲੇ ਕਿਸੇ ਪਾਸੇ ਜਾਣਾ ਤਾਂ ਸਾਨੂੰ ਨਿਕਲਣ ਵਿੱਚ ਕੋਈ ਦਿੱਕਤ ਨਾ ਆਵੇ ਕਿਉਂਕਿ ਇਸ ਵੇਲੇ ਕੋਈ ਵੀ ਜਗ੍ਹਾ ਨਹੀਂ ਹੈ। ਸਾਡੀ ਤਾਂ ਇਹ ਮੰਗ ਹੈ। ਇੰਨਾ ਕਹਿੰਦਾ ਹੋਇਆ ਮੈਂ ਚੇਅਰਮੈਨ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਬਹੁਤ ਗੱਲਾਂ ਰਹਿ ਗਈਆਂ ਹਨ ਕਿਉਂਕਿ ਸਮਾਂ ਥੋੜ੍ਹਾ ਹੈ। ਫਿਰ ਵੀ ਬਹੁਤ ਬਹੁਤ ਧੰਨਵਾਦ। Thank you. ਮੈਂ ਮਤੇ ਦੀ ਪ੍ਰਸੰਸਾ ਕਰਦਾ ਹੋਇਆ ਅਤੇ ਪ੍ਰੋੜ੍ਹਤਾ ਕਰਦਾ ਹੋਇਆ ਕਹਿੰਦਾ ਹਾਂ ਕਿ ਸਾਰਾ ਸਦਨ ਇਸ ਨੂੰ ਸਹਿਮਤੀ ਨਾਲ ਪਾਸ ਕਰੇ ।

**ਸ਼੍ਰੀ ਸਭਾਪਤੀ :** ਸਰਦਾਰ ਜਗਮੋਹਨ ਸਿੰਘ ਕੰਗ। ਸਮਾਂ ਪੰਜ ਮਿੰਟ।

**ਸਰਦਾਰ ਜਗਮੋਹਨ ਸਿੰਘ ਕੰਗ (ਖਰੜ) :** ਪੰਜ ਮਿੰਟ ਨਾਲ ਕੀ ਬਣਨਾ ਹੈ ਜੀ। ਪੰਜ ਮਿੰਟ ਤਾਂ ਕੁਝ ਵੀ ਨਹੀਂ ਹਨ। 10 ਮਿੰਟ ਤਾਂ ਲਿਖਿਆ ਹੋਇਆ ਹੈ ਜੀ।

ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ ਪਰ ਜੇ ਮੈਂ ਕਹਾਂ ਕਿ ਰਾਜਪਾਲ ਜੀ ਦੇ ਭਾਸ਼ਣ ਵਿੱਚ ਸਰਕਾਰ ਦੀ ਤਾਰੀਫ ਦਾ ਪੁਲੰਦਾ ground

realities ਤੋਂ ਬੜੀ ਦੂਰ ਹੈ ਤਾਂ ਇਸ ਵਿੱਚ ਕੋਈ ਦੋ ਰਾਵਾਂ ਨਹੀਂ । ਜਦੋਂ ਅਸੀਂ ਵਿਰੋਧੀ ਧਿਰ ਇਧਰਲੇ ਪਾਸੇ ਬੈਠੇ ਕੋਈ ਭੈਣ ਭਰਾ ਗੱਲ ਕਰਦੇ ਹਾਂ ਤਾਂ ਸਾਡੇ ਸਾਹਮਣੇ ਰੂਲਿੰਗ ਪਾਰਟੀ ਦੇ ਸਤਿਕਾਰਯੋਗ ਭੈਣ ਭਰਾ ਸੋਚਦੇ ਹਨ ਕਿ ਇਨ੍ਹਾਂ ਦਾ ਤਾਂ ਇਹੀ ਕੰਮ ਹੈ, ਟਿੱਪਣੀ ਕਰਨਾ । ਇਹ ਆਪੋਜ਼ੀਸ਼ਨ ਵਿੱਚ ਬੈਠੇ ਹਨ ਪਰ ਮੈਂ ਕੋਟ ਕਰਨਾ ਚਾਹੁੰਦਾ ਹਾਂ ਪੰਜਾਬ ਦੀ ਅਜੀਤ ਅਖਬਾਰ ਵਿੱਚ, ਮੁੱਖ ਸੰਪਾਦਕ ਸਾਹਿਬ, ਸ਼੍ਰੀ ਬਰਜਿੰਦਰ ਸਿੰਘ ਜੀ ਦਾ ਚੌਦਾਂ ਤਾਰੀਖ ਨੂੰ ਐਡੀਟੋਰੀਅਲ ਆਇਆ, ਜੋ ਉਨ੍ਹਾਂ ਨੇ ਰਾਜਪਾਲ ਦੇ ਭਾਸ਼ਣ ਬਾਰੇ ਲਿਖਿਆ ਹੈ, ਕੁਝ ਲਾਈਨਾਂ ਮੈਂ ਪੜ੍ਹ ਕੇ ਸੁਣਾਉਣ ਦੀ ਕੋਸ਼ਿਸ਼ ਕਰਾਂਗਾ :

> "ਪੰਜਾਬ ਵਿਧਾਨ ਸਭਾ ਵਿੱਚ ਰਾਜਪਾਲ ਦਾ ਭਾਸ਼ਣ, ਨਵੀਆਂ ਬੋਤਲਾਂ ਵਿੱਚ ਪੁਰਾਣੀ ਸ਼ਰਾਬ"

ਇਹ ਅਜੀਤ ਅਖਬਾਰ ਲਿਖ ਰਿਹਾ ਹੈ ਜਿਸ ਦੀ ਸਭ ਤੋਂ ਵੱਧ ਪੰਜਾਬ ਵਿੱਚ ਡਿਸਟ੍ਰੀਬਿਊਸ਼ਨ ਹੈ ਅਤੇ ਮੈਂ ਧੰਨਵਾਦ ਕਰਦਾ ਹਾਂ, ਹਮਦਰਦ ਸਾਹਿਬ ਦਾ ਕਿ ਉਨ੍ਹਾਂ ਨੇ ਕਿਹਾ ਕਿ ਗਾਗਰ ਮੇਂ ਸਾਗਰ ਬੰਦ ਕੀਤਾ । ਹਰ ਮੁੱਦਾ ਉਨ੍ਹਾਂ ਨੇ ਟੱਚ ਕੀਤਾ ਜੋ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਆਇਆ, ਉਨ੍ਹਾਂ ਨੇ ਹਰ ਮੁੱਦਾ ਕੋਟ ਕੀਤਾ ਹੈ । ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਵਿੱਚ ਬੇਰੁਜ਼ਗਾਰੀ ਵਿੱਚ ਵੱਡਾ ਵਾਧਾ ਹੋਇਆ ਹੈ ਔਰ ਜਿਥੇ ਹਰ ਪੱਖੋਂ ਪੰਜਾਬ ਨੂੰ ਜ਼ਰੂਰਤ ਹੈ, ਇਸ ਵਿੱਚ ਇੱਕ ਖੜ੍ਹੋਤ ਜਿਹੀ ਆਈ ਜਾਪਦੀ ਹੈ। ਬੁਨਿਆਦੀ ਸਹੂਲਤਾਂ ਤੇ ਵਿਦਿਅਕ ਪੱਖੋਂ ਵੀ ਇਹ ਸੂਬਾ ਪਛੜਿਆ ਨਜ਼ਰ ਆ ਰਿਹਾ ਹੈ। ਇਹ ਅਜੀਤ ਅਖਬਾਰ ਲਿਖ ਰਿਹਾ ਹੈ। ਇਹ ਆਪੋਜ਼ੀਸ਼ਨ ਦੇ ਮੈਂਬਰ ਨਹੀਂ ਕਹਿ ਰਹੇ। ਬੜੇ ਅਫਸੋਸ ਦੀ ਗੱਲ ਹੈ, ਮੈਂ ਪਹਿਲਾਂ ਵੀ ਬੇਨਤੀ ਕਰਕੇ ਹਟਿਆ ਹਾਂ ਕਿ ਜੋ ਇਹ ਭਾਸ਼ਣ ਹੈ, ਇਸ ਬਾਰੇ ਕੱਲ੍ਹ ਸ਼੍ਰੀ ਬ੍ਰਹਮ ਮਹਿੰਦਰਾ ਜੀ ਨੇ ਠੀਕ ਹੀ ਕਿਹਾ ਹੈ ਕਿ ਸਰਕਾਰ ਲਿਖ ਕੇ ਭੇਜਦੀ ਹੈ ਤੇ ਗਵਰਨਰ ਸਾਹਿਬ ਪੜ੍ਹ ਦਿੰਦੇ ਹਨ। ਲੇਕਿਨ ਇਸ ਦੇ ਨਾਲ ਹੀ ਇਥੇ ਬੜੀ ਚਰਚਾ ਹੋਈ ਹੈ, ਐਨ.ਡੀ.ਏ ਸਰਕਾਰ ਦੀ, ਮੋਦੀ ਸਰਕਾਰ ਦੀ ਪਰ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਦਿੱਲੀ ਦੀਆਂ ਚੋਣਾਂ ਦੇ ਰਿਜ਼ਲਟ ਆ ਰਹੇ ਸੀ ਤੇ ਬਾਰ ਬਾਰ ਟੈਲੀਵੀਜ਼ਨ ਤੇ ਆ ਰਿਹਾ ਸੀ ਹੰਕਾਰ, ਹੰਕਾਰ, ਹੰਕਾਰ। ਮੋਦੀ ਸਾਹਿਬ ਕਹਿੰਦੇ ਸੀ ਕਿ "ਜੋ ਭਾਰਤ ਕਾ ਮੂਡ ਹੈ ਵੋ ਦਿੱਲੀ ਕਾ ਮੂਡ ਹੈ ।" ਦਿੱਲੀ ਦਾ ਮੂਡ ਦਿੱਖ ਗਿਆ। ਤਿੰਨ ਐਮ.ਐਲ. ਏ.

[ ਸਰਦਾਰ ਜਗਮੋਹਨ ਸਿੰਘ ਕੰਗ ]

ਬੀ.ਜੇ.ਪੀ. ਦੇ (ਵਿਘਨ) ... ਸਾਡੀ ਗੱਲ ਛੱਡੋ, ਤੁਹਾਡੀ ਚੜ੍ਹਾਈ ਸੀ, ਬੀ.ਜੇ.ਪੀ ਦੀ ਚੜ੍ਹਾਈ ਸੀ ਤੇ ਸਿਰਫ ਤਿੰਨ ਐਮ.ਐਲ.ਏ. ਹੀ ਆ ਸਕੇ । ਕਿਸੇ ਕਾਮੇਡੀਅਨ ਨੇ ਕੀ ਕਿਹਾ, ਕਿ ਮੌਜ ਲੱਗ ਗਈ ਬੀ.ਜੇ.ਪੀ ਨੂੰ, ਕਾਰ ਦੀ ਲੋੜ ਨਹੀਂ ਸਕੂਟਰ ਤੇ ਲਿਜਾ ਸਕਦੇ ਹਾਂ । (ਵਿਘਨ) ਮੇਰਾ ਕਹਿਣ ਦਾ ਮਤਲਬ ਲੋਕਾਂ ਨੇ ਚੰਦ ਮਹੀਨਿਆਂ ਵਿੱਚ ਮੋਦੀ ਸਰਕਾਰ ਨੂੰ ਨਕਾਰ ਦਿੱਤਾ ਅਤੇ ਤੁਸੀਂ ਤਾਰੀਫ ਕਰਨ ਇਥੇ ਗਏ ਹੋ । ਮੈਂ ਉਸ ਪਾਸੇ ਨਹੀਂ ਜਾਣਾ ਚਾਹੁੰਦਾ ਪਰ ਉਸ ਦਾ ਸਭ ਤੋਂ ਵੱਡਾ ਫਾਇਦਾ ਹੋਇਆ ਬਾਦਲ ਸਾਹਿਬ ਨੂੰ ਕਿ ਜੋ ਇੱਥੇ ਆਡੋ ਪਾਟੀ ਹੋਣ ਲੱਗੇ ਸੀ। ਇੱਥੇ ਬੀ.ਜੇ.ਪੀ.ਨਾਲ ਇਕੱਠੇ ਨਹੀਂ ਰਹਾਂਗੇ ਉਹ ਕੋਈ ਗੱਲ ਨਹੀਂ ਬਣਨੀ । ਫਿਰ ਇਨ੍ਹਾਂ ਦਾ ਰੌਲਾ-ਰੱਪਾ ਬੰਦ ਹੋ ਗਿਆ। ਉਥੇ ਦੀ ਹਾਰ ਦਾ ਸਿੱਧਾ ਬਾਦਲ ਸਾਹਿਬ, ਤੁਹਾਨੂੰ ਫਾਇਦਾ ਹੋਇਆ ਹੈ। ਸਾਰੇ ਟਿੱਕ ਗਏ, ਨਹੀਂ ਤਾਂ ਖਿੱਲਰ ਜਾਣੇ ਸੀ। ਮੈਂ ਇਸ ਦੇ ਬਾਰੇ ਲੰਬੀ ਗੱਲ ਨਹੀਂ ਕਰਨਾ ਚਾਹੁੰਦਾ। ਮੈਨੂੰ ਬੜਾ ਅਫਸੋਸ ਹੈ ਕਿ ਪੈਰ੍ਹਾ 4 ਵਿੱਚ ਗਵਰਨਰ ਸਾਹਿਬ ਨੇ ਮਿਉਂਸਿਪਲ ਚੋਣਾਂ ਲਈ ਵਧਾਈ ਦਿੱਤੀ ਹੈ। ਇਸ ਤੋਂ ਵੱਡਾ ਝੂਠ ਕੀ ਹੋ ਸਕਦਾ ਹੈ? ਵਾਰਡਬੰਦੀ ਤੋਂ ਲੈ ਕੇ ਪ੍ਰਧਾਨਗੀ ਤੱਕ ਟੈਰਰ ਬਣਿਆ ਰਿਹਾ। ਈ.ਟੀ.ਓ., ਪੰਜਾਬ ਪੁਲਿਸ ਦੇ ਅਫਸਰ, ਟਰਾਂਸਪੋਰਟ ਦੇ ਅਫਸਰ, ਸਾਰਿਆਂ ਨੂੰ ਦਬਕੇ ਧਮਕੀਆਂ ਮਿਲਦੀਆਂ ਰਹੀਆਂ, ਕਿਸੇ ਨੂੰ ਕਿਹਾ ਕਿ ਤੂੰ ਬੈਠ ਜਾਹ, ਕਿਸੇ ਨੂੰ ਕਿਹਾ ਕਿ ਤੂੰ ਖੜ੍ਹਾ ਹੋ ਜਾਹ। ਐਸਾ ਇਲੈਕਸ਼ਨ? ਮੈਂ ਗਵਰਨਰ ਸਾਹਿਬ ਤੋਂ ਇਸ ਗੱਲ ਲਈ ਬੜਾ ਹੈਰਾਨ ਹਾਂ ਕਿ ਜਦੋਂ ਕੋਈ ਬੰਦਾ ਗੱਲ ਕਰਦਾ ਹੈ ਤਾਂ ਸੋਚ ਕੇ ਗੱਲ ਕਰਦਾ ਹੈ, ਇਨਕੁਆਰੀ ਕਰਦਾ ਹੈ। ਜੋ ਧਾਂਦਲੀਆਂ ਇੱਥੇ ਹੋਈਆਂ ਹਨ, ਉਹ ਤੁਹਾਡੇ ਸਾਹਮਣੇ ਹਨ। ਇਸ ਦੇ ਬਾਵਜੂਦ ਵੀ ਮਿਉਂਸਿਪਲ ਕਮੇਟੀਆਂ ਵਿੱਚ ਕਾਂਗਰਸ ਦੇ ਉਮੀਦਵਾਰ ਪ੍ਰਧਾਨ ਬਣੇ ਹਨ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੈ। ਕੱਲ੍ਹ ਬ੍ਰਹਮ ਮਹਿੰਦਰਾ ਜੀ ਨੇ ਬੜੇ ਵਿਸਥਾਰ ਵਿੱਚ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਬਾਰੇ ਗੱਲ ਕੀਤੀ ਹੈ। ਮੈਂ ਇਸ ਬਾਰੇ ਲੰਬੀ ਗੱਲ ਨਹੀਂ ਕਰਨੀ ਚਾਹੁੰਦਾ। ਮੈਂ ਬਾਦਲ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੁਰਾਣੀਆਂ ਗੱਲਾਂ ਛੱਡ ਦਿਉ। 8 ਸਾਲ ਤੋਂ ਤੁਹਾਡੀ ਸਰਕਾਰ ਹੈ। ਤੁਸੀਂ ਦੱਸੋ ਕਿ 8 ਸਾਲ ਵਿੱਚ ਚੰਡੀਗੜ੍ਹ ਲੈਣ ਲਈ ਕੋਈ ਕੰਕਰੀਟ ਸਟੈਂਪ ਚੁੱਕਿਆ ਗਿਆ ਹੈ। ਕੋਈ ਸਟੈਂਪ ਨਹੀਂ ਲਿਆ ਗਿਆ।

ਗੱਲੀਂ ਬਾਤੀਂ ਮੈਂ ਬੜੀ, ਕਰਤੂਤੀਂ ਵੱਡੀ ਜਠਾਣੀ ।

ਪੈਰ੍ਹਾ 9 ਵਿੱਚ ਦਰਿਆਵਾਂ ਦੇ ਪਾਣੀਆਂ ਦੀ ਗੱਲ ਹੈ। ਮੇਰਾ ਸਵਾਲ ਫਿਰ ਉਹੀ ਹੈ। ਤੁਸੀਂ 8 ਸਾਲਾਂ ਵਿੱਚ ਕੀ ਕਾਰਵਾਈ ਕੀਤੀ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਾਟਰ ਟਰਮੀਨੇਸ਼ਨ ਐਕਟ ਲਿਆ ਕੇ ਚੁੱਪ ਕਰਵਾ ਦਿੱਤਾ। ਉਦੋਂ ਸਾਡੀ ਸਰਕਾਰ ਸੀ।

ਸੌ ਸੁਨਿਆਰ ਦੀ, ਇੱਕ ਲੁਹਾਰ ਦੀ।

**ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਮੈਂ ਇਨ੍ਹਾਂ ਦਾ ਸਤਿਕਾਰ ਕਰਦਾ ਹਾਂ। ਇੱਕ ਇਤਿਹਾਸ ਲਿਖਿਆ ਜਾਵੇਗਾ ਕਿ ਜਿਹੜਾ 2004 ਵਿੱਚ ਬਿਲ ਪਾਸ ਹੋਇਆ, ਜੋ ਉਸ ਵਿੱਚ ਪੰਜਾਬ ਨਾਲ ਪਾਪ ਹੋਇਆ ਅਤੇ ਇਸ ਹਾਊਸ ਨੇ ਕੀਤਾ, ਉਹ ਭੁਲਿਆ ਨਹੀਂ ਜਾਣਾ। ਜਿਹੜੀ ਧਾਰਾ 5 ਪਾਈ ਗਈ ਹੈ....(ਵਿਘਨ) (ਸ਼ੋਰ)

**ਸ਼੍ਰੀ ਸਭਾਪਤੀ :** ਜਥੇਦਾਰ ਜੀ, ਚੇਅਰ ਨੂੰ ਐਡਰੈਸ ਕਰੋ।

**ਖੇਤੀਬਾੜੀ ਮੰਤਰੀ :** ਮੈਂ ਉਦੋਂ ਵੀ ਕਿਹਾ ਸੀ। ਅਸੀਂ ਅਮੈਂਡਮੈਂਟ ਵੀ ਲਿਆਂਦੀ ਪਰ ਤੁਸੀਂ ਮੰਨੀ ਨਹੀਂ। (ਵਿਘਨ) (ਸ਼ੋਰ) ਧਾਰਾ 5 ਵਿੱਚ ਲਿਖਿਆ ਹੈ ਕਿ ਜਿੰਨਾ ਪਾਣੀ ਜਾਂਦਾ ਹੈ........(ਵਿਘਨ) (ਸ਼ੋਰ)

**ਸ਼੍ਰੀ ਸਭਾਪਤੀ :** ਜਥੇਦਾਰ ਜੀ, ਚੇਅਰ ਨੂੰ ਐਡਰੈਸ ਕਰੋ।

**ਖੇਤੀਬਾੜੀ ਮੰਤਰੀ :** ਜਸਟਿਸ ਨਿਰਮਲ ਸਿੰਘ ਜੀ ਨੇ ਵਧੀਆ ਗੱਲ ਕੀਤੀ ਹੈ ਕਿ ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਆਉ ਆਪਾਂ ਸਰਬਸੰਮਤੀ ਨਾਲ ਧਾਰਾ 5 ਕੱਢੀਏ। (ਵਿਘਨ) (ਸ਼ੋਰ)

**ਸ਼੍ਰੀ ਸਭਾਪਤੀ :** ਹਾਂ ਜੀ, ਕੰਗ ਸਾਹਿਬ।

**ਸਰਦਾਰ ਲਾਲ ਸਿੰਘ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ ।

**ਸ਼੍ਰੀ ਸਭਾਪਤੀ :** ਲਾਲ ਸਿੰਘ ਜੀ, ਤੁਹਾਡੇ ਹੀ ਮੈਂਬਰ ਬੋਲ ਰਹੇ ਹਨ, ਡਿਸਟਰਬ ਕਰਨਾ ਠੀਕ ਨਹੀਂ ਲੱਗਦਾ। (ਵਿਘਨ) (ਸ਼ੋਰ) ਕੀ ਤੁਸੀਂ ਕੰਗ ਸਾਹਿਬ ਦੇ ਖਿਲਾਫ ਪੁਆਇੰਟ ਆਫ ਆਰਡਰ ਮੰਗ ਰਹੇ ਹੋ?

**ਸਰਦਾਰ ਲਾਲ ਸਿੰਘ :** ਸਰਦਾਰ ਤੋਤਾ ਸਿੰਘ ਜੀ ਨੇ ਇੱਥੇ ਜੋ ਕਿਹਾ ਹੈ ਕਿ ਅਸੀਂ ਪ੍ਰੋਟੈਸਟ ਕੀਤਾ ਸੀ ਅਤੇ ਧਾਰਾ 5 ਨੂੰ ਸ਼ਾਮਲ ਕਰਨ ਬਾਰੇ ਰੌਲਾ ਪਾਇਆ ਸੀ ਪਰ ਮੈਂ ਇਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਉਦੋਂ ਹਾਊਸ ਵਿੱਚ

ਸ਼ਾਮਲ ਸੀ। ਬਾਦਲ ਸਾਹਿਬ ਨੇ ਅਤੇ ਸਾਰੀ ਪਾਰਟੀ ਨੇ ਉਸ ਮਤੇ ਨਾਲ ਸਰਬਸੰਮਤੀ ਨਾਲ ਸਹਿਮਤੀ ਪ੍ਰਗਟ ਕੀਤੀ ਸੀ ਅਤੇ ਮਤਾ ਪਾਸ ਹੋਇਆ। ਉਸ ਤੋਂ ਦੋ ਘੰਟੇ ਬਾਅਦ ਅਸੀਂ ਸਾਰੇ ਬਾਦਲ ਸਾਹਿਬ ਨਾਲ ਮਿਲ ਕੇ ਗਵਰਨਰ ਸਾਹਿਬ ਕੋਲ ਗਏ ਅਤੇ ਮੋਹਰ ਲਗਵਾਈ। ਉਦੋਂ ਨਾ ਤੋਤਾ ਸਿੰਘ ਜੀ ਨਜ਼ਰ ਆਏ ਅਤੇ ਨਾ ਹੀ ਧਾਰਾ 5 ਦੀ ਗੱਲ ਹੋਈ। ਇਹ ਤਾਂ ਬਾਅਦ ਦੀਆਂ ਗੱਲਾਂ ਹਨ। (ਵਿਘਨ) (ਸ਼ੋਰ) ਐਵੇਂ ਨਾ ਤੁਸੀਂ ਕੰਨਫਿਊਜ਼ਨ ਕ੍ਰੀਏਟ ਕਰੋ। ਇਸ ਤਰ੍ਹਾਂ ਦੀ ਕੋਈ ਗੱਲ ਉਸ ਵਕਤ ਨਹੀਂ ਹੋਈ। (ਸ਼ੋਰ) ਤੁਸੀਂ ਗਲਤ ਬਿਆਨੀ ਕਰ ਰਹੇ ਹੋ। (ਵਿਘਨ) (ਸ਼ੋਰ)

**ਸ਼੍ਰੀ ਸਭਾਪਤੀ :** ਆਪਸ ਵਿੱਚ ਬਹਿਸ ਨਾ ਕਰੋ। ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਲਾਲ ਸਿੰਘ :** ਧਾਰਾ 5 ਨੂੰ ਖਤਮ ਕਰਨ ਲਈ ਤੁਸੀਂ ਅੱਜ ਮਤਾ ਲਿਆਉ, ਅਸੀਂ ਤੁਹਾਡੇ ਨਾਲ ਹਾਂ। (ਵਿਘਨ) (ਸ਼ੋਰ) ਤੁਹਾਨੂੰ ਕੌਣ ਰੋਕਦਾ ਹੈ।

**ਸਰਦਾਰ ਜਗਮੋਹਨ ਸਿੰਘ ਕੰਗ :** ਚੇਅਰਮੈਨ ਸਾਹਿਬ, ਪੈਰ੍ਹਾ ਨੰ. 10-11 ਵਿੱਚ ਇੰਡਸਟਰੀ ਦੀ ਗੱਲ ਕੀਤੀ ਗਈ ਹੈ। ਇਸ ਵਿੱਚ ਲਿਖਿਆ ਗਿਆ ਹੈ ਇਹ ਬੜੀ ਅਨੋਖੀ ਗੱਲ ਹੈ ਕਿ ਸਰਕਾਰ ਦੀ ਬੇਵਸੀ ਹੈ ਕਿ ਸਾਰੇ ਹਿਮਾਚਲ ਨੂੰ ਕਨਸੈਸ਼ਨ ਚਲੇ ਗਏ, ਸਾਨੂੰ ਨਹੀਂ ਮਿਲੇ। ਜਦੋਂ ਪਹਿਲਾਂ ਵਾਜਪਾਈ ਸਰਕਾਰ ਨੇ ਇਹ ਕਨਸੈਸ਼ਨ ਦਿੱਤੇ ਸਨ, ਉਦੋਂ ਇਨ੍ਹਾਂ ਨੇ ਕੋਈ ਉਪਰਾਲੇ ਨਹੀਂ ਕੀਤੇ। ਬੱਸ ਹਾਹਾਕਾਰ ਮਚਾਈ ਹੈ। ਕੀ ਕਾਰਵਾਈ ਕੀਤੀ ? ਮੈਂ ਬਾਦਲ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੱਠ ਸਾਲ ਵਿੱਚ ਕੀ ਤੁਸੀਂ ਕੋਈ ਇੰਡਸਟਰੀ ਪੈਕੇਜ ਲੈ ਕੇ ਆਏ ? ਮੈਂ ਇੱਕ ਗੱਲ ਨਹੀਂ ਭੁੱਲ ਸਕਦਾ ਕਿ ਪਰਮ ਸਤਿਕਾਰਯੋਗ ਮੁੱਖ ਮੰਤਰੀ ਸਰਦਾਰ ਬਾਦਲ ਸਾਹਿਬ ਇੰਨਾ ਵੱਡਾ ਗੁਲਦਸਤਾ ਲੈ ਕੇ ਡਾਕਟਰ ਮਨਮੋਹਨ ਸਿੰਘ ਜੀ ਕੋਲ ਜਾਂਦੇ ਸਨ ਅਤੇ ਬਹੁਤ ਸਾਰੀਆਂ ਮੰਗਾਂ ਮੰਨਵਾ ਕੇ ਆਉਂਦੇ ਸਨ। ਇਨ੍ਹਾਂ ਨੂੰ ਕੰਮ ਲੈਣ ਦਾ ਤਰੀਕਾ ਹੈ, ਇਨ੍ਹਾਂ ਦਾ ਬੜਾ ਬੜੱਪਣ ਹੈ। ਹੁਣ ਕੀ ਹੋ ਗਿਆ ਕਿ ਦੋ ਸਾਲ ਵਿੱਚ ਕੋਈ ਕਨਸੈਸ਼ਨ ਨਹੀਂ ਲਿਆ ਸਕੇ । ਸਾਡੀ ਇੰਡਸਟਰੀ ਵਿਲਕਦੀ ਫਿਰ ਰਹੀ ਹੈ। ਮੰਡੀ ਗੋਬਿੰਦਗੜ੍ਹ ਦੀ ਸਾਰੀ ਇੰਡਸਟਰੀ ਬੰਦ ਹੋ ਗਈ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਹ ਇੰਡਸਟਰੀ ਤੇ ਵਾਈਟ-ਪੇਪਰ ਲੈ ਕੇ ਆਉਣ।

**ਸ਼੍ਰੀ ਸਭਾਪਤੀ :** ਕੰਗ ਜੀ, ਦੋ ਮਿੰਟ ਵਿਚ ਕਨਕਲੂਡ ਕਰੋ। ਤੁਹਾਡੇ ਅੱਠ ਮਿੰਟ ਹੋ ਗਏ ਹਨ।

(**ਇਕ ਅਵਾਜ਼ :** ਸਾਡੀ ਪਾਰਟੀ ਦਾ ਟਾਈਮ ਹੈ।)

**ਸ਼੍ਰੀ ਸਭਾਪਤੀ :** ਫਿਰ ਦੂਜਿਆਂ ਦਾ ਟਾਈਮ ਘਟੇਗਾ। ਦੋ ਮਿੰਟ ਵਿਚ ਕਨਕਲੂਡ ਕਰੋ।

**ਸਰਦਾਰ ਜਗਮੋਹਨ ਸਿੰਘ ਕੰਗ :** ਚੇਅਰਮੈਨ ਸਾਹਿਬ, ਪੈਰ੍ਹਾ 12 ਵਿਚ 1984 ਦੇ ਦੰਗਿਆਂ ਦੀ ਗੱਲ ਕੀਤੀ ਗਈ ਹੈ। '84 ਦੇ ਦੰਗੇ ਹੋਏ, ਦੁਨੀਆ ਵਿੱਚ ਜਿਸ ਕਿਸੇ ਕੋਲ ਵੀ ਦਿਲ ਹੈ, ਉਹ ਨਿਖੇਧੀ ਨਾ ਕਰੇ, ਮੈਂ ਇਹ ਮੰਨ ਹੀ ਨਹੀਂ ਸਕਦਾ। ਬੜਾ ਵੱਡਾ ਦੁਖਾਂਤ ਹੋਇਆ ਪਰ ਇਕ ਅੰਗਰੇਜ਼ੀ ਦੀ ਕਹਾਵਤ ਹੈ: Time is a great healer. ਘਰ ਵਿਚ ਕੋਈ ਮਰਗਤ ਹੋ ਜਾਵੇ, ਸਮਾਜ ਵਿੱਚ ਕੋਈ ਦੁਖਾਂਤ ਹੋ ਜਾਵੇ ਜਾਂ ਕੋਈ ਹੋਰ ਗੱਲ ਹੋ ਜਾਵੇ ਤਾਂ ਅਸੀਂ ਕਹਿੰਦੇ ਹਾਂ ਕਿ ਚਲੋ, ਭੁਲਾ ਦਿਉ, ਪ੍ਰਮਾਤਮਾ ਦਾ ਭਾਣਾ ਹੈ। ਮੇਰੇ ਅਕਾਲੀ-ਭਾਜਪਾ ਵੀਰ ਹਰੇਕ ਪੰਜ ਸਾਲ ਬਾਅਦ ਦੰਗਿਆਂ ਦੀਆਂ ਵੱਡੀਆਂ-ਵੱਡੀਆਂ ਫੋਟੋਆਂ ਲਗਾ ਕੇ ਇਲੈਕਸ਼ਨਾਂ ਵਿਚ ਵੋਟਾਂ ਲੈਣ ਵਾਸਤੇ ਜਾਂਦੇ ਹਨ। ਬੀ.ਜੇ.ਪੀ ਦੇ ਪ੍ਰਧਾਨ ਬੈਠੇ ਹਨ, ਉਹ ਕੱਲ੍ਹ ਕਹਿ ਰਹੇ ਸਨ ਕਿ ਸਾਨੂੰ ਪਾਲੇਟਿਕਸ ਵਾਸਤੇ ਪਾਲੇਟਿਕਸ ਨਹੀਂ ਕਰਨੀ ਚਾਹੀਦੀ। ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਦੰਗਿਆਂ ਵਾਸਤੇ ਹੋਰ ਕੀ ਕਰਦੇ ਹਨ। ਅਸੀਂ ਉਸ ਵਾਪਰੀ ਘਿਨਾਉਣੀ ਘਟਨਾ ਨੂੰ ਕੰਡੈਮ ਕਰਦੇ ਹਾਂ ਪਰ ਇਹ ਹਰ ਵਾਰ ਉਸ ਉਤੇ ਪਾਲੇਟਿਕਸ ਕਰਦੇ ਹਨ। ਹਰ ਵਾਰ ਇਹ ਲੋਕਾਂ ਦੀਆਂ ਭਾਵਨਾਵਾਂ ਭੜਕਾਉਂਦੇ ਹਨ। ਮੈਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਇਸ ਨੂੰ ਅੱਗੇ ਵਾਸਤੇ ਬੰਦ ਕੀਤਾ ਜਾਵੇ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਚੇਅਰਮੈਨ ਸਾਹਿਬ, ਜਦੋਂ ਤੱਕ ਨਿਆਂ ਦੀ ਪ੍ਰਾਪਤੀ ਨਹੀਂ ਹੁੰਦੀ, ਉਦੋਂ ਤੱਕ ਇਹ ਅਵਾਜ਼ ਉਠਦੀ ਰਹੇਗੀ, ਚਾਹੇ ਉਹ '84 ਦੇ ਦੰਗਿਆਂ ਦੀ ਹੋਵੇ ਜਾਂ ਅੱਤਵਾਦ ਵਿੱਚ ਮਾਰੇ ਗਏ ਲੋਕਾਂ ਦੀ ਹੋਵੇ।

**ਸਰਦਾਰ ਜਗਮੋਹਨ ਸਿੰਘ ਕੰਗ :** ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਗੁਜਰਾਤ ਵਿੱਚ ਨਿਆਂ ਹੋ ਗਿਆ ਹੈ? ਪ੍ਰਧਾਨ ਮੰਤਰੀ

ਜੀ ਪਹਿਲਾਂ ਉਥੇ ਸੀ.ਐਮ. ਰਹੇ ਹਨ। ਚੇਅਰਮੈਨ ਸਾਹਿਬ, ਇਥੇ ਹੁਣੇ ਜਿਹੇ ਹੀ ਗੱਲ ਕੀਤੀ ਗਈ ਹੈ ਕਿ ਜੇਤਲੀ ਸਾਹਿਬ ਨੇ ਬੜੇ ਪ੍ਰਾਜੈਕਟ ਮਨਜ਼ੂਰ ਕਰ ਦਿੱਤੇ ਹਨ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਉਨ੍ਹਾਂ ਪ੍ਰਾਜੈਕਟਾਂ ਦੀ ਲਿਸਟ ਲੈ ਕੇ ਆਉਣ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਪਤਾ ਲੱਗ ਸਕੇ।

**ਸ਼੍ਰੀ ਸਭਾਪਤੀ :** ਕਿਰਪਾ ਕਰਕੇ ਵਾਈਂਡਅੱਪ ਕਰੋ ਜੀ ।

**ਸਰਦਾਰ ਜਗਮੋਹਨ ਸਿੰਘ ਕੰਗ :** ਚੇਅਰਮੈਨ ਸਾਹਿਬ, ਅੱਗੇ ਪੈਰ੍ਹਾ 24 ਵਿਚ ਸ਼ਾਸਨ ਪ੍ਰਬੰਧ ਸੁਧਾਰਾਂ ਦੀ ਗੱਲ ਕੀਤੀ ਗਈ ਹੈ। ਲੋਹੜਾ ਹੀ ਆ ਗਿਆ ਹੈ। ਅੱਜ ਕਿਸੇ ਵੀ ਥਾਣੇ ਵਿਚ, ਕਿਸੇ ਦਫਤਰ ਵਿਚ ਜਾਂ ਕਿਸੇ ਵੀ ਤਹਿਸੀਲ ਵਿਚ ਪੈਸੇ ਦੇਣ ਤੋਂ ਬਿਨਾਂ ਕੰਮ ਨਹੀਂ ਹੁੰਦਾ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਇਹ ਮੇਰੀ ਸਮਝ ਤੋਂ ਬਾਹਰ ਹੈ ਕਿ ਕਾਹਦਾ ਸ਼ਾਸਨ ਪ੍ਰਬੰਧ ਸੁਧਾਰ ਹੈ ?

ਅੱਗੇ ਖੇਤੀਬਾੜੀ ਦੀ ਗੱਲ ਕੀਤੀ ਗਈ ਹੈ। ਬਾਦਲ ਸਾਹਿਬ ਵੀ ਕਿਸਾਨ ਹਨ ਅਤੇ ਮੈਂ ਵੀ ਕਿਸਾਨ ਦਾ ਬੇਟਾ ਹਾਂ । ਆਪਣੇ ਹੱਥ ਨਾਲ ਖੇਤੀ ਕੀਤੀ ਹੈ। ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਦਾ ਡਾਈਵਰਸੀਫਿਕੇਸ਼ਨ ਦਾ ਨਾਅਰਾ ਕੇਵਲ ਸਲੋਗਨ ਬਣ ਕੇ ਹੀ ਰਹਿ ਗਿਆ ਹੈ। ਕੀ ਕੀਤਾ ਹੈ, ਆਪਾਂ ਨੇ? ਕੀ ਅੱਜ ਆਇਲ ਸੀਡ, ਦਾਲਾਂ ਅਤੇ ਹੋਰ ਚੀਜ਼ਾਂ ਜਿਵੇਂ ਵੈਜੀਟੇਬਲਜ਼ ਅਤੇ ਹਾਰਟੀਕਲਚਰ ਵਿੱਚ ਕੋਈ ਪ੍ਰਬੰਧ ਕੀਤਾ ਗਿਆ ਹੈ, ਕੁਝ ਵੀ ਨਹੀਂ ਕੀਤਾ ਗਿਆ । ਕਿਸਾਨ ਨੂੰ ਮਾਰ ਪੈਂਦੀ ਹੈ।

**ਸ਼੍ਰੀ ਸਭਾਪਤੀ :** ਕਿਰਪਾ ਕਰਕੇ ਵਾਈਂਡਅੱਪ ਕਰੋ ਜੀ।

**ਸਰਦਾਰ ਜਗਮੋਹਨ ਸਿੰਘ ਕੰਗ :** ਚੇਅਰਮੈਨ ਸਾਹਿਬ, ਇਸ ਤੋਂ ਇਲਾਵਾ ਮੈਨੂੰ ਬਤੌਰ ਪਸ਼ੂ ਪਾਲਣ ਮੰਤਰੀ, ਖੇਤੀਬਾੜੀ ਯੂਨੀਵਰਸਿਟੀ ਵਿਚ ਜਾਣ ਦਾ ਬਹੁਤ ਮੌਕਾ ਮਿਲਦਾ ਰਿਹਾ ਹੈ। ਅੱਜ ਵੀ ਖੇਤੀਬਾੜੀ ਯੂਨੀਵਰਸਿਟੀ ਵਿਲਕ ਰਹੀ ਹੈ, ਰੋ ਰਹੀ ਹੈ ਕਿਉਂਕਿ ਉਸ ਨੂੰ ਕੋਈ ਗਰਾਂਟ ਨਹੀਂ ਮਿਲ ਰਹੀ। ਉਹ ਸਟਾਫ ਨੂੰ ਤਨਖਾਹ ਦੇਣ ਤੋਂ ਵਾਂਝੇ ਹੋ ਗਏ ਹਨ, ਉਹ ਪਰੇਸ਼ਾਨ ਹੋ ਗਏ ਹਨ।

ਗਵਰਨਰ ਜੀ ਦੇ ਭਾਸ਼ਣ ਵਿਚ ਐਨੀਮਲ ਹਸਬੈਂਡਰੀ ਦੀ ਗੱਲ ਕੀਤੀ

ਗਈ ਹੈ ਕਿ ਪੰਜਾਬ ਵਿੱਚ ਹਿੰਦੁਸਤਾਨ ਦਾ ਕੇਵਲ 2% ਲਾਈਵ ਸਟਾਕ ਹੈ ਜਦੋਂ ਕਿ ਪੰਜਾਬ 8% ਦੁੱਧ ਪ੍ਰੋਡਿਊਸ ਕਰ ਰਿਹਾ ਹੈ.....

**Mr. Chairman :** Thank you.

**ਸਰਦਾਰ ਜਗਮੋਹਨ ਸਿੰਘ ਕੰਗ :** ਥੋੜ੍ਹਾ ਟਾਈਮ ਹੀ ਲੈਣਾ ਹੈ। ਕੀ ਅਸੀਂ ਕਦੀ ਸੋਚਿਆ ਹੈ ਕਿ dairy farming is the best diversification. ਇਕ ਬੰਦਾ ਪੰਜ-ਸੱਤ ਡੰਗਰ ਰੱਖ ਕੇ ਆਪਣਾ ਕਮਾਈ ਸਾਧਨ ਬਣਾਵੇ। ਕਦੀ ਇਸ ਤਰ੍ਹਾਂ ਨਹੀਂ ਸੋਚਿਆ ਗਿਆ।

**Mr. Chairman :** Thank you. ਸ਼੍ਰੀਮਤੀ ਅਰੁਨਾ ਚੌਧਰੀ ਜੀ।

**ਸ਼੍ਰੀਮਤੀ ਅਰੁਨਾ ਚੌਧਰੀ :** ਮਾਨਯੋਗ ਚੇਅਰਮੈਨ ਸਾਹਿਬ,.....

**ਸਰਦਾਰ ਜਗਮੋਹਨ ਸਿੰਘ ਕੰਗ :** ਬੀਬੀ ਜੀ, ਇਕ ਮਿੰਟ। ਲਾਸਟ ਗੱਲ ਕਰਨੀ ਹੈ। ਨਸ਼ਿਆਂ ਦੇ ਖਿਲਾਫ ਬਹੁਤ ਗੱਲ ਕੀਤੀ ਗਈ ਹੈ ਪਰ ਜੇਕਰ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਫਿਰ ਕੀ ਕਰੋਗੇ। ਜਦੋਂ ਇਹ ਗੱਲ ਸਾਬਤ ਹੋ ਗਈ ਅਤੇ ਸਾਡੇ ਪਰਮ ਸਤਿਕਾਰਯੋਗ ਡਿਪਟੀ ਸੀ.ਐਮ.ਸਾਹਿਬ ਤੱਕ ਗੱਲ ਪਹੁੰਚ ਗਈ, ਤੁਸੀਂ ਹੁਣ ਬਚ ਨਹੀਂ ਸਕਦੇ, ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ ਕਿ ਨਸ਼ਿਆਂ ਦਾ ਵਪਾਰੀ ਕੌਣ ਹੈ? ਅਕਾਲੀ-ਭਾਜਪਾ ਦੇ ਆਕਾ ਬੈਠੇ ਹਨ, ਮੈਂ ਉਦਾਹਰਣ ਦਿੰਦਾ ਹਾਂ......(ਵਿਘਨ)

**ਸ਼੍ਰੀ ਸਭਾਪਤੀ :** ਹੁਣ ਬੈਠੋ। ਚਲੋ, ਮੈਡਮ ਅਰੁਨਾ ਚੌਧਰੀ ਜੀ, ਤੁਸੀਂ ਬੋਲੋ । (ਵਿਘਨ) ਚਲੋ, ਹੋ ਗਈ ਹੈ ਗੱਲ । 1.24 ਹੋ ਗਏ ਹਨ । (ਵਿਘਨ)

**ਸਰਦਾਰ ਲਾਲ ਸਿੰਘ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਮੈਂ ਤੁਹਾਡਾ ਧੰਨਵਾਦੀ ਹਾਂ । ਸਰਦਾਰ ਤੋਤਾ ਸਿੰਘ ਜੀ ਦਾ ਮੈਂ ਬਹੁਤ ਸਤਿਕਾਰ ਕਰਦਾ ਹਾਂ ।

**ਸ਼੍ਰੀ ਸਭਾਪਤੀ :** ਉਹ ਗੱਲ ਹੋ ਗਈ ਹੈ ।

**ਸਰਦਾਰ ਲਾਲ ਸਿੰਘ :** ਮੈਂ ਇੱਕ ਮਿੰਟ ਗੱਲ ਕਰਦਾ ਹਾਂ । ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ ਤੇ ਉਨ੍ਹਾਂ ਦੇ ਜਜ਼ਬਾਤਾਂ ਦੀ ਵੀ ਕਦਰ ਕਰਦਾ ਹਾਂ । ਇਹ ਕਮੀ ਜ਼ਰੂਰ ਰਹੀ ਹੈ । ਇਹ ਕਹਿੰਦੇ ਹਨ ਕਿ ਪੰਜਾਬ ਨਾਲ ਧੱਕਾ ਹੋਇਆ । ਸਾਨੂੰ ਕਦੀ ਮਾਫ ਨਹੀਂ ਕਰਨਗੇ । ਮੈਂ ਇਨ੍ਹਾਂ ਨਾਲ ਸਹਿਮਤ ਹਾਂ । ਮੈਂ

[ ਸਰਦਾਰ ਲਾਲ ਸਿੰਘ ]

ਰਿਕੁਐਸਟ ਕਰਦਾ ਹਾਂ, ਮੁੱਖ ਮੰਤਰੀ ਜੀ ਨੂੰ ਕਿ ਜੋ ਉਨ੍ਹਾਂ ਦੀਆਂ ਭਾਵਨਾਵਾਂ ਹਨ, ਅਸੀਂ ਉਸ ਦੇ ਨਾਲ ਹਾਂ । ਇਹ ਧਾਰਾ 5 ਵਿੱਚ ਅਮੈਂਡਮੈਂਟ ਦਾ ਮਤਾ ਲਿਆਉਣ, ਅਸੀਂ ਸਪੋਰਟ ਕਰਾਂਗੇ, ਡੱਟ ਕੇ ਪੰਜਾਬ ਦੇ ਹਿਤਾਂ ਵਾਸਤੇ ਸਪੋਰਟ ਕਰਾਂਗੇ । ਮੇਰੀ ਰਿਕੁਐਸਟ ਹੈ, ਸਰਦਾਰ ਤੋਤਾ ਸਿੰਘ ਜੀ, ਤੁਸੀਂ ਆਪਣੀ ਗੱਲ ਤੇ ਕਾਇਮ ਰਹੋ। ਅਸੀਂ ਤੁਹਾਡੇ ਨਾਲ ਹਾਂ ।

**ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) :** ਤੁਸੀਂ ਇਹ ਮਤਾ ਰਿਜੈਕਟ ਕਿਉਂ ਕੀਤਾ ? ਵਾਪਸ ਕਿਉਂ ਲਿਆ ?

**ਸ਼੍ਰੀ ਸਭਾਪਤੀ :** ਬੈਠੋ ਜੀ । ਸ਼੍ਰੀਮਤੀ ਅਰੁਨਾ ਚੌਧਰੀ ਜੀ । (ਵਿਘਨ) ਪਲੀਜ਼ ਬੈਠੋ ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ. ਸੀ.) :** ਚੇਅਰਮੈਨ ਸਾਹਿਬ, ਬਹੁਤ ਬਹੁਤ ਧੰਨਵਾਦ । ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ । ਵੈਲਫੇਅਰ ਆਫ ਸ਼ਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼ ਬਾਰੇ ਗਵਰਨਰ ਸਾਹਿਬ ਦੇ ਐਡਰੈਸ ਦੇ ਪੈਰ੍ਹਾ ਨੰ. 103 ਵਿੱਚ ਜ਼ਿਕਰ ਕੀਤਾ ਗਿਆ ਹੈ। ਇਸ ਵਿੱਚ ਲਿਖਿਆ ਗਿਆ ਹੈ ਕਿ ਬੈਕਵਰਡ ਕਲਾਸਿਜ਼, ਮਿਨਆਰਟੀ ਕਲਾਸਿਜ਼ ਦੇ ਇੰਟਰਸਟ ਨੂੰ ਵਾਚ ਕੀਤਾ ਜਾਂਦਾ ਹੈ ਔਰ ਬਜਟ ਐਲੋਕੇਸ਼ਨ ਜਿਹੜੀ ਹੈ, ਉਹ 938.06 ਕਰੋੜ ਰੁਪਏ ਦਿੱਤੀ ਗਈ ਜਿਸ ਵਿੱਚੋਂ 683.60 ਕਰੋੜ ਰੁਪਿਆ ਖਰਚ ਕੀਤਾ ਗਿਆ ਹੈ । ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਸਕੀਮਾਂ ਹਨ ਜਿਹੜੀਆਂ ਮਿਨਆਰਟੀ ਕਲਾਸਿਜ਼ ਵਾਸਤੇ ਬਣਾਈਆਂ ਗਈਆਂ । ਇਹ ਪਿਛਲੇ ਕਾਫੀ ਸਾਲਾਂ ਤੋਂ ਚਲੀਆਂ ਆ ਰਹੀਆਂ ਹਨ ਲੇਕਿਨ ਅਫਸੋਸ ਦੀ ਗੱਲ ਇਹ ਹੈ ਕਿ ਗਰਾਊਂਡ ਰਿਐਲਟੀ ਕੁਝ ਹੋਰ ਹੈ । ਜਿਵੇਂ ਕਿ ਹੁਣੇ ਹੀ ਬੜੀ ਡਿਟੇਲ ਵਿੱਚ ਐਸ.ਸੀਜ਼ ਬੱਚਿਆਂ ਨੂੰ ਸਕਾਲਰਸ਼ਿਪ ਦਾ ਮਸਲਾ ਚੱਲਿਆ, ਇਹ ਬਿਲਕੁਲ ਸੱਚਾਈ ਹੈ ਕਿ ਐਸ. ਸੀਜ਼ ਬੱਚਿਆਂ ਨੂੰ ਵਜ਼ੀਫੇ ਨਹੀਂ ਮਿਲੇ । ਅਸੀਂ ਇੱਥੇ ਬੈਠ ਕੇ ਜੋ ਮਰਜ਼ੀ ਗੱਲਾਂ ਕਰੀ ਜਾਈਏ, ਉਹ ਵੱਖਰੀ ਗੱਲ ਹੈ ਪਰ ਅਸੀਂ ਇਸ ਰਿਐਲਟੀ ਤੋਂ, ਇਸ ਸੱਚਾਈ ਤੋਂ ਭੱਜ ਨਹੀਂ ਸਕਦੇ ।

ਚੇਅਰਮੈਨ ਸਾਹਿਬ, ਇਸ ਤੋਂ ਬਾਅਦ ਮੈਂ ਸੋਸ਼ਲ ਸਿਕਿਓਰਟੀ ਆਫ ਵਿਮੈਨ ਐਂਡ ਚਾਈਲਡ ਬਾਰੇ ਕਹਿਣਾ ਚਾਹੁੰਦੀ ਹਾਂ । ਇਸ ਵਿੱਚ ਵੀ ਜਿੰਨੀਆਂ

ਸਕੀਮਾਂ ਹਨ, ਚਾਹੇ ਉਹ ਸ਼ਗਨ ਸਕੀਮ ਹੈ, ਚਾਹੇ ਉਹ ਬੁਢਾਪਾ ਪੈਨਸ਼ਨ ਹੈ, ਚਾਹੇ ਡਿਸਏਬਲ ਪਰਸਨਜ਼ ਦੀਆਂ ਪੈਨਸ਼ਨਾਂ ਹਨ, ਇਹ ਸਮੇਂ ਤੇ ਨਹੀਂ ਪਹੁੰਚਦੀਆਂ, ਅਸੀਂ ਇਸ ਗੱਲ ਨੂੰ ਜਾਣਦੇ ਹਾਂ । ਚਾਰ ਚਾਰ ਮਹੀਨਿਆਂ ਦੀਆਂ ਬੁਢਾਪਾ ਪੈਨਸ਼ਨਾਂ ਨਹੀਂ ਮਿਲਦੀਆਂ । ਜਦੋਂ ਵੀ ਕੋਈ ਇਲੈਕਸ਼ਨ ਅਨਾਊਂਸ ਹੁੰਦਾ ਹੈ ਤੇ ਫਟਾਫਟ, ਤੁਰੰਤ ਦੋ-ਦੋ ਮਹੀਨਿਆਂ ਦੀਆਂ ਪੈਨਸ਼ਨਾਂ ਜਾਰੀ ਕੀਤੀਆਂ ਜਾਂਦੀਆਂ ਹਨ । ਕਿਉਂ ? ਇਸ ਦਾ ਮਕਸਦ ਤੁਹਾਡੇ ਸਾਹਮਣੇ ਹੈ । ਇਹ ਕਿਉਂ ਕੀਤੀਆਂ ਜਾਂਦੀਆਂ ਹਨ ਕਿ ਉਨ੍ਹਾਂ ਦੀ ਗੁੱਡਵਿੱਲ ਲੈ ਲਈਏ ਕਿ ਅਸੀਂ ਤੁਹਾਡੀਆਂ ਪੈਨਸ਼ਨਾਂ ਦੇ ਦਿੱਤੀਆਂ ਹਨ । ਅੱਜ ਵੀ ਮੇਰੇ ਇਲਾਕੇ ਵਿੱਚ ਸ਼ਗਨ ਸਕੀਮ ਦੇ 26 ਕੇਸਿਜ਼ ਅਜੇ ਵੀ ਪੈਂਡਿੰਗ ਹਨ ਤੇ ਇਹ ਸਾਲ 2009 ਤੇ 2010 ਦੇ ਹਨ । ਬੜਾ ਦੁੱਖ ਲਗਦਾ ਹੈ, ਜਦੋਂ ਸਾਡੀਆਂ ਮਾਤਾਵਾਂ, ਭੈਣਾਂ ਜਿਹੜੀਆਂ ਆ ਕੇ ਪੁੱਛਦੀਆਂ ਹਨ ਕਿ ਕੀ ਸਾਡੇ ਪੈਸੇ ਆਏ ਹਨ ? ਤੇ ਬੜੇ ਦੁੱਖ ਨਾਲ ਤੇ ਭਾਰੀ ਹਿਰਦੇ ਨਾਲ ਉਨ੍ਹਾਂ ਨੂੰ ਜਵਾਬ ਦੇਣਾ ਪੈਂਦਾ ਹੈ ਕਿ ਅਸੀਂ ਚੰਡੀਗੜ੍ਹ ਭੇਜੇ ਹੋਏ ਹਨ ਪਰ ਉਹ ਹਾਲੇ ਤੱਕ ਰਿਲੀਜ਼ ਨਹੀਂ ਹੋਏ । ਇੱਥੋਂ ਤੱਕ ਉਨ੍ਹਾਂ ਦੀਆਂ ਬੈਂਕ ਦੀਆਂ ਕਾਪੀਆਂ ਵੀ ਫਟ ਗਈਆਂ ਹਨ ਤੇ ਉਹ ਵੀ ਸਹੀ ਤਰੀਕੇ ਨਾਲ ਪੜ੍ਹੀਆਂ ਨਹੀਂ ਜਾਂਦੀਆਂ । ਸੋ, ਇਹ ਤਾਂ ਹਾਲਾਤ ਹਨ ਤੇ ਇੱਥੇ ਜਿਹੜਾ ਇਹ ਰਿਪੋਰਟ ਕਾਰਡ ਹੁੰਦਾ ਹੈ, ਇਸ ਵਿੱਚ ਸਰਕਾਰ ਨੇ ਜੋ ਪਿਛਲੇ ਸਾਲ ਵਿੱਚ ਬਜਟ ਐਲੋਕੇਸ਼ਨ ਹੋਈ ਹੈ, ਉਸ ਦਾ ਇਨ੍ਹਾਂ ਨੇ ਕੀ ਕੰਮ ਕੀਤਾ ਹੈ । ਬੜਾ ਅਫਸੋਸ ਹੈ ਕਿ ਇਸ ਦੀ ਗਰਾਊਂਡ ਰਿਐਲਟੀ ਕੁਝ ਹੋਰ ਹੈ । ਪੜ੍ਹਨ ਵਿੱਚ ਫਿਗਰਾਂ ਬਹੁਤ ਚੰਗੀਆਂ ਲਗਦੀਆਂ ਹਨ ਕਿ ਅਸੀਂ ਹਰ ਵਰਗ ਦਾ ਬੜਾ ਧਿਆਨ ਰੱਖਦੇ ਹਾਂ ਪਰ ਇਹ ਗੱਲਾਂ ਸੱਚਾਈ ਤੋਂ ਬੜੀਆਂ ਪਰ੍ਹੇ ਹਨ, ਦੂਰ ਹਨ।

ਚੇਅਰਮੈਨ ਸਾਹਿਬ, ਹੁਣ ਮੈਂ ਪੈਰ੍ਹਾ ਨੰ. 147 ਦਾ ਜ਼ਿਕਰ ਕਰਦੀ ਹਾਂ । ਤੁਸੀਂ ਵੀ ਇਸ ਦਾ ਜ਼ਿਕਰ ਕਰ ਰਹੇ ਸੀ ਕਿ ਜਿਹੜੀ ਕਣਕ ਹੈ, ਇਹ ਡਾਇਰੈਕਟ ਹਰ ਬੈਨੀਫਿਸ਼ਰੀ ਨੂੰ ਦਿੱਤੀ ਜਾ ਰਹੀ ਹੈ ਤੇ ਇਸ ਦੇ ਵਿੱਚ ਵੀ ਲਿਖਿਆ ਗਿਆ ਹੈ ਕਿ 31 ਲੱਖ ਬੈਨੀਫਿਸ਼ਰੀਜ਼ ਨੂੰ ਨਵੀਂ ਆਟਾ ਦਾਲ ਸਕੀਮ ਦਿੱਤੀ ਜਾ ਰਹੀ ਹੈ ਲੇਕਿਨ ਮੈਂ ਫਿਰ ਇਹ ਕਹਿਣਾ ਚਾਹੁੰਦੀ ਹਾਂ ਕਿ ਇਹ ਵੀ ਸੱਚਾਈ ਤੋਂ ਬੜੀ ਪਰ੍ਹੇ ਹੈ । ਸ਼ਾਇਦ ਸਾਡਾ ਬਾਰਡਰ ਏਰੀਆ ਹੈ, ਰਿਜ਼ਰਵ ਹਲਕੇ ਹਨ, ਬੜੇ ਪਛੜੇ ਹੋਏ ਇਲਾਕੇ ਹਨ। ਉਥੇ ਦਸੰਬਰ, 2013 ਵਿੱਚ ਐਪਲੀਕੇਸ਼ਨਜ਼ ਇਨਵਾਈਟ ਕੀਤੀਆਂ ਗਈਆਂ ਸਨ ਕਿ ਨਵੇਂ ਬਲਿਊ ਰਾਸ਼ਨ ਕਾਰਡ, ਨੀਲੇ ਰਾਸ਼ਨ ਕਾਰਡ ਬਣਾਉਣੇ ਹਨ ਤਾਂ ਉਸ ਸਮੇਂ ਲੋਕਾਂ ਨੇ ਬੜੇ

[ ਸ਼੍ਰੀਮਤੀ ਅਰੁਨਾ ਚੌਧਰੀ ]

ਉਤਸ਼ਾਹ ਨਾਲ ਫੋਟੋਆਂ ਲਗਾ ਕੇ ਐਸ.ਡੀ.ਐਮ. ਦੇ ਦਫਤਰ ਦੇ ਬਾਹਰ ਲੰਬੀਆਂ ਲੰਬੀਆਂ ਲਾਈਨਾਂ ਨਾਲ ਉਹ ਫਾਈਲਾਂ ਜਮ੍ਹਾਂ ਕਰਵਾਈਆਂ। ਉਸ ਤੋਂ ਬਾਅਦ ਉਨ੍ਹਾਂ ਨੇ ਸਾਨੂੰ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਕਦੋਂ ਤੱਕ ਇਹ ਕਾਰਡ ਬਣ ਜਾਣਗੇ ਲੇਕਿਨ ਅਫਸੋਸ, ਦੀਨਾ ਨਗਰ ਮਿਊਂਸਿਪਲ ਏਰੀਏ ਵਿੱਚ ਜਿਥੇ 25,000 ਦੀ ਆਬਾਦੀ ਹੈ, ਸਿਰਫ 832 ਕੇਸ ਸਹੀ ਪਾਏ ਗਏ after the supervision of EO and supervisory staff ਲੇਕਿਨ ਹੋਇਆ ਕੀ ਕਿ 832 ਫਾਰਮ ਸਹੀ ਕਰਨ ਦੇ ਬਾਵਜੂਦ, ਹਾਲਾਂ ਕਿ ਬੜੀ ਘੱਟ ਫਿਗਰ ਹੈ, ਜ਼ਿਆਦਾ ਹੋਣੇ ਚਾਹੀਦੇ ਸੀ ਕਿਉਂਕਿ ਸਾਡਾ ਬਹੁਤ ਡਿਵੈਲਪਡ ਟਾਊਨ ਨਹੀਂ ਹੈ, ਇਹ 'ਬੀ' ਗਰੇਡ ਕਮੇਟੀ ਹੈ ਪਰ ਫਿਰ ਵੀ ਮੈਨੂੰ ਦੱਸਦੇ ਹੋਏ ਬੜਾ ਅਫਸੋਸ ਹੋ ਰਿਹਾ ਹੈ ਕਿ ਇੱਕ ਵੀ ਕਾਰਡ ਅੱਜ ਦੀ ਡੇਟ ਤੱਕ ਨਹੀਂ ਪਹੁੰਚਿਆ। ਮੇਰੇ ਦੀਨਾ ਨਗਰ ਵਿੱਚ ਦੋ ਬਲਾਕ ਪੈਂਦੇ ਹਨ। ਇਸੇ ਤਰ੍ਹਾਂ ਦੀਨਾ ਨਗਰ ਰੂਰਲ ਦੇ ਵਿੱਚ ਸਾਢੇ ਸਤਾਰਾਂ ਪ੍ਰਤੀਸ਼ਤ ਕਾਰਡ ਬਣੇ ਹਨ। 9216 ਕੇਸ ਸਹੀ ਪਾਏ ਗਏ ਸਨ ਲੇਕਿਨ ਐਡਮਨਿਸਟਰੇਸ਼ਨ ਨੇ 1658 ਕੇਸਾਂ ਦੇ ਕਾਰਡ ਬਣਾਏ ਹਨ ਜੋ ਸਿਰਫ ਸਾਢੇ ਸਤਾਰਾਂ ਪ੍ਰਤੀਸ਼ਤ ਬਣਦਾ ਹੈ। ਦੋਰਾਂਗਲਾ ਬਲਾਕ ਵੀ ਰੂਰਲ ਏਰੀਆ ਹੈ, 66 ਪਿੰਡਾਂ ਵਿਚੋਂ 3578 ਕੇਸ ਸਹੀ ਸਨ ਲੇਕਿਨ ਸਿਰਫ 1045 ਕੇਸ ਮਨਜ਼ੂਰ ਕੀਤੇ ਗਏ। ਪਿੰਡਾਂ ਦੇ ਪਿੰਡ ਛੱਡੇ ਗਏ। 44 ਪਿੰਡਾਂ ਵਿੱਚ ਇੱਕ ਵੀ ਨੀਲਾ ਕਾਰਡ ਨਹੀਂ ਬਣਿਆ ਜਿਥੇ ਕਿ ਵੱਧ ਤੋਂ ਵੱਧ ਗਰੀਬ ਲੋਕ ਰਹਿੰਦੇ ਹਨ। ਮੈਂ ਆਪਣੀ ਗੱਲ ਦੁਬਾਰਾ ਦੁਹਰਾ ਰਹੀ ਹਾਂ ਕਿ ਇੰਨਾ ਪਛੜਿਆ ਇਲਾਕਾ, ਰਿਜ਼ਰਵ ਹਲਕਾ ਹੋਣ ਕਰਕੇ ਉਥੇ ਤਾਂ ਮੈਕਸੀਮਮ ਕਾਰਡ ਬਣਨੇ ਚਾਹੀਦੇ ਹਨ ਲੇਕਿਨ ਅਫਸੋਸ ਹੈ ਕਿ ਅਜਿਹਾ ਨਹੀਂ ਹੈ ।

**ਸ਼੍ਰੀ ਸਭਾਪਤੀ :** ਵਾਈਂਡ ਅੱਪ ਕਰੋ।

**ਸ਼੍ਰੀਮਤੀ ਅਰੁਨਾ ਚੌਧਰੀ :** ਨਹੀਂ ਸਰ, ਦਸ ਮਿੰਟ ਦਿਓ।

**ਸ਼੍ਰੀ ਸਭਾਪਤੀ :** ਬੱਸ ਹੋ ਗਿਆ ਜੀ।

**ਸ਼੍ਰੀਮਤੀ ਅਰੁਨਾ ਚੌਧਰੀ :** ਨਹੀਂ ਜੀ, ਨਹੀਂ ਅਜੇ ਤਾਂ ਬਹੁਤ ਕੁਝ ਬੋਲਣ ਵਾਲਾ ਹੈ। ਜਦ ਕਿ ਸੈਂਟਰ ਦੀ ਸਰਕਾਰ ਨੇ ਫੂਡ ਸਿਕਿਓਰਟੀ ਐਕਟ ਦੇ ਅਧੀਨ ਪੈਸਾ ਦੇਣਾ ਹੈ, ਫਿਰ ਆਪਾਂ ਨੂੰ ਕਾਰਡ ਬਣਾਉਣ ਵਿੱਚ ਕੀ ਇਤਰਾਜ਼ ਹੈ। ਗਰੀਬ ਦਾ ਆਪਾਂ ਹੱਕ ਨਾ ਮਾਰੀਏ । ਜਿਸ ਦਾ ਹੱਕ ਬਣਦਾ ਹੈ, ਉਸ ਨੂੰ ਉਸ ਦਾ ਹੱਕ ਜ਼ਰੂਰ ਦਿੱਤਾ ਜਾਵੇ।

ਚੇਅਰਮੈਨ ਸਾਹਿਬ, ਪੈਰ੍ਹਾ ਨੰ: 94 ਵਿੱਚ ਦੱਸਿਆ ਗਿਆ ਹੈ ਕਿ ਸਰਕਾਰ ਵੱਲੋਂ 65 ਪ੍ਰਤੀਸ਼ਤ ਆਬਾਦੀ ਨੂੰ ਸੀਵਰੇਜ ਦੀ ਸੁਵਿਧਾ ਦਿੱਤੀ ਗਈ ਹੈ। ਮੈਨੂੰ ਲਗਦਾ ਹੈ ਕਿ 2017 ਤੱਕ 100 ਪ੍ਰਤੀਸ਼ਤ ਦਾ ਟਾਰਗੇਟ ਰੱਖਿਆ ਹੋਇਆ ਹੈ। ਮੈਨੂੰ ਲਗਦਾ ਹੈ ਕਿ ਇਸ ਵਿੱਚ 34 ਪ੍ਰਾਜੈਕਟ ਉਹ ਵੀ ਹਨ, ਜਿਨ੍ਹਾਂ ਵਿੱਚ ਨੀਂਹ ਪੱਥਰ ਡਿਪਟੀ ਸੀ.ਐਮ., ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਰੱਖੇ ਸੀ ਪਰ ਗਰਾਊਂਡ ਰਿਐਲਿਟੀ ਤਾਂ ਕੁਝ ਹੋਰ ਹੈ। ਉਹ ਸਿਰਫ ਪੱਥਰ ਹੀ ਰੱਖੇ ਹੋਏ ਹਨ, ਉਨ੍ਹਾਂ ਤੇ ਕੋਈ ਕੰਮ ਤਾਂ ਸ਼ੁਰੂ ਨਹੀਂ ਹੋਇਆ । ਮੈਂ ਦੀਨਾ ਨਗਰ ਕਮੇਟੀ ਦਾ ਇੱਕ ਹੋਰ ਮਸਲਾ ਦੱਸਣਾ ਚਾਹੁੰਦੀ ਹਾਂ। ਸੀ.ਐਮ. ਸਾਹਿਬ ਦੀ 27 ਜਨਵਰੀ, 2004 ਨੂੰ ਅਨਾਊਂਸਮੈਂਟ ਹੋਈ ਸੀ ਕਿ ਦੀਨਾ ਨਗਰ ਵਿੱਚ ਸੀਵਰੇਜ ਪਾਇਆ ਜਾਵੇਗਾ ਪਰ ਹੋਇਆ ਕੀ? ਪ੍ਰਾਈਵੇਟ ਲੈਂਡ ਐਕਵਾਇਰ ਕਰਕੇ ਉਥੇ ਡਿਸਪੋਜ਼ਲ ਵੀ ਬਣ ਗਿਆ ਲੇਕਿਨ ਉਸ ਦੇ ਬਾਅਦ ਸਾਲ 2007 ਵਿੱਚ ਜਦੋਂ ਨਵੀਂ ਸਰਕਾਰ ਆਈ ਤਾਂ ਉਹ ਪ੍ਰਾਜੈਕਟ ਹੀ ਖਤਮ ਕਰ ਦਿੱਤਾ ਗਿਆ, ਉਥੇ ਕੋਈ ਪਾਈਪ ਨਹੀਂ ਪਈ, ਕੋਈ ਕੰਮ ਨਹੀਂ ਹੋਇਆ। ਪਿਛਲੇ ਸੈਸ਼ਨ ਦੇ ਦੌਰਾਨ, ਛੇਵੇਂ ਸਮਾਗਮ ਵਿੱਚ ਮੇਰੇ ਸਵਾਲ ਨੰ: 1055 ਵਿੱਚ, ਇੱਕ ਬੜੀ ਦਿਲਚਸਪ ਗੱਲ ਹੈ, ਸੁਣਿਓ ਤੁਸੀਂ। ਮੈਂ 1055 ਨੰਬਰ ਸਵਾਲ ਸੀਵਰੇਜ ਦੇ ਬਾਰੇ ਕੀਤਾ ਸੀ ਤਾਂ ਮੰਤਰੀ ਜੀ ਨੇ ਜਵਾਬ ਦਿੱਤਾ ਕਿ ਸੀ.ਐਮ. ਸਾਹਿਬ ਦੀ ਮੇਰੇ ਕੋਲ ਕੋਈ ਕੁਮਿਟਮੈਂਟ ਨਹੀਂ ਹੈ ਜਦ ਕਿ ਮੇਰੇ ਕੋਲ ਚਿੱਠੀ ਹੈ ਜੀ। ਚੈੱਕ ਦਾ ਨੰਬਰ, 80 ਲੱਖ ਰੁਪਿਆ ਇਹ ਸਾਰਾ ਕੁਝ ਇਸ ਵਿੱਚ ਲਿਖਿਆ ਹੋਇਆ ਹੈ। ਸੀ.ਐਮ.ਸਾਹਿਬ ਦੀ ਅਨਾਊਂਸਮੈਂਟ 103 ਨੰਬਰ ਹੈ। 80 ਲੱਖ ਰੁਪਏ ਦੀ ਲਾਗਤ ਨਾਲ ਉਥੇ ਡਿਸਪੋਜ਼ਲ ਬਣ ਚੁੱਕੀ ਹੈ ਅਤੇ ਮੰਤਰੀ ਸਾਹਿਬ ਨੂੰ ਪਤਾ ਹੀ ਨਹੀਂ ਹੈ। ਪਤਾ ਨਹੀਂ ਇਨ੍ਹਾਂ ਦਾ ਡਿਪਾਰਟਮੈਂਟ ਇਨ੍ਹਾਂ ਨੂੰ ਸਹੀ ਇਨਫਰਮੇਸ਼ਨ ਨਹੀਂ ਦਿੰਦਾ, ਗੁੰਮਰਾਹ ਕਰਦਾ ਹੈ। ਉਨ੍ਹਾਂ ਦਾ ਕਾਗਜ਼ ਮੇਰੇ ਕੋਲ ਹੋ ਸਕਦਾ ਹੈ ਪਰ ਡਿਪਾਰਟਮੈਂਟ ਕੋਲ ਕੋਈ ਕਾਗਜ਼ ਕਿਉਂ ਨਹੀਂ ਹੈ ? ਸੋ, ਬੜੇ ਅਫਸੋਸ ਦੀ ਗੱਲ ਹੈ ਕਿ ਇਸ ਪਵਿੱਤਰ ਸਦਨ ਨੂੰ ਵੀ ਗੁੰਮਰਾਹ ਕੀਤਾ ਗਿਆ ਹੈ।(ਸ਼ੇਮ-ਸ਼ੇਮ ਦੀਆਂ ਆਵਾਜ਼ਾਂ)

ਚੇਅਰਮੈਨ ਸਾਹਿਬ, ਇਸ ਤੋਂ ਬਾਅਦ ਮੈਂ ਸੜਕਾਂ ਦੀ ਗੱਲ ਕਰਨੀ ਚਾਹੁੰਦੀ ਹਾਂ । ਇਹ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਪੈਰ੍ਹਾ ਨੰ: 125 ਅਤੇ 126 ਤੇ ਦਰਜ ਹੈ । ਕੱਲ੍ਹ ਵੀ ਬਾਦਲ ਸਾਹਿਬ ਕਹਿ ਰਹੇ ਸਨ ਕਿ 1500 ਕਰੋੜ ਰੁਪਏ ਦੀ ਲਾਗਤ ਦੇ ਨਾਲ ਸੜਕਾਂ ਦੀ ਰਿਪੇਅਰ ਕੀਤੀ ਗਈ ਹੈ ।

**ਸ਼੍ਰੀ ਸਭਾਪਤੀ :** ਪਲੀਜ਼, ਵਾਈਂਡ ਅੱਪ ਕਰੋ।

**ਸ਼੍ਰੀਮਤੀ ਅਰੁਨਾ ਚੌਧਰੀ :** ਬੱਸ ਜੀ, ਦੋ ਮਿੰਟ । ਬੜੀ ਚੰਗੀ ਗੱਲ ਹੈ ਪਰ ਮੈਂ ਇਸ ਪਵਿੱਤਰ ਸਦਨ ਵਿਚ ਦੱਸਣਾ ਚਾਹੁੰਦੀ ਹਾਂ ਕਿ ਸਾਲ 2000 ਤੋਂ ਲੈ ਕੇ ਸਾਲ 2005 ਤੱਕ ਇਸ ਲਾਟ, ਇਸ ਸਮੇਂ ਦੌਰਾਨ ਜਿਹੜੀਆਂ ਸੜਕਾਂ ਬਣੀਆਂ ਸਨ, ਉਸ ਪੀਰੀਅਡ ਦੇ ਦੌਰਾਨ ਦੀਆਂ ਸੜਕਾਂ ਨੂੰ ਰਿਪੇਅਰ ਕੀਤਾ ਗਿਆ ਹੈ। ਤੁਸੀਂ ਹਿਸਾਬ ਲਗਾਉ ਕਿ ਜਿਹੜੀ ਸੜਕ ਸਾਲ 2000 ਵਿੱਚ ਬਣੀ ਸੀ, ਉਸ ਦੀ ਅੱਜ ਰਿਪੇਅਰ ਹੋ ਰਹੀ ਹੈ । ਕਿੰਨੇ ਸਾਲਾਂ ਬਾਅਦ ? 14 ਸਾਲਾਂ ਬਾਅਦ। ਉਸ ਸੜਕ ਦਾ ਕੀ ਹਾਲ ਹੋਇਆ ਹੋਵੇਗਾ ? ਇਹ ਤੁਸੀਂ ਆਪ ਸਮਝ ਸਕਦੇ ਹੋ।

**Mr. Chairman :** Thank you. Please wind up. ਹਾਂ ਜੀ, ਸਰਦਾਰ ਕੁਲਜੀਤ ਸਿੰਘ ਨਾਗਰਾ ਜੀ।

**ਸ਼੍ਰੀਮਤੀ ਅਰੁਨਾ ਚੌਧਰੀ :** ਬੱਸ ਜੀ, ਦੋ ਮਿੰਟ ਜੀ। ਮੈਨੂੰ ਦੋ ਮਿੰਟ ਹੋਰ ਦੇ ਦਿਉ ।

**ਸ਼੍ਰੀ ਸਭਾਪਤੀ :** ਨਹੀਂ, ਤੁਹਾਡਾ ਟਾਈਮ ਹੋ ਗਿਆ ਹੈ, ਧੰਨਵਾਦ ਪੂਰੇ 10 ਮਿੰਟ ਹੋ ਗਏ ਹਨ। ਹਾਂ ਜੀ, ਨਾਗਰਾ ਜੀ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਸਦਨ ਵਿੱਚ ਹਾਜ਼ਰ ਨਹੀਂ ਸਨ ।)

ਸ਼ਾਇਦ ਚਲੇ ਗਏ ਹਨ, ਫਿਰ ਮੈਂ ਨੈਕਸਟ ਨਾਂ ਬੋਲਾਂਗਾ, ਭਾਰਤ ਭੂਸ਼ਣ ਆਸ਼ੂ ਜੀ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਚੇਅਰਮੈਨ ਸਾਹਿਬ, ਮੈਂ ਹਾਊਸ ਵਿਚ ਰਾਜਪਾਲ ਜੀ ਦੇ ਭਾਸ਼ਣ ਉਤੇ ਬੋਲਣਾ ਚਾਹੁੰਦੀ ਸੀ । ਮੈਂ ਸਾਰਾ ਫਰੋਲਿਆ ਹੈ..

**ਸ਼੍ਰੀ ਸਭਾਪਤੀ :** ਕੀ ਤੁਸੀਂ ਹੁਣ ਬੋਲਣਾ ਹੈ?

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਚੇਅਰਮੈਨ ਸਾਹਿਬ, ਨਹੀਂ, ਮੈਂ ਬੋਲ ਨਹੀਂ ਰਹੀ। ਮੈਂ ਪੁਆਇੰਟ ਆਫ ਆਰਡਰ ਤੇ ਬੋਲ ਰਹੀ ਹਾਂ। ਮੈਂ ਬੋਲਣਾ ਚਾਹੁੰਦੀ ਸੀ ਪਰ ਮੈਨੂੰ ਅਫਸੋਸ ਹੈ ਕਿ ਇਸ ਸਾਰੇ ਨੂੰ ਫਰੋਲ ਕੇ ਮੇਰਾ ਬੋਲਣ ਨੂੰ ਮਨ ਨਹੀਂ ਕੀਤਾ। ਇਸ ਦੇ ਰੀਜ਼ਨ ਕੀ ਸਨ ? ਚਾਹੁੰਦੀ ਕੀ ਹਾਂ ? ਮੇਰੀ ਬੇਨਤੀ

ਹੈ ਕਿ ਨਾ ਤਾਂ ਸਰਕਾਰ ਸੀਰੀਅਸ ਹੈ, ਨਾ ਚੀਫ ਮਨਿਸਟਰ, ਨਾ ਡਿਪਟੀ ਚੀਫ ਮਨਿਸਟਰ, ਨਾ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ..........

**ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) :** ਚੇਅਰਮੈਨ ਸਾਹਿਬ... (ਵਿਘਨ)

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਚੀਮਾ ਜੀ, ਮੈਨੂੰ ਆਪਣੀ ਗੱਲ ਕਰ ਲੈਣ ਦਿਉ । ਇਸ ਦਾ ਕਾਰਨ ਜਿਹੜਾ ਹੈ ਕਿ ਜਿਹੜੀ ਗੱਲ ਦੀ ਮੈਨੂੰ ਧੁਖਧੁਖੀ ਸੀ, ਉਹ ਧੁਖਧੁਖੀ ਸ਼ਾਇਦ ਉਧਰਲੇ ਪਾਸੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਵੀ ਹੋਵੇ । ਇਹ ਭਾਸ਼ਣ ਸਾਰਾ ਗਵਰਨਰ ਸਾਹਿਬ ਵੱਲੋਂ ਹੈ, 'ਮੇਰੀ ਸਰਕਾਰ' ਕਹਿ ਕੇ ਉਨ੍ਹਾਂ ਨੇ ਦਿੱਤਾ ਹੈ। ਮੈਨੂੰ ਨਹੀਂ ਲੱਗਦਾ ਤੇ ਤਾਂ ਹੀ ਮੈਂ ਬੋਲੀ ਨਹੀਂ ਹਾਂ ਕਿ ਇਸ ਵਿੱਚ ਸਾਰਾ ਕੁਝ ਸੱਚ ਨਹੀਂ, ਝੂਠ ਹੀ ਹੈ। ਜਿਵੇਂ ਗਵਰਨਰ ਸਾਹਿਬ ਨੇ 8ਵੇਂ ਤੇ 9ਵੇਂ ਪੈਰ੍ਹੇ ਵਿੱਚ ਕਿਹਾ ਹੈ ਕਿ ਪੰਜਾਬ ਦਾ ਦਰਿਆਈ ਪਾਣੀਆਂ ਦਾ ਹੱਕ ਮਾਰਿਆ ਗਿਆ ਹੈ, ਇਹ ਪੰਜਾਬ ਦਾ ਹੱਕ ਹੈ। ਸੇਮ ਗਵਰਨਰ ਸਾਹਿਬ, ਏਸੇ ਹੀ ਬਿਲਡਿੰਗ ਵਿੱਚ, ਨਾਲ ਲੱਗਦੇ ਹਰਿਆਣਾ ਵਿਧਾਨ ਵਿੱਚ ਜਾ ਕੇ ਉਹ ਇਸ ਦੇ ਉਲਟ ਬਿਆਨ ਦੇ ਰਹੇ ਹਨ, ਉਨ੍ਹਾਂ ਦਾ ਹੀ ਆਪਣਾ ਕੰਟਰਾਡਿਕਟਰੀ ਬਿਆਨ ਹੈ, ਉਨ੍ਹਾਂ ਦਾ ਹੀ ਡਬਲ ਸਟੈਂਡਰਡ ਹੈ । ਫਿਰ ਅਸੀਂ ਇਸ ਨੂੰ ਕਿਵੇਂ ਸੱਚ ਮੰਨੀਏ ? ਇਸ ਕਰਕੇ ਮੈਂ ਇਸ ਦੀ ਵਿਰੋਧਤਾ ਕਰਦੀ ਹਾਂ ਤੇ ਬੋਲਣਾ ਨਹੀਂ ਚਾਹੁੰਦੀ ਤੇ ਮੈਂ ਪ੍ਰੋਟੈਸਟ ਜਿਤਾਉਂਦੀ ਹਾਂ। ਸੀ.ਐਮ.ਸਾਹਿਬ ਜ਼ਰੂਰ ਇਸ ਉਤੇ ਜਵਾਬ ਦੇਣ ਕਿ ਇਥੇ ਗਵਰਨਰ ਸਾਹਿਬ ਨੇ ਜੋ ਕਿਹਾ ਹੈ, ਉਹ ਸਹੀ ਹੈ ਜਾਂ ਫਿਰ ਹਰਿਆਣੇ ਵਿੱਚ ਜੋ ਗਵਰਨਰ ਸਾਹਿਬ ਨੇ ਕਿਹਾ ਹੈ, ਉਹ ਸਹੀ ਹੈ। Thank you.

**ਸ਼੍ਰੀ ਸਭਾਪਤੀ :** ਹਾਂ ਜੀ, ਭਾਰਤ ਭੂਸ਼ਣ ਆਸ਼ੂ ਜੀ।

(ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀ ਭਾਰਤ ਭੂਸ਼ਣ ਆਸ਼ੂ ਸਦਨ ਵਿੱਚ ਹਾਜ਼ਰ ਨਹੀਂ ਸਨ ।)

Absent. Ok. ਹਾਂ ਜੀ, ਪਵਨ ਕੁਮਾਰ ਟੀਨੂੰ ਜੀ।

**ਰਾਣਾ ਗੁਰਜੀਤ ਸਿੰਘ :** ** ** (ਵਿਘਨ) (ਸ਼ੋਰ)

**ਸ਼੍ਰੀ ਸਭਾਪਤੀ :** ਬੈਠੋ, ਬੈਠੋ, ਮੈਂਬਰ ਸਾਹਿਬਾਨ ਜਾ ਸਕਦੇ ਹਨ । ਮੰਤਰੀ ਸਾਹਿਬ ਨੂੰ ਕੰਮ ਹੋ ਸਕਦਾ ਹੈ, ਐਸਾ ਨਹੀਂ ਹੈ।

---

**Not recorded as ordered by the Chair.

**ਰਾਣਾ ਗੁਰਜੀਤ ਸਿੰਘ :** ** ** (ਵਿਘਨ)

**ਸ਼੍ਰੀ ਸਭਾਪਤੀ :** ਤੁਸੀਂ ਬੈਠੋ । ਰਾਣਾ ਜੀ, ਬੈਠੋ ਜੀ।

**ਰਾਣਾ ਗੁਰਜੀਤ ਸਿੰਘ :** ** **

**ਸ਼੍ਰੀ ਸਭਾਪਤੀ :** ਤੁਸੀਂ ਬੈਠੋ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਤੁਸੀਂ ਬੋਲਣ ਵਾਲਿਆਂ ਦੀ ਲਿਸਟ ਤਾਂ ਅਨਾਊਂਸ ਕਰ ਦਿਉ ਜੀ। (ਵਿਘਨ)

**ਸ਼੍ਰੀ ਸਭਾਪਤੀ :** ਹਾਂ ਜੀ, ਟੀਨੂੰ ਜੀ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ (ਸ਼੍ਰੀ ਪਵਨ ਕੁਮਾਰ ਟੀਨੂੰ) :** ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਜਿਹੜਾ ਮਤਾ ਗਵਰਨਰ ਸਾਹਿਬ ਦੇ ਐਡਰੈਸ ਉਤੇ ਬੀਬੀ ਜਗੀਰ ਕੌਰ ਜੀ ਵੱਲੋਂ ਪੇਸ਼ ਕੀਤਾ ਗਿਆ ਹੈ, ਮੈਂ ਉਸ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਮਾਨਯੋਗ ਚੇਅਰਮੈਨ ਸਾਹਿਬ, ਵੈਸੇ ਤਾਂ ਚਲੋ ਆਪੋਜ਼ੀਸ਼ਨ ਦਾ ਡੈਮੋਕਰੇਸੀ ਵਿੱਚ ਬਹੁਤ ਵੱਡਾ ਰੁਤਬਾ ਹੁੰਦਾ ਹੈ ਔਰ ਕਿੰਤੂ-ਪਰੰਤੂ ਕਰਨਾ, ਵਿਰੋਧ ਕਰਨਾ, ਕੰਸਟ੍ਰਕਟਿਵ ਵਿਰੋਧ ਕਰਨਾ ਉਹ ਇਨ੍ਹਾਂ ਦਾ ਫਰਜ਼ ਹੁੰਦਾ ਹੈ, ਇਨ੍ਹਾਂ ਦੀ ਡਿਊਟੀ ਬਣਦੀ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿਉਂਕਿ ਵਾਰ ਵਾਰ ਕਾਰਪੋਰੇਸ਼ਨ ਦੀਆਂ ਇਲੈਕਸ਼ਨਾਂ ਦੀ ਗੱਲ ਹੋ ਰਹੀ ਹੈ, ਜਿਸ ਦਾ ਜ਼ਿਕਰ ਮਾਨਯੋਗ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਕੀਤਾ ਹੈ।

ਚੇਅਰਮੈਨ ਸਾਹਿਬ, ਮੈਂ ਸਾਲ 1993 ਵਿੱਚ ਪਹਿਲੀ ਵਾਰ ਆਪਣੇ ਪਿੰਡ ਦਾ ਸਰਪੰਚ ਬਣਿਆ ਸੀ। ਕਹਿਣ ਦਾ ਭਾਵ ਮੈਨੂੰ ਇਲੈਕਸ਼ਨ ਅਤੇ ਰਾਜਨੀਤੀ ਦੇਖਦੇ ਹੋਏ 20 ਸਾਲ ਦਾ ਸਮਾਂ ਹੋ ਗਿਆ। ਲੋਕਲ ਬਾਡੀਜ਼ ਦੇ ਇਹ ਇਲੈਕਸ਼ਨ ਵੀ ਇਲੈਕਟ੍ਰੋਨਿਕ ਵੋਟਿੰਗ ਮਸ਼ੀਨ (ਈ.ਵੀ.ਐਮ.) ਤੇ ਹੋਏ ਹਨ। ਸਾਰਾ ਪੰਜਾਬ ਜਾਣਦਾ ਹੈ ਅਤੇ ਮੀਡੀਏ ਨੂੰ ਵੀ ਪਤਾ ਹੈ ਅਤੇ ਪੰਜਾਬ ਤੋਂ ਬਾਹਰ ਦੇ ਲੋਕਾਂ ਨੂੰ ਵੀ ਪਤਾ ਹੈ ਕਿ ਇਹ ਇਲੈਕਸ਼ਨ ਬੜੇ ਫਰੀ, ਫੇਅਰ ਅਤੇ ਪੀਸਫੁਲ ਹੋਏ ਹਨ। ਸਾਡੀ ਆਪੋਜ਼ੀਸ਼ਨ ਪਾਰਟੀ ਵੇਲੇ ਇਲੈਕਸ਼ਨ ਪਰਚੀਆਂ ਤੇ ਹੁੰਦੇ ਸਨ। ਧੱਕੇਸ਼ਾਹੀ ਹੁੰਦੀ ਸੀ, ਆਪੋਜ਼ੀਸ਼ਨ ਦੇ ਪਰਚੀਆਂ ਦੇ ਬੰਡਲ ਚੁੱਕ ਕੇ ਆਪਣੇ ਪਾਸੇ

**Expunged as ordered by the Chair.

ਪਾ ਲਏ ਜਾਂਦੇ ਸਨ ਕਿ ਸਾਡਾ ਬੰਦਾ ਜਿੱਤ ਗਿਆ, ਪੁਲਿਸ ਵਿਰੋਧੀ ਉਮੀਦਵਾਰਾਂ ਨੂੰ ਚੁੱਕ ਕੇ ਲੈ ਜਾਂਦੀ ਸੀ, ਉਨ੍ਹਾਂ ਨੂੰ ਕੰਪੇਨ ਨਹੀਂ ਕਰਨ ਦਿੱਤੀ ਜਾਂਦੀ ਸੀ ਪਰੰਤੂ ਹੁਣ ਕਮੇਟੀ ਇਲੈਕਸ਼ਨਾਂ ਵਿੱਚ ਆਮ ਲੋਕਾਂ ਅਤੇ ਸਮਾਜ ਦੇ ਹਰ ਵਰਗ ਵਿਚੋਂ ਪੜ੍ਹੇ ਲਿਖੇ ਲੋਕਾਂ ਨੇ, ਜਰਨਲਿਸਟਾਂ ਨੇ, ਰਿਟਾਇਰਡ ਅਫ਼ਸਰਾਂ ਨੇ, ਯੂਥ ਨੇ, ਸਟੂਡੈਂਟਸ ਨੇ, ਔਰਤਾਂ ਨੇ, ਸਭ ਟਾਈਪ ਦੇ ਲੋਕਾਂ ਨੇ ਇਨ੍ਹਾਂ ਇਲੈਕਸ਼ਨਾਂ ਵਿੱਚ ਹਿੱਸਾ ਲਿਆ। ਚੇਅਰਮੈਨ ਸਾਹਿਬ, ਇਹ ਇਲੈਕਸ਼ਨ ਬੜੀ ਕਾਮਯਾਬੀ ਨਾਲ ਹੋਏ ਅਤੇ 128 ਕੈਂਡੀਡੇਟਸ ਵਿਚੋਂ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਸਿਰਫ਼ ਚਾਰ ਕਮੇਟੀਆਂ ਛੱਡ ਕੇ ਬਾਕੀ ਸਾਰੀਆਂ ਕਮੇਟੀਆਂ ਵਿੱਚ ਲੋਕਾਂ ਨੇ ਇਸ ਸਰਕਾਰ ਦੇ ਹੱਕ ਵਿੱਚ ਫਤਵਾ ਦਿੱਤਾ। ਮਾਨਯੋਗ ਮੁੱਖ ਮੰਤਰੀ ਜੀ ਦੀ ਅਗਵਾਈ ਵਿੱਚ ਪਿਛਲੇ 8 ਸਾਲਾਂ ਵਿੱਚ ਜਿਹੜੇ ਵਿਕਾਸ ਦੇ ਕੰਮ ਹੋਏ ਹਨ, ਉਸ ਦੇ ਹੱਕ ਵਿੱਚ ਇਹ ਫਤਵਾ ਆਇਆ ਹੈ। ਚੇਅਰਮੈਨ ਸਾਹਿਬ, ਤੁਸੀਂ ਦਿੱਲੀ ਵਿੱਚ ਦੇਖ ਲਓ ਜਾਂ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਵਿੱਚ ਦੇਖ ਲਓ । ਹੁਣ ਲੋਕ ਡਿਵੈਲਪਮੈਂਟ ਨੂੰ ਦੇਖਦੇ ਹਨ । ਉਹ ਵੱਖਵਾਦ, ਪਾੜੋ ਤੇ ਰਾਜ ਕਰੋ ਦੀ ਨੀਤੀ ਅਤੇ ਜਾਤ-ਪਾਤ ਤੇ ਧਰਮ ਤੋਂ ਉੱਪਰ ਉੱਠ ਕੇ ਡਿਵੈਲਪਮੈਂਟ ਚਾਹੁੰਦੇ ਹਨ। ਲੋਕ ਚਾਹੁੰਦੇ ਹਨ ਕਿ ਸਾਡਾ ਪੰਜਾਬ ਤਰੱਕੀ ਕਰੇ ਅਤੇ ਜਿਹੜੀ ਪਾਰਟੀ ਤਰੱਕੀ ਦੀ ਗੱਲ ਕਰਦੀ ਹੈ, ਵਿਕਾਸ ਦੀ ਗੱਲ ਕਰਦੀ ਹੈ, ਲੋਕ ਉਸ ਪਿੱਛੇ ਤੁਰਨਾ ਸ਼ੁਰੂ ਹੋ ਗਏ ਹਨ। ਮੇਰਾ ਕਹਿਣ ਦਾ ਮਤਲਬ ਇਸ਼ੂ ਬੇਸਡ ਪਾਲੇਟਿਕਸ ਦੇਸ਼ ਵਿੱਚ ਆ ਰਹੀ ਹੈ ਅਤੇ ਪੰਜਾਬ ਵਿੱਚ ਤਾਂ ਪਹਿਲਾਂ ਹੀ ਆਈ ਹੋਈ ਹੈ।

ਮਾਨਯੋਗ ਚੇਅਰਮੈਨ ਸਾਹਿਬ, ਇਹ ਜਿਹੜੀਆਂ ਚੋਣਾਂ ਜਿੱਤੀਆਂ ਹਨ ਇਸ ਦਾ ਸਿਹਰਾ ਲੋਕਾਂ ਦੇ ਸਿਰ ਜਾਂਦਾ ਹੈ ਅਤੇ ਨਾਲ ਹੀ ਜਿਹੜੇ ਕੰਮ ਹੋਏ ਹਨ, ਉਨ੍ਹਾਂ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਸਾਹਮਣੇ ਬੈਠੇ ਹਨ, ਇਨ੍ਹਾਂ ਵੇਲੇ ਜਿਹੜੇ ਬੱਚੇ ਕਾਲਜਾਂ ਵਿੱਚ ਪੜ੍ਹਦੇ ਸੀ, ਉਨ੍ਹਾਂ ਨੇ ਸਰਟੀਫਿਕੇਟ ਬਣਵਾਏ ਹੋਣੇ ਹਨ ਤੇ ਇਹ ਸਰਟੀਫਿਕੇਟ ਬਹੁਤ ਮੁਸ਼ਕਲ ਨਾਲ ਬਣੇ ਹੋਣਗੇ । ਮੈਰਿਜ ਸਰਟੀਫਿਕੇਟ, ਐਸ.ਸੀ.,ਬੀ.ਸੀ. ਦਾ ਸਰਟੀਫਿਕੇਟ, ਇਨਕਮ ਜਾਂ ਰੈਜ਼ੀਡੈਂਸ ਦਾ ਸਰਟੀਫਿਕੇਟ ਬਣਵਾਉਣ ਲਈ ਮਹੀਨੇ-ਦੋ ਮਹੀਨੇ ਦਾ ਸਮਾਂ ਲੱਗ ਜਾਂਦਾ ਸੀ। ਲੋਕ ਖੱਜਲ-ਖੁਆਰ ਹੁੰਦੇ ਸੀ, ਕਦੀ ਬਾਬੂ ਨਹੀਂ ਹੈ, ਕਦੀ ਕਾਗਜ਼ ਨਹੀਂ ਹਨ, ਕਦੀ ਦਫ਼ਤਰ ਬੰਦ ਹੋ ਗਿਆ, ਕਦੀ ਚਾਬੀਆਂ ਗੁੰਮ ਹੋ ਗਈਆਂ। ਇਸ ਤਰ੍ਹਾਂ ਨਾਲ ਲੋਕਾਂ ਨੂੰ ਖੱਜਲ-ਖੁਆਰ ਕੀਤਾ ਜਾਂਦਾ ਸੀ। ਲੇਕਿਨ ਮਾਨਯੋਗ

ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਵਿੱਚ ਸਾਂਝ ਕੇਂਦਰ ਬਣਾਏ ਗਏ, ਸੁਵਿਧਾ ਕੇਂਦਰ ਬਣਾਏ ਗਏ। ਕੋਈ ਪੁਲਿਸ ਸਟੇਸ਼ਨ ਜਾਣ ਨੂੰ ਤਿਆਰ ਨਹੀਂ ਹੁੰਦਾ ਸੀ, ਲੋਕਾਂ ਅੰਦਰ ਪੁਲਿਸ ਦਾ ਟੈਰਰ ਹੁੰਦਾ ਸੀ ਪਰੰਤੂ ਅੱਜ ਪੁਲਿਸ ਸਟੇਸ਼ਨਾਂ ਵਿੱਚ ਸਾਂਝ ਕੇਂਦਰ ਬਣੇ ਹਨ। ਸਾਡੇ ਪੰਜਾਬ ਦੇ ਪੜ੍ਹੇ ਲਿਖੇ ਨੌਜਵਾਨ ਟਾਈ ਲਾ ਕੇ, ਸੋਹਣੀਆਂ ਕਮੀਜ਼ਾਂ ਪਾ ਕੇ....

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਚੇਅਰਮੈਨ ਸਾਹਿਬ, ਇਹ ਸੁਵਿਧਾ ਸੈਂਟਰ ਅਸੀਂ ਲੈ ਕੇ ਆਏ ਸੀ ਪਰੰਤੂ ਅੱਜ ਦੀ ਡੇਟ ਵਿੱਚ ਇਹ ਸੁਵਿਧਾ ਸੈਂਟਰ ਦੁਬਿਧਾ ਸੈਂਟਰ ਬਣੇ ਹੋਏ ਹਨ। ਸਰਕਾਰ ਨੇ ਇਕ ਨਵਾਂ ਫਾਰਮੂਲਾ ਸੇਵਾ ਕੇਂਦਰ ਦਾ ਕੱਢ ਲਿਆ ਹੈ ਜਿਸ ਬਾਰੇ ਮੇਰਾ ਕੁਐਸਚਨ ਵੀ ਲੱਗਿਆ ਹੋਇਆ ਹੈ। ਉਸ ਵਾਸਤੇ ਵੀ ਸਵਾਲ ਜਵਾਬ ਕਰਾਂਗੇ। ਉਥੇ ਰੂਲਿੰਗ ਗਰੁੱਪ ਦੀਆਂ ਕਮੇਟੀਆਂ ਬਣਾ ਦਿੱਤੀਆਂ ਗਈਆਂ ਹਨ, ਜਿਸ ਦਾ ਪ੍ਰਧਾਨ ਅਕਾਲੀ ਦਲ ਦਾ ਬੰਦਾ ਹੈ। ਜਿਹੜਾ ਉਸ ਪਿੰਡ ਦਾ ਮੇਨ ਬੰਦਾ ਹੈ, ਉਸ ਦੀ ਜ਼ੁੰਮੇਵਾਰੀ ਹੋਵੇਗੀ ਕਿ ਕੰਮ ਕਰਵਾਉਣਾ ਹੈ ਜਾਂ ਨਹੀਂ ਕਰਵਾਉਣਾ। ਇਸ ਲਈ ਇਹ ਸੁਵਿਧਾ ਕੇਂਦਰ ਦੁਬਿਧਾ ਕੇਂਦਰ ਬਣੇ ਹੋਏ ਹਨ। (ਹਾਸਾ) ਸੋ, ਇਨ੍ਹਾਂ ਨੂੰ ਸੁਧਾਰਨ ਦੀ ਲੋੜ ਹੈ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ :** ਮਾਨਯੋਗ ਚੇਅਰਮੈਨ ਸਾਹਿਬ, ਸਾਂਝ ਕੇਂਦਰ, ਸੁਵਿਧਾ ਕੇਂਦਰ ਉਦਾਹਰਣ ਬਣੇ। ਲੱਖਾਂ ਦੀ ਗਿਣਤੀ ਵਿੱਚ ਲੋਕਾਂ ਦੇ ਰੋਜ਼ਮੱਰਾ ਦੇ ਕੰਮ ਬੜੇ ਸਰਕਾਰੀ ਦਫ਼ਤਰਾਂ ਵਿੱਚ ਬੜੇ ਸਾਫ਼-ਸੁਥਰੇ ਤਰੀਕੇ ਨਾਲ ਬਿਨਾਂ ਰਿਸ਼ਵਤਖੋਰੀ ਅਤੇ ਖੱਜਲ-ਖੁਆਰੀ ਤੋਂ ਹੋ ਰਹੇ ਹਨ। ਇਸ ਗੱਲ ਨੂੰ ਲੋਕ ਜਾਣਦੇ ਹਨ। ਇਸੇ ਕਰਕੇ ਲੋਕਾਂ ਨੇ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਹੱਕ ਵਿੱਚ, ਹਿੱਤ ਵਿੱਚ ਫੈਸਲਾ ਦਿੱਤਾ ਕਿਉਂਕਿ ਲੋਕਾਂ ਨੂੰ ਆਪਣੇ ਕੰਮ ਚਾਹੀਦੇ ਹਨ। ਮਾਨਯੋਗ ਚੇਅਰਮੈਨ ਸਾਹਿਬ, ਸਾਡੇ ਮਾਨਯੋਗ ਪ੍ਰਧਾਨ ਮੰਤਰੀ ਜੀ ਨੇ ਸਵੱਛ ਭਾਰਤ, ਸਵੱਸਥ ਭਾਰਤ ਦੀ ਮੁਹਿੰਮ ਸ਼ੁਰੂ ਕੀਤੀ, ਉਸ ਦੀ ਸਭ ਤੋਂ ਵਧੀਆ ਸ਼ੁਰੂਆਤ ਪੰਜਾਬ ਅਤੇ ਪੰਜਾਬੀਆਂ ਨੇ ਬੜੀ ਵੱਡੀ ਪੱਧਰ ਤੇ ਹੁੰਗਾਰਾ ਭਰਦੇ ਹੋਏ ਕੀਤੀ । ਅੱਜ ਚਾਹੇ ਦਫ਼ਤਰ ਹੋਣ, ਸਕੂਲ ਹੋਣ, ਲੋਕਾਂ ਨੇ ਘਰ, ਗਲੀਆਂ-ਸੜਕਾਂ ਵਿੱਚ ਆਪ ਖੁਦ ਸਫਾਈ ਪ੍ਰਤੀ ਜਾਗ੍ਰਿਤੀ ਪੈਦਾ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਸਫਾਈ ਪ੍ਰਤੀ ਇਕ ਦੂਜੇ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਹੈ। ਸਾਡੇ ਅਧਿਕਾਰੀਆਂ ਨੇ ਆਪ ਪਹਿਲ ਕੀਤੀ ਹੈ (ਵਿਘਨ) ਤੁਹਾਨੂੰ

ਚੰਗੀ ਗੱਲ ਕਦੇ ਪਸੰਦ ਆਉਣੀ ਹੀ ਨਹੀਂ। ਸੁਣਨਾ ਪਸੰਦ ਕਰੋ, ਚੰਗਾ ਰਹੇਗਾ। ਮਾਨਯੋਗ ਮੈਂਬਰ ਸਾਹਿਬਾਨ, ਜਿਹੜੇ ਕੰਮ ਚੰਗੇ ਹੋਏ ਹਨ, ਉਨ੍ਹਾਂ ਦੀ ਤਾਰੀਫ ਕਰੋ।

**ਸ਼੍ਰੀ ਸਭਾਪਤੀ :** ਚੇਅਰ ਨੂੰ ਐਡਰੈਸ ਕਰੋ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ :** ਮਾਨਯੋਗ ਚੇਅਰਮੈਨ ਸਾਹਿਬ, ਇਸ ਸਵੱਛ ਭਾਰਤ ਅਭਿਆਨ ਦਾ ਬੜਾ ਚੰਗਾ ਅਸਰ ਹੋਇਆ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਲੋਕ ਆਪਣਾ ਫਰਜ਼ ਨਿਭਾਉਣ ਲੱਗੇ ਹਨ। ਅੱਗੇ ਨਾਲੋਂ ਸਫਾਈ ਵੱਧ ਦਿਖਣ ਲੱਗੀ ਹੈ। ਇਸ ਬਾਰੇ ਖਬਰਾਂ ਵੀ ਆਉਂਦੀਆਂ ਹਨ। ਮੈਂ ਇਸ ਬਾਰੇ ਇੱਕ ਸਲਾਹ ਵੀ ਦੇਣੀ ਚਾਹੁੰਦਾ ਹਾਂ। ਇਸ ਵਿੱਚ ਇਹ ਹੈ ਕਿ ਪੋਲੀਥੀਨ ਬੈਗ ਬੜੀ ਵੱਡੀ ਮੁਸੀਬਤ ਹਨ। ਅੱਜ ਪਿੰਡਾਂ ਦੀਆਂ ਨਾਲੀਆਂ ਤੇ ਸ਼ਹਿਰਾਂ ਦੇ ਨਾਲੇ, ਸੀਵਰੇਜ ਤੇ ਛੱਪੜ ਪੋਲੀਥੀਨ ਦੇ ਲਿਫਾਫਿਆਂ ਤੇ ਬੈਗਾਂ ਨਾਲ ਭਰੇ ਪਏ ਹਨ। ਇਹ ਕਿਤੇ ਖਤਮ ਜਾਂ ਜ਼ਜ਼ਬ ਨਹੀਂ ਹੁੰਦੇ। ਇਸ ਦੇ ਨਾਲ ਪਾਣੀ ਦੀ ਸਮੱਸਿਆ ਬਣ ਗਈ ਹੈ। ਪਲਾਸਟਿਕ ਦੀਆਂ ਬੋਤਲਾਂ ਤੇ ਕੈਨਜ਼ ਤੁਰੇ ਫਿਰਦੇ ਹਨ, ਇਨ੍ਹਾਂ ਨਾਲ ਬੜੀ ਵੱਡੀ ਪ੍ਰਾਬਲਮ ਖੜ੍ਹੀ ਹੋ ਗਈ ਹੈ। ਆਪਾਂ ਇਸ ਸਮੱਸਿਆ ਬਾਰੇ ਰਲ਼ ਕੇ ਬਹਿਸ ਕਰੀਏ। ਇਸ ਤੇ ਕੋਈ ਸਲਾਹ ਮਸ਼ਵਰਾ ਦੇਈਏ। (ਆਪੋਜੀਸ਼ਨ ਬੈਂਚਿੰਜ਼ ਵੱਲੋਂ ਥੰਪਿੰਗ) ਮਾਨਯੋਗ ਚੇਅਰਮੈਨ ਸਾਹਿਬ, ਮੈਂ ਚਾਹੁੰਦਾ ਹਾਂ ਕਿ ਇਸ ਉਤੇ ਹਾਲਾਂਕਿ ਪਿਛੇ ਜਿਹੇ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਪੋਲੀਥੀਨ ਬੈਗ ਤੇ ਆਪਾਂ ਪਾਬੰਦੀ ਲਗਾਈਏ। ਮੈਂ ਚਾਹੁੰਦਾ ਹਾਂ ਕਿ ਆਪਾਂ ਸਾਰੇ ਰਲ ਕੇ ਇਸ ਦਾ ਹੱਲ ਕੱਢੀਏ। ਇਹ ਪੋਲੀਥੀਨ ਬੈਗ ਬੜੀ ਵੱਡੀ ਪ੍ਰਾਬਲਮ ਹਨ, ਜਿਨ੍ਹਾਂ ਕਾਰਨ ਬਿਮਾਰੀਆਂ ਵੀ ਪੈਦਾ ਹੋ ਰਹੀਆਂ ਹਨ। ਇਨ੍ਹਾਂ ਦੇ ਵਰਤਣ ਤੇ ਪਾਬੰਦੀ ਲਗ ਜਾਵੇ। ਇਸ ਦਾ ਕੋਈ ਨਾ ਕੋਈ ਰਸਤਾ ਰਲਮਿਲ ਕੇ ਕੱਢ ਲਈਏ, ਕਿਉਂਕਿ ਸਿਰਫ ਕ੍ਰਿਟੀਸਾਈਜ ਕਰਨਾ ਹੀ ਇਸ ਦਾ ਹੱਲ ਨਹੀਂ ਹੈ। ਜਿਹੜੀਆਂ ਬੋਤਲਾਂ ਤੇ ਕੈਨਜ਼ ਹਨ, ਮੈਂ ਇਨ੍ਹਾਂ ਬਾਰੇ ਇਕ ਮਸ਼ਵਰਾ ਦੇਣਾ ਚਾਹੁੰਦਾ ਹਾਂ ਕਿ ਮੰਨ ਲਵੋ ਕੋਲਡ ਡਰਿੰਕ ਦੀ ਬੋਤਲ ਹੈ, ਜੇ ਉਸ ਨੂੰ ਵਾਪਸ ਮੋੜਨ ਤੇ ਪੰਜਾਹ ਪੈਸੇ ਜਾਂ ਰੁਪਿਆ ਮਿਲਣ ਲੱਗ ਜਾਵੇ ਤਾਂ ਮੇਰਾ ਖਿਆਲ ਹੈ ਕਿ ਲੋਕ ਉਸ ਬੋਤਲ ਨੂੰ ਸਾਂਭ ਕੇ ਰੱਖਣਗੇ। ਉਦਾਹਰਨ ਦੇ ਤੌਰ ਤੇ ਗੱਡੀ ਵਿੱਚ ਜੇ ਇੱਕ ਰੁਪਏ ਦਾ ਕੁਆਇਨ ਪਿਆ ਹੋਵੇ, ਕੋਈ ਵੀ ਬੰਦਾ ਚਾਹੇ ਕਿੰਨਾ ਮਰਜ਼ੀ ਅਮੀਰ ਹੋਵੇ, ਉਹ ਇੱਕ ਰੁਪਏ ਦੇ ਸਿੱਕੇ ਨੂੰ ਚੁੱਕ ਕੇ ਬਾਹਰ ਨਹੀਂ

ਸੁੱਟਦਾ ਕਿਉਂਕਿ ਉਸ ਨੂੰ ਪਤਾ ਹੈ ਕਿ ਇਹ ਰੁਪਿਆ ਹੈ। ਜੇ ਲੋਕਾਂ ਨੂੰ ਪਤਾ ਲੱਗੇਗਾ ਕਿ ਇਹ ਬੋਤਲ ਜਾਂ ਕੈਨ ਇੱਕ ਜਾਂ ਡੇਢ ਰੁਪਏ ਦੀ ਹੈ ਤਾਂ ਕੋਈ ਵੀ ਇਸ ਨੂੰ ਬਾਹਰ ਨਹੀਂ ਸੁਟੇਗਾ । ਜਦੋਂ ਇਹ ਬੋਤਲ ਖਾਲੀ ਹੋ ਜਾਵੇ ਤਾਂ ਆਪਾਂ ਉਸ ਨੂੰ ਵਾਪਸ ਦੇ ਦੇਈਏ ਤਾਂ ਇਹ ਚੀਜ਼ਾਂ ਨਾਲੀਆਂ, ਨਾਲਿਆਂ ਤੇ ਛੱਪੜਾਂ ਵਿੱਚ ਨਹੀਂ ਆਉਣਗੀਆਂ।

ਸੋ, ਇਸ ਤੋਂ ਅੱਗੇ ਮਾਨਯੋਗ ਚੇਅਰਮੈਨ ਸਾਹਿਬ, ਜਿਹੜਾ ਪੂਰੇ ਦੇਸ਼ ਵਿੱਚ ਪ੍ਰਧਾਨ ਮੰਤਰੀ ਜੀ ਨੇ ਟਾਇਲਟ ਬਣਾਉਣ ਦਾ ਪ੍ਰਾਜੈਕਟ ਸ਼ੁਰੂ ਕੀਤਾ ਹੈ, ਮੈਂ ਸਮਝਦਾ ਹਾਂ ਕਿ ਮਾਨਯੋਗ ਸਰਦਾਰ ਪਰਕਾਸ਼ ਸਿੰਘ ਬਾਦਲ, ਮਾਨਯੋਗ ਮੁੱਖ ਮੰਤਰੀ ਜੀ ਨੇ ਪਹਿਲਾਂ ਹੀ ਪਿੰਡਾਂ ਵਿੱਚ ਰੂਰਲ ਟਾਇਲਟਸ ਬਣਾਉਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਹੋਇਆ ਹੈ, ਇਸ ਪ੍ਰੋਗਰਾਮ ਨੂੰ ਹੁਣ ਹੋਰ ਤੇਜ਼ੀ ਮਿਲੀ ਹੈ ਔਰ ਸ਼ਹਿਰਾਂ ਵਿੱਚ ਵੀ ਬਹੁਤ ਸਾਰੇ ਗਰੀਬ ਲੋਕ ਐਸੇ ਹਨ ਜਿਨ੍ਹਾਂ ਨੂੰ ਟਾਇਲਟਸ ਦੀ ਬਹੁਤ ਲੋੜ ਹੈ। ਮੈਂ ਆਪਣੇ ਹਲਕੇ ਆਦਮਪੁਰ ਵਿੱਚ ਮਾਨਯੋਗ ਚੇਅਰਮੈਨ ਸਾਹਿਬ, 200 ਦੇ ਕਰੀਬ ਪਰਿਵਾਰਾਂ ਨੂੰ ਟਾਇਲਟਸ ਲਈ ਪੈਸੇ ਦਿੱਤੇ ਹਨ ਤਾਂ ਜੋ ਗਰੀਬ ਲੋਕਾਂ ਦੇ ਘਰ ਵਿੱਚ ਟਾਇਲਟ ਬਣ ਜਾਵੇ ਤੇ ਉਨ੍ਹਾਂ ਦੀ ਮੁਸ਼ਕਿਲ ਹੱਲ ਹੋ ਜਾਵੇ।

ਇਸ ਤੋਂ ਬਾਅਦ ਬਿਜਲੀ ਦੀ ਗੱਲ ਆਉਂਦੀ ਹੈ। ਜਦੋਂ ਅਸੀਂ ਬਿਜਲੀ ਦੀ ਗੱਲ ਕਰਦੇ ਹਾਂ ਕਿ ਅਸੀਂ ਬਿਜਲੀ ਦੇ ਪ੍ਰਾਜੈਕਟ ਲਗਾ ਦਿੱਤੇ ਹਨ ਤੇ ਬਿਜਲੀ ਦੀ ਸ਼ਾਰਟੇਜ਼ ਘਟ ਗਈ ਹੈ ਤਾਂ ਇਸ ਤੇ ਸਾਹਮਣੇ ਵਾਲੇ ਪਾਸਿਉਂ ਬੜਾ ਮਜ਼ਾਕ ਤੇ ਬੜਾ ਰੌਲਾ ਪਾਇਆ ਜਾਂਦਾ ਹੈ ਪਰ ਮੈਨੂੰ ਯਾਦ ਹੈ ਕਿ ਜਦੋਂ 20 ਸਾਲ ਪਹਿਲਾਂ ਅਸੀਂ ਕਾਲਜਾਂ ਵਿੱਚ ਪੜ੍ਹਦੇ ਸੀ ਤਾਂ ਬਿਜਲੀ ਨਹੀਂ ਆਉਂਦੀ ਸੀ ਅਤੇ ਮੁੰਡੇ ਲੈਂਪ ਲਗਾ ਕੇ ਪੜ੍ਹਦੇ ਹੁੰਦੇ ਸੀ ਜਾਂ ਦਿਨ ਵਿੱਚ ਪੜ੍ਹ ਲੈਣਾ, ਰਾਤ ਨੂੰ ਪੜ੍ਹਾਈ ਨਹੀਂ ਹੁੰਦੀ ਸੀ। ਤੁਹਾਡੇ ਮਾਲ ਬਜ਼ਾਰ ਪੰਜ ਵਜੇ ਬੰਦ ਕਰਵਾ ਦਿੱਤੇ ਜਾਂਦੇ ਸਨ ਪਰ ਅੱਜ ਜੇ ਕਿਤੇ ਰਿਪੇਅਰ ਕਰਨ ਕਰਕੇ ਜੇ ਅੱਧਾ ਘੰਟਾ, ਘੰਟਾ ਜਾਂ ਦੋ ਘੰਟੇ ਲਈ ਬਿਜਲੀ ਚਲੀ ਜਾਵੇ ਤਾਂ ਰੌਲਾ ਪੈ ਜਾਂਦਾ ਹੈ ਤੇ ਅਖਬਾਰਾਂ ਵਿੱਚ ਬਿਆਨ ਆ ਜਾਂਦੇ ਹਨ।

**ਸਰਦਾਰ ਚਰਨਜੀਤ ਸਿੰਘ ਚੰਨੀ :** ** **

**Mr. Chairman :** No point of order. ਬੈਠੋ ਜੀ। (ਵਿਘਨ) ਆਪਸ ਵਿੱਚ ਗੱਲਾਂ ਨਾ ਕਰੋ।

**Expunged as ordered by the Chair.

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ :** ਮਾਨਯੋਗ ਚੇਅਰਮੈਨ ਸਾਹਿਬ, ਇਹ ਗੱਲ ਸੱਚ ਹੈ, ਇਨ੍ਹਾਂ ਦਾ ਫਰਜ਼ ਬਣਦਾ ਹੈ ਕਿਉਂਕਿ ਇਹ ਖਬਰਾਂ ਚਾਹੁੰਦੇ ਹਨ, ਇਹ ਅਖਬਾਰ ਤੇ ਟੀ.ਵੀ. ਦੀਆਂ ਖਬਰਾਂ ਵਿੱਚ ਆਉਣਾ ਚਾਹੁੰਦੇ ਹਨ ਔਰ ਇਹ ਬਿਨਾਂ ਵਜ੍ਹਾ ਇਸ਼ੂ ਉਠਾ ਕੇ ਲੋਕਾਂ ਤੱਕ ਪਹੁੰਚਣ ਦੀ ਗੱਲ ਕਰਦੇ ਹਨ ਪਰ ਹੁਣ ਇਨ੍ਹਾਂ ਦੀ ਗੱਲ ਬਣਨੀ ਨਹੀਂ ਕਿਉਂਕਿ ਦਿੱਲੀ ਨੇ ਸਾਬਤ ਕਰ ਦਿੱਤਾ ਹੈ, ਦੇਸ਼ ਨੇ ਸਾਬਤ ਕਰ ਦਿੱਤਾ ਹੈ, ਪਾੜ੍ਹੋ ਤੇ ਰਾਜ ਕਰੋ ਦੀ ਨੀਤੀ ਨਾਲ ਦੁਬਾਰਾ ਤੁਹਾਡੀਆਂ ਸਰਕਾਰਾਂ ਬਣਨ ਵਾਲੀਆਂ ਨਹੀਂ ਹਨ। ਆਪੋਜ਼ੀਸ਼ਨ ਦਾ ਸਟੇਟਸ ਵੀ ਇਸੇ ਕਰਕੇ ਖਤਮ ਹੋ ਗਿਆ ਹੈ।

**ਸ਼੍ਰੀ ਸਭਾਪਤੀ :** ਪਲੀਜ਼, ਦੋ ਮਿੰਟ ਵਿੱਚ ਵਾਈਂਡ ਅੱਪ ਕਰ ਦਿਉ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ :** ਚੇਅਰਮੈਨ ਸਾਹਿਬ, ਮੈਂ ਜਲੰਧਰ ਦੀਆਂ ਗੱਲਾਂ ਵੀ ਕਰਨੀਆਂ ਹਨ।

**ਸ਼੍ਰੀ ਸਭਾਪਤੀ :** ਤੁਹਾਡੇ ਕੋਲ ਦੋ ਮਿੰਟ ਦਾ ਟਾਈਮ ਹੈ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ :** ਚੇਅਰਮੈਨ ਸਾਹਿਬ, ਜਲੰਧਰ ਵਿਚ ਬਿਜਲੀ ਦੀ ਰਿਪੇਅਰ ਕਰਨ ਵਾਸਤੇ 75 ਮੋਟਰ ਸਾਈਕਲ ਆਊਟ ਸੋਰਸ ਕੀਤੇ ਗਏ ਹਨ। 150 ਬੰਦੇ ਰੱਖੇ ਗਏ ਹਨ ਤਾਂ ਜੋ ਜਿਥੇ ਵੀ ਕੋਈ ਸ਼ਿਕਾਇਤ ਆਉਦੀ ਹੈ ਉਸ ਨੂੰ ਤੁਰੰਤ ਹੱਲ ਕੀਤਾ ਜਾ ਸਕੇ। 1912 ਟੌਲ ਫਰੀ ਨੰਬਰ ਵੀ ਰੱਖਿਆ ਗਿਆ ਹੈ। ਇਸ ਨੰਬਰ ਤੇ ਕੁਝ ਘੰਟਿਆਂ ਵਿਚ ਹੀ ਸ਼ਿਕਾਇਤ ਦਾ ਨਿਪਟਾਰਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਜਲੰਧਰ ਸਿਟੀ ਵਿਚ 92 ਕਰੋੜ ਰੁਪਿਆ ਲਗਾ ਕੇ 900 ਡਿਸਟਰੀਬਿਊਸ਼ਨ ਟਰਾਂਸਫਾਰਮਰਜ਼ ਇੰਸਟਾਲ ਕੀਤੇ ਗਏ ਹਨ ਤਾਂ ਕਿ ਨਿਰਵਿਘਨ ਬਿਜਲੀ ਦਿੱਤੀ ਜਾ ਸਕੇ।

ਚੇਅਰਮੈਨ ਸਾਹਿਬ, ਹੁਣ ਮੈਂ ਐਜੂਕੇਸ਼ਨ ਬਾਰੇ ਕਹਿਣਾ ਚਾਹੁੰਦਾ ਹਾਂ । ਇਸ ਖੇਤਰ ਵਿਚ ਬਹੁਤ ਤਰੱਕੀ ਹੋਈ ਹੈ। ਜਿਹੜੇ ਸਾਡੇ ਮੁੱਖ ਮੰਤਰੀ ਜੀ ਨੇ ਮੈਰੀਟੋਰੀਅਸ ਸਕੂਲ ਬਣਾਏ ਹਨ, ਉਨ੍ਹਾਂ ਬਾਰੇ ਮੈਂ ਗੱਲ ਕਰਨੀ ਚਾਹੁੰਦਾ ਹਾਂ। ਗਰੀਬਾਂ ਦੇ ਬੱਚੇ ਜਿਹੜੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਸਨ, ਉਨ੍ਹਾਂ ਦੇ 80 ਫੀਸਦੀ ਤੋਂ ਵੱਧ ਨੰਬਰ ਆਉਂਦੇ ਸਨ, ਉਨ੍ਹਾਂ ਨੂੰ ਮਾਪਿਆਂ ਵਾਂਗ ਸੀ.ਐਮ. ਸਾਹਿਬ ਪਾਲ ਰਹੇ ਹਨ। ਜਦੋਂ ਵੀ ਮਾਨਯੋਗ ਸੀ.ਐਮ. ਸਾਹਿਬ ਜਲੰਧਰ ਵਿਖੇ ਜਾਂਦੇ ਹਨ ਤਾਂ ਉਨ੍ਹਾਂ ਮੈਰੀਟੋਰੀਅਸ ਸਕੂਲਾਂ ਵਿੱਚ ਵੀ ਜਾਂਦੇ ਹਨ, ਆਪ ਬੱਚਿਆਂ

ਨਾਲ ਇੰਟਰਐਕਸ਼ਨ ਕਰਦੇ ਹਨ ਅਤੇ ਉਨ੍ਹਾਂ ਦੀ ਸਮੱਸਿਆ ਹੱਲ ਕਰਦੇ ਹਨ।

**ਸ਼੍ਰੀ ਸਭਾਪਤੀ :** ਪਲੀਜ਼, ਵਾਈਂਡ ਅੱਪ ਕਰੋ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ :** ਚੇਅਰਮੈਨ ਸਾਹਿਬ, ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੇਰੇ ਹਲਕੇ ਆਦਮਪੁਰ ਵਿਚ ਇਕ ਆਈ.ਟੀ.ਆਈ. ਦਿੱਤੀ ਹੈ । ਪੰਜਾਬ ਵਿਚ ਕੁੱਲ ਪੰਜ ਆਈ.ਟੀ.ਆਈਜ਼ ਮਿਲੀਆਂ ਹਨ, ਜਿਨ੍ਹਾਂ ਵਿਚੋਂ ਇਕ ਆਦਮਪੁਰ ਵਿਖੇ ਦਿੱਤੀ ਹੈ। 12 ਕਰੋੜ ਰੁਪਿਆ ਸਾਨੂੰ ਮਿਲ ਗਿਆ ਹੈ ਅਤੇ ਆਈ.ਟੀ.ਆਈ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਇਸ ਤੋਂ ਇਲਾਵਾ ਭੋਗਪੁਰ ਵਿੱਚ ਵੀ ਆਈ.ਟੀ.ਆਈ. ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਦੇ ਨਾਲ ਹੀ ਜਲੰਧਰ-ਹੁਸ਼ਿਆਰਪੁਰ ਹਾਈਵੇਜ਼ ਦਾ ਕੰਮ ਵੀ ਬਹੁਤ ਵੱਡੇ ਪੱਧਰ ਤੇ 1000 ਕਰੋੜ ਰੁਪਏ ਨਾਲ ਚੱਲ ਰਿਹਾ ਹੈ। ਇਹ ਸੜਕ ਚੌੜੀ ਹੋ ਰਹੀ ਹੈ, ਇਹ ਅੱਗੇ ਹਿਮਾਚਲ ਪ੍ਰਦੇਸ਼ ਨਾਲ ਮਿਲਦੀ ਹੈ। ਇਸ ਵਾਸਤੇ ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ।

**ਸ਼੍ਰੀ ਸਭਾਪਤੀ :** ਧੰਨਵਾਦ ਜੀ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ :** ਚੇਅਰਮੈਨ ਸਾਹਿਬ, ਦੋ ਮਿੰਟ ਜੀ। ਸਾਡੀ ਸ਼ੂਗਰ ਕੋਆਪ੍ਰੇਟਿਵ ਮਿੱਲ ਭੋਗਪੁਰ ਬਹੁਤ ਪੁਰਾਣੀ ਮਿੱਲ ਹੈ ਅਤੇ ਇਸ ਦੀ ਇਕ ਹਜ਼ਾਰ ਦੀ ਕਪੈਸਟੀ ਨੂੰ ਵਧਾ ਕੇ ਮੁੱਖ ਮੰਤਰੀ ਜੀ ਵੱਲੋਂ 2500-3000 ਕੀਤਾ ਜਾ ਰਿਹਾ ਹੈ। ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਸਾਨੂੰ ਮਸ਼ੀਨਰੀ ਦੇ ਦਿੱਤੀ ਹੈ ਅਤੇ ਕਨਸਲਟੈਂਟ ਐਪੁਆਇੰਟ ਕਰਨ ਵਾਸਤੇ ਟੈਂਡਰ ਵੀ ਮੰਗ ਲਏ ਗਏ ਹਨ। ਬਹੁਤ ਜਲਦੀ ਹੀ ਇਸ ਦਾ ਕੰਮ ਸ਼ੁਰੂ ਹੋ ਜਾਵੇਗਾ। ਸੋ, ਇਸ ਲਈ ਮੈਂ ਟਾਂਡੇ, ਆਦਮਪੁਰ, ਕਰਤਾਰਪੁਰ ਦੇ ਸਾਰੇ ਕਿਸਾਨਾਂ ਅਤੇ ਮਜ਼ਦੂਰਾਂ ਵੱਲੋਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ।

ਚੇਅਰਮੈਨ ਸਾਹਿਬ, ਪਹਿਲੀ ਵਾਰ ਸ਼ਡਿਊਲਡ ਕਾਸਟ ਉਮੀਦਵਾਰਾਂ ਤੋਂ ਵਜ਼ੀਫੇ ਲਈ ਆਨ ਲਾਈਨ ਐਪਲੀਕੇਸ਼ਨਾਂ ਮੰਗੀਆਂ ਗਈਆਂ ਹਨ। ਰਿਕਾਰਡਤੋੜ 3 ਲੱਖ ਤੋਂ ਵੱਧ ਐਪਲੀਕੇਸ਼ਨਾਂ ਪ੍ਰਾਪਤ ਹੋਈਆਂ ਹਨ। ਇਹ ਸ਼ਡਿਊਲਡ ਕਾਸਟਸ ਬੱਚਿਆਂ ਦੀ ਤਰੱਕੀ ਵਾਸਤੇ ਸਰਕਾਰ ਦਾ ਉਪਰਾਲਾ ਹੈ। ਇਸਦੇ ਨਾਲ ਹੀ ਸਾਡੇ ਹਲਕੇ ਵਿਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦਿੱਤੀ ਹੈ। ਯੂਨੀਵਰਸਿਟੀਆਂ ਬਹੁਤ ਬਣ ਗਈਆਂ ਹਨ, ਬੱਚੇ ਪੜ੍ਹ ਰਹੇ ਹਨ ਪਰ

ਬੇਰੁਜ਼ਗਾਰੀ ਵੱਲ ਵੀ ਸਾਨੂੰ ਧਿਆਨ ਦੇਣਾ ਚਾਹੀਦਾ ਹੈ। ਮੈਂ ਇਕ ਸਲਾਹ ਦੇਣੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਜਿੰਨੇ ਵੀ ਹੋਟਲ, ਰਿਜ਼ਾਰਟ ਅਤੇ ਜਿੰਨੀ ਵੀ ਸਰਵਿਸ ਇੰਡਸਟਰੀ ਹੈ, ਉਸ ਵਿਚ ਅਸੀਂ ਐਨਸ਼ਿਓਰ ਕਰੀਏ ਕਿ ਪੰਜਾਬੀ ਪੜ੍ਹੇ ਲਿਖੇ ਨੌਜਵਾਨਾਂ ਨੂੰ ਪ੍ਰਾਇਰਟੀ ਤੇ ਨੌਕਰੀ ਦਿੱਤੀ ਜਾਵੇ। ਇਕ ਮੇਰਾ ਬਹੁਤ ਹੀ ਧਾਰਮਿਕ ਮੁੱਦਾ ਹੈ। ਮੈਂ ਸਾਡੇ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਜਿਥੇ ਸੈਂਕੜੇ ਕਰੋੜ ਰੁਪਿਆ ਲਗਾ ਕੇ ਵਿਰਾਸਤ-ਏ-ਖਾਲਸਾ, ਚੱਪੜਚਿੜੀ ਅਤੇ ਅੰਮ੍ਰਿਤਸਰ ਵਿਚ ਭਗਵਾਨ ਬਾਲਮੀਕ ਤੀਰਥ ਬਣਾਇਆ ਹੈ ਉਥੇ ਇਨ੍ਹਾਂ ਨੇ ਖੁਰਾਲਗੜ੍ਹ ਵਿਖੇ ਗੁਰੂ ਰਵੀਦਾਸ ਯਾਦਗਾਰ ਬਣਾਉਣੀ ਸ਼ੁਰੂ ਕੀਤੀ ਹੈ। ਚੇਅਰਮੈਨ ਸਾਹਿਬ, ਖੁਰਾਲਗੜ੍ਹ ਉਹ ਇਲਾਕਾ ਹੈ ਜਿਥੇ 1515 ਵਿਚ ਗੁਰੂ ਰਵੀਦਾਸ ਮਹਾਰਾਜ ਜੀ ਆਏ ਸੀ ਔਰ ਉਸ ਸਮੇਂ ਉਸ ਇਲਾਕੇ ਵਿਚ ਪਾਣੀ ਨਹੀਂ ਸੀ ਤਾਂ ਲੋਕਾਂ ਨੇ ਗੁਰੂ ਰਵੀਦਾਸ ਜੀ ਨੂੰ ਬੇਨਤੀ ਕੀਤੀ ਕਿ ਅਸੀਂ ਪਿਆਸੇ ਹਾਂ। ਉਸ ਸਮੇਂ ਗੁਰੂ ਰਵੀਦਾਸ ਜੀ ਨੇ ਚਰਨ ਗੰਗਾ ਤੇ ਪੈਰ ਰੱਖ ਕੇ ਪਾਣੀ ਦੇ ਫੁਹਾਰੇ ਕੱਢੇ ਸਨ, ਜਿਹੜੇ ਅੱਜ ਵੀ ਉਥੇ ਚੱਲ ਰਹੇ ਹਨ। ਗੁਰੂ ਰਵੀਦਾਸ ਜੀ 1515 ਵਿਚ ਉਥੇ ਆਏ ਸਨ, ਅੱਜ 500 ਸਾਲ ਹੋ ਗਏ ਹਨ। ਸੋ, ਉਨ੍ਹਾਂ ਦੀ ਯਾਦ ਵਿਚ ਉਥੇ ਯਾਦਗਾਰ ਬਣਾਈ ਜਾ ਰਹੀ ਹੈ । ਮੈਂ ਇਸ ਵਾਸਤੇ ਵੀ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਪੰਜਾਬ ਸਰਕਾਰ ਉਥੇ ਅਠ੍ਹਾਰਾਂ ਫੁੱਟ ਚੌੜੀ ਰੋਡ ਬਣਾ ਰਹੀ ਹੈ ਤਾਂ ਕਿ ਉਥੇ ਲੋਕ ਜਾ ਸਕਣ ।

**Mr. Chairman :** Thank you. ਸਰਦਾਰ ਬਲਬੀਰ ਸਿੰਘ ਸਿੱਧੂ ਜੀ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ :** ਮਾਨਯੋਗ ਚੇਅਰਮੈਨ ਸਾਹਿਬ, ਮੈਂ ਇੱਕ ਮਿੰਟ ਵਿੱਚ ਗੱਲ ਖਤਮ ਕਰਨ ਲੱਗਿਆ ਹਾਂ। ਮੇਰੀ ਬੇਨਤੀ ਹੈ ਕਿ ਦੇਸ਼ਾਂ ਵਿਦੇਸ਼ਾਂ ਤੋਂ ਉਥੇ ਸ਼ਰਧਾਲੂ ਆਉਂਦੇ ਹਨ। ਇਸ ਕਰਕੇ ਉਥੇ ਬੱਸ ਸਰਵਿਸ ਦੀ ਲੋੜ ਹੈ ਤਾਂ ਕਿ ਦੇਸ਼ਾਂ ਵਿਦੇਸ਼ਾਂ ਤੋਂ ਅਤੇ ਦੂਜੇ ਜ਼ਿਲ੍ਹਿਆਂ ਤੋਂ ਜਿਹੜੇ ਲੋਕ ਆਉਂਦੇ ਹਨ, ਉਨ੍ਹਾਂ ਨੂੰ ਬਸ ਸਰਵਿਸ ਪ੍ਰੋਵਾਈਡ ਹੋ ਸਕੇ। ਚੇਅਰਮੈਨ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਜੀ।

**Mr. Chairman :** Thank you. Sardar Balbir Singh Sidhu ji. ਸਿਰਫ ਦਸ ਮਿੰਟ।

**ਸਰਦਾਰ ਬਲਬੀਰ ਸਿੰਘ ਸਿੱਧੂ (ਐਸ. ਏ. ਐਸ. ਨਗਰ) :** ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ

[ ਸਰਦਾਰ ਬਲਬੀਰ ਸਿੰਘ ਸਿੱਧੂ ]

ਸਾਹਿਬ ਦੇ ਭਾਸ਼ਣ ਖਿਲਾਫ ਬੋਲਣ ਦਾ ਮੌਕਾ ਦਿੱਤਾ ਹੈ। ਜੋ ਗਵਰਨਰ ਸਾਹਿਬ ਦਾ 12.3.2015 ਨੂੰ ਭਾਸ਼ਣ ਸੀ, ਉਹ ਨਵੀਂ ਬੋਤਲ ਵਿੱਚ ਪੁਰਾਣੀ ਸ਼ਰਾਬ ਵਰਗਾ ਹੈ। ਬਾਦਲ ਸਰਕਾਰ ਪਿਛਲੇ ਲਗਭਗ 38 ਸਾਲਾਂ ਤੋਂ ਪੁਰਾਣੀਆਂ ਗੱਲਾਂ ਦੀ ਤਰ੍ਹਾਂ ਹੀ ਇਸ ਵਾਰ ਵੀ ਰਾਗ ਅਲਾਪ ਰਹੀ ਹੈ ਅਤੇ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਅਤੇ ਦਰਿਆਵਾਂ ਦੇ ਪਾਣੀਆਂ ਦੇ ਮੁੱਦਿਆਂ ਤੇ ਸਿਆਸਤ ਕਰਦੀ ਆ ਰਹੀ ਹੈ। ਦੁਨੀਆਂ ਚੰਦ ਤੇ ਚੜ੍ਹ ਗਈ ਪਰ ਅਸੀਂ ਉਥੇ ਦੇ ਉਥੇ ਹੀ ਖੜ੍ਹੇ ਹਾਂ । ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਪੰਜਾਬ ਦੇ ਅਸਲ ਮੁੱਦਿਆਂ ਪ੍ਰਤੀ ਚੁੱਪ ਧਾਰਨ ਕਰਕੇ ਕਿਸਾਨ ਆਗੂ ਤੇ ਆਰਥਿਕ ਮਾਹਿਰਾਂ ਨੇ ਤਿੱਖਾ ਪ੍ਰਤੀਕਰਮ ਦਰਸਾਇਆ ਹੈ। ਮੁੱਖ ਮੰਤਰੀ ਵੱਲੋਂ ਕਈ ਟੈਕਸਾਂ ਵਿਚੋਂ 42 ਫੀਸਦੀ ਹਿੱਸਾ ਦੇਣ ਤੇ ਪ੍ਰਧਾਨ ਮੰਤਰੀ ਦੀਆਂ ਸਿਫਤਾਂ ਕੀਤੀਆਂ ਗਈਆਂ ਹਨ ਜਦ ਕਿ ਖਜ਼ਾਨਾ ਮੰਤਰੀ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਕੇਂਦਰ ਦਾ ਇਹ ਫੈਸਲਾ ਪੰਜਾਬ ਲਈ ਮਾਰੂ ਹੈ। ਉੱਘੇ ਅਰਥ-ਸ਼ਾਸ਼ਤਰੀ ਡਾਕਟਰ ਸੁੱਚਾ ਸਿੰਘ ਗਿੱਲ ਨੇ ਕਿਹਾ ਹੈ ਕਿ ਕਸੂਤੀ ਹਾਲਤ ਵਿੱਚ ਫਸੀ ਸਰਕਾਰ ਸਾਹਮਣੇ ਖੜ੍ਹੇ ਮਸਲਿਆਂ ਤੋਂ ਅੱਖਾਂ ਮੀਟਣ ਦਾ ਯਤਨ ਕਰ ਰਹੀ ਹੈ ਪਰ ਉਹ ਜ਼ਿਆਦਾ ਸਮਾਂ ਅਜਿਹਾ ਨਹੀਂ ਕਰ ਸਕੇਗੀ। ਇੱਕ ਹੋਰ ਅਰਥ-ਸ਼ਾਸ਼ਤਰੀ ਡਾਕਟਰ ਸਰਦਾਰਾ ਸਿੰਘ ਜੌਹਲ ਨੇ ਕਿਹਾ ਕਿ ਅਕਾਲੀ ਦਲ ਦੇ ਦੂਹਰੇ ਕਿਰਦਾਰ ਦੇ ਭਿਆਨਕ ਸਿੱਟੇ ਨਿਕਲਣਗੇ। ਚੇਅਰਮੈਨ ਸਾਹਿਬ, ਮੈਂ ਲੈਂਡ ਐਕੁਜ਼ੀਸ਼ਨ ਦੀ ਗੱਲ ਕਰਨ ਲੱਗਾ ਹਾਂ। ਮੇਰੀ ਬੇਨਤੀ ਹੈ ਕਿ ਬਾਦਲ ਸਾਹਿਬ ਨੂੰ ਜਿਹੜਾ ਇੱਕ ਬਹੁਤ ਵੱਡਾ ਰਾਸ਼ਟਰਪਤੀ ਐਵਾਰਡ ਦੇ ਕੇ ਸਨਮਾਨਿਆ ਗਿਆ ਹੈ, ਇਸ ਲਈ ਉਹ ਵਧਾਈ ਦੇ ਪਾਤਰ ਹਨ ਪਰ ਬਾਦਲ ਸਾਹਿਬ, ਤੁਹਾਨੂੰ ਪੰਜਾਬ ਦੇ ਕਿਸਾਨਾਂ ਨੇ ਕਦੀ ਮੁਆਫ ਨਹੀਂ ਕਰਨਾ ਔਰ ਜੋ ਤੁਸੀਂ ਤੇ ਤੁਹਾਡੀ ਪਾਰਟੀ ਨੇ ਭੂਮੀ ਗ੍ਰਹਿਣ ਬਿਲ ਸਬੰਧੀ ਦੂਹਰੇ-ਤੀਹਰੇ ਮਾਪਦੰਡ ਅਪਣਾ ਕੇ ਸਮੁੱਚੇ ਪੰਜਾਬ ਦੇ ਕਿਸਾਨਾਂ ਨਾਲ ਵਿਸ਼ਵਾਸਘਾਤ ਕੀਤਾ ਹੈ ਤੇ ਉਹ ਨਾ-ਬਖਸ਼ਣ ਯੋਗ ਹੈ । ਉਨ੍ਹਾਂ ਕਿਸਾਨਾਂ ਦੀ ਬਦੌਲਤ ਹੀ ਤੁਸੀਂ ਅੱਜ ਪੰਜਵੀਂ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਹੋ । ਮੈਨੂੰ ਤਾਂ ਇਹ ਲੱਗਦਾ ਹੈ ਕਿ ਤੁਸੀਂ ਪਰਿਵਾਰਕ ਮੋਹ ਅਤੇ ਨਿੱਜੀ ਸਵਾਰਥ ਦੇ ਲਈ ਇਸ ਕੇਂਦਰ ਦੇ ਕਿਸਾਨ ਮਾਰੂ ਕਾਨੂੰਨ ਅੱਗੇ ਗੋਡੇ ਟੇਕ ਦਿੱਤੇ ਹਨ। ਦੂਜੀ ਗੱਲ ਇਹ ਹੈ ਕਿ ਇਸ ਆਰਡੀਨੈਂਸ ਨੇ ਨਾ ਕੇਵਲ ਕਿਸਾਨਾਂ ਦਾ ਨੁਕਸਾਨ ਕੀਤਾ ਹੈ ਬਲਕਿ ਕਿਸਾਨਾਂ ਤੋਂ ਕਾਨੂੰਨੀ ਅਧਿਕਾਰ ਵੀ ਖੋਹ ਲਿਆ ਹੈ। ਮੈਂ ਗੱਲ ਕਰਨ ਲੱਗਿਆ ਹਾਂ ਕਿ ਜਿਹੜਾ ਇਹ ਭੌਂ ਪ੍ਰਾਪਤੀ ਐਕਟ ਦਾ ਕਾਨੂੰਨ ਪਾਸ ਕੀਤਾ

ਗਿਆ ਹੈ, ਇਹ ਸਾਡੀ ਸਰਕਾਰ ਵੇਲੇ 1.1.2014 ਨੂੰ ਲਾਗੂ ਹੋਇਆ ਸੀ, ਉਸ ਦੇ ਸੈਕਸ਼ਨ ਦੋ ਸੀ । ਪਹਿਲਾ ਤਾਂ ਇਹ ਹੈ ਕਿ ਪ੍ਰਾਈਵੇਟ ਜ਼ਮੀਨ ਪ੍ਰਾਪਤੀ ਲਈ 80% ਭੌਂ ਮਾਲਕਾਂ ਦੀ ਸਹਿਮਤੀ ਜ਼ਰੂਰੀ ਸੀ ਤੇ ਜਿਥੇ ਜ਼ਮੀਨ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਲਈ ਚਾਹੀਦੀ ਹੈ ਉਸ ਵਾਸਤੇ 70% ਭੌਂ ਮਾਲਕਾਂ ਦੀ ਸਹਿਮਤੀ ਜ਼ਰੂਰੀ ਹੈ। ਹੁਣ ਮੌਜੂਦਾ ਸਰਕਾਰ ਨੇ ਆਰਡੀਨੈਂਸ 31.12.2014 ਲਾਗੂ ਕੀਤਾ ਹੈ ਅਤੇ ਉਸ ਨੂੰ ਪਾਸ ਕਰਵਾਉਣ ਵਾਸਤੇ ਬਿਲ ਲੋਕ ਰਾਜ ਅਤੇ ਰਾਜ ਸਭਾ ਵਿੱਚ ਪੇਸ਼ ਕੀਤਾ ਹੈ । ਉਸ ਵਿੱਚ ਸੈਕਸ਼ਨ ਦੀ ਸੋਧ ਕਰਦੇ ਹੋਏ ਉਪਰੋਕਤ ਸਹਿਮਤੀ ਵਾਲੀ ਕਲਾਜ਼ ਹਟਾ ਦਿੱਤੀ ਗਈ ਹੈ ਅਤੇ ਨਵੇਂ ਸੈਕਸ਼ਨ 10 ਮੁਤਾਬਕ ਜ਼ਮੀਨ ਭੌਂ ਮਾਲਕਾਂ ਦੀ ਬਗੈਰ ਸਹਿਮਤੀ ਤੋਂ ਐਕੁਆਇਰ ਕਰ ਸਕਦੀ ਹੈ। ਦੂਸਰਾ ਜੋ ਐਕਟ 1.1.2014 ਪਾਸ ਕੀਤਾ ਹੈ, ਉਸ ਦੇ ਸੈਕਸ਼ਨ 24 ਵਿਚੋਂ ਜ਼ਮੀਨ ਸਰਕਾਰ ਨੇ 1.1.2014 ਤੋਂ ਪਿਛਲੇ ਪੰਜ ਸਾਲ ਤੋਂ ਪਹਿਲਾਂ ਪ੍ਰਾਪਤ ਕੀਤੀ ਸੀ, ਉਨ੍ਹਾਂ ਜ਼ਮੀਨਾਂ ਦਾ ਸਰਕਾਰ ਨੇ ਕਬਜ਼ਾ ਨਹੀਂ ਲਿਆ ਹੈ ਤੇ ਨਾ ਹੀ ਸਰਕਾਰ ਵੱਲੋਂ ਭੌਂ ਮਾਲਕਾਂ ਨੂੰ ਉਸ ਦਾ ਮੁਆਵਜ਼ਾ ਨਹੀਂ ਦਿੱਤਾ ਗਿਆ। ਇਸ ਤਰ੍ਹਾਂ ਜ਼ਮੀਨ ਭੌਂ ਮਾਲਕਾਂ ਨੂੰ ਵਾਪਸ ਹੋਈ ਸੀ, ਜੇ ਸਰਕਾਰ ਨੂੰ ਲੋੜ ਹੈ ਤਾਂ ਉਹ ਦੁਬਾਰਾ ਐਕੁਆਇਰ ਕਰ ਸਕਦੀ ਹੈ। ਇਹ ਸਾਡੀ ਸਰਕਾਰ ਨੇ ਪਾਸ ਕੀਤਾ ਸੀ। ਇਸ ਐਕਟ ਦੇ ਪ੍ਰੋਵੀਜ਼ਨ ਨੂੰ ਸੋਧ ਕਰਦੇ ਹੋਏ ਕਿਹਾ ਹੈ ਕਿ ਜਦੋਂ ਕਿ ਕੋਰਟ ਕੇਸ ਚਲ ਰਿਹਾ ਹੈ ਇਨ੍ਹਾਂ ਤੇ ਲਾਗੂ ਨਹੀਂ ਹੁੰਦਾ ਹੈ। ਜਿਹੜਾ ਨਵਾਂ ਐਕਟ ਹੈ, ਉਹ ਇਨ੍ਹਾਂ ਜ਼ਮੀਨਾਂ ਤੇ ਲਾਗੂ ਨਹੀਂ ਹੁੰਦਾ। ਇਸ ਤਰ੍ਹਾਂ ਨਵੇਂ ਐਕਟ ਦੇ ਚੈਪਟਰ 2 ਦੇ ਸੈਕਸ਼ਨ 10 ਦੇ ਮੁਤਾਬਿਕ Social Impact Assesment Report ਦੇ ਤਹਿਤ ਰਿਪੋਰਟ ਤਿਆਰ ਹੋਣੀ ਸੀ ਜਿਸ ਵਿੱਚ ਭੌਂ ਪ੍ਰਾਪਤ ਮਾਲਕਾਂ ਨੂੰ ਰੀਸੈਟਲ ਕਰਨਾ ਸੀ ਅਤੇ ਉਨ੍ਹਾਂ ਦਾ ਸੋਸ਼ਲ ਸਟੇਟਸ ਚੈੱਕ ਕਰਨਾ ਸੀ, ਉਹ ਪ੍ਰੋਵੀਜ਼ਨ ਹਟਾ ਦਿੱਤੀ ਗਈ ਹੈ। ਸੈਕਸ਼ਨ 10 ਵਿੱਚ ਦਰਸਾਏ ਮਹੱਤਵ ਵਾਸਤੇ ਜੋ ਜ਼ਮੀਨ ਪ੍ਰਾਪਤ ਕਰ ਸਕਦੇ ਸਨ, ਉਹ ਚੈਪਟਰ 2 ਅਤੇ 3 ਹਟਾ ਦਿੱਤੇ ਗਏ ਹਨ। ਮੈਂ ਸਮਝਦਾ ਹਾਂ ਕਿਸਾਨਾਂ ਨਾਲ ਇਸ ਤੋਂ ਵੱਡਾ ਧੋਖਾ ਨਹੀਂ ਹੋ ਸਕਦਾ ਜੋ ਕਿ ਬਾਦਲ ਸਾਹਿਬ ਦੀ ਰਹਿਨੁਮਾਈ ਥੱਲੇ ਹੋਇਆ ਹੈ। ਬਾਦਲ ਸਾਹਿਬ ਅਤੇ ਸਮੁੱਚੀ ਪਾਰਟੀ ਦਾ ਇੱਥੇ ਬਿਆਨ ਹੋਰ ਹੈ ਅਤੇ ਦਿੱਲੀ ਜਾ ਕੇ ਇਹ ਹੋਰ ਬਿਆਨ ਦਿੰਦੇ ਹਨ। ਉਦਾਹਰਣ ਦੇ ਤੌਰ ਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ 1997 ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣੀ, ਮੇਰੇ ਹਲਕੇ ਮੁਹਾਲੀ ਵਿੱਚ 76 ਤੋਂ 80 ਨਵੇਂ 5 ਸੈਕਟਰਾਂ ਵਾਸਤੇ ਜ਼ਮੀਨ ਐਕੁਆਇਰ ਕੀਤੀ

[ ਸਰਦਾਰ ਬਲਬੀਰ ਸਿੰਘ ਸਿੱਧੂ ]

ਗਈ। ਬਾਕਾਇਦਾ 24.11.2000 ਨੂੰ ਇਸ਼ਤਿਹਾਰ ਦਿੱਤਾ ਗਿਆ ਕਿ ਅਸੀਂ ਇੱਥੇ ਇੱਕ ਨਵੀਂ ਸਕੀਮ ਲੈ ਕੇ ਆਏ ਹਾਂ। ਲੋਕਾਂ ਨੂੰ ਤਿੰਨ ਮਹੀਨੇ ਦਾ ਸਮਾਂ ਅਪਲਾਈ ਕਰਨ ਲਈ ਦਿੱਤਾ ਗਿਆ। ਉਸ ਤੋਂ ਬਾਅਦ 27.3.2001 ਨੂੰ ਪਲਾਟਾਂ ਦਾ ਡਰਾਅ ਕੱਢਿਆ ਗਿਆ ਪਰੰਤੂ ਉਦੋਂ ਤੱਕ ਸਰਕਾਰ ਨੇ ਕੋਈ ਜ਼ਮੀਨ ਐਕੁਆਇਰ ਨਹੀਂ ਸੀ ਕੀਤੀ। ਕੋਈ ਐਵਾਰਡ ਨਹੀਂ ਸੀ ਸੁਣਾਇਆ। ਸਰਕਾਰ ਨੇ ਹਵਾ ਵਿੱਚ ਹੀ ਲੋਕਾਂ ਨੂੰ ਪਲਾਟ ਵੇਚ ਕੇ ਜਿੱਥੇ ਕਿਸਾਨਾਂ ਨਾਲ ਧੋਖਾ ਕੀਤਾ ਉਥੇ ਪਲਾਟ ਅਲਾਟੀਆਂ ਨਾਲ ਵੀ ਧੋਖਾ ਕੀਤਾ। ਇਹ ਜਿਹੜਾ ਨਵਾਂ ਕਾਨੂੰਨ ਬਣ ਕੇ ਆਇਆ ਹੈ, ਇਸ ਦੀ ਤਲਵਾਰ ਉਨ੍ਹਾਂ ਕਿਸਾਨਾਂ ਤੇ ਲਟਕ ਰਹੀ ਹੈ ਜਿਹੜੇ 107 ਏਕੜ ਅਤੇ 102 ਏਕੜ ਦਾ ਕੇਸ ਸੁਪਰੀਮ ਕੋਰਟ ਤੋਂ ਜਿੱਤ ਕੇ ਆਏ ਹਨ। ਦੂਸਰੇ ਪਾਸੇ ਜਿਹੜੇ ਹਜ਼ਾਰਾਂ ਪਲਾਟ ਅਲਾਟੀ ਹਨ, ਅੱਜ ਉਹ ਇਸ ਤਰ੍ਹਾਂ ਹਨ ਜਿਵੇਂ ਕਿ ਧੋਬੀ ਦਾ ਕੁੱਤਾ, ਨਾ ਘਰ ਦਾ, ਨਾ ਘਾਟ ਦਾ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੇ ਐਫ.ਸੀ.ਆਰ. ਵੱਲੋਂ 2013 ਵਿੱਚ ਇੱਕ ਸਰਕੁਲਰ ਜਾਰੀ ਕੀਤਾ ਗਿਆ ਸੀ ਅਤੇ ਪੰਜਾਬ ਦੇ ਸਮੂਹ ਵਿਭਾਗਾਂ ਨੂੰ ਜ਼ਰੂਰੀ ਕਾਰਵਾਈ ਲਈ ਭੇਜਿਆ ਗਿਆ ਹੈ। ਜੇ ਪੁੱਡਾ, ਗਮਾਡਾ ਵੱਲੋਂ ਸਮੇਂ ਸਿਰ ਅਮਲ ਕੀਤਾ ਗਿਆ ਹੁੰਦਾ ਤਾਂ ਸ਼ਾਇਦ ਅੱਜ ਉਨ੍ਹਾਂ ਕਿਸਾਨਾਂ ਨੂੰ ਅਤੇ ਪਲਾਟ ਅਲਾਟੀਆਂ ਨੂੰ ਇਨਸਾਫ ਮਿਲ ਸਕਦਾ ਸੀ । ਮੈਂ ਬਾਦਲ ਸਾਹਿਬ ਨੂੰ ਪੂਰੀ ਦੀ ਪੂਰੀ ਇਹ ਕਾਪੀ ਦੇਵਾਂਗਾ ਕਿ ਇਸ ਤੋਂ ਵੱਡਾ ਧੋਖਾ ਕਿਸਾਨਾਂ ਨਾਲ ਨਹੀਂ ਹੋ ਸਕਦਾ।

**ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ (ਸ਼੍ਰੀ ਐਨ.ਕੇ.ਸ਼ਰਮਾ) :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਬਹੁਤ ਹੀ ਸਤਿਕਾਰਯੋਗ ਮੈਂਬਰ ਸਾਹਿਬ ਲੈਂਡ ਐਕੁਜ਼ੀਸ਼ਨ ਤੇ ਬੋਲ ਰਹੇ ਹਨ। ਮੇਰਾ ਜ਼ਿਲ੍ਹਾ ਮੁਹਾਲੀ ਹੈ। ਮੇਰੇ ਹਲਕੇ ਵਿੱਚ ਸਿੰਘਪੁਰਾ ਅਤੇ ਮੁਹਾਲੀ ਵਿੱਚ ਕਾਂਗਰਸ ਦੀ ਸਰਕਾਰ ਵੇਲੇ ਜ਼ਮੀਨ ਐਕੁਆਇਰ ਹੋਈ ਸੀ। ਸਿੱਧੂ ਸਾਹਿਬ ਦੱਸਣ ਕਿ ਉਸ ਸਮੇਂ ਕਿੰਨਾ ਰੇਟ ਫਿਕਸ ਕੀਤਾ ਗਿਆ ਸੀ ? ਕਾਂਗਰਸ ਦੀ ਸਰਕਾਰ ਨੇ ਧੱਕੇ ਨਾਲ ਜ਼ਮੀਨ ਖੋਹੀ, 7-7 ਲੱਖ ਰੁਪਏ ਪ੍ਰਤੀ ਕਿੱਲੇ ਦਾ ਐਵਾਰਡ ਸੁਣਾਇਆ ਗਿਆ। ਜ਼ਿਮੀਂਦਾਰ ਕਈ ਸਾਲ ਮੁਹਾਲੀ ਅੰਦਰ ਸੜਕ ਤੇ ਧਰਨੇ ਲਗਾਉਂਦੇ ਰਹੇ, ਕਿਸੇ ਨੇ ਉਨ੍ਹਾਂ ਨੂੰ ਨਹੀਂ ਉਠਾਇਆ। ਇਹ ਸਰਦਾਰ ਪਰਕਾਸ਼ ਸਿੰਘ ਬਾਦਲ ਸਨ ਜਿਨ੍ਹਾਂ ਨੇ 840 ਏਕੜ ਜ਼ਮੀਨ ਜਿਸ ਦੀ ਕੀਮਤ 8 ਲੱਖ ਰੁਪਏ ਸੀ ਅਤੇ

ਸੁਪਰੀਮ ਕੋਰਟ ਤੋਂ ਕੇਸ ਹਾਰ ਚੁੱਕੇ ਮਾਲਕਾਂ ਨੂੰ ਜ਼ਮੀਨ ਵਾਪਸ ਕੀਤੀ। (ਥੰਪਿੰਗ) ਮੇਰੇ ਹਲਕੇ ਸਿੰਘਪੁਰੇ ਵਿੱਚ ਜ਼ਿਮੀਂਦਾਰਾਂ ਦੀ 300 ਏਕੜ ਜ਼ਮੀਨ ਕਾਂਗਰਸ ਦੀ ਸਰਕਾਰ ਨੇ 7 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਐਕੁਆਇਰ ਕੀਤੀ ਸੀ, ਉਹ ਮੁਫਤ ਵਿੱਚ ਛੱਡ ਕੇ ਵਾਪਸ ਜ਼ਿਮੀਂਦਾਰਾਂ ਨੂੰ ਦਿੱਤੀ। ਮੁਹਾਲੀ ਵਿੱਚ ਲੈਂਡ ਪੂਲਿੰਗ ਸਕੀਮ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਲਾਗੂ ਕੀਤੀ। ਅੱਜ 4-4, 5-5 ਕਰੋੜ ਰੁਪਏ ਪ੍ਰਤੀ ਕਿੱਲੇ ਉਨ੍ਹਾਂ ਨੂੰ ਲੈਂਡ ਪੂਲਿੰਗ ਸਕੀਮ ਤਹਿਤ ਮਿਲ ਰਿਹਾ ਹੈ। (ਥੰਪਿੰਗ) ਉਨ੍ਹਾਂ ਨੂੰ ਮਾਰਕੀਟ ਪਰਾਈਸ ਵੀ ਬਾਦਲ ਸਾਹਿਬ ਨੇ ਦਿੱਤੀ। ਕਾਂਗਰਸ ਦੀ ਸਰਕਾਰ ਧੱਕੇ ਨਾਲ ਜ਼ਮੀਨ ਖੋਂਹਦੀ ਰਹੀ ਹੈ ਅਤੇ ਅੱਜ ਇਹ ਗੱਲਾਂ ਕਰਦੇ ਹਨ ਕਿ ਸਕੀਮ ਮਾੜੀ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ :** ਮੈਂ ਇੱਕ ਹੀ ਗੱਲ ਮੇਰੇ ਵੀਰ ਨੂੰ ਕਹਿਣੀ ਚਾਹੁੰਦਾ ਹਾਂ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਬੜੇ ਸਿਆਣੇ ਅਤੇ ਸੁਲਝੇ ਹੋਏ ਮੁੱਖ ਮੰਤਰੀ ਹਨ। ਇਨ੍ਹਾਂ ਨੇ ਇਹ ਗੱਲ ਕਹੀ ਹੈ ਕਿ ਜ਼ਿਮੀਂਦਾਰਾਂ ਨੂੰ ਜ਼ਮੀਨ ਵਾਪਸ ਕੀਤੀ ਹੈ। ਕੀ ਹੁਣ 102 ਏਕੜ ਜ਼ਮੀਨ ਜਿਹੜੀ ਬਚਦੀ ਹੈ ਉਹ ਉਨ੍ਹਾਂ ਨੂੰ ਵਾਪਸ ਕਰਕੇ ਨਵੇਂ ਰੇਟ ਨਾਲ ਪ੍ਰਾਪਤ ਕਰਨਗੇ ਕਿ ਨਹੀਂ, ਇਸ ਗੱਲ ਦਾ ਜਵਾਬ ਦੇ ਦੇਣ। ਦੂਜੀ ਗੱਲ ਜਿਹੜੀ ਤੁਸੀਂ ਕਹਿੰਦੇ ਹੋ ਕਿ ਅਸੀਂ ਧੱਕੇ ਨਾਲ ਜ਼ਮੀਨ ਖੋਹੀ ਹੈ। ਅਸੀਂ ਨਹੀਂ ਖੋਹੀ। 76 ਤੋਂ 80 ਸੈਕਟਰ ਅਕਾਲੀ-ਬੀ.ਜੇ.ਪੀ. ਸਰਕਾਰ ਦੀ ਦੇਣ ਸੀ। ਸਾਡੀ ਸਰਕਾਰ ਨੇ, ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਫਰੀ ਹੋਲਡ ਪਾਲਿਸੀ ਬਣਾ ਕੇ ਪਿੰਡ ਚਿੱਲੇ ਵਿੱਚ ਜਿੱਥੇ ਅੱਜ ਨਾਲੇਜ ਸਿਟੀ ਬਣਿਆ ਹੋਇਆ ਹੈ, ਉਥੋਂ ਦਾ ਰੇਟ 10 ਲੱਖ ਰੁਪਏ ਤੋਂ ਵਧਾ ਕੇ 40 ਲੱਖ ਰੁਪਏ ਕੀਤਾ ਸੀ। ਉਸ ਤੋਂ ਬਾਅਦ ਜਿਹੜੇ ਮੈਗਾ ਪ੍ਰਾਜੈਕਟ ਹਨ ਅਤੇ ਜਿਹੜੇ ਐਨ.ਕੇ.ਸ਼ਰਮਾ ਜੀ ਅੱਜ ਬੋਲ ਰਹੇ ਹਨ, ਇਹ ਅਰਬਪਤੀ ਬਣੇ ਹਨ, ਇਹ ਸਾਡੀ ਸਰਕਾਰ ਦੀ ਦੇਣ ਕਾਰਨ ਬਣੇ ਹਨ, ਇਹ ਅਕਾਲੀ ਭਾਜਪਾ ਦੀ ਸਰਕਾਰ ਕਾਰਨ ਨਹੀਂ ਬਣੇ। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ।

**ਖੇਤੀਬਾੜੀ ਮੰਤਰੀ :** ** **

**Mr. Chairman :** Address to the Chair. This is no point of order.

---

**Expunged as ordered by the Chair.

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਸਰਦਾਰ ਤੋਤਾ ਸਿੰਘ ਜੀ ਨੂੰ ਦਰਦ ਹੈ। ਮੇਰੇ ਵੀਰ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਸੀ.ਐਮ. ਸਾਹਿਬ ਤੇ ਪਰੈਸ਼ਰ ਪਾਉਣ ਕਿ ਉਹ 102 ਏਕੜ ਕਿਸਾਨਾਂ ਨੂੰ ਵਾਪਸ ਦਿਵਾਉਣ ਅਤੇ ਲੋਕਾਂ ਨੂੰ ਵੀ ਪਲਾਟ ਦਿਵਾਉਣ। ਇਹ ਮੈਂ ਮੰਗ ਕਰਦਾ ਹਾਂ।

ਚੇਅਰਮੈਨ ਸਾਹਿਬ, ਇਸ ਤੋਂ ਅੱਗੇ ਸਿੱਖਿਆ ਦੀ ਗੱਲ ਕੀਤੀ ਗਈ ਹੈ ਕਿ ਇਸ ਸਾਲ ਪੰਜਾਬ ਵਿਚ 12 ਨਵੇਂ ਸਰਕਾਰੀ ਕਾਲਜ ਖੋਲ੍ਹੇ ਜਾਣਗੇ। ਇਹ ਨਵੇਂ ਖੋਲ੍ਹਣ ਦੀ ਗੱਲ ਕਰਦੇ ਹਨ ਪਰ ਪਿਛਲੇ 12 ਸਾਲਾਂ ਤੋਂ ਕਾਲਜਾਂ ਵਿੱਚ ਇਨ੍ਹਾਂ ਨੇ ਟੀਚਰ ਤਾਂ ਭਰਤੀ ਕੀਤੇ ਨਹੀਂ ਹਨ। 44 ਸਰਕਾਰੀ ਕਾਲਜਾਂ ਵਿਚ ਪ੍ਰਿੰਸੀਪਲ ਨਹੀਂ ਹਨ ਅਤੇ ਉਹ ਬਿਨਾਂ ਪ੍ਰਿੰਸੀਪਲ ਤੋਂ ਚਲ ਰਹੇ ਹਨ। ਕਾਲਜਾਂ ਵਿੱਚ 1900 ਅਸਾਮੀਆਂ ਖਾਲੀ ਪਈਆਂ ਹਨ। ਕਾਲਜਾਂ ਦੇ ਸਟਾਫ ਨੂੰ ਪਿਛਲੇ 6 ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ। ਸਾਰੇ 126 ਬਲਾਕਾਂ ਵਿਚੋਂ ਕੇਵਲ 20 ਬਲਾਕਾਂ ਵਿੱਚ ਆਦਰਸ਼ ਸਕੂਲ ਕੰਮ ਕਰ ਰਹੇ ਹਨ। ਪ੍ਰਾਇਮਰੀ ਟੀਚਰਾਂ ਦੀਆਂ 25% ਅਸਾਮੀਆਂ ਖਾਲੀ ਪਈਆਂ ਹਨ। ਕਿਤਾਬਾਂ ਦੇ ਸਕੈਂਡਲ ਬਾਰੇ ਜਿਹੜੀ ਜਿੰਦਲ ਰਿਪੋਰਟ ਹੈ, ਉਹ ਵੀ ਠੰਢੇ ਬਸਤੇ ਵਿਚ ਪਈ ਹੈ। ਐਸ.ਸੀ. ਵਿਦਿਆਰਥੀਆਂ ਨੂੰ ਕਿਤਾਬਾਂ ਅਤੇ ਵਜ਼ੀਫੇ ਨਹੀਂ ਮਿਲ ਰਹੇ ਹਨ। ਇਸ ਵੇਲੇ ਸਿੱਖਿਆ ਮੰਤਰੀ ਜੀ ਅਤੇ ਸੰਸਦੀ ਮਾਮਲੇ ਮੰਤਰੀ ਨਹੀਂ ਬੈਠੇ ਹਨ। ਇਹ ਟੀਚਰ ਤੇ ਸਟੂਡੈਂਟ ਬਣਾਉਣ ਲੱਗੇ ਹੋਏ ਹਨ। ਪੰਨਾ 3 ਤੇ ਸਿੱਖਿਆ ਵਿਭਾਗ ਬਾਰੇ ਕਹਿਣਾ ਚਾਹੁੰਦਾ ਹਾਂ ਕਿ 4900 ਪ੍ਰਾਇਮਰੀ ਟੀਚਰਾਂ, 2033 ਹੈਡ ਟੀਚਰਾਂ, 375 ਸੈਂਟਰ ਹੈਡ ਟੀਚਰਾਂ ਅਤੇ 72 ਬਲਾਕ ਸਿੱਖਿਆ ਅਫਸਰਾਂ ਦੀਆਂ ਅਸਾਮੀਆਂ ਖਾਲੀ ਹਨ। 1900 ਪ੍ਰਾਇਮਰੀ ਟੀਚਰਾਂ ਨੂੰ ਬਦਲੀਆਂ ਕਰਕੇ ਦਫਤਰਾਂ ਵਿਚ ਲਗਾਇਆ ਹੋਇਆ ਹੈ, ਉਹ ਪੜ੍ਹਾ ਨਹੀਂ ਰਹੇ ਬਲਕਿ ਦਫਤਰਾਂ ਵਿਚ ਕੰਮ ਕਰ ਰਹੇ ਹਨ। 4900 ਪ੍ਰਾਇਮਰੀ ਟੀਚਰਾਂ ਦੀ ਸਿਲੈਕਸ਼ਨ ਕਰਕੇ, ਉਨ੍ਹਾਂ ਨੂੰ ਨਿਯੁਕਤੀ ਪੱਤਰ ਨਾ ਦੇਣ ਕਰਕੇ, ਉਹ ਬੇਰੁਜ਼ਗਾਰ ਟੀਚਰ ਪਿਛਲੇ 24 ਦਿਨਾਂ ਤੋਂ ਧੂਰੀ ਹਲਕੇ ਵਿਚ ਪੈਟਰੋਲ ਦੀਆਂ ਬੋਤਲਾਂ ਲੈ ਕੇ ਪਾਣੀ ਦੀਆਂ ਟੈਂਕੀਆਂ ਉਤੇ ਚੜ੍ਹੇ ਹੋਏ ਹਨ।

ਚੇਅਰਮੈਨ ਸਾਹਿਬ, ਇਸ ਤੋਂ ਅੱਗੇ ਮੈਂ ਤੁਹਾਡੇ ਰਾਹੀਂ ਸਿਹਤ ਵਿਭਾਗ ਦੀ ਗੱਲ ਕਰਨਾ ਚਾਹੁੰਦਾ ਹਾਂ। ਸਿਹਤ ਵਿਭਾਗ ਦਾ ਇਨਾ ਬੁਰਾ ਹਾਲ ਹੈ ਕਿ ਸਿਹਤ ਵਿਭਾਗ ਦਾ ਬਜਟ ਪਿਛਲੇ ਕਈ ਸਾਲਾਂ ਤੋਂ ਉਥੇ ਹੀ ਖੜ੍ਹਾ ਹੈ। ਹਰ ਰੋਜ਼ ਸੜਕਾਂ ਤੇ ਵਧਦੇ ਹਾਦਸਿਆਂ ਦੇ ਬਾਵਜੂਦ ਟਰੌਮਾ ਸੈਂਟਰਾਂ ਦੀ ਘਾਟ ਹੈ। ਮਾਝੇ ਦੇ

ਇਲਾਕੇ ਵਿੱਚ ਕੋਈ ਵੀ ਸੁਪਰ ਸਪੈਸ਼ਲਿਟੀ ਹਸਪਤਾਲ ਨਹੀਂ ਹੈ ।

**ਸ਼੍ਰੀ ਸਭਾਪਤੀ :** ਵਾਈਂਡ-ਅੱਪ ਕਰੋ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ਮੇਰੇ 20 ਮਿੰਟ ਹਨ ਜੀ।

**ਸ਼੍ਰੀ ਸਭਾਪਤੀ :** ਤੁਹਾਡੇ ਸੀ.ਐਲ.ਪੀ. ਵੱਲੋਂ ਲਿਖ ਕੇ ਆਇਆ ਹੋਇਆ ਹੈ ਕਿ 10-10 ਮਿੰਟੇ ਦੇਣੇ ਹਨ। ਤੁਹਾਡੇ 12 ਮਿੰਟ ਹੋ ਗਏ ਹਨ।

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਸਰਕਾਰ ਦੀ ਨੀਤੀ ਦੇ ਖਿਲਾਫ ਡਾਕਟਰਾਂ ਨੇ ਸਮੂਹਿਕ ਅਸਤੀਫੇ ਦਿੱਤੇ। ਸਰਕਾਰ ਮਾਹਿਰ ਡਾਕਟਰਾਂ, ਪੈਰਾ ਮੈਡੀਕਲ ਸਟਾਫ ਅਤੇ ਨਰਸਾਂ ਦੀ ਭਰਤੀ ਨਹੀਂ ਕਰ ਸਕੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਸਵਾਈਨ-ਫਲੂ ਫੈਲਿਆ ਹੈ, ਸਿਹਤ ਮੰਤਰੀ ਜੀ ਨੇ ਬਠਿੰਡੇ ਵਿੱਚ ਆਪਣਾ ਬਿਆਨ ਦਿੱਤਾ, ਤੁਸੀਂ ਸ਼ਾਇਦ ਸਾਰਿਆਂ ਨੇ ਪੜ੍ਹਿਆ ਵੀ ਹੋਵੇਗਾ। ਇਕ ਪੱਤਰਕਾਰ ਨੇ ਪੁੱਛਿਆ ਕਿ 70 ਵਿਅਕਤੀ ਮਰ ਗਏ ਹਨ। ਤੁਸੀਂ ਇਸ ਵਾਸਤੇ ਕੀ ਕਰ ਰਹੇ ਹੋ। ਉਨ੍ਹਾਂ ਨੇ ਆਪਣੀ ਬਾਗੜੀ ਭਾਸ਼ਾ ਵਿਚ ਜਵਾਬ ਦਿੱਤਾ ਕਿ ਕਿਆ ਹੋ ਗਿਆ ਕਿ ਜੇਕਰ 50-60 ਬੰਦੇ ਮਰ ਗਏ। ਕੀ ਫਰਕ ਪੈਂਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਘਰ ਇਕ ਬੰਦੇ ਦੀ ਮੌਤ ਹੋ ਜਾਵੇ ਤਾਂ ਉਸ ਘਰ ਤੋਂ ਪੁੱਛ ਕੇ ਵੇਖੋ ਕਿ ਬੰਦੇ ਕੀ ਕੀਮਤ ਕੀ ਹੁੰਦੀ ਹੈ? (ਵਿਘਨ)

**ਸ਼੍ਰੀ ਸਭਾਪਤੀ :** ਸਿੱਧੂ ਜੀ, ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਮੈਂ ਲਿੰਕ ਸੜਕਾਂ ਦੀ ਗੱਲ ਕੀਤੀ ਹੈ। ਇਹ ਨੈਸ਼ਨਲ ਹਾਈਵੇਜ਼ ਨੂੰ ਆਪਣੇ ਖਾਤੇ ਵਿੱਚ ਪਾ ਕੇ ਆਪਣੀ ਦੱਸਣਾ ਚਾਹੁੰਦੇ ਹਨ । ਜਿਵੇਂ ਪੰਜਾਬੀ ਵਿਚ ਕਹਾਵਤ ਹੈ ਕਿ ਆਪਣੇ ਮੱਥੇ ਤੇ ਹੱਥ ਰੱਖ ਕੇ ਆਪੇ ਹੀ ਬੁੱਢ ਸੁਹਾਗਣ ਕਹਿਣਾ। ਉਸ ਨੂੰ ਆਪਣੇ ਖਾਤੇ ਵਿਚ ਪਾ ਕੇ ਦੱਸੀ ਜਾਂਦੇ ਹਨ। ਤੁਸੀਂ, ਜਾ ਕੇ ਵੇਖੋ ਕਿ ਲਿੰਕ ਸੜਕਾਂ ਦਾ ਕੀ ਹਾਲ ਹੈ? ਮੇਰੇ ਹਲਕੇ ਵਿਚ ਚਲੇ ਜਾਓ, ਕੋਈ ਸੜਕ ਪੰਜ ਕਿਲੋਮੀਟਰ ਵੀ ਠੀਕ ਨਹੀਂ। ਕਿਧਰੇ ਤਾਂ ਸੜਕਾਂ ਦਾ ਨਾਂ ਹੀ ਹੈ ਨਹੀਂ। ..(ਵਿਘਨ)

**ਸ਼੍ਰੀ ਸਭਾਪਤੀ :** ਕਿਰਪਾ ਕਰਕੇ ਵਾਈਂਡ-ਅੱਪ ਕਰੋ।

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਮੈਂ ਪ੍ਰਾਪਰਟੀ

[ ਸਰਦਾਰ ਬਲਬੀਰ ਸਿੰਘ ਸਿੱਧੂ ]

ਟੈਕਸ ਦੀ ਗੱਲ ਕਰਨੀ ਚਾਹੁੰਦਾ ਹਾਂ । ਇੱਕ ਪਾਸੇ ਅਸੀਂ ਪ੍ਰਾਪਰਟੀ ਟੈਕਸ ਫੌਜੀਆਂ ਨੂੰ ਮਾਫ ਕੀਤਾ ਹੈ । ਜਿਹੜੇ ਐਕਸ ਸਰਵਿਸਮੈਨ ਹਨ, ਉਨ੍ਹਾਂ ਨੂੰ ਪ੍ਰਾਪਰਟੀ ਟੈਕਸ ਤੋਂ ਛੋਟ ਦਿੱਤੀ ਗਈ ਹੈ । ਬਾਦਲ ਸਾਹਿਬ, ਨੋਟ ਕਰਨ ਵਾਲਾ ਪੁਆਇੰਟ ਹੈ । ਜੇਕਰ ਉਸ ਫੌਜੀ ਅਫਸਰ ਨੇ ਆਪਣੇ ਪਲਾਟ ਦੀ ਮਲਕੀਅਤ ਵਿੱਚ ਆਪਣੀ ਵਾਈਫ ਦਾ ਨਾਂ ਪੁਆ ਲਿਆ ਹੈ, ਉਸ ਨੂੰ ਪ੍ਰਾਪਰਟੀ ਟੈਕਸ ਤੋਂ ਮਾਫੀ ਨਹੀਂ ਹੈ ਤੇ ਉਸ ਨੂੰ ਆਪਣੇ ਹਿੱਸੇ ਦਾ ਪ੍ਰਾਪਰਟੀ ਟੈਕਸ ਭਰਨਾ ਪੈ ਰਿਹਾ ਹੈ ਜੋ ਕਿ ਮਾਫ ਕਰਨਾ ਬਣਦਾ ਹੈ। ਇਸ ਦੇ ਨਾਲ ਸਾਡੇ ਸਾਬਕਾ ਫੌਜੀਆਂ ਦੀਆਂ ਵਿਧਵਾਵਾਂ ਦੀਆਂ ਮੁਸ਼ਕਲਾਂ ਵੀ ਬੜੀ ਤੇਜ਼ੀ ਨਾਲ ਵੱਧ ਰਹੀਆਂ ਹਨ ਪਰ ਸਰਕਾਰ ਵੱਲੋਂ ਉਨ੍ਹਾਂ ਲਈ ਕੋਈ ਰਾਹਤ ਨਹੀਂ ਦਿੱਤੀ ਗਈ ।

ਇਸੇ ਤਰ੍ਹਾਂ ਸਾਡੇ ਡਿਪਟੀ ਸੀ. ਐਮ. ਸਾਹਿਬ ਕਹਿੰਦੇ ਹਨ, ਲੋਕਪਾਲ ਦੀ ਕੋਈ ਜ਼ਰੂਰਤ ਹੀ ਨਹੀਂ ਹੈ । ਗਰੀਬ ਪਰਿਵਾਰਾਂ ਦੇ ਨੌਜਵਾਨਾਂ ਨੂੰ 1000 ਰੁਪਿਆ ਮਾਸਿਕ ਭੱਤਾ ਦੇਣ ਦੀ ਗੱਲ ਕੀਤੀ ਸੀ । ਪੈਨਸ਼ਨਾਂ ਬਾਰੇ 250/- ਰੁਪਏ ਤੋਂ 500/- ਰੁਪਏ ਕਰਨ ਬਾਰੇ ਗੱਲ ਕੀਤੀ ਸੀ ਪਰ 500/- ਰੁਪਿਆ ਤਾਂ ਕੀ ਦੇਣਾ ਸੀ, 250/- ਰੁਪਿਆ ਵੀ ਨਹੀਂ ਦਿੱਤਾ । ਅਸੀਂ 250/- ਰੁਪਿਆ ਵੀ ਨਹੀਂ ਦੇ ਸਕੇ । ਲੁਧਿਆਣਾ ਮੈਟਰੋ ਸਟੇਸ਼ਨ ਤੇ ਏਅਰਪੋਰਟ ਦੇ ਨਾਲ ਰੈਪਿਡ ਟਰਾਂਸਪੋਰਟ ਸਿਸਟਮ ਲਾਗੂ ਕਰਨ ਦੀ ਗੱਲ ਕੀਤੀ ਸੀ ਪਰ ਉਹ ਸਭ ਕੁਝ ਕਿੱਥੇ ਗਿਆ, ਸਭ ਕੁਝ ਹਵਾਈ ਹੋ ਗਿਆ । ਸਵਾਮੀਨਾਥਨ ਕਮੇਟੀ ਦੀ ਰਿਪੋਰਟ ਅਨੁਸਾਰ ਘੱਟੋ ਘੱਟ ਜਿਣਸਾਂ ਦੀ ਕੀਮਤ ਮਿੱਥਣੀ ਸੀ ਤਾਂ ਸਰਕਾਰ ਕੇਂਦਰ ਸਰਕਾਰ ਨੂੰ ਰੋਕਣ ਤੋਂ ਅਸਮਰਥ ਰਹੀ । ਭੂਮੀ ਗ੍ਰਹਿਣ ਬਿਲ ਪਾਸ ਹੋ ਗਿਆ, ਇਸ ਬਾਰੇ ਪਹਿਲਾਂ ਦੱਸ ਹੀ ਦਿੱਤਾ ਗਿਆ ਹੈ । ਮਹਿੰਗਾਈ ਭੱਤੇ ਦੀ ਕਿਸ਼ਤ ਬਾਰੇ ਖਜ਼ਾਨਾ ਮੰਤਰੀ ਜੀ ਨੇ ਜੁਲਾਈ 2015 ਤੋਂ 2014 ਵਾਲੀ 7 ਪਰਸੈਂਟ ਡੀ. ਏ. ਦੀ ਕਿਸ਼ਤ ਦੇਣ ਦਾ ਐਲਾਨ ਕੀਤਾ ਸੀ ।

**ਸ਼੍ਰੀ ਸਭਾਪਤੀ :** ਵਾਈਂਡ ਅੱਪ ਕਰੋ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਦੋ ਮਿੰਟ ਜੀ । ਖਜ਼ਾਨਾ ਮੰਤਰੀ ਜੀ ਨੇ 1 ਜਨਵਰੀ, 2014 ਤੋਂ ਲੈ ਕੇ ਸਤੰਬਰ, 2014 ਜਿਹੜਾ ਨੌਂ ਮਹੀਨਿਆਂ ਦਾ ਵਕਫਾ ਹੈ, ਉਸ ਦਾ ਕੋਈ ਜ਼ਿਕਰ ਹੀ ਨਹੀਂ ਹੈ । ਉਸ ਤੋਂ ਬਾਅਦ ਅਗਲੇ ਜੁਲਾਈ, 2014 ਤੋਂ ਫਰਵਰੀ, 2015 ਤੱਕ ਦੇ ਡਿਊਜ਼ ਬਾਰੇ ਸਰਕਾਰ ਚੁੱਪ ਕਿਉਂ ਹੈ ? ਇਸ ਬਾਰੇ ਕੀ ਸਰਕਾਰ ਕੋਈ ਜਵਾਬ ਦੇਵੇਗੀ ? ਮੈਂ ਸੀ. ਐਮ.

ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜ਼ਰੂਰ ਇਸ ਬਾਰੇ ਵੀ ਧਿਆਨ ਦਿੱਤਾ ਜਾਵੇ । ਪੈਨਸ਼ਨਰਜ਼ ਜਥੇਬੰਦੀਆਂ ਨੇ ਆ ਕੇ ਦੱਸਿਆ ਹੈ ਕਿ ਉਹ 17 ਮਹੀਨਿਆਂ ਦੀਆਂ ਦੋਵੇਂ ਬਕਾਇਆ ਡੀ. ਏ. ਦੀਆਂ ਕਿਸ਼ਤਾਂ ਉਡੀਕ ਰਹੇ ਹਨ । ਇਹ ਕਿਸ਼ਤ ਉਡੀਕਦਿਆਂ ਹਜ਼ਾਰਾਂ ਪੈਨਸ਼ਨਰਜ਼ ਰੱਬ ਨੂੰ ਪਿਆਰੇ ਹੋ ਗਏ ਹਨ ।

**Mr. Chairman :** Thanks.

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਇੱਕ ਮਿੰਟ ਸਾਨੂੰ ਲਗਾ ਲੈਣ ਦਿਓ । ਜਦੋਂ ਸਾਹਮਣੇ ਵਾਲੇ ਪਾਸੇ ਵੀਰ ਬੋਲਦੇ ਹਨ, ਉਦੋਂ ਤੁਸੀਂ ਕੁਝ ਬੋਲਦੇ ਨਹੀਂ ਹੋ ।

**ਸ਼੍ਰੀ ਸਭਾਪਤੀ :** ਮੈਂ ਤੁਹਾਨੂੰ 15 ਮਿੰਟ ਦੇ ਚੁੱਕਾ ਹਾਂ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਹਜ਼ਾਰਾਂ ਟੀਚਰਾਂ, ਕੰਪਿਊਟਰ ਟੀਚਰਾਂ, ਡੀ. ਸੀ. ਦਫਤਰ ਦੇ ਮੁਲਾਜ਼ਮਾਂ ਨੂੰ ਵੀ ਈਵਨ ਜਿਹੜਾ ਇਹ ਡਿਸਟ੍ਰਿਕਟ ਦਾ ਹੈੱਡਕੁਆਰਟਰ ਹੁੰਦਾ ਹੈ, ਉਨ੍ਹਾਂ ਨੂੰ ਪੰਜ-ਪੰਜ ਮਹੀਨੇ ਤੋਂ ਤਨਖਾਹ ਨਹੀਂ ਮਿਲੀ ਤੇ ਸਰਕਾਰ ਕਹਿ ਰਹੀ ਹੈ ਕਿ ਬਹੁਤ ਬੱਲੇ ਬੱਲੇ ਕਰਵਾਈ ਪਈ ਹੈ । ਇਹ ਕਹਿੰਦੇ ਹਨ ਕਿ ਪੰਜਾਬ ਤਾਂ ਪਹਿਲੇ ਨੰਬਰ ਤੇ ਜਾ ਰਿਹਾ ਹੈ ਪਰ ਪੰਜਾਬ ਤਾਂ ਸਤਾਰ੍ਹਵੇਂ-ਅਠਾਰ੍ਹਵੇਂ ਨੰਬਰ ਤੇ ਹੈ । ਅੱਜ ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਾਈ ਚਾਂਸ 2014 ਵਿੱਚ ਖਜ਼ਾਨਾ ਮੰਤਰੀ ਜੀ ਨੇ ਜੁਆਇੰਟ ਪੈਨਸ਼ਨਰਜ਼ ਫਰੰਟ ਦੀਆਂ ਸੱਤ ਮੰਗਾਂ ਮੰਨ ਲਈਆਂ ਸਨ ਪਰ ਹੁਣ ਤੱਕ ਇੱਕ ਵੀ ਮੰਗ ਲਾਗੂ ਨਹੀਂ ਕੀਤੀ ਗਈ । ਇਸ ਕਾਰਨ ਹਜ਼ਾਰਾਂ ਪੈਨਸ਼ਨਰਾਂ ਨੇ ਸੰਗਰੂਰ ਵਿੱਚ ਖਜ਼ਾਨਾ ਮੰਤਰੀ ਜੀ ਦੇ ਘਰ ਦਾ ਘਿਰਾਓ ਕੀਤਾ ਔਰ ਹਜ਼ਾਰਾਂ ਰੋਡਵੇਜ਼ ਦੇ ਮੁਲਾਜ਼ਮਾਂ ਨੇ ਸ਼ਾਹਕੋਟ ਜਾ ਕੇ, ਸਾਡੇ ਮੰਤਰੀ ਸਾਹਿਬ ਸੁੱਤੇ ਪਏ ਹਨ, ਮੈਂ ਥੋੜ੍ਹਾ ਜਗਾ ਦਿੰਦਾ ਹਾਂ.......... ।

**Mr. Chairman :** Thanks, now K.D. Bhandari Ji.

**ਸਰਦਾਰ ਬਲਬੀਰ ਸਿੰਘ ਸਿੱਧੂ :** ਦੋ ਮਿੰਟ ਦੇ ਦਿਓ । ਮੁੱਖ ਮੰਤਰੀ ਸਾਹਿਬ ਨੇ ਠੇਕੇ ਤੇ ਆਧਾਰ ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਰੈਗੂਲਰ ਨਾ ਕਰਨ ਤੇ ਛੇਵਾਂ ਤਨਖਾਹ ਕਮਿਸ਼ਨ ਲਾਗੂ ਨਾ ਕਰਨ ਕਰਕੇ ਸਾਰੇ ਪੰਜਾਬ ਵਿੱਚ ਮੁਲਾਜ਼ਮ ਮੁਜ਼ਾਹਰਾ ਕਰ ਰਹੇ ਹਨ ।

**ਸ਼੍ਰੀ ਸਭਾਪਤੀ :** ਹਾਂ ਜੀ, ਭੰਡਾਰੀ ਜੀ । ਸਿੱਧੂ ਜੀ, ਤੁਸੀਂ ਹੁਣ ਬੈਠੋ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਮੈਂ ਇਸ ਗਵਰਨਰ ਐਡਰੈਸ ਨੂੰ ਰੱਦ ਕਰਦਾ ਹਾਂ ।

**ਸ਼੍ਰੀ ਸਭਾਪਤੀ :** ਸ਼੍ਰੀ ਕੇ. ਡੀ. ਭੰਡਾਰੀ ਜੀ । (ਵਿਘਨ) ਤੁਹਾਨੂੰ 18 ਮਿੰਟ ਦਿੱਤੇ ਜਾ ਚੁੱਕੇ ਹਨ ।

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ (ਸ਼੍ਰੀ ਕੇ. ਡੀ. ਭੰਡਾਰੀ) :** ਚੇਅਰਮੈਨ ਸਾਹਿਬ, ਤੁਹਾਡਾ ਧੰਨਵਾਦ, ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਸਮਾਂ ਦਿੱਤਾ ਹੈ ਜੋ ਬੀਬੀ ਜਗੀਰ ਕੌਰ ਜੀ ਨੇ ਪੇਸ਼ ਕੀਤਾ ਸੀ, ਮੈਂ ਉਸ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ । ਚੇਅਰਮੈਨ ਸਾਹਿਬ, ਪਿਛਲੇ ਅੱਠ ਸਾਲਾਂ ਤੋਂ ਬਾਦਲ ਸਾਹਿਬ ਦੀ ਸਰਕਾਰ ਬਹੁਤ ਹੀ ਵਧੀਆ ਤਰੀਕੇ ਨਾਲ ਪੰਜਾਬ ਵਿੱਚ ਆਪਣਾ ਕਾਰ-ਵਿਹਾਰ ਕਰ ਰਹੀ ਹਾਂ ਔਰ ਮੈਂ ਇਸ ਨਾਲ ਬੜਾ ਮਾਣ ਮਹਿਸੂਸ ਕਰਦਾ ਹਾਂ ਕਿ ਹਿੰਦੁਸਤਾਨ ਦੇ ਲੋਕਾਂ ਨੇ 16 ਮਈ, 2014 ਨੂੰ ਜਿਹੜਾ ਲੋਕ ਸਭਾ ਚੁਨਾਵ ਦਾ ਰਿਜ਼ਲਟ ਆਇਆ, ਉਸ ਵਿੱਚ ਸਾਨੂੰ ਫਤਵਾ ਦਿੱਤਾ ਸੀ । ਹਿੰਦੁਸਤਾਨ ਦੇ ਲੋਕਾਂ ਨੇ ਜ਼ਾਤ-ਪਾਤ, ਮਜ਼ਹਬ ਨੂੰ ਪਰ੍ਹੇ ਕੀਤਾ ਤੇ ਚੰਨੀ ਸਾਹਿਬ ਜਿਵੇਂ ਹੁਣ ਗੱਲ ਕਰ ਰਹੇ ਸਨ, ਇਸ ਦਾ ਮੈਨੂੰ ਬਹੁਤ ਦੁਖ ਲੱਗਦਾ ਹੈ ਕਿ ਬਾਦਲ ਸਾਹਿਬ ਬਾਰੇ, ਇੰਨੇ ਵੱਡੇ ਸਿਆਸਤਾਨ ਨੂੰ ਇਹ ਕਹਿ ਕੇ ਆਪਣੇ ਤੇ ਹੀ ਤੁਹਮਤ ਲਗਾਈ ਹੈ ਜਿਨ੍ਹਾਂ ਦੇ ਮਨ ਵਿੱਚ ਕੋਈ ਜ਼ਾਤ ਨਹੀਂ, ਕੋਈ ਪਾਤ ਨਹੀਂ, ਕੋਈ ਮਜ਼ਹਬ ਨਹੀਂ, ਕੋਈ ਫਿਰਕਾ ਨਹੀਂ, ਕੋਈ ਪਾਰਟੀ ਨਹੀਂ ਤੇ ਤੁਸੀਂ ਉਨ੍ਹਾਂ ਨੂੰ ਇਹ ਗੱਲ ਕਹੀ ਕਿ ਬਾਦਲ ਸਾਹਿਬ ਦਲਿਤਾਂ ਦੇ ਮਸਲਿਆਂ ਤੇ ਗੱਲ ਨਹੀਂ ਕਰਦੇ । ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਵੱਲੋਂ ਬਾਬਾ ਮੋਤੀ ਰਾਮ ਮਹਿਰਾ ਸਮਾਰਕ, ਸ਼੍ਰੀ ਫਤਿਹਗੜ੍ਹ ਸਾਹਿਬ ਵਿਖੇ ਬਣਵਾਇਆ ਜਾ ਰਿਹਾ ਹੈ। ਇਹ ਬੈਕਵਰਡ ਕਲਾਸ ਨੂੰ ਬਿਲਾਂਗ ਕਰਦੇ ਸੀ। ਖੁਰਾਲਗੜ੍ਹ ਵਿੱਚ ਸ਼੍ਰੀ ਗੁਰੂ ਰਵੀਦਾਸ ਮਹਾਰਾਜ ਜੀ ਦਾ ਸਮਾਰਕ ਬਣ ਰਿਹਾ ਹੈ। ਬਾਲਮੀਕੀ ਤੀਰਥ ਆਸ਼ਰਮ ਅੰਮ੍ਰਿਤਸਰ ਦੇ ਵਿੱਚ ਹੈ, ਉਹ ਵੀ ਦਲਿਤ ਸਮਾਜ ਨੂੰ ਬਿਲਾਂਗ ਕਰਦੇ ਹਨ। ਵਿਵੇਕਾਨੰਦ ਸਮਾਰਕ ਔਰ ਸਿੱਖ ਸਮਾਜ ਵਾਸਤੇ ਕਿੰਨੇ ਸਮਾਰਕ ਬਣੇ ਹਨ, ਇਹ ਤੁਹਾਨੂੰ ਦੱਸਣ ਦੀ ਲੋੜ ਨਹੀਂ। ਲੇਕਿਨ ਅੱਜ ਜੋ ਗੱਲ ਤੁਸੀਂ ਬਾਦਲ ਸਾਹਿਬ ਬਾਰੇ ਕਹੀ ਹੈ, ਇਹ ਮੇਰੇ ਮਨ ਨੂੰ ਬਹੁਤ ਵੱਡੀ ਚੋਟ ਪਹੁੰਚੀ ਹੈ। ਹਿੰਦੁਸਤਾਨ ਦੇ ਲੋਕਾਂ ਨੇ 2014 ਵਿੱਚ ਤੁਹਾਨੂੰ ਦਿਖਾ ਦਿੱਤਾ ਕਿ ਕਾਂਗਰਸ ਪਾਰਟੀ

ਦੀ ਕੀ ਸੋਚ ਹੈ। ਉਨ੍ਹਾਂ ਨੇ ਤੁਹਾਨੂੰ 44 ਸੀਟਾਂ ਤੇ ਸਮੇਟ ਕੇ ਰੱਖ ਦਿੱਤਾ। ਜੋ ਮੋਦੀ ਸਾਹਿਬ ਨੇ ਕਿਹਾ ਸੀ ਕਿ ਹਿੰਦੁਸਤਾਨ ਨੂੰ ਅਸੀਂ ਕਾਂਗਰਸ ਮੁਕਤ ਕਰਨਾ ਹੈ, ਚਾਰ ਸਟੇਟਾਂ ਵਿੱਚ ਉਸ ਤੋਂ ਬਾਅਦ ਚੋਣ ਹੋਈ। ਝਾਰਖੰਡ, ਹਰਿਆਣਾ, ਮਹਾਂਰਾਸ਼ਟਰ, ਜੇ. ਐਂਡ ਕੇ., ਤੁਹਾਡਾ ਸੁਪੜਾ ਸਾਫ ਹੋ ਗਿਆ। ਸਰਕਾਰਾਂ ਕਿਨ੍ਹਾਂ ਦੀਆਂ ਬਣੀਆਂ ਹਨ, ਉਨ੍ਹਾਂ ਲੋਕਾਂ ਦੀਆਂ ਬਣੀਆਂ ਹਨ, ਜਿਨ੍ਹਾਂ ਦੀ ਕਥਨੀ ਅਤੇ ਕਰਨੀ ਵਿੱਚ ਕੋਈ ਫਰਕ ਨਹੀਂ ਹੈ। ਹਿੰਦੁਸਤਾਨ ਦੇ ਲੋਕਾਂ ਨੇ ਉਸ ਕਰਮਸ਼ੀਲ ਇਨਸਾਨ ਨੂੰ ਹਿੰਦੁਸਤਾਨ ਦੀ ਗੱਦੀ ਦਿੱਤੀ, ਜਿਸ ਦੇ ਮਨ ਦੀ ਸੋਚ ਹੈ ਕਿ ਅਸੀਂ ਹਿੰਦੁਸਤਾਨ ਨੂੰ ਸੁਪਰ ਪਾਵਰ ਬਣਾਉਣਾ ਹੈ। ਮੈਂ ਹਿੰਦੁਸਤਾਨ ਨੂੰ ਸੋਨੇ ਦੀ ਚਿੜੀਆ ਬਣਾਉਣਾ ਹੈ। ਮੈਂ ਹਿੰਦੁਸਤਾਨ ਨੂੰ ਵਿਸ਼ਵ ਗੁਰੂ ਬਣਾਉਣਾ ਹੈ। ਉਸ ਇਨਸਾਨ, ਮੋਦੀ ਜੀ ਨੂੰ ਜ਼ੁੰਮੇਵਾਰੀ ਸੌਂਪੀ ਹੈ। ਮੈਂ ਇਸ ਗੱਲ ਦਾ ਬੜਾ ਮਾਣ ਮਹਿਸੂਸ ਕਰਦਾ ਹਾਂ ਕਿ ਉਸ ਪ੍ਰਧਾਨ ਮੰਤਰੀ, ਮੋਦੀ ਸਾਹਿਬ ਨੇ ਜਿਹੜੀ ਗੰਗਾ ਆਰਤੀ ਕੀਤੀ, ਅੱਜ ਤੱਕ ਕਿਸੇ ਪ੍ਰਧਾਨ ਮੰਤਰੀ ਨੇ ਉਥੇ ਜਾ ਕੇ ਘੰਟਾ ਭਰ ਗੰਗਾ ਮਾਂ ਦੀ ਆਰਤੀ ਨਹੀਂ ਕੀਤੀ। ਗੰਗਾ ਸਾਡੀ ਮਾਂ ਹੈ। ਅਸੀਂ ਮਾਂ ਵਾਂਗ ਪੂਜਦੇ ਹਾਂ। ਸਾਡੀ ਸੰਸਕ੍ਰਿਤੀ ਨੂੰ ਪੂਰੇ ਵਿਸ਼ਵ ਦੇ ਵਿੱਚ ਮੋਦੀ ਸਾਹਿਬ ਨੇ ਪ੍ਰਦਰਸ਼ਤ ਕੀਤਾ ਹੈ, ਸਾਨੂੰ ਇਸ ਗੱਲ ਦਾ ਬੜਾ ਮਾਣ ਹੋਣਾ ਚਾਹੀਦਾ ਹੈ। ਨਿਪਾਲ ਵਿੱਚ ਜਾ ਕੇ ਸ਼ੰਕਰ ਭਗਵਾਨ ਦੀ ਅਰਾਧਨਾ ਕੀਤੀ। ਕਾਂਸ਼ੀ ਮੰਦਰ ਜਾ ਕੇ ਸ਼ੰਕਰ ਭਗਵਾਨ ਦੀ ਅਰਾਧਨਾ ਕੀਤੀ। ਮੈਡੀਸਨ ਸਕਵੇਅਰ ਗਾਰਡਨ, ਅਮਰੀਕਾ ਵਿੱਚ ਗਏ । (ਵਿਘਨ) ਉਹ ਪੰਜਾਬ ਵੀ ਆਉਣਗੇ .....(ਵਿਘਨ).... ਅੱਛੇ ਦਿਨ ਆ ਗਏ ਹਨ। 11 ਕਰੋੜ 50 ਲੱਖ ਬੰਦਿਆਂ ਦੇ ਜਨ ਧਨ ਅਕਾਊਂਟ ਖੋਲ੍ਹੇ ਗਏ ...(ਵਿਘਨ)...ਉਨ੍ਹਾਂ ਰਿਕਸ਼ਾ ਵਾਲਿਆਂ ਦੇ, ਉਨ੍ਹਾਂ ਆਟੋ ਵਾਲਿਆਂ ਦੇ ....(ਵਿਘਨ).... 11 ਕਰੋੜ 50 ਲੱਖ ਬੰਦਿਆਂ ਦੇ ਅਕਾਊਂਟ ਖੁਲ੍ਹ ਗਏ ....(ਵਿਘਨ)....

**ਸ਼੍ਰੀ ਸਭਾਪਤੀ :** ਆਪਸ ਵਿੱਚ ਬਹਿਸ ਨਹੀਂ ਕਰਨੀ ...(ਵਿਘਨ).... ਪਲੀਜ਼, ਬੈਠ ਜਾਓ।

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਸ੍ਰੀ ਹਰਿਮੰਦਰ ਸਾਹਿਬ ਸਭ ਦਾ ਅਸਥਾਨ ਹੈ, ਉਹ ਉਥੇ ਆਉਣਗੇ। ਉਹ ਪੰਜਾਬ ਵਿੱਚ ਵੀ ਆਉਣਗੇ।

**Mr. Chairman :** Bhandari Sahib, Address to the Chair. ਚੇਅਰ ਨੂੰ ਐਡਰੈਸ ਕਰੋ।

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਤੁਹਾਨੂੰ ਸਾਰਿਆਂ ਨੂੰ ਪਤਾ ਹੋਣਾ ਚਾਹੀਦਾ ਹੈ। ...(ਵਿਘਨ)

**Mr. Chairman :** Bhandari Sahib, address to the Chair

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਅੱਜ ਜਿਸ ਮੁਲਕ ਦੇ ਪ੍ਰਧਾਨ ਮੰਤਰੀ ਨੇ ਹਿੰਦੁਸਤਾਨ ਨੂੰ ਵਿਸ਼ਵ ਸਤਰ ਤੇ ਪਹੁੰਚਾ ਦਿੱਤਾ, ਉਨ੍ਹਾਂ ਨੂੰ ਅਮਰੀਕਾ ਕਹਿੰਦਾ ਸੀ ਕਿ ਮੈਂ ਵੀਜ਼ਾ ਨਹੀਂ ਦੇਣਾ ਤੇ ਹੁਣ ਉਹੀ ਅਮਰੀਕਾ ਹੈ ਕਿ ਵਾਈਟ ਹਾਊਸ ਵਿੱਚ ਜਾ ਕੇ ਉਨ੍ਹਾਂ ਦਾ ਸਤਿਕਾਰ ਹੋ ਰਿਹਾ ਹੈ ....(ਵਿਘਨ)....

**ਸਰਦਾਰ ਚਰਨਜੀਤ ਸਿੰਘ ਚੰਨੀ :** ਚੇਅਰਮੈਨ ਸਾਹਿਬ, ਉਹ ਚਾਰ ਵਾਰ ਪੰਜਾਬ ਵਿੱਚ ਆਏ ਹਨ ਪਰ ਇੱਕ ਵਾਰ ਵੀ ਸ੍ਰੀ ਹਰਿਮੰਦਰ ਸਾਹਿਬ ਨਹੀਂ ਗਏ ....(ਵਿਘਨ)....

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਉਹ ਆਉਣਗੇ। ....(ਵਿਘਨ).... ਸਾਰੇ ਉਥੇ ਜਾ ਕੇ ਨਤਮਸਤਕ ਹੁੰਦੇ ਹਨ, ਉਹ ਜ਼ਰੂਰ ਆਉਣਗੇ ....(ਵਿਘਨ).... ਤੁਸੀਂ ਬੈਠੋ, ਉਹ ਆਉਣਗੇ । ....(ਵਿਘਨ)....

**ਸ਼੍ਰੀ ਸਭਾਪਤੀ :** ਪਲੀਜ਼, ਬੈਠ ਜਾਓ ....(ਵਿਘਨ).... Bhandari ji, please address to the Chair. ਇਧਰ ਮੇਰੇ ਨਾਲ ਗੱਲ ਕਰੋ।

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਮੈਂ ਉਧਰ ਹੀ ਗੱਲ ਕਰ ਰਿਹਾ ਹਾਂ। ਤੁਹਾਨੂੰ ਮੈਂ ਸੁਣਾ ਰਿਹਾ ਸੀ ਜੋ ਚੰਨੀ ਸਾਹਿਬ ਨੇ ਸੀ.ਐਮ. ਸਾਹਿਬ ਬਾਰੇ ਕਿਹਾ ਹੈ ...

**ਸ਼੍ਰੀ ਸਭਾਪਤੀ :** ਚੇਅਰ ਨੂੰ ਐਡਰੈਸ ਕਰੋ, address to the Chair.

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਮੈਂ ਜਵਾਬ ਦੇ ਰਿਹਾ ਸੀ ਕਿ ਐਸੇ ਨੇਕ ਇਨਸਾਨ ਨੂੰ ਜਿਹੜੀ ਤੁਸੀਂ ਇਹ ਗੱਲ ਕਹੀ ਹੈ, ਤੁਹਾਨੂੰ ਪੰਜਾਬ ਦੇ ਲੋਕਾਂ ਨੇ ਮੁਆਫ ਨਹੀਂ ਕਰਨਾ।

**ਸ਼੍ਰੀ ਸਭਾਪਤੀ :** ਵਿਦਾਊਟ ਪਰਮਿਸ਼ਨ ਜੋ ਕੋਈ ਬੋਲਦਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਮੈਂ ਇਸ ਗੱਲ ਦਾ ਮਾਣ

ਮਹਿਸੂਸ ਕਰਦਾ ਹਾਂ ਕਿ ਮੋਦੀ ਸਾਹਿਬ ਨੇ ਅੱਜ ਪੂਰੇ ਗਲੋਬ ਵਿੱਚ ਹਿੰਦੁਸਤਾਨ ਨੂੰ ਪ੍ਰਦਰਸ਼ਿਤ ਕੀਤਾ ਹੈ। ਉਹ ਅਮਰੀਕਾ ਗਏ, ਆਸਟਰੇਲੀਆ ਗਏ। (ਵਿਘਨ)

**ਸ਼੍ਰੀ ਸਭਾਪਤੀ :** ਪਲੀਜ਼, ਬੈਠ ਜਾਓ। ਇੱਕ ਸੈਕਿੰਡ, ਭੰਡਾਰੀ ਜੀ, ਪੁਆਇੰਟ ਆਫ ਆਰਡਰ ਹੈ। ਇੱਕ ਮਿੰਟ।

**ਸਰਦਾਰ ਸਾਧੂ ਸਿੰਘ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ। ** **

**Mr. Chairman :** No Point of Order. ਪਲੀਜ਼, ਬੈਠ ਜਾਓ address to the Chair. ਹਾਂ ਜੀ, ਭੰਡਾਰੀ ਜੀ, ਬੋਲੋ ਜੀ।

**ਮੁੱਖ ਮੰਤਰੀ :** ਚੇਅਰਮੈਨ ਸਾਹਿਬ, ਇਥੇ ਸਾਹਮਣੇ ਵੀਰਾਂ ਨੇ ਜ਼ਿਕਰ ਕੀਤਾ ਹੈ ਕਿ ਮੋਦੀ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਨਹੀਂ ਆਏ, ਮੈਨੂੰ ਹੁਣੇ ਸਲਿਪ ਮਿਲੀ ਹੈ ਕਿ 23 ਤਾਰੀਖ ਨੂੰ ਪ੍ਰਧਾਨ ਮੰਤਰੀ ਜੀ ਖੱਟਕੜ ਕਲਾਂ ਵੀ ਆ ਰਹੇ ਹਨ ਅਤੇ ਸ੍ਰੀ ਅੰਮ੍ਰਿਤਸਰ ਵੀ ਆ ਰਹੇ ਹਨ। (ਰੂਲਿੰਗ ਪਾਰਟੀ ਵੱਲੋਂ ਥੰਪਿੰਗ)

**ਸ਼੍ਰੀ ਸਭਾਪਤੀ :** ਬਹੁਤ ਵਧੀਆ ਹੈ। ਹਾਂ ਜੀ, ਭੰਡਾਰੀ ਜੀ।

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਚੰਨੀ ਸਾਹਿਬ, ਤੁਹਾਡੇ ਮਨ ਦੀ ਮੁਰਾਦ ਪੂਰੀ ਹੋ ਗਈ ਹੈ। ਤੁਸੀਂ ਗੱਲ ਕਰਦੇ ਸੀ ਤੇ ਤੁਹਾਡੇ ਮਨ ਦੀ ਮੁਰਾਦ ਪੂਰੀ ਹੋ ਗਈ ਹੈ। (ਵਿਘਨ)

**ਸਰਦਾਰ ਬਲਬੀਰ ਸਿੰਘ ਸਿੱਧੂ :** ** **

**ਸ਼੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਹਾਂ ਜੀ, ਭੰਡਾਰੀ ਜੀ।

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ** : ਇਹ ਤਾਂ ਉਨ੍ਹਾਂ ਨਾਲ ਬਾਦਲ ਸਾਹਿਬ ਦਾ ਪਿਆਰ ਹੈ। ਬਹੁਤ ਪਿਆਰ ਹੈ, ਤੁਹਾਨੂੰ ਨਜ਼ਾਰਾ ਆਵੇਗਾ।

**Mr. Chairman :** Address to the Chair.

---

**Expunged as ordered by the Chair.

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਮੈਂ ਧੰਨਵਾਦ ਕਰਦਾ ਹਾਂ ਸ਼੍ਰੀ ਅਰੁਣ ਜੇਤਲੀ ਸਾਹਿਬ ਦਾ ਜਿਨ੍ਹਾਂ ਨੇ ਬਜਟ ਵਿੱਚ ਜਿਹੜੀਆਂ ਸਾਨੂੰ ਪੰਜਾਬ ਨੂੰ ਗਰਾਂਟਾਂ ਦਿੱਤੀਆਂ ਹਨ, ਸ਼੍ਰੀ ਅੰਮ੍ਰਿਤਸਰ ਸਾਹਿਬ ਵਾਸਤੇ ਏਮਜ਼ ਤੇ ਹੋਰ ਵੀ ਜਿਹੜੀਆਂ ਸਹੂਲਤਾਂ ਦਿੱਤੀਆਂ ਹਨ। ਉਸ ਦੇ ਲਈ ਮੈਂ ਸਾਰੇ ਪੰਜਾਬ ਵਲੋਂ ਉਨ੍ਹਾਂ ਦਾ ਬਹੁਤ ਧੰਨਵਾਦ ਕਰਦਾ ਹਾਂ ਔਰ ਮੈਂ ਵਿਸ਼ੇਸ਼ ਤੌਰ ਤੇ ਬਾਦਲ ਸਾਹਿਬ ਦਾ ਬਹੁਤ ਆਭਾਰੀ ਹਾਂ ਕਿ ਜਿਨ੍ਹਾਂ ਨੇ ਪੰਜਾਬ ਵਿੱਚ ਗਊ ਕਮਿਸ਼ਨ ਬਣਾਇਆ ਹੈ। ਅਸੀਂ ਗਊ ਨੂੰ ਮਾਂ ਦੇ ਰੂਪ ਵਿਚ ਸਮਝਦੇ ਹਾਂ। ਬਾਦਲ ਸਾਹਿਬ ਨੇ ਗਊ ਕਮਿਸ਼ਨ ਬਣਾ ਕੇ ਪੰਜਾਬ ਵਿਚ ਗਊ ਰੱਖਿਆ ਵਾਸਤੇ ਬਹੁਤ ਵੱਡੀ ਪਹਿਲਕਦਮੀ ਕੀਤੀ ਹੈ। ਉਸ ਦੇ ਲਈ ਮੈਂ ਬਾਦਲ ਸਾਹਿਬ ਦਾ ਆਪਣੀ ਪਾਰਟੀ ਵੱਲੋਂ ਤੇ ਸਾਰੇ ਸਮਾਜ ਵੱਲੋਂ ਧੰਨਵਾਦ ਕਰਦਾ ਹਾਂ । ਮੈਂ ਇੱਕ ਗੱਲ ਕਹਾਂਗਾ ਕਿ ਬਜਟ ਵਿੱਚ ਸੀ.ਐਮ.ਸਾਹਿਬ ਆਪਾਂ ਜ਼ਰੂਰ ਇਸ ਲਈ ਪੈਸੇ ਰੱਖੀਏ ਕਿਉਂਕਿ ਬਾਕੀ ਸਰਕਾਰਾਂ ਨੇ ਵੀ ਇਸ ਵਾਸਤੇ ਪੈਸਾ ਰੱਖਿਆ ਹੈ । ਜਿਸ ਤਰ੍ਹਾਂ ਹਰਿਆਣਾ ਨੇ 119 ਕਰੋੜ ਰੁਪਿਆ ਬਜਟ ਵਿੱਚ ਰਖਿਆ ਹੈ, ਹਿਮਾਚਲ ਪ੍ਰਦੇਸ਼ ਵਿੱਚ 50 ਕਰੋੜ ਰੁਪਿਆ, ਐਮ.ਪੀ. ਵਿੱਚ 70 ਕਰੋੜ ਰੁਪਿਆ, ਗੁਜਰਾਤ ਵਿੱਚ 212 ਕਰੋੜ ਰੁਪਿਆ ਤੇ ਰਾਜਸਥਾਨ ਵਿੱਚ 250 ਕਰੋੜ ਰੁਪਿਆ ਗਊ ਰੱਖਿਆ, ਗਊ ਧਨ ਵਾਸਤੇ ਬਜਟ ਵਿਚ ਉਪਬੰਧ ਕੀਤਾ ਹੈ। ਮੇਰੀ ਤੁਹਾਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਤੁਸੀਂ ਕਮਿਸ਼ਨ ਤਾਂ ਬਣਾ ਦਿੱਤਾ ਹੈ ਲੇਕਿਨ ਇਹ ਚੱਲੇਗਾ ਤਾਂ ਹੀ ਜੇਕਰ ਉਨ੍ਹਾਂ ਦੇ ਕੋਲ ਪੈਸੇ ਹੋਣਗੇ ਜਾਂ ਨਵੀਆਂ ਗਊਸ਼ਲਾਵਾਂ ਬਣਨਗੀਆਂ। ਗਊਸ਼ਾਲਾ ਬਣਾਉਣ ਵਾਸਤੇ ਪੈਸੇ ਵੀ ਚਾਹੀਦੇ ਹਨ, ਉਸ ਤੋਂ ਬਾਅਦ ਚਾਰੇ ਤੇ ਹੋਰ ਕੰਮਾਂ ਵਾਸਤੇ ਵੀ ਪੈਸੇ ਦੀ ਲੋੜ ਹੈ। ਮੈਂ ਤੁਹਾਨੂੰ ਇਹ ਆਪਣੀ ਪਾਰਟੀ ਵੱਲੋਂ ਵੀ ਔਰ ਸਾਰੇ ਸਮਾਜ ਵਲੋਂ ਬੇਨਤੀ ਕਰਾਂਗਾ ਕਿ ਕੱਲ੍ਹ ਨੂੰ ਬਜਟ ਪੇਸ਼ ਹੋਣਾ ਹੈ, ਉਸ ਵਿਚ ਵਿੱਤ ਮੰਤਰੀ ਸਾਹਿਬ ਨੂੰ ਡਾਇਰੈਕਸ਼ਨ ਦਿੱਤੀ ਜਾਵੇ ਕਿ ਉਸ ਵਿਚ ਪੈਸੇ ਦਾ ਉਪਬੰਧ ਕਰਨ ਤਾਂ ਕਿ ਜਿਹੜਾ ਗਊ ਕਮਿਸ਼ਨ ਬਣਿਆ ਹੈ, ਅਸੀਂ ਗਊਆਂ ਦੀ ਦੇਖਭਾਲ ਕਰ ਸਕੀਏ। ਮੈਂ ਲੋਕਲ ਬਾਡੀਜ਼ ਉਤੇ ਗੱਲ ਕਰਨੀ ਚਾਹੁੰਦਾ ਹਾਂ ਕਿ ਅੱਜ ਪੰਜਾਬ ਵਿੱਚ ਬਹੁਤ ਵੱਡੀ ਸਮੱਸਿਆ ਹੈ । ਜਦੋਂ ਅਸੀਂ ਸਵੇਰੇ ਸੈਰ ਕਰਨ ਵਾਸਤੇ ਜਾਂਦੇ ਹਾਂ ਤਾਂ ਗਲੀ-ਮੁਹੱਲਿਆਂ ਵਿੱਚ ਅਵਾਰਾ ਕੁੱਤਿਆਂ ਦਾ ਬੜਾ ਖੌਫ ਹੁੰਦਾ ਹੈ । ਜਦੋਂ ਕੁੱਤਾ ਕਿਸੇ ਨੂੰ ਵੱਢਦਾ ਹੈ ਉਸ ਵੇਲੇ ਪਰਿਵਾਰ ਦੇ ਹਾਲਾਤ ਵੇਖਣ ਵਾਲੇ ਹੁੰਦੇ ਹਨ । ਇਸ ਕਰਕੇ ਮੈਂ ਤੁਹਾਨੂੰ ਸੁਜੈਸ਼ਨ ਦੇਣੀ ਚਾਹੁੰਦਾ ਹਾਂ ਕਿ ਹਰ ਇਕ ਸ਼ਹਿਰ ਦੇ ਵਿਚ ਡੌਗ ਪਾਊਂਡ ਬਣਾ ਦੇਈਏ ਜਿਥੇ ਕੁੱਤਿਆਂ ਦੀ

ਨਸਬੰਦੀ ਹੋਵੇ ਕਿਉਂਕਿ ਇਨ੍ਹਾਂ ਅਵਾਰਾ ਕੁੱਤਿਆਂ ਦੀ ਸਾਰੇ ਹਲਕਿਆਂ ਵਾਸਤੇ ਬਹੁਤ ਵੱਡੀ ਸਮੱਸਿਆ ਹੈ। ਇਸ ਦਾ ਬਹੁਤ ਵੱਡਾ ਟੈਰਰ ਵੀ ਹੈ ਤੇ ਕਈ ਜਗ੍ਹਾ ਉਤੇ ਬੱਚਿਆਂ ਦੀ ਮੌਤ ਵੀ ਹੋਈ ਹੈ । ਇਸ ਕਰਕੇ ਮੈਂ ਸੀ.ਐਮ.ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਬਾਰੇ ਆਪਾਂ ਕੋਈ ਜ਼ਰੂਰ ਪਾਲਿਸੀ ਬਣਾਈਏ ਤਾਂ ਕਿ ਇਹ ਜਿਹੜਾ ਬਹੁਤ ਵੱਡਾ ਟੈਰਰ ਹੈ ਤੇ ਇਸ ਵਾਸਤੇ ਕਈ ਜਾਨਾਂ ਵੀ ਗਈਆਂ ਹਨ, ਉਸ ਵਾਸਤੇ ਅਸੀਂ ਲੋਕਾਂ ਦਾ ਪੂਰਾ ਖਿਆਲ ਕਰ ਸਕੀਏ ।

ਇਸ ਤੋਂ ਅੱਗੇ ਮੈਂ ਇੰਡਸਟਰੀ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਬਹੁਤ ਵੱਡੀ ਸਪੋਰਟਸ ਇੰਡਸਟਰੀ ਹੈ। ਅੱਜ ਅਸੀਂ ਇਹ ਗੱਲ ਬੜੇ ਮਾਣ ਨਾਲ ਕਹਿੰਦੇ ਹਾਂ । ਕ੍ਰਿਕਟ ਦਾ ਵਰਲਡ ਕੱਪ ਚੱਲ ਰਿਹਾ ਹੈ, ਉਸ ਵਿੱਚ ਕਾਫੀ ਜਿਹੜੇ ਪਲੇਅਰ ਹਨ, ਉਹ ਸਾਡੇ ਪੰਜਾਬ ਦੇ ਜਲੰਧਰ ਸ਼ਹਿਰ ਵਿਚੋਂ ਤਿਆਰ ਹੋਏ ਬੈਟ ਨਾਲ ਖੇਡਦੇ ਹਨ ਲੇਕਿਨ ਜਿਹੜੀ ਇੰਗਲਿਸ਼ ਵਿਲੋ ਨਾਲ ਖੇਲਦੇ ਹਨ, ਜਿਹੜੀ ਕਸ਼ਮੀਰ ਵਿਲੋ ਹੈ ਉਹ ਕਸ਼ਮੀਰ ਦੀ ਸਰਕਾਰ ਨੇ ਪੰਜਾਬ ਵਾਸਤੇ ਬੰਦ ਕੀਤੀ ਹੈ । ਉਥੇ ਹੁਣ ਆਪਣੀ ਸਰਕਾਰ ਬਣੀ ਹੈ, ਬਾਦਲ ਸਾਹਿਬ ਤੁਸੀਂ ਇਹ ਉਨ੍ਹਾਂ ਨਾਲ ਗੱਲਬਾਤ ਕਰਕੇ ਕਿ ਪੰਜਾਬ ਨੂੰ ਕਸ਼ਮੀਰ ਵਿਲੋ ਮਿਲੇ ਤਾਂ ਜੋ ਪੰਜਾਬ ਦੀ ਜਿਹੜੀ ਬੈਟ ਇੰਡਸਟਰੀ ਹੈ, ਸਪੋਰਟਸ ਇੰਡਸਟਰੀ ਹੈ, ਉਸ ਦਾ ਅਸੀਂ ਭਲਾ ਕਰ ਸਕੀਏ। ਇਹ ਮੈਂ ਤੁਹਾਨੂੰ ਇਕ ਰਿਕੁਐਸਟ ਕਰਾਂਗਾ । ਮੇਰੇ ਵੱਲੋਂ ਇਹ ਸੁਝਾਅ ਵੀ ਹੈ । ਇਸ ਨਾਲ ਸਰਕਾਰ ਨੂੰ ਰੈਵੇਨਿਊ ਵੀ ਆਵੇਗਾ ਤੇ ਸਾਡੀ ਇੰਡਸਟਰੀ ਦਾ ਵੀ ਸੁਧਾਰ ਹੋਵੇਗਾ ।

**ਸ਼੍ਰੀ ਸਭਾਪਤੀ :** ਪਲੀਜ਼ ਵਾਈਂਡ ਅੱਪ ਕਰੋ।

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਚੇਅਰਮੈਨ ਸਾਹਿਬ, ਮੈਂ ਤਾਂ ਹੁਣੇ ਸ਼ੁਰੂ ਹੋਇਆ ਹਾਂ ।

**ਸ਼੍ਰੀ ਸਭਾਪਤੀ :** ਦੋ ਮਿੰਟ ਵਿਚ ਵਾਈਂਡ ਅੱਪ ਕਰ ਦੇਣਾ।

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਚੇਅਰਮੈਨ ਸਾਹਿਬ, ਮੈਂ ਸਿੱਖਿਆ ਬਾਰੇ ਬੇਨਤੀ ਕਰਨੀ ਚਾਹੁੰਦਾ ਹਾਂ । ਇਹ ਸੀ. ਐਮ. ਸਾਹਿਬ ਦੀ ਸੋਚ ਹੈ ਕਿ ਸਾਡੇ ਜਲੰਧਰ ਵਿੱਚ ਇੱਕ ਬਹੁਤ ਵਧੀਆ ਮੈਰੀਟੋਰੀਅਸ ਸਕੂਲ ਖੋਲ੍ਹਿਆ ਗਿਆ ਹੈ । ਮੈਨੂੰ ਵੀ ਉਥੇ ਸੀ.ਐਮ. ਸਾਹਿਬ ਨਾਲ ਜਾਣ ਦਾ ਮੌਕਾ ਮਿਲਿਆ ਹੈ। ਇਹ ਬਹੁਤ ਵਧੀਆ ਤਰੀਕੇ ਨਾਲ ਬੱਚਿਆਂ ਨਾਲ ਇੰਟਰੈਕਸ਼ਨ ਕਰਦੇ ਹਨ।

ਰਾਣਾ ਜੀ, ਗਰੀਬ ਪਰਿਵਾਰਾਂ ਦੇ ਬੱਚੇ ਜਿਨ੍ਹਾਂ ਦੇ 80 ਪਰਸੈਂਟ ਨੰਬਰ ਹਨ, ਉਨ੍ਹਾਂ ਬੱਚਿਆਂ ਨੂੰ ਉਥੇ ਪੜ੍ਹਾਈ ਬਿਲਕੁਲ ਨਿਰਸ਼ੁਲਕ ਮਿਲਦੀ ਹੈ। ਚੰਨੀ ਸਾਹਿਬ, ਇਹ ਤੁਹਾਡੇ ਮਤਲਬ ਦੀ ਗੱਲ ਹੈ। ਜਿਹੜੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ ਤੇ ਜਿਨ੍ਹਾਂ ਬੱਚਿਆਂ ਦੇ ਨੰਬਰ 80 ਪਰਸੈਂਟ ਤੋਂ ਉਪਰ ਹਨ, ਉਨ੍ਹਾਂ ਬੱਚਿਆਂ ਨੂੰ ਫਰੀ ਐਜੂਕੇਸ਼ਨ ਅਤੇ ਉਨ੍ਹਾਂ ਬੱਚਿਆਂ ਦਾ ਰਹਿਣ-ਸਹਿਣ ਦਾ ਖਰਚਾ ਫਰੀ ਆਫ਼ ਕਾਸਟ ਕੀਤਾ ਜਾਂਦਾ ਹੈ। ਮੁੱਖ ਮੰਤਰੀ ਸਾਹਿਬ ਜਦੋਂ ਵੀ ਜਲੰਧਰ ਸ਼ਹਿਰ ਜਾਂਦੇ ਹਨ ਤਾਂ ਉਸ ਸਕੂਲ ਵਿੱਚ ਜ਼ਰੂਰ ਜਾਂਦੇ ਹਨ। ਸਾਰੇ ਸਟਾਫ਼ ਨੂੰ ਬਾਹਰ ਕੱਢ ਕੇ ਆਪ ਖੁਦ ਬੱਚਿਆਂ ਨਾਲ ਇੰਟਰੈਕਸ਼ਨ ਕਰਦੇ ਹਨ ਕਿ ਤੁਹਾਡੇ ਕੱਪੜੇ ਕੌਣ ਪ੍ਰੈਸ ਕਰਦਾ ਹੈ ? ਕੀ ਉਨ੍ਹਾਂ ਨੂੰ ਗੀਜ਼ਰ ਦਾ ਪਾਣੀ ਗਰਮ ਮਿਲਦਾ ਹੈ ? ਇਵੇਂ ਦੀਆਂ ਗੱਲਾਂ ਸੀ. ਐਮ. ਸਾਹਿਬ ਪੁੱਛਦੇ ਹਨ ਕਿ ਜੋ ਅਸੀਂ ਲੋਕ ਭੁੱਲ ਜਾਂਦੇ ਹਾਂ ਪਰ ਇਹ ਚੰਗੀਆਂ ਗੱਲਾਂ ਹਨ । ਜਿਹੜੇ ਸੀ.ਐਮ. ਸਾਹਿਬ ਨੇ ਪੰਜਾਬ ਵਾਸਤੇ ਵਧੀਆ ਕੰਮ ਕੀਤੇ ਹਨ, ਤੁਸੀਂ ਉਨ੍ਹਾਂ ਦੀ ਕਦੀ ਸ਼ਲਾਘਾ ਨਹੀਂ ਕੀਤੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਚੇਅਰਮੈਨ ਸਾਹਿਬ, ਪੁਆਇੰਟ ਆਫ਼ ਆਰਡਰ। ਭੰਡਾਰੀ ਜੀ ਬਹੁਤ ਵਧੀਆ ਗੱਲ ਕਰ ਰਹੇ ਹਨ। ਇਨ੍ਹਾਂ ਨੇ ਕਿਹਾ ਹੈ ਕਿ 80% ਜਾਂ ਇਸ ਤੋਂ ਉਪਰ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸਹੂਲਤਾਂ ਦਿੱਤੀਆਂ ਜਾਣਗੀਆਂ ਪਰ ਮੈਂ ਇਨ੍ਹਾਂ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਤਾਂ ਸਿਰਫ਼ 60% ਬੱਚਾ ਹੀ ਪਾਸ ਹੁੰਦਾ ਹੈ, 40% ਤਾਂ ਫੇਲ੍ਹ ਹੀ ਹੋ ਜਾਂਦਾ ਹੈ ਕਿਉਂਕਿ ਸਕੂਲਾਂ ਵਿੱਚ ਟੀਚਰ ਨਹੀਂ ਹਨ। ਪਹਿਲਾਂ ਮੰਤਰੀ ਜੀ ਨੂੰ ਪੁੱਛ ਲਓ ਕਿ 80% ਵਾਲੇ ਕਿੰਨੇ ਬੱਚੇ ਹਨ ? ਜਿਹੜੇ ਬੱਚੇ 80% ਤੋਂ ਉੱਪਰ ਟੱਪਦੇ ਹਨ, ਉਹ ਤਾਂ 5% ਵੀ ਨਹੀਂ ਹਨ।(ਵਿਘਨ, ਸ਼ੋਰ)

**ਸ਼੍ਰੀ ਸਭਾਪਤੀ :** ਬੈਠੋ ਜੀ। ਭੰਡਾਰੀ ਜੀ, ਬੋਲੋ।

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਚੇਅਰਮੈਨ ਸਾਹਿਬ, ਅੱਜ ਪੰਜਾਬ ਵਿੱਚ ਨਸ਼ਾ ਇੱਕ ਬਹੁਤ ਹੀ ਵੱਡਾ ਇਸ਼ੂ ਹੈ । ਮੈਂ ਇਸ ਗੱਲ ਨੂੰ ਪੱਕੇ ਤੌਰ ਤੇ ਕਹਿ ਸਕਦਾ ਹਾਂ ਕਿ ਜਿਹੜੇ ਅਸੀਂ ਲੋਕ ਇੱਥੇ ਬੈਠੇ ਹਾਂ, ਜੇਕਰ ਅਸੀਂ ਸੌਗੰਧ ਖਾ ਲਈਏ, ਮਤਾ ਪਾਸ ਕਰੀਏ ਕਿ ਜਿਹੜਾ ਬੰਦਾ ਨਸ਼ੇ ਵਾਲੇ ਲਈ ਸਿਫਾਰਸ਼ ਕਰਦਾ ਹੈ, ਉਹ ਰੱਬ ਦਾ ਦੇਣਦਾਰ ਹੋਵੇਗਾ । ਅਸੀਂ ਇਕ ਦੂਜੇ ਤੇ ਲਾਂਛਣ ਲਗਾਉਂਦੇ ਹਾਂ, ਕਦੀ ਖਹਿਰਾ ਤੇ ਲਗਾ ਦਿੱਤਾ, ਕਦੀ ਮਜੀਠੀਆ ਸਾਹਿਬ ਤੇ

ਲਗਾ ਦਿੱਤਾ, ਕਦੀ ਵਲਟੋਹਾ ਸਾਹਿਬ ਤੇ ਲਗਾ ਦਿੱਤਾ। ਆਪਾਂ ਵਿਆਹਾਂ ਤੇ ਜਾਂਦੇ ਹਾਂ, ਭੋਗ ਤੇ ਜਾਂਦੇ ਹਾਂ, ਦੁੱਖ-ਸੁੱਖ ਵਿੱਚ ਜਾਂਦੇ ਹਾਂ। ਚੰਨੀ ਸਾਹਿਬ, ਅਜਿਹਾ ਕੋਈ ਬੰਦਾ ਤੁਹਾਡੇ ਕੋਲ ਖੜ੍ਹਾ ਹੋ ਕੇ ਫੋਟੋ ਖਿਚਵਾ ਲਵੇ, ਇਸ ਵਿੱਚ ਤੁਹਾਡਾ ਕੀ ਦੋਸ਼ ਹੈ, ਵਲਟੋਹਾ ਸਾਹਿਬ ਦਾ ਕੀ ਦੋਸ਼ ਹੈ, ਮੇਰਾ ਕੀ ਦੋਸ਼ ਹੈ? ਤੁਸੀਂ ਅਖ਼ਬਾਰਾਂ ਦੀਆਂ ਫੋਟੋਆਂ ਲੈ ਕੇ ਇੱਥੇ ਆ ਜਾਂਦੇ ਹੋ ਕਿ ਨਸ਼ਾ ਵੇਚਣ ਵਾਲਾ ਬੰਦਾ ਹੈ। (ਵਿਘਨ, ਸ਼ੋਰ) ਸਿੱਧੂ ਸਾਹਿਬ, ਤੁਸੀਂ ਵੀ ਜਾਂਦੇ ਹੋ। ਇਹ ਬੜੀ ਮਾੜੀ ਪਰੰਪਰਾ ਸਾਰੇ ਸਮਾਜ ਵਿੱਚ ਪੈ ਰਹੀ ਹੈ। ਅਸੀਂ ਲੋਕਾਂ ਨੂੰ ਮੂੰਹ ਨਹੀਂ ਦਿਖਾ ਸਕਾਂਗੇ। ਅੱਜ ਸੋਸ਼ਲ ਮੀਡੀਆ ਇਨ੍ਹਾਂ ਗੱਲਾਂ ਨਾਲ ਭਰਿਆ ਹੋਇਆ ਹੈ। ਪੰਜਾਬ ਦੀ ਬਦਨਾਮੀ ਹੋ ਰਹੀ ਹੈ। ** ** ਆਉਂਦੇ ਹਨ, ਉਹ ਆਪਣਾ ਬਿਆਨ ਦੇ ਜਾਂਦੇ ਹਨ। ਮਨ ਕੀ ਬਾਤ ਵਿੱਚ ** ** ਨੇ ਕਹਿ ਦਿੱਤਾ ਪਰ ਇਸ ਨਾਲ ਸਾਡੇ ਪੰਜਾਬ ਦਾ ਪ੍ਰੀਸੈਪਸ਼ਨ ਪੂਰੇ ਹਿੰਦੁਸਤਾਨ ਵਿੱਚ ਬਹੁਤ ਮਾੜਾ ਜਾ ਰਿਹਾ ਹੈ। ਮੇਰੀ ਸਾਰਿਆਂ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਅਸੀਂ ਇਸ ਕੰਮ ਨੂੰ ਖਤਮ ਕਰੀਏ। ਅਸੀਂ ਦੂਸ਼ਣਬਾਜ਼ੀ ਬਿਲਕੁਲ ਨਾ ਕਰੀਏ ਕਿਉਂਕਿ ਕੱਲ੍ਹ ਨੂੰ ਛਿੱਟੇ ਸਾਡੇ ਤੇ ਹੀ ਪੈਣੇ ਹਨ। ਜਿਹੜਾ ਬੰਦਾ ਗਲਤ ਕੰਮ ਕਰਦਾ ਫੜਿਆ ਜਾਵੇ ਆਪਾਂ ਉਸ ਦੀ ਸਿਫਾਰਸ਼ ਨਾ ਕਰੀਏ। ਫਿਰ ਇਹ ਕਲੰਕ ਖਤਮ ਹੋ ਜਾਵੇਗਾ। (ਵਿਘਨ) ਮੈਂ ਖਤਮ ਕਰਵਾਇਆ ਹੈ, ਰਾਣਾ ਜੀ ਨੂੰ ਪਤਾ ਹੈ। ਇਹ ਹੁਣ ਬੋਲਦੇ ਨਹੀਂ।

**Mr. Chairman :** Address to the Chair.

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਕਾਲੀਆ ਜੀ, ਤੁਹਾਨੂੰ ਵੀ ਪਤਾ ਹੈ। ਆਪਾਂ ਇਕੋ ਸ਼ਹਿਰ ਦੇ ਹਾਂ। ਸਿੱਧੂ ਸਾਹਿਬ, ਇਨਸਾਨ ਵਿੱਚ ਵਿਲ ਪਾਵਰ ਹੋਣੀ ਚਾਹੀਦੀ ਹੈ ਕਿ ਮੈਂ ਇਨ੍ਹਾਂ ਲੋਕਾਂ ਦੀ ਸਪੋਰਟ ਨਹੀਂ ਕਰਨੀ ।

Mr. Chairman : Address to the Chair.

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਇਸ ਤਰੀਕੇ ਨਾਲ ਪੰਜਾਬ ਵਿਚੋਂ ਨਸ਼ਾ ਟੋਟਲੀ ਖਤਮ ਹੋ ਸਕਦਾ ਹੈ। ਅਸੀਂ ਆਪਣੀਆਂ ਚੰਦ ਵੋਟਾਂ ਕਰਕੇ ਸਪੋਰਟ ਕਰ ਦਿੰਦੇ ਹਾਂ ਲੇਕਿਨ ਮੇਰੀ ਸਾਰਿਆਂ ਨੂੰ ਬੇਨਤੀ ਹੈ ਕਿ ਅੱਜ ਅਸੀਂ ਸੌਗੰਧ ਖਾਈਏ ਕਿ ਅਸੀਂ ਪੰਜਾਬ ਵਿਚੋਂ ਇਸ ਕੋਹੜ ਨੂੰ ਖਤਮ ਕਰਨਾ ਹੈ ਤਾਂ ਹੀ ਸਾਨੂੰ ਇਹ ਸੈਸ਼ਨ ਕਰਨ ਦਾ ਫਾਇਦਾ ਹੋਵੇਗਾ ਨਹੀਂ ਤਾਂ ਹਰ ਬੰਦਾ ਆ ਕੇ ਇੱਥੇ ਬੋਲ ਕੇ ਚਲਾ ਜਾਵੇਗਾ, ਉਸ ਦਾ ਕੋਈ ਫਾਇਦਾ ਨਹੀਂ ਹੈ। ਨਸ਼ੇ ਦਾ ਕੋਹੜ ਖਤਮ ਕਰਨਾ ਹੈ। ਸਿੱਧੂ ਸਾਹਿਬ, ਬੈਠ ਜਾਓ।

** **Expunged as ordered by the Chair.

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਪੁਆਇੰਟ ਆਫ਼ ਆਰਡਰ। ਮੇਰਾ ਭਰਾ ਨਸ਼ਿਆਂ ਦੇ ਵਿਰੁੱਧ ਬਹੁਤ ਵਧੀਆ ਬੋਲ ਰਿਹਾ ਹੈ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਸਰਕਾਰ ਕਿਸ ਦੀ ਹੈ, ਪੁਲਿਸ ਕਿਸ ਦੇ ਕੰਟਰੋਲ ਥੱਲੇ ਹੈ, ਇਹ ਆਪਣੇ ਵੱਲ ਝਾਤੀ ਮਾਰਨ। ਅਸੀਂ ਤਾਂ ਹਰ ਥਾਂ ਨਾਲ ਖੜ੍ਹਨ ਨੂੰ ਤਿਆਰ ਹਾਂ।

**ਸ਼੍ਰੀ ਸਭਾਪਤੀ :** ਠੀਕ ਹੈ ਜੀ, ਬੈਠੋ। ਮੈਂ ਸਾਰੇ ਮੈਂਬਰ ਸਾਹਿਬਾਨਾਂ ਨੂੰ ਪ੍ਰਾਰਥਨਾ ਕਰਦਾ ਹਾਂ ਉਹ ਬਜਾਏ ਨਾਮ ਲੈਣ ਦੇ ਭਾਰਤ ਦੇ ਪ੍ਰਧਾਨ ਮੰਤਰੀ ਕਹਿਣ। ਜਿਹੜੇ ਮੈਂਬਰ ਇੱਥੇ ਹਾਜ਼ਰ ਨਹੀਂ ਹਨ, ਉਨ੍ਹਾਂ ਦਾ ਨਾਂ ਨਹੀਂ ਲੈਣਾ। ਇਸ ਲਈ ਭਾਰਤ ਦੇ ਪ੍ਰਧਾਨ ਮੰਤਰੀ ਕਹਿ ਕੇ ਜ਼ਿਕਰ ਕਰਨਾ ਹੈ।

**ਰਾਣਾ ਗੁਰਜੀਤ ਸਿੰਘ :** ਚੇਅਰਮੈਨ ਸਾਹਿਬ, ਪੁਆਇੰਟ ਆਫ਼ ਆਰਡਰ। ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਭੰਡਾਰੀ ਸਾਹਿਬ ਨੇ ਚੰਗੀ ਗੱਲ ਕੀਤੀ ਹੈ। ਸਾਨੂੰ ਸਾਰਿਆਂ ਨੂੰ ਇਸ ਗੱਲ ਨੂੰ ਮੰਨਣਾ ਚਾਹੀਦਾ ਹੈ ਪਰ at the same time ਜਿਹੜੇ ਵਪਾਰੀ ਬੰਦੇ ਹਨ, ਉਹ ਹੱਥੋਂ ਨਿਕਲ ਕੇ ਨਾ ਚਲੇ ਜਾਣ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਨਸ਼ਿਆਂ ਦਾ ਵਪਾਰ ਕਰਦਾ ਹੈ, ਉਹ ਫਸਣਾ ਚਾਹੀਦਾ ਹੈ। ਫੋਟੋ ਬਾਰੇ ਜਦੋਂ ਤੁਸੀਂ ਲਾਂਛਣ ਲਾਉਂਦੇ ਹੋ ਤਾਂ ਇੱਧਰੋਂ ਵੀ ਲੱਗ ਜਾਂਦਾ ਹੈ। ਤੁਸੀਂ ਅਜਿਹਾ ਕਰਨਾ ਬੰਦ ਕਰ ਦਿਓ, ਇਧਰੋਂ ਵੀ ਬੰਦ ਹੋ ਜਾਵੇਗਾ ਪਰੰਤੂ ਵਪਾਰੀਆਂ ਨੂੰ ਮਾਫ਼ ਨਹੀਂ ਕਰਨਾ ਚਾਹੀਦਾ।

**ਸ਼੍ਰੀ ਸਭਾਪਤੀ :** ਬੈਠੋ ਜੀ।

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਚੇਅਰਮੈਨ ਸਾਹਿਬ, ਇਕ ਬਹੁਤ ਹੀ ਵੱਡਾ ਇਸ਼ੂ ਪੰਜਾਬ ਦੀ ਇੰਡਸਟਰੀ ਦੇ ਵਪਾਰੀਆਂ ਦਾ ਵੈਟ ਦੇ ਰਿਫੰਡ ਦਾ ਹੈ। ਅੱਜ ਸ਼ਹਿਰਾਂ ਵਿੱਚ ਇਹ ਬਹੁਤ ਵੱਡੀ ਦਿੱਕਤ ਹੈ ਕਿ ਵਪਾਰੀਆਂ ਦੇ ਕਰੋੜਾਂ-ਅਰਬਾਂ ਰੁਪਏ ਵੈਟ ਰਿਫੰਡ ਦੇ ਫਸੇ ਪਏ ਹਨ । ਅਸੀਂ ਕਈ ਵਾਰੀ ਡਿਪਟੀ ਸੀ.ਐਮ. ਸਾਹਿਬ ਨੂੰ ਮਿਲੇ ਵੀ ਹਾਂ। ਉਨ੍ਹਾਂ ਕੋਲ ਇਹ ਮਹਿਕਮਾ ਹੈ ਲੇਕਿਨ ਵਪਾਰੀ ਅੱਜ ਇਸ ਗੱਲ ਤੋਂ ਦੁਖੀ ਹੈ ਕਿ ਉਨ੍ਹਾਂ ਦਾ ਜੈਨੂਅਨ ਵੈਟ ਰਿਫੰਡ ਵੀ ਨਹੀਂ ਮਿਲ ਰਿਹਾ। ਇਸ ਕਰਕੇ ਮੈਂ ਸੀ.ਐਮ. ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਅਸੀਂ ਇਸ ਨੂੰ ਟਾਈਮ ਬਾਊਂਡ ਕਰੀਏ। ਕਿਉਂਕਿ ਲੋਕਾਂ ਦੀਆਂ ਬੈਂਕਾਂ ਤੋਂ ਲਿਮਟਾਂ ਬਣੀਆਂ ਹੋਈਆਂ ਹਨ, ਉਨ੍ਹਾਂ ਨੂੰ ਵਿਆਜ ਪੈ ਰਿਹਾ ਹੈ। ਲੇਕਿਨ ਵਪਾਰੀ ਲੋਕਾਂ ਨੇ ਜਿਹੜਾ ਆਪਣਾ ਪੈਸਾ ਲੈਣਾ ਹੈ, ਉਹ ਉਨ੍ਹਾਂ ਨੂੰ ਨਹੀਂ

ਮਿਲ ਰਿਹਾ। ਇਸ ਕਰਕੇ ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਨੂੰ ਟਾਈਮ ਬਾਊਂਡ ਕਰਕੇ ਲੋਕਾਂ ਦਾ ਪੈਸਾ ਲੋਕਾਂ ਨੂੰ ਵਾਪਸ ਕਰੀਏ। ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ ਔਰ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ।

**ਸ਼੍ਰੀ ਸਭਾਪਤੀ :** ਧੰਨਵਾਦ ਜੀ। ਸਰਦਾਰ ਬਲਵਿੰਦਰ ਸਿੰਘ ਬੈਂਸ ਜੀ। ਬੈਂਸ ਸਾਹਿਬ, ਪੰਜ ਮਿੰਟ ਲੈਣਾ।

**ਸਰਦਾਰ ਬਲਵਿੰਦਰ ਸਿੰਘ ਬੈਂਸ (ਲੁਧਿਆਣਾ ਦੱਖਣੀ) :** ਚੇਅਰਮੈਨ ਸਾਹਿਬ, ਮੈਂ ਤੁਹਾਡਾ ਸਮਾਂ ਦੇਣ ਲਈ ਧੰਨਵਾਦ ਵੀ ਕਰਦਾ ਹਾਂ ਅਤੇ ਬੇਨਤੀ ਵੀ ਕਰਦਾ ਹਾਂ ਕਿ ਦੋ ਘੰਟੇ ਦਾ ਸਮਾਂ ਵਧਿਆ ਵੀ ਹੈ। ਉਹ ਵੀ ਨਾਲ ਜੋੜ ਲੈਣਾ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀ ਗੱਲ ** **

**ਸ਼੍ਰੀ ਸਭਾਪਤੀ :** ** ਸ਼ਬਦ ਐਕਸਪੰਜ ਕਰ ਦੇਣਾ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਇਹ ਪੰਜਾਬ ਦੀ ਕਹਾਵਤ ਹੈ ਜੀ।

**ਸ਼੍ਰੀ ਸਭਾਪਤੀ :** ਬੈਂਸ ਸਾਹਿਬ, ਇੱਕ ਮਿੰਟ ਜ਼ਰਾ। ਗੱਲ ਸੁਣ ਲਵੋ। ਇੱਕ ਮਿੰਟ ਬੈਠੋ। ਦੇਖੋ, ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਗਵਰਨਰ ਸਾਹਿਬ ਦੀ ਇਹ ਕਾਂਸਟੀਚਿਊਸ਼ਨਲ ਡਿਊਟੀ ਹੈ, ਹੁਣ ਜੇਕਰ ਉਹ ਦੋ ਸਟੇਟਾਂ ਦੇ ਗਵਰਨਰ ਹਨ ਤਾਂ ਉਨ੍ਹਾਂ ਨੇ ਦੋਵਾਂ ਸਟੇਟਾਂ ਦਾ ਭਾਸ਼ਣ ਪੜ੍ਹਨਾ ਹੈ ਅਤੇ ਇਹ ਸਰਕਾਰ ਦਾ ਲਿਖਿਆ ਹੋਇਆ ਹੋਣਾ ਹੈ। ਮੇਰੇ ਹਿਸਾਬ ਨਾਲ ਇਸ ਗੱਲ ਤੇ ਕਿੰਤੂ ਪ੍ਰੰਤੂ ਕਰਨਾ ਉਚਿਤ ਨਹੀਂ ਹੈ। ਆਪਾਂ ਉਨ੍ਹਾਂ ਦੀ ਗਰਿਮਾ ਬਰਕਰਾਰ ਰੱਖੀਏ। ਗਵਰਨਰ ਸਾਹਿਬ ਦੀ ਇਹ ਕਾਂਸਟੀਚਿਊਸ਼ਨਲ ਡਿਊਟੀ ਹੈ, ਇਸ ਗੱਲ ਨੂੰ ਆਪਾਂ ਮੈਂਬਰਜ਼ ਦੇ ਤੌਰ ਤੇ ਕਿੰਤੂ ਪ੍ਰੰਤੂ ਨਹੀਂ ਕਰ ਸਕਦੇ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਉਨ੍ਹਾਂ ਦੀ ਸਪੀਚ ਤੇ ਬਹਿਸ ਤਾਂ ਕਰ ਸਕਦੇ ਹਾਂ।

**ਸ਼੍ਰੀ ਸਭਾਪਤੀ :** ਹਾਂ ਜੀ, ਸਪੀਚ ਤਾਂ ਕਰ ਸਕਦੇ ਹੋ। ਲੇਕਿਨ ਉਨ੍ਹਾਂ ਦਾ ਜੋ ਰੋਲ ਹੈ, ਕਾਂਸਟੀਚਿਊਸ਼ਨਲ ਡਿਊਟੀ ਹੈ, ਉਸ ਗੱਲ ਤੇ ਕਿੰਤੂ ਪ੍ਰੰਤੂ ਨਹੀਂ ਕਰ ਸਕਦੇ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਉਨ੍ਹਾਂ ਦੀ ਜਿਹੜੀ ਡਿਊਟੀ ਹੈ, ** **

---

**Expunged as ordered by the Chair.

**ਸ਼੍ਰੀ ਸਭਾਪਤੀ :** ਗਵਰਨਰ ਸਾਹਿਬ ਸਬੰਧੀ ਜੋ ਕੁਮੈਂਟਸ ਕੀਤੇ ਗਏ ਹਨ, ਉਹ ਐਕਸਪੰਜ ਕਰ ਦਿੱਤੇ ਜਾਣ।

**ਮੁੱਖ ਮੰਤਰੀ :** ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿਉਂਕਿ ਇਹ ਤਾਂ ਅਜ਼ਾਦ ਮੈਂਬਰ ਹੀ ਹਨ। ਇਨ੍ਹਾਂ ਤੇ ਕਿਸੇ ਦਾ ਕੰਟਰੋਲ ਨਹੀਂ। ਜਿਵੇਂ ਕਹੋ ਕਿ ਗੱਡੀ ਦਾ ਸਟੇਅਰਿੰਗ ਹੀ ਨਾ ਹੋਵੇ। ਇਸ ਕਰਕੇ ਹੱਥ ਬੰਨ੍ਹ ਕੇ ਬੇਨਤੀ ਹੈ....

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਬਿਨਾਂ ਇਜਾਜ਼ਤ ਤੋਂ ਅਤੇ ਬਗੈਰ ਮਾਈਕ ਤੋਂ ਬੋਲ ਰਹੇ ਸਨ ਜੋ ਕਿ ਸਾਫ ਸੁਣਾਈ ਨਹੀਂ ਦਿੱਤਾ।)

ਇਹ ਮੈਂ ਨਹੀਂ ਕਹਿੰਦਾ। ਮੇਰਾ ਮਤਲਬ ਹੈ ਕਿ ਗਵਰਨਰ ਸਾਹਿਬ ਦੇ ਖਿਲਾਫ ਜ਼ਾਤੀ ਤੌਰ ਤੇ ਨਹੀਂ ਬੋਲਣਾ ਚਾਹੀਦਾ । ਮੈਂ ਤਾਂ ਬੇਨਤੀ ਕਰ ਸਕਦਾ ਹਾਂ। (ਵਿਘਨ)

**ਸਰਦਾਰ ਬਲਵਿੰਦਰ ਸਿੰਘ ਬੈਂਸ :** ਜੇਕਰ ਸਰਕਾਰ ਤਸ਼ੱਦਦ ਕਰੇ...

**ਸ਼੍ਰੀ ਸਭਾਪਤੀ :** ਗਵਰਨਰ ਸਾਹਿਬ ਦੇ ਭਾਸ਼ਣ ਤੇ ਕੁਮੈਂਟ ਕਰੋ ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਮੈਂ ਭਾਸ਼ਣ ਤੇ ਆ ਗਿਆ ਹਾਂ ਪਰ ਗਵਰਨਰ ਸਾਹਿਬ ਸਾਰਿਆਂ ਦੇ ਸਾਂਝੇ ਹੁੰਦੇ ਹਨ। ਉਹ ਸਾਰਿਆਂ ਦੀ ਗੱਲ ਸੁਣਨ ਲਈ ਹੁੰਦੇ ਹਨ। ** ** ਅਸੀਂ ਤਾਂ ਸੁਣ ਲਿਆ, ਮੈਂ ਭਾਸ਼ਣ ਤੇ ਆ ਜਾਂਦਾ ਹਾਂ ਤਾਂ ਵੀ ਕੋਈ ਗੱਲ ਨਹੀਂ। ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਸਟੇਟ ਐਗਰੀਕਲਚਰ ਸੂਬਾ ਹੈ। ਇਹ ਖੇਤੀਬਾੜੀ ਪ੍ਰਧਾਨ ਸਟੇਟ ਹੈ ਤੇ ਇਸ ਸਪੀਚ ਵਿੱਚ ਡਾਈਵਰਸੀਫਿਕੇਸ਼ਨ ਦੀ ਗੱਲ ਕੀਤੀ ਹੈ ਕਿ ਜਦੋਂ ਤੋਂ ਬਾਦਲ ਸਾਹਿਬ ਮੁੱਖ ਮੰਤਰੀ ਬਣੇ ਹਨ, ਉਦੋਂ ਤੋਂ ਹੀ ਡਾਈਵਰਸੀਫਿਕੇਸ਼ਨ ਦਾ ਲਫਜ਼ ਸਪੀਚ ਵਿੱਚ ਆਉਂਦਾ ਹੈ। ਹਰ ਸਾਲ ਬਜਟ ਵਿੱਚ ਵੀ ਆਉਂਦਾ ਹੈ ਪਰ ਉਹ ਡਾਈਵਰਸੀਫਿਕੇਸ਼ਨ ਹੋਣੀ ਕਦੋਂ ਹੈ ਤੇ ਹੋਣੀ ਕਿੱਥੇ ਜਾ ਕੇ ਹੈ, ਇਸ ਬਾਰੇ ਨਹੀਂ ਦੱਸਿਆ ਗਿਆ । ਜੇ ਤਾਂ ਸਿਰਫ ਪਾਕਿਸਤਾਨ ਤੋਂ ਦੁੰਬੇ (ਭੇਡੂ) ਲਿਆ ਕੇ ਹੀ ਡਾਈਵਰਸੀਫਿਕੇਸ਼ਨ ਹੋਣੀ ਹੈ ਤਾਂ ਵੀ ਜ਼ਿਮੀਦਾਰਾਂ ਨੂੰ ਸਮਝਾਇਆ ਜਾ ਸਕਦਾ ਹੈ। ਹੋਰ ਮੰਗਵਾ ਲਵੋ। ਇੱਕ ਇੱਕ ਨਾ ਲੈ ਕੇ ਆਵੋ, ਜ਼ਿਆਦਾ ਮੰਗਵਾ ਲਵੋ ਤਾਂ ਕਿ ਜ਼ਿਮੀਦਾਰਾਂ ਨੂੰ ਵੀ ਦਿੱਤੇ ਜਾ ਸਕਣ। ਜਿਹੜੀ ਗੱਲ ਸੀ.ਐਮ. ਸਾਹਿਬ ਨੇ

**Expunged as ordered by the Chair.

ਕੀਤੀ ਹੈ, ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ, ਇਨ੍ਹਾਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਇਹ ਬਿਨਾਂ ਬਰੇਕ ਵਾਲੀ ਗੱਡੀ ਹੈ ਪਰ ਸੱਚ ਬੇਬਾਕ ਹੁੰਦਾ ਹੈ। ** **

**ਸ਼੍ਰੀ ਸਭਾਪਤੀ :** ਜਿਹੜੇ ਗਵਰਨਰ ਸਾਹਿਬ ਤੇ ਕੁਮੈਂਟ ਕੀਤੇ ਗਏ ਹਨ ਕਿ ਉਹ ** ** , ਉਹ ਐਕਸਪੰਜ ਕਰ ਦਿੱਤੇ ਜਾਣ। ਗਵਰਨਰ ਸਾਹਿਬ ਦੇ ਖਿਲਾਫ ਬੋਲੇ ਗਏ ਸ਼ਬਦ ਐਕਸਪੰਜ ਕਰ ਦਿੱਤੇ ਜਾਣ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸੀ.ਐਮ. ਸਾਹਿਬ, ਸੱਚ ਬੇਬਾਕ ਹੁੰਦਾ ਹੈ। ਜਿਹੜਾ ਬੰਦਾ ਸਦਨ ਵਿਚ ਸਵਾ ਲੱਖ ਲੋਕਾਂ ਦੀ ਨੁਮਾਇੰਦਗੀ ਕਰਨ ਆਵੇ ਤੇ ਉਹ ਬੇਬਾਕ ਸੱਚ ਨਾ ਬੋਲੇ ਤਾਂ ਮੈਂ ਸਮਝਦਾ ਹਾਂ ਕਿ ਉਹ ਸਵਾ ਲੱਖ ਲੋਕਾਂ ਨਾਲ ਗੱਦਾਰੀ ਕਰਦਾ ਹੈ। ਮੈਨੂੰ ਨਹੀਂ ਪਤਾ ਕਿ ਤੁਹਾਡੀ ਕੀ ਮਜਬੂਰੀ ਹੈ। ਤੁਸੀਂ ਅੱਜ ਆਪਣੇ ਮਨ ਦੀ ਗੱਲ ਕਹੀ ਹੈ, ਕਿ ਸਾਡੀ ਬਰੇਕ ਨਹੀਂ। ਵੈਸੇ ਤੁਸੀਂ ਘੱਟ ਹੀ ਕਹਿੰਦੇ ਹੋ। ਤੁਸੀਂ ਸਾਨੂੰ ਝੂਠੇ ਮੁਕੱਦਮੇ ਵਿੱਚ ਫਸਾਇਆ। ਇਹ ਪਵਿੱਤਰ ਸਦਨ ਹੈ, ਸਾਡੀ ਕਿਸੇ ਲੜਾਈ ਵਿਚ ਸ਼ਮੂਲੀਅਤ ਨਹੀਂ ਸੀ। 10 ਮਹੀਨੇ ਜੇਲ ਕੱਟੀ। ਬਾਦਲ ਸਾਹਿਬ, ਮੈਂ ਗੇੜੇ ਲਗਾ ਕੇ ਤੁਹਾਡਾ ਫਰਸ਼ ਨੀਵਾਂ ਕਰ ਦਿੱਤਾ ਪਰ ਤੁਸੀਂ ਮੇਰੀ ਗੱਲ ਨਹੀਂ ਸੁਣੀ ਪਰ ਮੈਂ ਕਾਨੂੰਨ ਦਾ ਧੰਨਵਾਦ ਕਰਦਾ ਹਾਂ। ਅਸੀਂ ਦੇਸ਼ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਵਿੱਚ ਗਏ ਅਤੇ ਉਥੇ ਜਾ ਕੇ ਅਸੀਂ ਮੰਗ ਕੀਤੀ ਕਿ ਸਾਡੇ ਕੇਸ ਦੀ ਇਨਕੁਆਰੀ ਸੀ.ਬੀ.ਆਈ ਤੋਂ ਕਰਵਾਈ ਜਾਵੇ। ਇਸ ਦੇਸ਼ ਦਾ ਹਰੇਕ ਨਾਗਰਿਕ ਮਾਣ ਮਹਿਸੂਸ ਕਰਦਾ ਹੈ ਕਿ ਸਾਡੇ ਦੇਸ਼ ਕੋਲ ਸੀ.ਬੀ.ਆਈ. ਇਕ ਇਨਵੈਸਟੀਗੇਸ਼ਨ ਏਜੰਸੀ ਹੈ। ਅਸੀਂ ਸੱਚੇ ਸੀ, ਅਸੀਂ ਸੁਪਰੀਮ ਕੋਰਟ ਤੋਂ ਸੀ.ਬੀ.ਆਈ. ਇਨਕੁਆਰੀ ਮਾਰਕ ਕਰਵਾ ਕੇ ਲਿਆਏ।ਤੁਸੀਂ ਤਾਂ ਕਹਿ ਦਿੱਤਾ ਕਿ ਚੁੱਪ ਕਰ ਜਾਓ, ਰੰਧਾਵਾ ਸਾਹਿਬ ਤਾਂ ਚੁੱਪ ਕਰ ਗਏ, ਅਸੀਂ ਵੀ ਚੁੱਪ ਕਰ ਜਾਵਾਂਗੇ ਪਰ ਪੰਜਾਬ ਦੇ ਬੱਚੇ ਬੱਚੇ ਦੀ ਜ਼ੁਬਾਨ ਤੇ ਇਹ ਗੱਲ ਹੈ । ** ** ਤੁਸੀਂ ਪੰਜਾਬ ਦੀ ਡਿਵੈਲਪਮੈਂਟ ਦੀਆਂ ਗੱਲਾਂ ਕੀਤੀਆਂ ਹਨ, ਮੈਂ ਸਹਿਮਤ ਹਾਂ ਕਿ ਬਠਿੰਡੇ ਵਿਚ ਬਹੁਤ ਡਿਵੈਲਪਮੈਂਟ ਹੋਈ ਹੈ, ਪਰ ਮੈਂ ਬਠਿੰਡੇ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇੰਨੀ ਡਿਵੈਲਪਮੈਂਟ ਹੋਣ ਤੋਂ ਬਾਅਦ ਵੀ ਤੁਹਾਡਾ ਕੰਮ ਕਾਰ ਦੇਖ ਕੇ ਐਮ.ਪੀ. ਦੀ ਇਲੈਕਸ਼ਨ ਵਿੱਚ ਤੁਹਾਡੇ ਤੇ ਐਸਾ ਠੱਪਾ ਲਗਾਇਆ ਕਿ ਤੁਹਾਨੂੰ ਪਹਿਲਾਂ ਨਾਲੋਂ ਪਿੱਛੇ ਨੂੰ ਤੋਰ ਦਿੱਤਾ। ਲੇਖਾ ਜੋਖਾ ਜ਼ਰੂਰ ਕਰਿਓ, ਭਾਵੇਂ

**Expunged as ordered by the Chair.

[ ਸਰਦਾਰ ਬਲਵਿੰਦਰ ਸਿੰਘ ਬੈਂਸ ]

ਤੁਸੀਂ ਜਿੱਤ ਗਏ, ਪਰ ਤੁਹਾਨੂੰ ਪਿੱਛੇ ਨੂੰ ਮੋੜ ਦਿੱਤਾ ਹੈ। ਚੇਅਰਮੈਨ ਸਾਹਿਬ, ਐਜੂਕੇਸ਼ਨ ਦੀ ਗੱਲ ਕੀਤੀ ਗਈ ਹੈ ਕਿ ਯੂਨੀਵਰਸਿਟੀਆਂ ਲੈ ਕੇ ਆਏ ਹਾਂ। ਇਹ ਤੁਸੀਂ ਕਿਥੋਂ ਲੈ ਕੇ ਆਏ, ਤੁਹਾਡੇ ਕੋਲੋਂ ਤਾਂ ਟੀਚਰ ਵੀ ਪੂਰੇ ਨਹੀਂ ਹੁੰਦੇ। ਤੁਹਾਡੇ ਕੋਲੋਂ ਸਕੂਲਾਂ ਦੀਆਂ ਇਮਾਰਤਾਂ ਨਹੀਂ ਬਣਦੀਆਂ, ਸਕੂਲਾਂ ਦੇ ਚਪੜਾਸੀ ਅਤੇ ਮਾਲੀ ਨਹੀਂ ਪੂਰੇ ਹੁੰਦੇ। ਜੇ ਮੈਂ ਸੱਚ ਕਹਾਂ ਤਾਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਇੱਕ ਡੀਲ ਹੋਈ ਹੈ, ਉਸ ਡੀਲ ਤਹਿਤ ਯੂਨੀਵਰਸਿਟੀਆਂ ਆਈਆਂ ਹਨ। ਮੇਰੇ ਸਤਿਕਾਰਯੋਗ ਮੈਂਬਰਾਂ ਨੇ ਉੱਚੀ ਉੱਚੀ ਖੜ੍ਹੇ ਹੋ ਕੇ ਰੌਲਾ ਪਾਇਆ ਕਿ ਸੀ.ਐਮ. ਸਾਹਿਬ ਯੂਨੀਵਰਸਿਟੀਆਂ ਲਿਆਓ। ਮੈਨੂੰ ਵੀ ਖੁਸ਼ੀ ਹੈ, ਪਰ ਇਸ ਤੇ ਚੈੱਕ ਕੌਣ ਰੱਖੇਗਾ ? ਸਾਡਾ ਸੈਕਟਰੀ, ਐਜੂਕੇਸ਼ਨ ਚੈੱਕ ਕਰਨ ਨਹੀਂ ਜਾ ਸਕਦਾ।

**ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਮੇਰੀ ਬੇਨਤੀ ਹੈ ਕਿ ਇਸ ਵਾਸਤੇ ਪਿਛਲੇ ਸੈਸ਼ਨ ਵਿਚ ਗੱਲ ਹੋਈ ਸੀ ਤਾਂ ਸੀ.ਐਮ.ਸਾਹਿਬ ਨੇ ਕਿਹਾ ਸੀ ਕਿ ਇਸ ਵਾਸਤੇ ਰੈਗੂਲੇਟਰੀ ਕਮਿਸ਼ਨ ਬਣਾ ਰਹੇ ਹਾਂ।

**ਸ਼੍ਰੀ ਸਭਾਪਤੀ :** ਠੀਕ ਹੈ ਜੀ। ਬੈਂਸ ਸਾਹਿਬ ਤੁਸੀਂ ਵਾਈਂਡ ਅੱਪ ਕਰੋ ਜੀ, 2 ਮਿੰਟ ਰਹਿ ਗਏ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਚੇਅਰਮੈਨ ਸਾਹਿਬ, ** ** ਮੈਨੂੰ ਬੋਲਦੇ ਨੂੰ ਤਿੰਨ ਮਿੰਟ ਹੋਏ ਹਨ, ਮੇਰੇ ਸਾਹਮਣੇ ਘੜੀ ਹੈ। ਮੈਂ ਬੇਨਤੀ ਕਰ ਰਿਹਾ ਸੀ, ਹੁਣ ਕਲੀਅਰ ਹੋਇਆ ਹੈ ਕਿ ਰੈਗੂਲੇਟਰੀ ਕਮਿਸ਼ਨ ਬਣੇਗਾ, ਪਰ ਇਸ ਹਾਊਸ ਦੀ ਕੀ ਮਰਿਆਦਾ ਹੈ। ਉਥੇ ਕੌਣ ਚੈੱਕ ਕਰਨ ਜਾ ਸਕਦਾ ਹੈ ? ਕਿਸੇ ਐਮ.ਐਲ.ਏ. ਜਾਂ ਵਜ਼ੀਰ ਨੂੰ ਉਨ੍ਹਾਂ ਨੇ ਅੰਦਰ ਨਹੀਂ ਵੜਨ ਦੇਣਾ। ਡੀਲ ਕਿਸ ਨੂੰ ਕਹਿੰਦੇ ਹਨ, ਜਿਹੜਾ ਉਨ੍ਹਾਂ ਨੇ ਤੁਹਾਨੂੰ ਬਣਾ ਕੇ ਦੇ ਦਿੱਤਾ, ਤੁਸੀਂ ਉਸ ਵਿੱਚ ਇਕ ਲਾਈਨ ਵੀ ਨਹੀਂ ਬਦਲੀ, ਅੱਖਰ ਅੱਖਰ ਜੋ ਉਨ੍ਹਾਂ ਨੇ ਲਿਖ ਕੇ ਦੇ ਦਿੱਤਾ, ਉਹੀ ਪਾਸ ਕਰਵਾ ਦਿੱਤਾ। ਇਹ ਪਾਵਨ ਸਦਨ ਹੈ, ਜੇ ਇਹ ਇਕ ਲਾਈਨ ਵੀ ਚੇਂਜ ਨਹੀਂ ਕਰ ਸਕਦਾ । ਇਸ ਪਾਵਨ ਸਦਨ ਦੀ ਮਰਿਆਦਾ ਹੈ। ਇਸ ਮਰਿਆਦਾ ਨੂੰ ਕਾਇਮ ਰੱਖਣਾ ਵੀ ਸਾਡੀ ਡਿਊਟੀ ਬਣਦੀ ਹੈ। ਚੇਅਰਮੈਨ

---

**Expunged as ordered by the Chair.

ਸਾਹਿਬ, ਮੈਂ ਅਗਲੀ ਗੱਲ ਕਰਦਾ ਹਾਂ ਪੰਜਾਬ ਦੇ ਸਾਰੇ ਨੌਜਵਾਨਾਂ ਦੀ ਜਿਹੜੇ ਬੇਰੁਜ਼ਗਾਰ ਫਿਰਦੇ ਹਨ। ਪੰਜਾਬ ਦੀ ਸਰਕਾਰ ਦਾ ਉਨ੍ਹਾਂ ਨੂੰ ਰੁਜ਼ਗਾਰ ਤੇ ਲਾਉਣ ਦਾ ਕੋਈ ਪ੍ਰੋਵੀਜ਼ਨ ਨਹੀਂ ਹੈ। ਗੱਲਾਂ ਨਾਲ ਨਹੀਂ ਕਿ ਅਸੀਂ ਬੜਾ ਕੁਝ ਕੀਤਾ ਹੈ ਤੇ ਬੜਾ ਕੁਝ ਕਰਾਂਗੇ, ਇਸ ਸਪੀਚ ਵਿੱਚ ਇੱਕ ਵੀ ਐਸਾ ਪ੍ਰਾਵਧਾਨ ਨਹੀਂ ਜਿਹੜਾ ਸ਼ੋਅ ਕਰਦਾ ਹੋਵੇ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਬੱਚਿਆਂ ਨੂੰ ਇਸ ਕਾਰਜ ਅਤੇ ਇਸ ਕਿੱਤੇ ਵਿੱਚ ਲਾਵਾਂਗੇ ਜਾਂ ਕਿੱਤਾ ਮੁੱਖੀ ਕੋਈ ਕਾਰਜ ਸ਼ੁਰੂ ਕਰਾਂਗੇ । ਐਸਾ ਨਹੀਂ ਹੈ।

**ਸ਼੍ਰੀ ਸਭਾਪਤੀ :** ਕਨਕਲੂਡ ਕਰੋ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਹਾਂ ਜੀ, ਚੇਅਰਮੈਨ ਸਾਹਿਬ, ਸਰਕਾਰ ਸਿਰਫ ਤੇ ਸਿਰਫ ਰੇਤਾ ਬਜਰੀ ਵਿੱਚ ਮਸਤ ਹੋਈ ਪਈ ਹੈ। ਮੈਂ ਬਾਦਲ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਹੈਲਥ ਵਿੱਚ ਕੈਂਸਰ ਵਾਸਤੇ ਚੰਗਾ ਕੰਮ ਕੀਤਾ ਹੈ ਪਰ ਇਹ ਚਿੱਠੀ ਇੱਕ ਤੁਹਾਡੇ ਦਫਤਰ ਦੀ ਹੈ । ਕੱਲ੍ਹ ਇੱਥੇ ਹਾਊਸ ਵਿੱਚ ਹੀ ਕਿਹਾ ਗਿਆ ਸੀ ਕਿ ਬੈਂਸ ਸਾਹਿਬ, ਸਾਡੇ ਵੱਲੋਂ ਕੋਈ ਐਸੀ ਚਿੱਠੀ ਨਹੀਂ ਜਾਰੀ ਹੋਈ ਜਿਸ ਵਿੱਚ ਰਾਸ਼ਨ ਕਾਰਡ ਨੂੰ ਰੱਦ ਕਰ ਦਿੱਤਾ ਗਿਆ ਹੋਵੇ ਜਾਂ ਰਾਸ਼ਨ ਕਾਰਡ ਨੂੰ ਪਰੂਫ ਨਾ ਮੰਨਿਆ ਗਿਆ ਹੋਵੇ ਪਰ ਇਹ ਚਿੱਠੀ ਸੀ.ਐਮ. ਸਾਹਿਬ ਤੁਹਾਡੇ ਦਫਤਰ ਦੀ ਹੀ ਹੈ। ਜਿਹੜਾ ਬੰਦਾ ਕਿਰਾਏ ਤੇ ਰਹਿੰਦਾ ਹੈ, ਅੱਜ ਇਸ ਗਲੀ ਵਿੱਚ ਰਹਿੰਦਾ ਹੈ, ਕੱਲ੍ਹ ਨੂੰ ਜਦੋਂ ਉਹ ਦੂਜੇ ਮੁਹੱਲੇ ਵਿੱਚ ਜਾਂਦਾ ਹੈ ਤਾਂ ਉਸ ਦੀ ਵੋਟ ਕੱਟੀ ਜਾਂਦੀ ਹੈ। ਇੱਕ ਅਨਪੜ੍ਹ ਮਜ਼ਦੂਰ ਆਦਮੀ ਹੈ, ਉਸ ਦੇ ਕੋਲ ਡਰਾਈਵਿੰਗ ਲਾਇਸੈਂਸ ਤਾਂ ਹੈ ਨਹੀਂ, ਉਹ ਸਾਈਕਲ ਉੱਤੇ ਜਾਂਦਾ ਹੈ ਤੇ ਉਹ ਅਸਲਾ ਲਾਇਸੰਸ ਪਰੂਫ ਦੇ ਤੌਰ ਤੇ ਕਿੱਥੋਂ ਲਿਆ ਸਕਦਾ ਹੈ । ਇਸ ਲਈ ਇਸ ਵਿੱਚ ਕੁਝ ਐਸੀਆਂ ਗੱਲਾਂ ਹਨ ਜਿਹੜੀਆਂ ਸਿਰਫ ਧਨਾਢਾਂ ਨਾਲ ਹੀ ਸਬੰਧ ਰੱਖਦੀਆਂ ਹਨ । ਹੁਣ ਜਿਵੇਂ ਆਧਾਰ ਕਾਰਡ ਲਈ ਸਾਰਾ ਦੇਸ਼ ਰੌਲਾ ਪਾਉਂਦਾ ਹੈ ਪਰ ਬਾਦਲ ਸਾਹਿਬ, ਇਸ ਵਿੱਚ ਆਧਾਰ ਕਾਰਡ ਦਾ ਨਾਂ ਹੀ ਨਹੀਂ ਹੈ। ਜਿਹੜੇ ਪਰੂਫ ਤੁਸੀਂ ਆਖੇ ਹਨ ਜਿਨ੍ਹਾਂ ਨੂੰ ਤੁਸੀਂ ਮਾਨਤਾ ਦਿੱਤੀ, ਉਸ ਦੇ ਵਿੱਚ ਆਧਾਰ ਕਾਰਡ ਦਾ ਨਾਂ ਹੀ ਨਹੀਂ ਹੈ।

ਅਗਲੀ ਗੱਲ ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ ਹੈਲਥ ਸਿਸਟਮ ਹੈ, ਸਰਕਾਰ ਦਾ ਕੋਈ ਹੈਲਥ ਸਿਸਟਮ ਤੇ ਕੰਟ੍ਰੋਲ ਨਹੀਂ ਹੈ। ਸਾਡੇ ਸ਼ਹਿਰ ਵਿੱਚ

ਇੱਕ ਹਸਪਤਾਲ ਹੈ ਦਯਾਨੰਦ ਮੈਡੀਕਲ ਹਸਪਤਾਲ, ਇਸ ਦੇ ਅੰਦਰ ਜਿਹੜਾ ਮੈਡੀਕਲ ਸਟੋਰ ਹੈ, ਉਸ ਦਾ ਕਰੋੜਾਂ ਰੁਪਏ ਦਾ ਠੇਕਾ ਚੜ੍ਹਦਾ ਹੈ । ਉਸ ਸਟੋਰ ਦੇ ਅੰਦਰ ਦਵਾਈ 30 ਰੁਪਏ ਦੀ ਤੇ ਬਾਹਰ ਦਵਾਈ 13 ਰੁਪਏ ਦੀ, ਪਰ ਇਥੇ ਮਰੀਜ਼ ਤੇ ਪਾਬੰਦੀ ਹੈ ਕਿ ਉਹ ਬਾਹਰੋਂ ਦਵਾਈ ਨਹੀਂ ਲਿਆ ਸਕਦਾ। ਗੌਰਮਿੰਟ ਉਹ ਹੁੰਦੀ ਹੈ ਜਿਹੜੀ ਮਿੰਟ ਮਿੰਟ ਤੇ ਗੌਰ ਕਰਦੀ ਹੈ, ਬਾਦਲ ਸਾਹਿਬ ਕਿਰਪਾ ਕਰੋ।

**ਸ਼੍ਰੀ ਸਭਾਪਤੀ :** ਥੈਂਕ ਯੂ। ਮੈਂ ਕਿਹਾ ਜੀ 13 ਮਿੰਟ ਹੋ ਗਏ ਹਨ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਇਸ ਵਿੱਚ ਤੁਸੀਂ ਤੇ ਜਿਹੜੇ ਬਾਕੀ ਸੱਜਣ ਇੰਟਰੱਪਟ ਕਰ ਰਹੇ ਹਨ ।

**ਸ਼੍ਰੀ ਸਭਾਪਤੀ :** ਹੁਣ ਕਨਕਲੂਡ ਕਰੋ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸੱਚ ਕਹਿਣਾ ਵੀ ਔਖਾ ਹੈ ਤੇ ਸੱਚ ਸੁਣਨਾ ਵੀ ਔਖਾ ਹੈ । ਚੇਅਰਮੈਨ ਸਾਹਿਬ, ਤੁਸੀਂ ਤਾਂ ਮੇਰੇ ਵਰਗੇ ਹੋ।

**ਸ਼੍ਰੀ ਸਭਾਪਤੀ :** ਮੈਂ ਕਿਹਾ ਜੀ ਕਿ ਤੁਹਾਨੂੰ ਤਾਂ ਮੈਂ ਵੱਧ ਟਾਈਮ ਦਿੱਤਾ ਹੈ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਦੇ ਤਾਂ ਚੰਗੇ ਦਿਨ ਆ ਗਏ ਤੇ ਧੂਰੀ ਵਾਲੀ ਇਲੈਕਸ਼ਨ ਤੋਂ ਬਾਅਦ ਤੁਹਾਡੇ ਵੀ ਚੰਗੇ ਦਿਨ ਆ ਜਾਣੇ ਹਨ, ਗੁੱਸਾ ਨਾ ਕਰਿਓ, ਕਿਉਂਕਿ ਇਨ੍ਹਾਂ ਦੀਆਂ ਸੀਟਾਂ ਪੂਰੀਆਂ ਹੋ ਜਾਣੀਆਂ ਤੇ ਤੁਹਾਡਾ ਰੌਲਾ ਖਤਮ ਹੋ ਜਾਣਾ ਹੈ।

**Mr. Chairman :** Thank you.

**ਸਰਦਾਰ ਬਲਵਿੰਦਰ ਸਿੰਘ ਬੈਸ :** ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਇਸ ਪਾਵਨ ਸਦਨ ਵਿੱਚ ਮਰਿਆਦਾ ਕਾਇਮ ਰੱਖਣੀ ਹੈ, ਫਿਰ ਲੋਕਾਂ ਲਈ ਕਾਨੂੰਨ ਹੋਰ ਤੇ ਆਪਣੇ ਲਈ ਹੋਰ ਨਹੀਂ ਚਾਹੀਦਾ। ਮੈਂ ਸੀ.ਐਮ. ਸਾਹਿਬ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਰੋਜ਼ ਰੌਲਾ ਪੈਂਦਾ ਹੈ, ਰੋਜ਼ ਵਿਰੋਧੀ ਧਿਰ ਵਾਕ-ਆਊਟ ਕਰਕੇ ਜਾਂਦੀ ਹੈ ਪਰ ਅਸੀਂ ਫਿਰ ਵੀ ਇਸ ਹਾਊਸ ਵਿੱਚ ਬੈਠਦੇ ਹਾਂ ਤੇ ਜਿਥੇ ਤੁਸੀਂ ਗਲਤੀ ਕਰਨ ਦਾ ਯਤਨ ਕਰਦੇ ਹੋ, ਅਸੀਂ ਇਸ ਪਾਵਨ ਸਦਨ ਵਿੱਚ ਇੱਕ ਮਿੰਟ ਮਿੰਟ ਤੁਹਾਨੂੰ ਰੋਕਣ ਦਾ ਜ਼ਰੂਰ ਯਤਨ ਕਰਦੇ ਹਾਂ।

**Mr. Chairman :** Thank you. Sardar Charnjit Singh Channi ji.

**ਸਰਦਾਰ ਬਲਵਿੰਦਰ ਸਿੰਘ ਬੈਂਸ :** ਜਨਾਬ ਇੱਕ ਇੱਕ ਮਿੰਟ ਬਾਅਦ ਤੁਸੀਂ Thank you ਕਹਿਣ ਲੱਗ ਜਾਂਦੇ ਹੋ।

**ਸ਼੍ਰੀ ਸਭਾਪਤੀ :** ਤੁਹਾਨੂੰ 15 ਮਿੰਟ ਹੋ ਗਏ ਹਨ। ਮੈਂ ਨੈਕਸਟ ਬੋਲ ਦਿੱਤਾ ਹੈ। ਤੁਸੀਂ ਨਹੀਂ ਬੋਲਣਾ।

**ਸਰਦਾਰ ਚਰਨਜੀਤ ਸਿੰਘ ਚੰਨੀ** : ਮੈਂ ਤਾਂ ਬੋਲਣਾ ਹੈ ਜੀ। ਜੇ ਇਹ ਬੈਠਣਗੇ ਤਾਂ ਹੀ ਬੋਲਾਂਗਾ।(ਵਿਘਨ)

**ਸ਼੍ਰੀ ਸਭਾਪਤੀ :** ਤੁਹਾਡੇ ਸਿਰਫ 10 ਮਿੰਟ ਹਨ।ਤੁਹਾਡਾ ਟਾਈਮ ਸ਼ੁਰੂ ਹੋ ਗਿਆ। ਕੋਈ ਵੀ without permission record ਨਹੀਂ ਕਰਨਾ ਹੈ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ** **

**ਸ਼੍ਰੀ ਸਭਾਪਤੀ :** ਚੰਨੀ ਜੀ, ਸ਼ੁਰੂ ਕਰੋ, ਤੁਹਾਡੇ 10 ਮਿੰਟ ਹਨ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ** **

**ਸ਼੍ਰੀ ਸਭਾਪਤੀ :** ਜੋ ਵੀ ਬਿਨਾਂ ਆਗਿਆ ਤੋਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਚਰਨਜੀਤ ਸਿੰਘ ਚੰਨੀ (ਸ੍ਰੀ ਚਮਕੌਰ ਸਾਹਿਬ, ਐਸ.ਸੀ.) :** ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਸਾਡੇ ਦੋ ਬੁਲਾਰੇ, ਆਸ਼ੂ ਜੀ ਅਤੇ ਨਾਗਰਾ ਜੀ ਨਹੀਂ ਬੋਲੇ। ਇਸ ਲਈ ਮੈਨੂੰ 20-25 ਮਿੰਟ ਦਿੱਤੇ ਜਾਣ।

**ਸ਼੍ਰੀ ਸਭਾਪਤੀ :** ਨਹੀਂ ਜੀ। ਮੈਂ ਸਿੱਧੂ ਸਾਹਿਬ ਅਤੇ ਅਰੁਨਾ ਚੌਧਰੀ ਜੀ ਨੂੰ ਵਾਧੂ ਸਮਾਂ ਵੀ ਦਿੱਤਾ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਨੇ ਸਭ ਤੋਂ ਪਹਿਲਾਂ ਦੇਸ਼ ਵਿੱਚ ਆਈ ਤਬਦੀਲੀ ਬਾਰੇ ਗੱਲ ਕੀਤੀ ਹੈ। ਜਦੋਂ ਤਬਦੀਲੀ ਆਈ ਤਾਂ ਮੈਨੂੰ ਵੀ ਪੰਜਾਬ ਦੇ ਲੋਕਾਂ ਵਾਂਗ ਲੱਗਾ ਕਿ ਹੁਣ ਪੰਜਾਬ ਨੂੰ ਚੰਡੀਗੜ੍ਹ ਮਿਲ ਜਾਵੇਗਾ। ਪਾਣੀਆਂ ਦੇ ਮਸਲੇ ਹੁਣ ਹੱਲ ਹੋ ਜਾਣਗੇ। 1984 ਦੇ ਦੰਗਾ ਪੀੜ੍ਹਤਾਂ ਨੂੰ ਹੁਣ ਇਨਸਾਫ ਮਿਲ ਜਾਵੇਗਾ । ਪੰਜਾਬ ਦੇ ਗੁਆਂਢੀ ਰਾਜਾਂ

**Not recorded as ordered by the Chair.

[ ਸਰਦਾਰ ਚਰਨਜੀਤ ਸਿੰਘ ਚੰਨੀ ]

ਵਾਂਗ ਸਾਨੂੰ ਵੀ ਇੰਡਸਟਰੀ ਦੀਆਂ ਸਹੂਲਤਾਂ ਮਿਲ ਜਾਣਗੀਆਂ। ਸਾਨੂੰ ਬੜੀ ਆਸ ਹੈ ਕਿਉਂਕਿ ਅਕਾਲੀ ਦਲ ਦੀ ਜਿਹੜੀ ਸਿਆਸਤ ਹੈ, ਉਹ ਮੁੱਢ ਤੋਂ ਕੇਂਦਰ ਸਰਕਾਰ ਦੇ ਖਿਲਾਫ ਬੋਲ ਕੇ ਹੀ ਚੱਲਦੀ ਰਹੀ ਹੈ। ਇਸ ਤੋਂ ਇਲਾਵਾ ਇਨ੍ਹਾਂ ਪਾਸ ਹੋਰ ਕੁਝ ਨਹੀਂ ਹੈ। ਉਨ੍ਹਾਂ ਨੂੰ ਹਮੇਸ਼ਾ ਮਤਰੇਈ ਮਾਂ ਦੱਸਣਾ, ਕੇਂਦਰ ਸਰਕਾਰ ਨੂੰ ਹਮੇਸ਼ਾ ਕੋਸਣਾ, ਪੰਜਾਬ ਦੇ ਲੋਕਾਂ ਨੂੰ ਕੇਂਦਰ ਸਰਕਾਰ ਖਿਲਾਫ ਭੜਕਾਉਣਾ, ਇਸ ਤੋਂ ਇਲਾਵਾ ਅਕਾਲੀ ਪਾਰਟੀ ਦੀ ਹੋਰ ਕੋਈ ਸਿਆਸਤ ਨਹੀਂ ਰਹੀ। ਅੱਜ ਜਦੋਂ ਉਪਰ ਵੀ ਸਰਕਾਰ ਬਣ ਗਈ ਤਾਂ ਲੋਕਾਂ ਨੇ ਸੋਚਿਆ ਕਿ ਚੱਲੋ, ਇੱਕ ਵਾਰ ਮੌਕਾ ਦੇ ਕੇ ਦੇਖੀਏ ਕਿ ਇਹ ਸਾਰੇ ਮਸਲੇ ਹੱਲ ਕਰ ਦੇਣਗੇ ਲੇਕਿਨ ਗਵਰਨਰ ਸਾਹਿਬ ਫਿਰ ਉਹੀ ਪੜ੍ਹ ਗਏ ਕਿ ਪੰਜਾਬ ਨੂੰ ਚੰਡੀਗੜ੍ਹ ਮਿਲੇਗਾ, ਪਾਣੀ ਦੇ ਮਸਲੇ ਹੱਲ ਹੋਣਗੇ, '84 ਦੇ ਦੰਗਿਆਂ ਦਾ ਇਨਸਾਫ ਮਿਲੇਗਾ। ਮੈਂ ਕਹਿੰਦਾ ਹਾਂ ਕਿ ਹੁਣ ਇਨ੍ਹਾਂ ਨੂੰ ਰੋਕਦਾ ਕੌਣ ਹੈ। ਹੁਣ ਕਿਉਂ ਨਹੀਂ ਦਿੱਲੀ ਵਿੱਚ ਜਾਂਦੇ। ਇਹ ਕੁਰਸੀਆਂ ਸਾਂਭਣ ਤਾਂ ਜਾਂਦੇ ਹਨ ਹੁਣ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਗੱਲ ਕਰਨ ਕਿਉਂ ਨਹੀਂ ਦਿੱਲੀ ਜਾਂਦੇ। ਕਿਉਂ ਇੱਥੇ ਰਾਜਪਾਲ ਜੀ ਦੇ ਭਾਸ਼ਣ ਤੱਕ ਹੀ ਸੀਮਤ ਰਹਿ ਗਏ ਹਨ। ਮੈਂ 8 ਸਾਲ ਤੋਂ ਦੇਖ ਰਿਹਾ ਹਾਂ ਕਿ ਇਹੋ ਹੀ ਮੁੱਦੇ ਹੁੰਦੇ ਹਨ ਅਤੇ ਹਰ ਵਾਰ ਇਹ ਹੀ ਪੜ੍ਹ ਕੇ ਦਿਖਾ ਦਿੰਦੇ ਹਨ। ਕਿਉਂ 1984 ਦੇ ਦੰਗਾ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਇਹ ਸਰਕਾਰ ਕੁਝ ਨਹੀਂ ਕਰ ਰਹੀ? ਅੱਜ ਤੱਕ ਅਕਾਲੀ ਦਲ ਦੀ ਸਰਕਾਰ ਨੇ ਕਿਸੇ ਦੰਗਾ ਪੀੜ੍ਹਤ ਨੂੰ ਕੁਝ ਦਿੱਤਾ ਹੋਵੇ ਤਾਂ ਇਹ ਦੱਸ ਦੇਣ। ਮੁੱਖ ਮੰਤਰੀ ਜੀ ਨੇ ਮੇਰੇ ਤੋਂ ਬਾਅਦ ਬੋਲਣਾ ਹੈ, ਇਹ ਦੱਸ ਦੇਣ ਕਿ ਕੀ ਇਨ੍ਹਾਂ ਨੇ ਵੀ ਉਨ੍ਹਾਂ ਨੂੰ ਕੁਝ ਦਿੱਤਾ ਹੈ। ਉਹ ਸਾਡੇ ਵੀ ਤਾਂ ਕੁਝ ਲੱਗਦੇ ਹਨ। ਜੇ ਅਸੀਂ ਉਨ੍ਹਾਂ ਵਾਸਤੇ ਰੋਂਦੇ ਹਾਂ ਤਾਂ ਤੁਸੀਂ ਉਨ੍ਹਾਂ ਨੂੰ ਨੌਕਰੀਆਂ ਦਿਉ। ਅਸੀਂ ਤੁਹਾਡੇ ਨਾਲ ਹਾਂ। ਸਾਰਾ ਹਾਊਸ ਸਰਬਸੰਮਤੀ ਨਾਲ ਪਾਸ ਕਰੇ ਕਿ ਜਿਨ੍ਹਾਂ ਦੀ ਮੌਤ ਹੋਈ ਹੈ ਉਨ੍ਹਾਂ ਦੇ ਵਾਰਸ ਨੂੰ ਨੌਕਰੀ ਦਿੱਤੀ ਜਾਵੇ। 10-20 ਲੱਖ ਰੁਪਿਆ ਉਨ੍ਹਾਂ ਨੂੰ ਮੁੜ ਵਸੇਬਾ ਭੱਤਾ ਦਿੱਤਾ ਜਾਵੇ। ਜੇਕਰ ਤੁਸੀਂ ਇਹ ਕਰਨਾ ਹੀ ਨਹੀਂ ਹੈ ਤਾਂ ਕਿਉਂ ਹਰ ਵਾਰ ਵੋਟਾਂ ਬਟੋਰਨ ਵਾਸਤੇ ਲੋਕਾਂ ਦੇ ਹਿਰਦੇ ਵਲੂੰਧਰਦੇ ਹੋ। ਕਿਉਂ ਲੱਛੇਦਾਰ ਭਾਸ਼ਣ ਕਰਕੇ ਲੋਕਾਂ ਨੂੰ ਉਨ੍ਹਾਂ ਹੀ ਮੁੱਦਿਆਂ ਤੇ ਹੈਰਾਨ-ਪਰੇਸ਼ਾਨ ਕਰਦੇ ਹੋ ? ਕਿਉਂ ਉਨ੍ਹਾਂ ਦੇ ਜ਼ਖਮਾਂ ਤੇ ਲੂਣ ਛਿੜਕਦੇ ਹੋ ? ਕਿਉਂ ਚੰਡੀਗੜ੍ਹ ਪੰਜਾਬ ਨੂੰ ਨਹੀਂ ਦਿੱਤਾ ਜਾ ਰਿਹਾ ? 10 ਮਹੀਨੇ ਹੋ ਗਏ ਹਨ, ਤੁਸੀਂ ਅੱਜ ਤੱਕ ਕੋਈ ਗੱਲ ਨਹੀਂ ਕੀਤੀ। ਬਾਅਦ ਵਿੱਚ ਵੋਟਾਂ ਵਿੱਚ ਤੁਸੀਂ ਫਿਰ ਇਹ ਹੀ ਮਸਲੇ ਲੈ ਆਉਣੇ ਹਨ।

ਰਾਜਪਾਲ ਜੀ ਨੇ ਚੌਥੇ ਪੈਰ੍ਹੇ ਵਿੱਚ ਕਿਹਾ ਹੈ ਕਿ ਮੈਂ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਕਿ ਰਾਜ ਵਿੱਚ ਨਿਰਪੱਖ ਅਤੇ ਸ਼ਾਂਤੀਪੂਰਣ ਚੋਣਾਂ ਕਰਵਾ ਕੇ ਲੋਕਾਂ ਨੇ ਲੋਕਤੰਤਰ ਵਿੱਚ ਆਪਣਾ ਭਰੋਸਾ ਪ੍ਰਗਟਾਇਆ ਹੈ। ਚੇਅਰਮੈਨ ਸਾਹਿਬ, ਲੋਕਤੰਤਰ ਵਿੱਚ ਭਰੋਸਾ ਨਹੀਂ ਪ੍ਰਗਟਾਇਆ, ਪੁਲਿਸ ਤੰਤਰ ਵਿੱਚ ਭਰੋਸਾ ਪ੍ਰਗਟਾਇਆ ਹੈ। ਜੇਕਰ ਹਰ ਐਮ.ਐਲ.ਏ. ਦਿਲ ਖੋਲ੍ਹ ਕੇ ਦੱਸੇ, ਟਾਈਮ ਮਿਲੇ ਤਾਂ ਤੁਹਾਨੂੰ ਦੱਸੀਏ ਕਿ ਮੇਰੇ ਹਲਕੇ ਵਿੱਚ ਚਮਕੌਰ ਸਾਹਿਬ ਵਿੱਚ ਜਿਹੜਾ ਪ੍ਰਧਾਨਗੀ ਦਾ ਉਮੀਦਵਾਰ ਸੀ, ਪ੍ਰਧਾਨਗੀ ਦੀਆਂ ਵੋਟਾਂ ਪੈਣ ਤੋਂ ਦੋ ਦਿਨ ਪਹਿਲਾਂ, ਮਹੀਨਾ ਪਹਿਲਾਂ ਦਰਜ ਹੋਏ ਪਰਚੇ ਵਿੱਚ ਮੁਦੱਈ ਨੂੰ ਬੁਲਾ ਕੇ ਬਿਆਨ ਲੈ ਲਿਆ ਕਿ ਜਿਸ ਨੇ ਮੈਨੂੰ ਕੁੱਟਿਆ, ਉਹ ਇਸ ਪ੍ਰਧਾਨ ਦੇ ਬੰਦੇ ਸਨ। ਧਾਰਾ 120-ਬੀ, 308 ਅਤੇ 452 ਅਧੀਨ ਸੰਗੀਨ ਦੋਸ਼ਾਂ ਹੇਠ ਪਰਚਾ ਦਰਜ ਕਰ ਦਿੱਤਾ ਅਤੇ 300 ਬੰਦੇ ਉਸ ਦੇ ਮਗਰ ਲਗਾ ਦਿੱਤੇ ਕਿ ਉਸ ਨੂੰ ਅੰਦਰ ਨਹੀਂ ਜਾਣ ਦੇਣਾ। ਹਾਈ ਕੋਰਟ ਦਾ ਧੰਨਵਾਦ ਕਿ ਮੌਕੇ ਦੀ ਮੌਕੇ ਜ਼ਮਾਨਤ ਮਿਲ ਗਈ। ਅੰਦਰ ਜਦੋਂ ਪਰਚੀਆਂ ਪਈਆਂ ਤਾਂ ਸ਼ਰੇਆਮ ਧਾਂਦਲੀ ਕਰ ਦਿੱਤੀ। ਇੱਕ ਪਰਚੀ ਖੁੱਲ੍ਹੀ ਸੁੱਟ ਦਿੱਤੀ, ਇੱਕ ਬੰਦ ਸੁੱਟ ਦਿੱਤੀ ਅਤੇ ਆਪਣੇ ਕਿਸੇ ਬੰਦੇ ਤੋਂ ਚੁਕਵਾ ਦਿੱਤੀ। ਅਸੀਂ ਰੌਲਾ ਪਾਉਂਦੇ ਰਹਿ ਗਏ ਕਿ ਕਿਸੇ ਬਾਹਰਲੇ ਬੰਦੇ ਤੋਂ ਪਰਚੀ ਚੁਕਵਾਈ ਜਾਵੇ। ਇਸ ਤਰ੍ਹਾਂ ਤੁਸੀਂ ਚੋਣਾਂ ਕਰਵਾਈਆਂ। ਇਹ ਗੱਲਾਂ ਹੋਈਆਂ । (ਵਿਘਨ) ਜਦੋਂ ਬਰਾਬਰ ਹੋਣਗੇ ਤਾਂ ਪਰਚੀ ਹੀ ਪੈਣੀ ਹੈ। ਸਾਡੇ ਚਮਕੌਰ ਸਾਹਿਬ ਵਿੱਚ ਪਈ ਹੈ। ਮੋਰਿੰਡੇ ਵਿਖੇ ਜਿਹੜਾ ਸਾਡਾ ਪ੍ਰਧਾਨਗੀ ਦਾ ਉਮੀਦਵਾਰ ਸੀ, ਉਸ ਦੀ ਗੱਡੀ ਚੰਡੀਗੜ੍ਹ ਤੋਂ ਚੁੱਕ ਕੇ ਮੁਹਾਲੀ ਥਾਣੇ ਵਿਚ ਲੈ ਗਏ। ਉਹਦੇ ਉਤੇ ਕਿਡਨੈਪਿੰਗ ਦਾ ਪਰਚਾ ਦਫਾ 364 ਦਾ ਲਗਾ ਦਿੱਤਾ। ਸਾਡਾ ਸਾਰਾ ਮੋਰਿੰਡਾ ਇਥੇ ਮੁਹਾਲੀ ਆ ਗਿਆ। ਕੀ ਇਸ ਤਰ੍ਹਾਂ ਚੋਣਾਂ ਜਿੱਤੀਆਂ ਜਾਂਦੀਆਂ ਹਨ? ਸਾਡੇ ਮੋਰਿੰਡੇ ਦੇ ਪ੍ਰਧਾਨਗੀ ਦੇ ਉਮੀਦਵਾਰ ਨੂੰ ਮੁਹਾਲੀ ਸੀ.ਆਈ.ਏ. ਤੋਂ ਟੈਲੀਫੂਨ ਆ ਗਿਆ। ਮੈਂ ਉਨ੍ਹਾਂ ਨੂੰ ਟੈਲੀਫੂਨ ਕੀਤਾ ਕਿ ਸਾਡੇ ਕੈਂਡੀਡੇਟ ਨੂੰ ਤੁਸੀਂ ਮੁਹਾਲੀ ਬੁਲਾਇਆ ਹੈ, ਕੀ ਗੱਲ ਹੈ? ਉਹ ਕਹਿੰਦੇ ਕਿ ਇਕ ਬੰਦਾ ਫੜਿਆ ਹੋਇਆ ਹੈ, ਉਸ ਦੇ ਮੋਬਾਈਲ ਵਿਚ ਇਸ ਦਾ ਨੰਬਰ ਹੈ, ਜਿਸ ਕਰਕੇ ਅਸੀਂ ਬੁਲਾ ਰਹੇ ਹਾਂ। ਉਹ ਗਰੀਬ ਆਦਮੀ ਆਪਣੀ ਇਲੈਕਸ਼ਨ ਛੱਡ ਕੇ ਹੀ ਭੱਜ ਗਿਆ। ਕੀ ਇਸ ਤਰ੍ਹਾਂ ਇਲੈਕਸ਼ਨ ਜਿੱਤੇ ਜਾਂਦੇ ਹਨ ? ਕੀ ਇਹ ਲੋਕਤੰਤਰ ਹੈ? ਇਹ ਤਾਂ ਪੁਲਿਸ ਤੰਤਰ ਹੈ ਅਤੇ ਪੁਲਿਸ ਦੇ ਸਹਾਰੇ ਤੇ ਹੀ ਇਨ੍ਹਾਂ ਨੇ ਇਲੈਕਸ਼ਨਾਂ ਜਿੱਤੀਆਂ ਹਨ। ਲੋਕਾਂ ਨੂੰ ਕਿਸੇ ਤਰ੍ਹਾਂ ਦਾ ਵੀ ਇਨ੍ਹਾਂ ਵਿਚ

[ ਸਰਦਾਰ ਚਰਨਜੀਤ ਸਿੰਘ ਚੰਨੀ ]

ਵਿਸ਼ਵਾਸ ਨਹੀਂ ਹੈ। ਅੱਜ ਪੰਜਾਬ ਦੇ ਲੋਕ ਤ੍ਰਾਹ ਤ੍ਰਾਹ ਕਰ ਰਹੇ ਹਨ ਕਿ ਸਾਨੂੰ ਇਨ੍ਹਾਂ ਨੇ ਲੁੱਟਿਆ ਅਤੇ ਕੁੱਟਿਆ। ਇਸ ਦਾ ਬਦਲਾ ਲੋਕਾਂ ਨੇ ਅਗਲੀਆਂ ਚੋਣਾਂ ਵਿਚ ਲੈਣਾ ਹੈ। ਮਾਨਯੋਗ ਚੇਅਰਮੈਨ ਸਾਹਿਬ, ਮੈਂ ਆਪਣੇ ਹਲਕੇ ਦੀ ਵੀ ਇਕ ਗੱਲ ਕਰ ਲਵਾਂ। ਇਹ ਕਹਿੰਦੇ ਹਨ ਕਿ ਅਸੀਂ ਸਿੱਖ ਸਮਾਰਕ ਬਣਾਉਂਦੇ ਹਾਂ। ਚੀਮਾ ਸਾਹਿਬ ਬੈਠੇ ਹਨ, ਮੈਂ ਇਨ੍ਹਾਂ ਦੀ ਹਾਜ਼ਰੀ ਵਿਚ ਸੀ.ਐਮ. ਸਾਹਿਬ ਨੂੰ ਗੱਲ ਕਹਿਣਾ ਚਾਹੁੰਦਾ ਹਾਂ ਕਿ ਚਮਕੌਰ ਸਾਹਿਬ ਸ਼ਹੀਦ ਸਿੰਘਾਂ ਦਾ ਸਥਾਨ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ। ਉਨ੍ਹਾਂ ਦੀ ਯਾਦ ਵਿਚ ਕਾਂਗਰਸ ਸਰਕਾਰ ਸਮੇਂ ਕੈਪਟਨ ਅਮਰਿੰਦਰ ਸਿੰਘ ਜੀ ਨੇ ਇਕ ਥੀਮ ਪਾਰਕ ਬਣਾਉਣਾ ਸ਼ੁਰੂ ਕੀਤਾ ਸੀ। ਮੈਂ ਕਿੰਨੀ ਵਾਰ ਇਥੇ ਸਵਾਲ ਲਗਾ ਲਿਆ ਹੈ। ਜਦੋਂ ਪਿਛਲੀ ਵਾਰ 3 ਸਾਲ ਪਹਿਲਾਂ ਵੀ ਮੈਂ ਸਵਾਲ ਲਗਾਇਆ ਸੀ ਤਾਂ ਮੁੱਖ ਮੰਤਰੀ ਜੀ ਨੇ ਰਵਾਇਤੀ ਢੰਗ ਨਾਲ ਖੜ੍ਹੇ ਹੋ ਕੇ ਕਿਹਾ ਕਿ ਇਕ ਸਾਲ ਦੇ ਅੰਦਰ ਅੰਦਰ ਇਸ ਥੀਮ ਪਾਰਕ ਨੂੰ ਬਣਾ ਦਿੱਤਾ ਜਾਵੇਗਾ ਕਿਉਂਜੋ ਉਹ ਸ਼ਹੀਦਾਂ ਦੀ ਯਾਦਗਾਰ ਹੈ ਅਤੇ ਬੜਾ ਵੱਡਾ ਸਥਾਨ ਹੈ। ਅੱਜ ਤਿੰਨ ਸਾਲ ਹੋ ਗਏ ਹਨ ਪ੍ਰੰਤੂ ਉਥੇ ਇਕ ਇੱਟ ਵੀ ਨਹੀਂ ਲੱਗੀ। ਆਪਾਂ ਸਦਨ ਵਿਚ ਤਾਂ ਸੱਚ ਬੋਲਣਾ ਸ਼ੁਰੂ ਕਰ ਦੇਈਏ। ਸਦਨ ਵਿਚ ਤਾਂ ਘੱਟੋ ਘੱਟ ਝੂਠ ਨਾ ਬੋਲੀਏ। ਇਹ ਕਹਿ ਦਿੰਦੇ ਹਨ ਕਿ ਅਜ਼ੀਮ ਸਦਨ ਹੈ। ਹੁਣ ਵੀ ਇਹ ਪਵਿੱਤਰ ਸਦਨ ਕਹਿਣਗੇ। ਇਹ ਕਿੱਥੋਂ ਦਾ ਪਵਿੱਤਰ ਰਹਿ ਗਿਆ ਹੈ? ਚਮਕੌਰ ਸਾਹਿਬ ਦੇ ਹਸਪਤਾਲ ਬਾਰੇ ਸੀ.ਐਮ. ਸਾਹਿਬ ਨੇ ਖੜ੍ਹੇ ਹੋ ਕੇ ਕਿਹਾ ਸੀ ਕਿ ਅਸੀਂ ਅਪਗ੍ਰੇਡ ਕਰ ਦਿਆਂਗੇ ਪਰ ਉਹ ਅੱਜ ਤੱਕ ਨਹੀਂ ਹੋਇਆ।

ਚੇਅਰਮੈਨ ਸਾਹਿਬ, ਰਾਜਪਾਲ ਦੇ ਭਾਸ਼ਣ ਵਿਚੋਂ ਜੇਕਰ ਕੇਂਦਰ ਸਰਕਾਰ ਦੀਆਂ ਗ੍ਰਾਂਟਾਂ ਕੱਢ ਦੇਈਏ ਤਾਂ ਬਾਕੀ ਭਾਸ਼ਣ ਵਿਚ ਕੁਝ ਬਚਦਾ ਹੀ ਨਹੀਂ। ਕੀ ਪੰਜਾਬ ਵਿੱਚ ਇਨ੍ਹਾਂ ਨੇ ਕੋਈ ਨਵੀਂ ਸਕੀਮ ਚਾਲੂ ਕੀਤੀ ਹੈ? ਕੀ ਕੋਈ ਡਿਵੈਲਪਮੈਂਟ ਦੀ ਗੱਲ ਕੀਤੀ ਹੈ? ਜੋ ਇਨ੍ਹਾਂ ਨੇ ਆਪਣੇ ਪੈਸੇ ਤੋਂ ਕਰਨਾ ਹੈ। ਕੇਂਦਰ ਦੀਆਂ ਗ੍ਰਾਂਟਾਂ ਛੱਡ ਦਿਉ। ਪੰਜਾਬ ਦਾ ਪੈਸਾ ਕਿੱਥੇ ਜਾ ਰਿਹਾ ਹੈ? ਕੀ ਪੰਜਾਬ ਦੇ ਕਰਜ਼ੇ ਨੂੰ ਘਟਾਉਣ ਦੀ ਕੋਈ ਗੱਲ ਕੀਤੀ ਹੈ? ਇਹ ਦੋ ਲੱਖ ਕਰੋੜ ਰੁਪਏ ਤੋਂ ਉਪਰ ਟੱਪ ਚੁੱਕਾ ਹੈ। ਇਨ੍ਹਾਂ ਨੇ ਕਿਹੜੇ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਹਨ? ਇਸ ਭਾਸ਼ਣ ਵਿਚ ਕੋਈ ਵੀ ਨਵੀਂ ਦਿਸ਼ਾ ਨਹੀਂ ਦਿੱਤੀ ਗਈ। ਬਿਲਕੁਲ ਅਰਥਹੀਣ ਪੁਲੰਦਾ ਇਨ੍ਹਾਂ ਨੇ ਸਾਡੇ ਅੱਗੇ ਰੱਖ ਦਿੱਤਾ ਹੈ। ਇਸ ਵਿਚ

ਕੋਈ ਵੀ ਉਸਾਰੂ ਸੋਚ ਨਹੀਂ ਹੈ। ਲਾਅ ਐਂਡ ਆਰਡਰ ਦੀ ਗੱਲ ਕੀਤੀ ਗਈ ਹੈ। ਇਕ ਪਾਸੇ ਵੂਮੈਨ ਡੇਅ ਮਨਾਇਆ ਜਾ ਰਿਹਾ ਸੀ ਅਤੇ ਦੂਜੇ ਪਾਸੇ ਲੁਧਿਆਣੇ ਵਿਚ 3 ਔਰਤਾਂ ਨਾਲ ਰੇਪ ਕੀਤਾ ਜਾ ਰਿਹਾ ਸੀ। ਸ਼ਰੇਆਮ ਕਤਲ ਹੋ ਰਹੇ ਹਨ। ਸਾਡੇ ਇਕ ਨੌਜਵਾਨ ਕਾਂਗਰਸੀ ਆਗੂ ਦਾ ਮੁਹਾਲੀ ਵਿਚ ਕਤਲ ਹੋ ਗਿਆ, ਕਾਤਲਾਂ ਦਾ ਅੱਜ ਤੱਕ ਪਤਾ ਨਹੀਂ ਲੱਗਾ। ਮਾਪੇ ਕਿੱਥੇ ਜਾਣ? ਤੁਸੀਂ ਮੈਨੂੰ ਦੱਸੋ, ਕੀ ਕੋਈ ਨੌਕਰੀਆਂ ਦਿੱਤੀਆਂ ਹਨ ? ਇਹ ਸਭ ਤੋਂ ਮਾੜਾ ਕਾਲਾ ਦਿਨ ਹੈ ਜਿਹੜਾ ਕਿ ਹੁਣ ਦੌਰ ਅਕਾਲੀ ਦਲ ਦੀ ਸਰਕਾਰ ਦਾ ਗੁਜ਼ਰ ਰਿਹਾ ਹੈ। ਇਹ ਸਮਝਦੇ ਹਨ ਕਿ ਅਸੀਂ ਬੁਲੰਦੀ ਤੇ ਹਾਂ ਪਰ ਉਨ੍ਹਾਂ ਨੂੰ ਪੁੱਛੋ ਜਿਨ੍ਹਾਂ ਦਾ ਅੰਦਰ ਰੋ ਰਿਹਾ ਹੈ ਕਿ ਅਸੀਂ ਅਕਾਲੀ ਦਲ ਵਿੱਚ ਹੁੰਦੇ ਸੀ । ਜਥੇਦਾਰ ਜਦੋਂ ਘਰ ਜਾਂਦਾ ਸੀ ਤੇ ਲੋਕ ਖੜ੍ਹੇ ਹੋ ਜਾਂਦੇ ਸੀ ਤੇ ਮੁੰਡੇ ਨੂੰ ਨਾਲ ਤੋਰਦੇ ਸੀ ਕਿ ਜਥੇਦਾਰ ਸਾਹਿਬ ਆਏ ਹਨ । ਇਨ੍ਹਾਂ ਦੀ ਰਹਿਨੁਮਾਈ ਵਿੱਚ ਮੇਰਾ ਮੁੰਡਾ ਬੜਾ ਚੰਗਾ ਰਹੇਗਾ। ਇਨ੍ਹਾਂ ਦੀ ਰਹਿਨੁਮਾਈ ਵਿੱਚ ਸਾਡਾ ਮੁੰਡਾ ਅੱਗੇ ਵਧੇਗਾ ਪਰ ਅੱਜ ਕੀ ਹੁੰਦਾ ਹੈ ? ਪਹਿਲੀ ਵਾਰੀ ਹੋਇਆ, ਪੰਜਾਬ ਵਿੱਚ ਕਿ ਅਕਾਲੀ ਦਲ ਤੇ ਨਸ਼ਿਆਂ ਦੇ ਦੋਸ਼ ਲੱਗੇ ਤੇ ਪਹਿਲੀ ਵਾਰ ਨੋ ਕਾਨਫੀਡੈਂਸ ਮੋਸ਼ਨ ਆਇਆ । ** ** ਹਰ ਕੋਈ ਆਪਣੇ ਮੁੰਡਿਆਂ ਨੂੰ ਬਚਾਅ ਬਚਾਅ ਕੇ ਰੱਖ ਰਿਹਾ ਹੈ । ਕਿਉਂ ? ਕਿਉਂਕਿ ਨਸ਼ਿਆਂ ਨੇ ਅੱਜ ਪੰਜਾਬ ਗਾਲ ਦਿੱਤਾ । ਪੰਜਾਬ ਦੇ ਹਾਲਾਤ ਇਹ ਹਨ ਕਿ ਤੁਸੀਂ ਕਹਿੰਦੇ ਹੋ ਕਿ ਨਸ਼ਿਆਂ ਦੀ ਗੱਲ ਨਾ ਕਰਿਆ ਕਰੋ, ਪੰਜਾਬ ਬਦਨਾਮ ਹੁੰਦਾ ਹੈ । ਯਾਰੋ, ਬਦਨਾਮੀ ਨਾਲੋਂ ਸਾਡੀ ਬਰਬਾਦੀ ਕੋਈ ਘੱਟ ਹੋ ਰਹੀ ਹੈ । ਸਾਡੇ ਨੌਜਵਾਨ ਗਲ ਗਏ। ਸਾਡੇ ਨੌਜਵਾਨਾਂ ਕੋਲ ਕੋਈ ਹੋਰ ਰਸਤਾ ਨਹੀਂ ਰਿਹਾ । ਉਨ੍ਹਾਂ ਕੋਲ ਹੋਰ ਕੋਈ ਨੌਕਰੀਆਂ ਨਹੀਂ ਹਨ । ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੈਰ੍ਹਾ ਨੰ. 22 ਵਿੱਚ ਰਾਜਪਾਲ ਜੀ ਨੇ ਕਿਹਾ ਹੈ ਕਿ ਲੋਕਤੰਤਰ ਵਿੱਚ ਨਾਗਰਿਕ ਬਾਦਸ਼ਾਹ ਹੁੰਦਾ ਹੈ । ਡੈਮੋਕਰੇਸੀ ਦੀ ਉਹ ਪਰਿਭਾਸ਼ਾ ਦੱਸ ਰਹੇ ਹਨ। ਮੈਂ ਵੀ ਪੁਲੀਟੀਕਲ ਸਾਇੰਸ ਦਾ ਸਟੂਡੈਂਟ ਹਾਂ । ਪੰਜਾਬ ਯੂਨੀਵਰਸਿਟੀ ਤੋਂ ਐਮ. ਏ. ਕਰ ਰਿਹਾ ਹਾਂ । ਹੁਣੇ ਹੀ ਪੇਪਰ ਹੋ ਕੇ ਹਟੇ ਹਨ । ਉਸ ਵਿੱਚ ਇਬਰਾਹੀਮ ਲਿੰਕਨ ਨੇ ਜਿਹੜੀ ਪਰਿਭਾਸ਼ਾ ਦਿੱਤੀ ਹੈ, ਉਸ ਵਿੱਚ ਉਹ ਕਹਿੰਦੇ ਹਨ, In democracy, Government is of the people, by the people, for the people. ਲੋਕਾਂ ਵਾਸਤੇ ਸਰਕਾਰ, ਲੋਕਾਂ ਦੀ ਸਰਕਾਰ ਅਤੇ ਲੋਕਾਂ ਨੇ ਬਣਾਈ ਸਰਕਾਰ। ਲੇਕਿਨ ਇੱਥੇ ਕੀ ਹੈ ? ਇੱਥੇ ਹੈ : ** ** ਹੋਰ ਕਿਸੇ

**Expunged as ordered by the Chair.

[ ਸਰਦਾਰ ਚਰਨਜੀਤ ਸਿੰਘ ਚੰਨੀ ]

ਦੀ ਪਾਵਰ ਨਹੀਂ ਹੈ। ਟੋਟਲ ਪਾਵਰਜ਼ ਪੰਜਾਬ ਵਿੱਚ ਸੈਂਟਰੇਲਾਈਜ਼ ਹੋ ਚੁੱਕੀਆਂ ਹਨ। ਪੰਜਾਬ ਵਿੱਚ ਕਿਸੇ ਹੋਰ ਦੀ ਗੱਲ ਨਹੀਂ ਚਲਦੀ, ਸਿਰਫ ਇੱਕ ਪਰਿਵਾਰ ਨੂੰ ਪਾਲਣ ਵਾਸਤੇ, ਉਸ ਦੀ ਪ੍ਰਾਪਰਟੀ ਨੂੰ ਵਧਾਉਣ ਵਾਸਤੇ, ਉਸ ਦੀ ਜਾਇਦਾਦ ਵਧਾਉਣ ਵਾਸਤੇ ਅੱਜ ਪੰਜਾਬ ਸਰਕਾਰ ਚੱਲ ਰਹੀ ਹੈ । ਜਿੱਥੇ ਹੋਟਲ ਬਣਦਾ ਹੋਵੇ, ਉਥੇ ਦਸ ਮਾਰਗੀ, ਸਿਕਸ ਮਾਰਗੀ ਸੜਕਾਂ ਬਣ ਰਹੀਆਂ ਹਨ ਪਰ ਜਿੱਥੋਂ ਪੰਜਾਬ ਦੇ ਲੋਕ ਜਾ ਰਹੇ ਹਨ, ਇੱਥੋਂ ਤੋਂ ਲੈ ਕੇ ਖਰੜ ਤੱਕ ਮੇਰੇ ਨਾਲ ਚਲੋ, ਜੇ ਤੁਹਾਡੀ ਪਿੱਠ ਨਾ ਦੁੱਖਣ ਲੱਗ ਪਵੇ। ਇੱਧਰ ਮੈਂ ਮੁੱਲਾਂਪੁਰ ਤੱਕ ਲੈ ਜਾਂਦਾ ਹਾਂ, ਜੇ ਤੁਹਾਨੂੰ ਕਿਤੇ ਨਜ਼ਾਰਾ ਨਾ ਆ ਜਾਵੇ ਕਿ ਅਸੀਂ ਕਿੱਧਰ ਨੂੰ ਜਾ ਰਹੇ ਹਾਂ । ਕਿੱਧਰ ਨੂੰ ਜਾ ਰਿਹਾ ਹੈ, ਪੰਜਾਬ ? ਕਿੱਧਰ ਨੂੰ ਆਪਾਂ ਜਾ ਰਹੇ ਹਾਂ ? ਸਾਡੇ ਪੰਜਾਬ ਦੀ ਕੀ ਸੋਚ ਹੈ ? ਮਾਨਯੋਗ ਚੇਅਰਮੈਨ ਸਾਹਿਬ, ਇਹ ਕਹਿੰਦੇ ਹਨ ਕਿ ਪਾਣੀ ਉੱਤੇ ਬੱਸਾਂ ਚੱਲਣਗੀਆਂ । ਡਿਪਟੀ ਸੀ. ਐਮ. ਸਾਹਿਬ ਦਾ ਭਾਸ਼ਣ ਸੁਣਿਆ । ਹਰ ਵਟਸਅੱਪ ਤੇ ਹੈ । ਉਸ ਵਿੱਚ ਉਹ ਕਹਿ ਰਹੇ ਹਨ, ਡਿਪਟੀ ਸੀ. ਐਮ. ਸਾਹਿਬ ਕਹਿ ਰਹੇ ਹਨ ਕਿ ਆਪਾਂ ਹੁਣ ਬੱਸਾਂ ਲਿਆ ਦੇਣੀਆਂ ਹਨ, ਉਹ ਪਹਿਲਾਂ ਮਾਨਸਾ ਤੱਕ ਪਾਣੀ ਵਿੱਚ ਚਲਿਆ ਕਰੇਗੀ, ਉਸ ਤੋਂ ਬਾਅਦ ਪਾਣੀ ਤੋਂ ਸੜਕ ਤੇ ਆ ਜਾਇਆ ਕਰੇਗੀ । ਫਿਰ ਉਹ ਬੱਸ ਸੜਕ ਤੇ ਚਲਿਆ ਕਰੇਗੀ। ਕਿਹੜੇ ਝੂਠ ਦੀ ਇਹ ਗੱਲ ਕਰ ਰਹੇ ਹਾਂ । ਕਿਹੋ ਜਿਹੀਆਂ ਇਹ ਬੱਸਾਂ ਹੋਣਗੀਆਂ । ਫਿਰ ਅਗਲੀ ਗੱਲ ਵਿੱਚ ਕਹਿ ਰਹੇ ਹਨ ਕਿ ਦਿੱਲੀ ਤੋਂ ਪੈਸਾ ਆ ਰਿਹਾ ਹੈ ਤੇ ਮੇਰਾ ਖਿਆਲ ਹੈ ਕਿ ਪੰਜ ਸੱਤ ਸੌ ਟਰੱਕਾਂ ਵਿੱਚ ਆਵੇਗਾ । ਟਰੱਕ ਲੱਦ ਕੇ ਆਉਣਗੇ । ** ** ਤੁਸੀਂ ਦੱਸੋ ਕਿ ਕਿੰਨੀਆਂ ਵੱਡੀਆਂ ਗੱਲਾਂ ਇਹ ਕਰ ਰਹੇ ਹਨ । ਬੱਸ ਪਾਣੀ ਉੱਪਰ ਚਲਿਆ ਕਰੇਗੀ ਤੇ ਫਿਰ ਉਹ ਸੜਕ ਤੇ ਆ ਜਾਇਆ ਕਰੇਗੀ । ਸੱਤ-ਅੱਠ ਸੌ ਟਰੱਕ ਪੈਸਿਆਂ ਦੇ ਭਰ ਕੇ ਆਉਣਗੇ । (ਵਿਘਨ)

**Mr. Chiarman :** Wind up, within two minutes.

**ਸਰਦਾਰ ਚਰਨਜੀਤ ਸਿੰਘ ਚੰਨੀ :** ਚੇਅਰਮੈਨ ਸਾਹਿਬ, ਜਦ ਮੈਂ ਪੰਜਾਬ ਦੀਆਂ ਜੀ. ਟੀ. ਰੋਡਜ਼ ਤੇ ਜਾਂਦਾ ਹਾਂ ਤਾਂ ਮੈਨੂੰ ** ** ਯਾਦ ਆਉਂਦੇ ਹਨ ਕਿਉਂਕਿ ਉਨ੍ਹਾਂ ਨੇ ਸਾਨੂੰ ਜੀ. ਟੀ. ਰੋਡ ਦਿੱਤੀ ਹੈ ਜਿਨ੍ਹਾਂ ਦੀ ਇਹ ਗੱਲ ਅੱਜ ਕਰਦੇ ਹਨ ਤੇ ਜਦੋਂ ਮੈਂ ਲਿੰਕ ਰੋਡਜ਼ ਤੇ ਵੜਦਾ ਹਾਂ ।

**Expunged as ordered by the Chair.

**ਸ਼੍ਰੀ ਸਭਾਪਤੀ :** ਜਿਹੜੇ ਹਾਊਸ ਦੇ ਮੈਂਬਰ ਨਹੀਂ ਹਨ, ਉਨ੍ਹਾਂ ਦਾ ਨਾਂ ਨਹੀਂ ਲਿਖਣਾ । ਐਕਸਪੰਜ ਕਰ ਦਿਓ।

**ਸਰਦਾਰ ਚਰਨਜੀਤ ਸਿੰਘ ਚੰਨੀ** : ਚਲੋ, ਮੈਂ ਸਾਬਕਾ ਪ੍ਰਧਾਨ ਮੰਤਰੀ ਕਹਿ ਲੈਂਦਾ ਹਾਂ ਤੇ ਜਦੋਂ ਮੈਂ ਜੀ. ਟੀ. ਰੋਡਜ਼ ਤੇ ਜਾਂਦਾ ਹਾਂ ਤੇ ਮੈਨੂੰ ਉਹ ਯਾਦ ਆਉਂਦੇ ਹਨ ਤੇ ਜਦੋਂ ਮੈਂ ਲਿੰਕ ਰੋਡਜ਼ ਤੇ ਜਾਂਦਾ ਹਾਂ ਤੇ ਮੈਨੂੰ ਇਹ ਯਾਦ ਆ ਜਾਂਦੇ ਹਨ ਕਿਉਂਕਿ ਜਿੰਨੀ ਪੰਜਾਬ ਵਿੱਚ ਹੁਣ ਤੱਕ ਡਿਵੈਲਪਮੈਂਟ ਹੋਈ ਹੈ ਜਿਸ ਦਾ ਇਹ ਰਾਗ ਅਲਾਪਦੇ ਹਨ, ਉਹ ਸਾਰਾ ਸਾਬਕਾ ਪ੍ਰਧਾਨ ਮੰਤਰੀ ਜੀ ਨੂੰ ਜਾਂਦਾ ਹੈ ਕਿਉਂਕਿ ਪੰਜਾਬ ਵਿੱਚ ਸਕੂਲਾਂ, ਹਾਇਰ ਐਜੂਕੇਸ਼ਨ ਇੰਸਟੀਚਿਊਟ, ਹਸਪਤਾਲ, ਕੈਂਸਰ ਹਸਪਤਾਲ, ਆਂਗਨਵਾੜੀ, ਦਾਣਾ ਮੰਡੀਆਂ ਲਈ ਪੈਸਾ ਕੇਂਦਰ ਤੋਂ ਆਇਆ ਤੇ ਇਨ੍ਹਾਂ ਨੇ ਪੰਜਾਬ ਨੂੰ ਕੀ ਦਿੱਤਾ ? ਪੰਜਾਬ ਨੂੰ ਕਰਜ਼ਾਈ ਬਣਾਇਆ, ਪੰਜਾਬ ਨੂੰ ਨਸ਼ਈ ਬਣਾਇਆ, ਪੰਜਾਬ ਦੇ ਹਰ ਪਿੰਡ ਦੀ ਜੂਹ ਤੇ ਠੇਕਾ ਖੋਲ੍ਹਿਆ, ਗਲੀਆਂ ਵਿੱਚ ਠੇਕੇ ਖੋਲ੍ਹ ਦਿੱਤੇ, ਪੰਜਾਬ ਦੀਆਂ ਪ੍ਰਾਪਰਟੀਆਂ ਵੇਚਣ ਵਿੱਚ ਇਨ੍ਹਾਂ ਦਾ ਹੀ ਨਾਂ ਆਇਆ ਹੈ । ਪੰਜਾਬ ਦੀ ਅੱਧੀ ਪ੍ਰਾਪਰਟੀ ਵਿਕ ਚੁੱਕੀ ਹੈ ਤੇ ਬਾਕੀ ਵੇਚਣ ਨੂੰ ਤਿਆਰ ਪਏ ਹਨ ਤੇ ਸਿੱਖ ਮੁੱਦਿਆਂ ਤੇ ਇਹ ਰੋਟੀਆਂ ਸੇਕਣ ਦਾ ਕੰਮ ਕਰ ਰਹੇ ਹਨ । ਇਹੀ ਸਿਹਰਾ ਇਨ੍ਹਾਂ ਦੀ ਸਰਕਾਰ ਨੂੰ ਜਾਂਦਾ ਹੈ । ਇਹ ਕਿਸਾਨੀ ਦੀ ਗੱਲ ਇਹ ਕਰਦੇ ਹਨ, ਇਨ੍ਹਾਂ ਨੇ ਐਕਟ ਬਾਰੇ ਦੱਸਿਆ ਹੈ, ਮੈਂ ਉਸ ਦੇ ਬਾਰੇ ਜ਼ਿਆਦਾ ਨਹੀਂ ਜਾਣਾ ਚਾਹੁੰਦਾ ....

**ਸ਼੍ਰੀ ਸਭਾਪਤੀ :** ਵਾਈਂਡ ਅੱਪ ਕਰੋ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਦੋ ਮਿੰਟ ਵਿੱਚ ਵਾਈਂਡ ਅੱਪ ਕਰਨ ਲੱਗਿਆ ਹਾਂ ਕਿਉਂਕਿ ਤੁਹਾਡੇ ਕੋਲ ਟਾਈਮ ਘੱਟ ਹੈ। ਖਰੜ ਤੋਂ ਲੈ ਕੇ ਕੁਰਾਲੀ ਤੱਕ ਸੜਕ ਦੇ ਦੋਨੋਂ ਪਾਸੇ ਜਗ੍ਹਾ ਐਕੁਆਇਰ ਹੋ ਰਹੀ ਹੈ। ਕੁਰਾਲੀ ਦਾ ਬਾਈਪਾਸ ਐਕੁਆਇਰ ਹੋ ਰਿਹਾ ਹੈ। ਉਸ ਦੇ ਵਿੱਚ ਕੀ ਰੇਟ ਦਿੱਤਾ ਹੈ ? 32 ਲੱਖ ਰੁਪਏ ਕਿੱਲਾ। 10 ਕਿਲੋਮੀਟਰ ਤੇ ਇਧਰ ਇਨ੍ਹਾਂ ਦਾ ਹੋਟਲ ਪੈਂਦਾ ਹੈ। ਉਧਰ ਕੀ ਰੇਟ ਦਿੱਤਾ ਹੈ ? 1 ਕਰੋੜ 60 ਲੱਖ ਰੁਪਏ ਕਿੱਲਾ। ਕੀ ਇਹ ਕਿਸਾਨ ਦੇ ਨਾਲ ਇਨਸਾਫ ਹੈ ? ਜਿਹੜਾ ਜੀ. ਟੀ. ਰੋਡ ਨਾਲ ਬੈਠਾ ਹੈ, ਉਸ ਨੂੰ 32 ਤੋਂ 56 ਲੱਖ ਰੁਪਏ ਕਿੱਲਾ ਅਤੇ ਉਧਰ ਦੋ ਕਰੋੜ ਰੁਪਿਆ। ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਐਸ.ਸੀਜ਼ ਦੇ ਵਜ਼ੀਫਿਆਂ ਦੀ ਗੱਲ ਹੋਈ ਹੈ। ਅੱਜ ਸ਼ਡਿਊਲਡ ਕਾਸਟਾਂ ਨੂੰ 84ਵੀਂ ਅਮੈਂਡਮੈਂਟ ਨਹੀਂ ਮਿਲ ਰਹੀ।

ਅੱਜ ਰਿਜ਼ਰਵੇਸ਼ਨ ਪਾਲਿਸੀ ਲਾਗੂ ਨਹੀਂ ਹੋ ਰਹੀ। ਠੇਕਿਆਂ ਤੇ ਭਰਤੀ ਵਿੱਚ ਰਿਜ਼ਰਵੇਸ਼ਨ ਲਾਗੂ ਨਹੀਂ ਕਰ ਰਹੇ। ਆਟਾ ਦਾਲ ਸਕੀਮ ਬੰਦ ਪਈ ਹੈ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦਾ ਸਹੀ ਮੁਆਵਜ਼ਾ ਨਹੀਂ ਮਿਲ ਰਿਹਾ। ਜੋ ਚੋਣ ਵਾਅਦੇ ਇਨ੍ਹਾਂ ਨੇ ਕੀਤੇ ਸੀ, ਉਨ੍ਹਾਂ ਵਿਚੋਂ ਕੋਈ ਪੂਰਾ ਨਹੀਂ ਹੋਇਆ। ਨਾ ਤਾਂ ਨੌਜਵਾਨਾਂ ਨੂੰ 1000/- ਰੁਪਏ ਭੱਤਾ ਮਿਲਿਆ ਹੈ, ਨਾ ਪੈਨਸ਼ਨਾਂ ਡਬਲ ਹੋਈਆਂ ਹਨ, ਨਾ ਫਰੀ ਵਿੱਚ ਆਟਾ ਦਾਲ ਮਿਲੀ।

**Mr. Chairman :** Thank you.

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਤਾਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਮੰਨਾ ਸਿੰਘ ਜੀ ਨੇ ਕਿਹਾ ਸੀ –

ਰਾਜੇ ਰਾਜ ਕਰੇਂਦਿਆਂ, ਝੂਠੇ ਤੇਰੇ ਲਾਰੇ

ਡੁੱਬਣੀ ਬੇੜੀ ਤੇਰੇ ਰਾਜ ਦੀ, ਲੱਗਣੀ ਨਹੀਂ ਕਿਨਾਰੇ।

ਮਾਨਯੋਗ ਚੇਅਰਮੈਨ ਸਾਹਿਬ, ਅੱਜ ਜਿਸ ਤਰੀਕੇ ਦੇ ਨਾਲ ...

**Mr. Chairman :** Thank you, wind up please.

**ਸਰਦਾਰ ਚਰਨਜੀਤ ਸਿੰਘ ਚੰਨੀ :** ਇਹ ਲੋਕ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਦੀਆਂ ਬੱਸਾਂ ਖੋਹਣਗੇ। ਪੰਜਾਬ ਦਾ ਨੌਜਵਾਨ ਉਠੇਗਾ ਅਤੇ ਆਉਣ ਵਾਲੀ ਇਲੈਕਸ਼ਨ ਵਿੱਚ ਇਨ੍ਹਾਂ ਨੂੰ ਸਬਕ ਸਿਖਾਏਗਾ। ਮੈਂ ਇਨ੍ਹਾਂ ਸ਼ਬਦਾਂ ਦੇ ਨਾਲ ਰਾਜਪਾਲ ਜੀ ਦੇ ਭਾਸ਼ਣ ਨੂੰ ਰੱਦ ਕਰਦਾ ਹਾਂ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) :** ਚੇਅਰਮੈਨ ਸਾਹਿਬ, ਧੰਨਵਾਦ। ਤੁਸੀਂ ਗਵਰਨਰ ਸਾਹਿਬ ਦੇ ਐਡਰੈਸ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਜਿਹੜਾ ਉਨ੍ਹਾਂ ਨੇ 50 ਪੇਜ ਦਾ ਐਡਰੈਸ ਪੜ੍ਹਿਆ ਹੈ, ਇਸ ਵਿੱਚ ਉਨ੍ਹਾਂ ਨੇ ਪੰਜਾਬ ਦੀ ਆਰਥਿਕ ਹਾਲਤ ਬਾਰੇ, ਪੰਜਾਬ ਦੀਆਂ ਸਮੱਸਿਆਵਾਂ ਬਾਰੇ, ਪੰਜਾਬ ਨਾਲ ਹੋਏ ਅਨਿਆਂ ਬਾਰੇ, 1984 ਦੇ ਦੰਗਿਆਂ ਬਾਰੇ, ਜਿਨ੍ਹਾਂ ਨੇ ਦੇਸ਼ ਨੂੰ ਕਲੰਕਿਤ ਕੀਤਾ ਹੈ, ਉਸ ਬਾਰੇ ਜ਼ਿਕਰ ਕੀਤਾ ਹੈ। ਕਿਉਂਕਿ ਸਮਾਂ ਘੱਟ ਹੈ, ਮੁੱਖ ਮੰਤਰੀ ਜੀ ਨੇ ਬੋਲਣਾ ਹੈ, ਮੈਂ ਜਿਹੜੀਆਂ ਹੁਣੇ ਮਿਊਂਸਿਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਦੀਆਂ ਚੋਣਾਂ ਹੋ ਕੇ ਹਟੀਆਂ ਹਨ, ਉਸ ਦੇ ਬਾਰੇ ਜਰੂਰ ਗੱਲ ਕਰਾਂਗਾ। 6 ਕਾਰਪੋਰੇਸ਼ਨਾਂ ਦੀਆਂ ਚੋਣਾਂ ਹੋਈਆਂ ਹਨ।

**ਸ਼੍ਰੀ ਸਭਾਪਤੀ :** ਤੁਹਾਡਾ ਟਾਈਮ ਪੰਜ ਮਿੰਟ ਹੈ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਚੇਅਰਮੈਨ ਸਾਹਿਬ, 6 ਕਾਰਪੋਰੇਸ਼ਨਾਂ ਦੀਆਂ ਚੋਣਾਂ ਹੋਈਆਂ ਹਨ, ਜਿਨ੍ਹਾਂ ਵਿਚੋਂ ਤਿੰਨ ਕਾਰਪੋਰੇਸ਼ਨਾਂ ਦੇ ਮੇਅਰ ਬੀ.ਜੇ.ਪੀ. ਦੇ ਬਣੇ ਹਨ, ਦੋ ਕਾਰਪੋਰੇਸ਼ਨਾਂ ਦੇ ਮੇਅਰ ਐਸ.ਏ.ਡੀ. ਦੇ ਬਣੇ ਹਨ ਅਤੇ ਇੱਕ ਦੀ ਚੋਣ ਅਜੇ ਬਾਕੀ ਹੈ। 300 ਸੀਟਾਂ ਤੇ ਚੋਣਾਂ ਲੜੀਆਂ ਗਈਆਂ, ਜਿਸ ਵਿਚੋਂ ਸ਼੍ਰੋਮਣੀ ਅਕਾਲੀ ਦਲ ਨੂੰ 81, ਬੀ.ਜੇ.ਪੀ. ਨੂੰ 86 ਅਤੇ ਕਾਂਗਰਸ ਨੂੰ ਸਿਰਫ 67 ਸੀਟਾਂ ਮਿਲੀਆਂ ਹਨ। ਮਿਊਂਸਿਪਲ ਕਮੇਟੀਆਂ ਵਿੱਚ 124 ਕਮੇਟੀਆਂ ਦੀਆਂ ਚੋਣਾਂ ਹੋਈਆਂ ਹਨ, ਜਿਸ ਵਿਚੋਂ ਸਿਰਫ 3 ਜਾਂ 4 ਕਮੇਟੀਆਂ ਵਿੱਚ ਕਾਂਗਰਸ ਦੇ ਪ੍ਰਧਾਨ ਬਣੇ ਹਨ ਔਰ 42-43 ਕਮੇਟੀਆਂ ਐਸੀਆਂ ਹਨ, ਜਿਨ੍ਹਾਂ ਵਿੱਚ ਕਾਂਗਰਸ ਦਾ ਖਾਤਾ ਵੀ ਨਹੀਂ ਖੁਲ੍ਹਿਆ।

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ। ** **

**Mr. Chairman :** No Point of Order.

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਤੁਸੀਂ ਇਸ ਤਰ੍ਹਾਂ ਹੀ ਜਿੱਤਦੇ ਰਿਹਾ ਕਰੋ। 2017 ਵਿੱਚ ਵੀ ਇਸ ਤਰ੍ਹਾਂ ਹੀ ਜਿੱਤਣਾ।

**Mr. Chairman :** Address to the Chair.

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** 2035 ਸੀਟਾਂ ਵਿੱਚ 910 ਅਕਾਲੀ ਦਲ ਨੂੰ ਮਿਲੀਆਂ, 330 ਬੀ.ਜੇ.ਪੀ. ਨੂੰ ਮਿਲੀਆਂ। 61 ਪ੍ਰਤੀਸ਼ਤ ਸੀਟਾਂ ਬੀ.ਜੇ.ਪੀ.-ਅਕਾਲੀ ਦਲ ਨੂੰ ਮਿਲੀਆਂ ਅਤੇ ਸਿਰਫ 13 ਪ੍ਰਤੀਸ਼ਤ ਸੀਟਾਂ ਕਾਂਗਰਸ ਨੂੰ ਮਿਲੀਆਂ। ਸੋ, ਇਹ ਜਿੰਨਾ ਮਰਜ਼ੀ ਗੱਲ ਕਰੀ ਜਾਣ। ਇਨ੍ਹਾਂ ਦੀ ਬਹੁਤ ਮਾੜੀ ਹਾਲਤ ਹੋਈ ਹੈ, ਲੋਕਾਂ ਨੇ ਕਾਂਗਰਸ ਨੂੰ ਨਕਾਰਿਆ ਹੈ। ਭਾਸ਼ਣ ਵਿੱਚ ਗਵਰਨਰ ਸਾਹਿਬ ਨੇ ਪੰਜਾਬ ਦੇ ਬਾਰੇ ਜ਼ਿਕਰ ਕੀਤਾ ਹੈ। ਪੰਜਾਬ ਇੱਕ ਐਸਾ ਸੂਬਾ ਹੈ, ਜਿਥੇ ਵੱਡੇ ਸ਼ਹਿਰ ਚਾਰ ਮਾਰਗੀ ਅਤੇ ਛੇ ਮਾਰਗੀ ਸੜਕਾਂ ਦੇ ਨਾਲ ਜੋੜੇ ਗਏ ਹਨ ਅਤੇ 250 ਕਿਲੋਮੀਟਰ ਹੋਰ ਇਨ੍ਹਾਂ ਸੜਕਾਂ ਦਾ ਵਿਸਥਾਰ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਚੰਡੀਗੜ੍ਹ-ਲੁਧਿਆਣਾ, ਖਰੜ-ਕੁਰਾਲੀ, ਜਲੰਧਰ-ਬਰਨਾਲਾ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਸੜਕਾਂ ਹੁਣ ਚਾਰ ਮਾਰਗੀ ਤੇ ਛੇ ਮਾਰਗੀ ਸੜਕਾਂ ਬਣ ਰਹੀਆਂ ਹਨ। ਮੈਂ ਇਸ ਬਾਰੇ

**Expunged as ordered by the Chair.

[ ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ ]

ਪੀ.ਡਬਲਯੂ.ਡੀ. ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹਾਂਗਾ ਕਿ ਕੁਝ ਦਿਨ ਪਹਿਲਾਂ ਕੇਂਦਰੀ ਮੰਤਰੀ, ਸ਼੍ਰੀ ਨਿਤਿਨ ਗਡਕਰੀ ਜੀ ਨੇ ਪੰਜਾਬ ਦਾ ਦੌਰਾ ਕੀਤਾ ਤਾਂ ਉਸ ਸੰਬੰਧ ਵਿੱਚ ਪੰਜਾਬ ਸਰਕਾਰ ਨੇ ਇਸ਼ਤਿਹਾਰ ਦਿੱਤੇ ਸੀ, ਉਸ ਵਿੱਚ ਰੋਪੜ ਤੋਂ ਲੈ ਕੇ ਫਗਵਾੜਾ ਦੀ ਸੜਕ ਨੂੰ ਚਾਰ ਮਾਰਗੀ ਕਰਨ ਦਾ ਜ਼ਿਕਰ ਕੀਤਾ ਗਿਆ ਸੀ ਪਰੰਤੂ ਇਸ ਸੜਕ ਨੂੰ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਸ਼ਾਮਲ ਨਹੀਂ ਕੀਤਾ ਗਿਆ । ਇਸ ਦੇ ਬਾਰੇ ਲੋਕ ਨਿਰਮਾਣ ਮੰਤਰੀ ਜੀ ਵਲੋਂ ਕਲੈਰੀਫਿਕੇਸ਼ਨ ਦੇਣ ਦੀ ਲੋੜ ਹੈ, ਸਪਸ਼ਟੀਕਰਨ ਦੇਣ ਦੀ ਲੋੜ ਹੈ, ਇਹ ਦੱਸੋ ਕਿ ਇਹ ਸੜਕ ਬਣਨੀ ਹੈ ਜਾਂ ਨਹੀਂ ਬਣਨੀ। ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਪੰਜਾਬ ਵਿੱਚ ਬਹੁਤ ਮਹੱਤਵਪੂਰਨ ਯਾਦਗਾਰਾਂ ਬਣਾਈਆਂ ਹਨ। ਖੁਰਾਲਗੜ੍ਹ ਵਿਖੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਯਾਦਗਾਰ ਬਣ ਰਹੀ ਹੈ ਤੇ ਉਥੇ 18 ਏਕੜ ਜ਼ਮੀਨ ਐਕੁਆਇਰ ਕਰਕੇ ਇਹ ਯਾਦਗਾਰ ਉਸਾਰੀ ਜਾ ਰਹੀ ਹੈ। ਫਤਿਹਗੜ੍ਹ ਸਾਹਿਬ ਵਿੱਚ ਬਾਬਾ ਮੋਤੀ ਰਾਮ ਮਹਿਰਾ ਜੀ ਮੈਮੋਰੀਅਲ ਸਮਾਰਕ ਬਣ ਰਿਹਾ ਹੈ । ਅੰਮ੍ਰਿਤਸਰ ਵਿਖੇ ਜੰਗੀ ਯਾਦਗਾਰ 181.30 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੀ ਹੈ ਔਰ ਬਹੁਤ ਹੀ ਮਹੱਤਵਪੂਰਨ ਗੱਲ ਇਹ ਹੈ ਕਿ ਕਰਤਾਰਪੁਰ ਵਿਖੇ ਜੰਗ-ਏ-ਆਜ਼ਾਦੀ ਮੈਮੋਰੀਅਲ ਬਣ ਰਿਹਾ ਹੈ ਤੇ ਇਹ 200 ਕਰੋੜ ਰੁਪਏ ਦੀ ਲਾਗਤ ਨਾਲ ਬਣਨਾ ਸ਼ੁਰੂ ਹੋਣਾ ਹੈ । ਮੁੱਖ ਮੰਤਰੀ ਜੀ ਨੇ ਇਸ ਦਾ ਨੀਂਹ ਪੱਥਰ ਰੱਖਿਆ ਹੈ। ਇਸ ਵਿੱਚ ਮਿਊਜ਼ੀਅਮ ਵੀ ਬਣਨਾ ਹੈ, ਇਸ ਵਿਚ ਲੇਜ਼ਰ ਸ਼ੋਅ ਵੀ ਹੋਣਾ ਹੈ, ਇਸ ਵਿੱਚ ਪਿਕਚਰ ਹਾਲ ਵੀ ਬਣੇਗਾ ਤੇ ਆਰਟ ਗੈਲਰੀ ਵੀ ਬਣੇਗੀ । ਇਸ ਉਤੇ 26 ਮਾਰਚ ਨੂੰ ਐਕਚੂਅਲੀ ਕੰਮ ਸ਼ੁਰੂ ਹੋ ਜਾਣਾ ਹੈ ਔਰ 18 ਮਹੀਨਿਆਂ ਵਿਚ, ਅਗਸਤ,2016 ਵਿੱਚ ਇਹ ਕੰਪਲੀਟ ਹੋ ਜਾਣਾ ਹੈ। ਇਹ ਹਿੰਦੁਸਤਾਨ ਦਾ ਇੱਕ ਬਹੁਤ ਖੂਬਸੂਰਤ ਮੈਮੋਰੀਅਲ ਹੋਵੇਗਾ ਜਿਥੇ ਸਾਰੀ ਦੁਨੀਆਂ ਦੇ ਲੋਕ ਇਸ ਨੂੰ ਵੇਖਣ ਆਉਣਗੇ ।

ਜੇ ਸ਼ਹਿਰੀ ਵਿਕਾਸ ਬਾਰੇ ਗੱਲ ਕਰੀਏ ਤਾਂ ਪੰਜਾਬ ਵਿਚ 165 ਟਾਊਨਜ਼ ਹਨ ਅਤੇ ਇਕ ਕਰੋੜ ਚਾਰ ਲੱਖ ਅਬਾਦੀ ਸ਼ਹਿਰਾਂ ਵਿਚ ਰਹਿੰਦੀ ਹੈ, 37 % ਅਬਾਦੀ ਪੰਜਾਬ ਦੀ ਸ਼ਹਿਰਾਂ ਵਿੱਚ ਹੈ ਔਰ ਹਰ ਸਾਲ ਇਕ ਪਰਸੈਂਟ ਅਬਾਦੀ ਸ਼ਹਿਰਾਂ ਵਿੱਚ ਵੱਧਦੀ ਹੈ। ਇਹ ਅਨੁਮਾਨ ਹੈ ਕਿ ਸਾਲ 2025 ਤੱਕ ਪੰਜਾਬ ਦੀ 50% ਅਬਾਦੀ ਸ਼ਹਿਰਾਂ ਵਿੱਚ ਹੋਵੇਗੀ । ਇਸ ਕਰਕੇ ਪੰਜਾਬ ਵਿਚ ਸ਼ਹਿਰਾਂ ਵਿੱਚ ਇਨਫਰਾਸਟ੍ਰਕਚਰ ਨੂੰ ਤਿਆਰ ਕਰਨ ਦੀ ਬਹੁਤ ਜ਼ਰੂਰਤ ਹੈ ।

ਤਕਰੀਬਨ ਸੱਤ ਹਜ਼ਾਰ ਕਰੋੜ ਤੋਂ ਲੈ ਕੇ ਅੱਠ ਹਜ਼ਾਰ ਕਰੋੜ ਰੁਪਿਆ ਸ਼ਹਿਰਾਂ ਵਿੱਚ ਲਗਾਉਣ ਦੀ ਜ਼ਰੂਰਤ ਹੈ । ਇਸ ਲਈ ਜਿਹੜੀਆਂ ਬੇਸਿਕ ਸਹੂਲਤਾਂ ਸ਼ਹਿਰਾਂ ਵਾਲਿਆਂ ਨੂੰ ਦੇਣੀਆਂ ਹਨ, ਉਹ ਦੇਣ ਲਈ ਬਜਟ ਵਿੱਚ ਪ੍ਰਾਵਧਾਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ।

**ਸ਼੍ਰੀ ਸਭਾਪਤੀ :** ਪਲੀਜ਼, ਵਾਈਂਡ ਅੱਪ ਕਰੋ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਇੱਕ ਮਿੰਟ ਜੀ। ਸਵੱਛ ਭਾਰਤ ਦਾ ਜਿਹੜਾ ਅਭਿਆਨ ਭਾਰਤ ਸਰਕਾਰ ਨੇ ਸ਼ੁਰੂ ਕੀਤਾ ਹੈ, ਇਹ 2 ਅਕਤੂਬਰ, 2014 ਤੋਂ ਸ਼ੁਰੂ ਹੋਇਆ ਸੀ ਤੇ ਪੰਜ ਸਾਲਾਂ ਬਾਅਦ 2 ਅਕਤੂਬਰ, 2019 ਵਿੱਚ ਖਤਮ ਹੋਣਾ ਹੈ ਜਦੋਂ ਕਿ ਮਹਾਤਮਾ ਗਾਂਧੀ ਜੀ ਦਾ 150ਵਾਂ ਜਨਮ ਦਿਨ ਹੋਣਾ ਹੈ। ਉਸ ਵਕਤ ਦੇਸ਼ ਦੇ ਰਾਸ਼ਟਰਪਤੀ ਜੀ ਨੇ ਪਾਰਲੀਮੈਂਟ ਦੇ ਜੁਆਇੰਟ ਐਡਰੈਸ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ This will be a tribute to Mahatama Gandhi on his 150th birth anniversary to be celebrated in the year 2019. ਉਦੋਂ ਤਕ ਭਾਰਤ ਨੂੰ ਇਕ ਸਵੱਛ ਭਾਰਤ, ਇਕ ਸਾਫ ਸੁਥਰਾ ਦੇਸ਼ ਬਣਾਉਣਾ ਤਾਂ ਕਿ ਅਸੀਂ ਸਾਰੇ ਆਪਣੇ ਦੇਸ਼ ਉਤੇ ਗੌਰਵ ਕਰ ਸਕੀਏ । ਇਸ ਦੇ ਨਾਲ ਸਰਦਾਰ ਪਟੇਲ ਅਰਬਨ ਹਾਊਸਿੰਗ ਸਕੀਮ ਭਾਰਤ ਸਰਕਾਰ ਸ਼ੁਰੂ ਕਰ ਰਹੀ ਹੈ ਜਿਸ ਵਿੱਚ ਸਾਲ 2022 ਤੱਕ 30 ਮਿਲੀਅਨ ਘਰ ਬਣਾ ਕੇ ਲੋਕਾਂ ਨੂੰ ਦੇਣੇ ਹਨ। ਇਕ ਮੁੱਦੇ ਉਤੇ ਮੈਂ ਜ਼ਰੂਰ ਗੱਲ ਕਰਨੀ ਹੈ, ਉਹ ਹੈ, ਨਸ਼ਿਆਂ ਬਾਰੇ ਜਿਸ ਬਾਰੇ ਪੈਰ੍ਹਾ 74 ਉਤੇ ਜ਼ਿਕਰ ਕੀਤਾ ਗਿਆ ਹੈ । ਪੰਜਾਬ ਦੇ ਭਵਿੱਖ ਨੂੰ ਇਸ ਸਮੇਂ ਜਿਹੜੀ ਗੰਭੀਰ ਚੁਣੌਤੀ ਹੈ, ਉਹ ਹੈ ਨਸ਼ੇ ਤੇ ਉਨ੍ਹਾਂ ਦਾ ਸੇਵਨ। ਸਾਡੇ ਹਾਊਸ ਵਿੱਚ ਹੁਣ ਤੱਕ ਜਿਹੜੀ ਨਸ਼ਿਆਂ ਦੀ ਗੱਲ ਹੋਈ ਹੈ, ਉਹ ਇਕ ਵਿਅਕਤੀ ਨੂੰ ਮੁੱਖ ਰੱਖਦੇ ਹੋਏ ਅਸੀਂ ਗੱਲ ਕਰਦੇ ਰਹੇ ਹਾਂ । ਜਦੋਂ ਉਧਰੋਂ ਗੱਲ ਹੁੰਦੀ ਹੈ ਤਾਂ ਇਧਰ ਇਕ ਵਿਅਕਤੀ ਨੂੰ ਚੁਣ ਲਿਆ ਜਾਂਦਾ ਹੈ, ਉਸ ਨੂੰ ਕੇਂਦਰਿਤ ਕਰਕੇ ਆਪਣੀ ਸਾਰੀ ਗੱਲ ਕੀਤੀ ਜਾਂਦੀ ਹੈ । ਜਦੋਂ ਇਧਰੋਂ ਕੋਈ ਗੱਲ ਕੀਤੀ ਜਾਂਦੀ ਹੈ ਤਾਂ ਉਧਰੋਂ ਕਿਸੇ ਵਿਅਕਤੀ ਨੂੰ ਚੁਣ ਕੇ ਉਸ ਤੇ ਕੇਂਦਰਿਤ ਕਰਕੇ ਗੱਲ ਕੀਤੀ ਜਾਂਦੀ ਹੈ ਪਰ ਜਿਹੜੀ ਮੂਲ ਨਸ਼ਿਆਂ ਦੀ ਸਮੱਸਿਆ ਹੈ, ਉਸ ਤੋਂ ਅਸੀਂ ਪਰ੍ਹੇ ਹੱਟ ਜਾਂਦੇ ਹਾਂ। ਮੇਰੀ ਬੇਨਤੀ ਇਹ ਹੈ ਕਿ ਨਸ਼ੇ ਪੰਜਾਬ ਵਿਚ ਵਿਕਦੇ ਹਨ, ਨਸ਼ਿਆਂ ਦਾ ਸੇਵਨ ਹੁੰਦਾ ਹੈ, ਉਸ ਬਾਰੇ ਸਾਨੂੰ ਗੰਭੀਰ ਹੋ ਕੇ ਸਾਰੀਆਂ ਪਾਰਟੀਆਂ ਨੂੰ ਸੋਚਣਾ ਚਾਹੀਦਾ ਹੈ । ਜਿਹੜੀ ਸਾਡੀ

[ ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ ]

ਵਿਧਾਨ ਸਭਾ ਵਿਚ ਬਹਿਸ ਦਾ ਪੱਧਰ ਹੈ, ਉਹ ਤੁਸੀਂ ਵੇਖੋ ਕਿ ਪਿਛਲੇ ਵੀਹ ਸਾਲਾਂ ਤੋਂ ਕਿੰਨੀ ਗਿਰਾਵਟ ਵਾਲੇ ਪਾਸੇ ਆਇਆ ਹੈ।

**ਸ਼੍ਰੀ ਸਭਾਪਤੀ :** ਪਲੀਜ਼, ਵਾਈਂਡ ਅੱਪ ਕਰੋ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਇੱਕ ਮਿੰਟ ਵਿੱਚ ਕਰ ਰਿਹਾ ਹਾਂ ਜੀ।

ਅੱਜ ਤੋਂ ਵੀਹ ਸਾਲ ਪਹਿਲਾਂ ਚਾਹੇ ਐਮ.ਐਲ.ਏ. ਘੱਟ ਪੜ੍ਹੇ ਲਿਖੇ ਹੁੰਦੇ ਸੀ ਪਰੰਤੂ ਬਹਿਸ ਦਾ ਪੱਧਰ ਬਹੁਤ ਅੱਛਾ ਸੀ । ਹੁਣ ਤਾਂ ਹੁੱਲੜਬਾਜ਼ੀ, ਦੋਸ਼ ਆਰੋਪਣ, ਸਪੀਕਰ ਸਾਹਿਬ ਵਿਰੁੱਧ ਨਾਅਰੇਬਾਜ਼ੀ, ਧਰਨਾ, ਗੈਰ ਸੰਸਦੀ ਵਿਹਾਰ, ਮਿਆਰੀ ਬਹਿਸ ਨਾ ਕਰਨੀ ਆਦਿ ਸਾਡੀ ਬਹਿਸ ਦਾ ਹਿੱਸਾ ਬਣ ਗਏ ਹਨ । ਹੁਣ ਅਸੀਂ ਜਨਤਾ ਨਾਲ ਜੁੜੇ ਮੁੱਦਿਆਂ ਬਾਰੇ ਗੱਲ ਘੱਟ ਕਰਦੇ ਹਾਂ ਤੇ ਇਕ ਦੂਜੇ ਤੇ ਦੋਸ਼ਾਰੋਪਣ ਜ਼ਿਆਦਾ ਕਰਦੇ ਹਾਂ। ਇਕ ਦੂਜੇ ਦੇ ਖਿਲਾਫ਼ ਜਾ ਕੇ ਅਸੀਂ ਬਹਿਸ ਦੇ ਪੱਧਰ ਨੂੰ ਨੀਵਾਂ ਕਰਕੇ ਅਸੀਂ ਕੋਈ ਚੰਗੀਆਂ ਪਰੰਪਰਾਵਾਂ ਨਹੀਂ ਪਾ ਰਹੇ।

**Mr. Chairman :** Thank you.

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਮੇਰੀ ਬੇਨਤੀ ਹੈ ਕਿ ਪੰਜਾਬ ਵਿੱਚ ਨਸ਼ਿਆਂ ਦੀ ਜਿਹੜੀ ਬਹੁਤ ਗੰਭੀਰ ਸਮੱਸਿਆ ਹੈ, ਇਸ ਦੇ ਹੱਲ ਬਾਰੇ ਸੋਚੀਏ ਨਾ ਕਿ ਇਕ ਦੂਜੇ ਤੇ ਦੋਸ਼ਾਰੋਪਣ ਕਰੀਏ।

**ਸ਼੍ਰੀ ਸਭਾਪਤੀ :** ਧੰਨਵਾਦ ਜੀ। ਬੈਠੋ। ਸ਼੍ਰੀਮਤੀ ਚਰਨਜੀਤ ਕੌਰ ਬਾਜਵਾ, only five minutes.

**ਸ਼੍ਰੀਮਤੀ ਚਰਨਜੀਤ ਕੌਰ ਬਾਜਵਾ (ਕਾਦੀਆਂ) :** ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਤੁਸੀਂ ਮੈਨੂੰ ਅੱਜ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਸਮਾਜਿਕ ਸੁਰੱਖਿਆ, ਔਰਤਾਂ ਅਤੇ ਬਾਲ ਵਿਕਾਸ ਵਾਸਤੇ ਜੋ ਰਾਸ਼ੀ ਇਨ੍ਹਾਂ ਨੇ ਤੈਅ ਕੀਤੀ ਹੈ, ਉਸ ਦੀ ਤਫ਼ਸੀਲ ਕੀ ਹੈ ਅਤੇ ਉਸ ਦਾ ਆਧਾਰ ਕੀ ਹੈ ? ਕਿਉਂਕਿ ਇਸ ਵਿੱਚ ਸਾਨੂੰ ਕੁਝ ਸਾਫ਼ ਸਮਝ ਨਹੀਂ ਆ ਰਿਹਾ । ਦੂਜਾ, ਜਿਹੜੇ ਵਿਕਲਾਂਗ ਭੈਣ-ਭਰਾ ਹਨ, ਕਿਤੇ ਉਹ ਮਹਿਜ਼

ਅੰਕੜਾ ਬਣ ਕੇ ਤਾਂ ਨਹੀਂ ਰਹਿ ਗਏ ਹਨ, ਉਨ੍ਹਾਂ ਵਾਸਤੇ ਤੁਸੀਂ ਕਿੰਨੀ ਰਾਸ਼ੀ ਮੁਹੱਈਆ ਕਰਵਾ ਰਹੇ ਹੋ? ਜਾਂ ਫੇਰ ਉਨ੍ਹਾਂ ਨੂੰ ਬਜ਼ੁਰਗਾਂ, ਵਿਧਵਾਵਾਂ ਅਤੇ ਡਿਪੈਂਡੈਂਟ ਬੱਚਿਆਂ ਨਾਲ ਹੀ ਜੋੜ ਦਿੱਤਾ ਹੈ। ਉਨ੍ਹਾਂ ਨਾਲ ਅਜਿਹੀ ਕੋਈ ਬੇਇਨਸਾਫ਼ੀ ਨਹੀਂ ਹੋਣੀ ਚਾਹੀਦੀ। ਮੇਰੀ ਬੇਨਤੀ ਹੈ ਕਿ ਉਨ੍ਹਾਂ ਵਾਸਤੇ ਅਲੱਗ ਰਾਸ਼ੀ ਕਿਉਂ ਮੁਹੱਈਆ ਨਹੀਂ ਕਰਵਾਈ ਗਈ? ਮੈਂ ਕਹਿਣਾ ਚਾਹੁੰਦੀ ਹਾਂ ਕਿ ਵਿਕਲਾਂਗ ਭੈਣ-ਭਰਾਵਾਂ ਨਾਲ ਸਾਨੂੰ ਸੌਤੇਲਾ ਸਲੂਕ ਨਹੀਂ ਕਰਨਾ ਚਾਹੀਦਾ। ਇਨ੍ਹਾਂ ਨੇ ਕਿਹਾ ਹੈ ਕਿ ਸਾਡੀ ਸਾਰਿਆਂ ਨਾਲ ਹਮਦਰਦੀ ਹੈ। ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਸਿਰਫ਼ ਦਿਖਾਉਣ ਵਾਸਤੇ ਹੀ ਹਮਦਰਦੀ ਹੈ ਤੇ ਇਹ ਮਗਰਮੱਛ ਦੇ ਹੰਝੂ ਵਹਾਉਣ ਦਾ ਇਕ ਜ਼ਰੀਆ ਹੈ।

ਪੈਰਾ ਨੰ: 108 ਵਿੱਚ ਇਹ ਪੈਨਸ਼ਨਾਂ ਦੀ ਗੱਲ ਕਰਦੇ ਹਨ, ਜਿਹੜੀ ਈ.ਵੀ.ਟੀ. ਪ੍ਰਣਾਲੀ ਹੈ, ਇਹ ਸਿਰਫ਼ 7 ਜ਼ਿਲ੍ਹਿਆਂ ਵਿੱਚ ਹੀ ਕਿਉਂ ਸ਼ੁਰੂ ਕੀਤੀ ਗਈ ਹੈ ? ਇਹ ਪੰਜਾਬ ਦੇ ਸਾਰੇ 22 ਜ਼ਿਲ੍ਹਿਆਂ ਵਿੱਚ ਕਿਉਂ ਨਹੀਂ ਸ਼ੁਰੂ ਹੋ ਰਹੀ? ਸੀ.ਐਮ. ਸਾਹਿਬ ਸਾਨੂੰ ਅਕਸਰ ਇਹ ਕਹਿੰਦੇ ਸੁਣਦੇ ਹਨ ਕਿ ਸਾਡੇ ਕੋਲ ਫੰਡਜ਼ ਦੀ ਕੋਈ ਘਾਟ ਨਹੀਂ ਹੈ। ਸਾਡੇ ਕੋਲ ਟਰੱਕਾਂ ਦੇ ਟਰੱਕ ਪੈਸਿਆਂ ਦੇ ਹਨ। ਹੁਣੇ ਮੈਂਬਰ ਸਾਹਿਬ ਕਹਿ ਕੇ ਗਏ ਹਨ ਕਿ ਅੱਛੇ ਦਿਨ ਆਉਣ ਵਾਲੇ ਹਨ। ਮੈਂ ਕਹਿਣਾ ਚਾਹੁੰਦੀ ਹਾਂ ਕਿ ਉਹ ਅੱਛੇ ਦਿਨ ਕਦੋਂ ਆਉਣਗੇ ?

ਮੈਂ ਇਹ ਵੀ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੀਆਂ ਸਕੀਮਾਂ ਦਾ ਤੁਸੀਂ ਜ਼ਿਕਰ ਕੀਤਾ ਹੋਇਆ ਹੈ, ਸਰਕਾਰ ਨੂੰ ਇੰਨੇ ਸਾਲ ਹੋ ਗਏ ਹਨ ਪਰੰਤੂ ਕੋਈ ਵੀ ਸਕੀਮ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਰਹੀ। ਨਾ ਵਿਧਵਾ ਪੈਨਸ਼ਨ ਸਕੀਮਾਂ ਹਨ, ਨਾ ਬੁਢਾਪਾ ਪੈਨਸ਼ਨ ਦੀਆਂ ਸਕੀਮਾਂ ਹਨ। ਅਨਇੰਪਲਾਇਮੈਂਟ ਬਾਰੇ ਇਨ੍ਹਾਂ ਨੇ ਆਪਣੇ ਮੈਨੀਫੈਸਟੋ ਵਿੱਚ ਵਾਅਦਾ ਕੀਤਾ ਸੀ ਕਿ ਅਸੀਂ ਨੌਜਵਾਨ ਵਰਗ ਨੂੰ ਇਕ ਹਜ਼ਾਰ ਰੁਪਏ ਦਾ ਭੱਤਾ ਦੇਵਾਂਗੇ ਪਰੰਤੂ ਅਜਿਹਾ ਕੋਈ ਭੱਤਾ ਨਹੀਂ ਮਿਲਿਆ। ਮਾਂ-ਬਾਪ ਇੰਨਾ ਪੈਸਾ ਖਰਚ ਕਰਕੇ ਬੱਚੇ ਨੂੰ ਪੜ੍ਹਾਉਂਦੇ-ਲਿਖਾਉਂਦੇ ਹਨ, ਉਹ ਵਿਚਾਰੇ ਮਾਂ-ਬਾਪ ਕੀ ਕਰਨ। ਬੱਚੇ ਬੇਰੁਜ਼ਗਾਰ ਹੋਣ ਕਾਰਨ ਨਸ਼ਿਆਂ ਵੱਲ ਤੁਰ ਪੈਂਦੇ ਹਨ। ਚੇਅਰਮੈਨ ਸਾਹਿਬ, ਤੁਹਾਨੂੰ ਪਤਾ ਹੈ, ਮੈਂ ਜਿਸ ਏਰੀਏ ਨੂੰ ਬਿਲਾਂਗ ਕਰਦੀ ਹਾਂ । ਉਸ ਮਾਝੇ ਦੇ ਇਲਾਕੇ ਵਿੱਚ ਨਸ਼ਿਆਂ ਦਾ ਕਿੰਨਾ ਕਹਿਰ ਟੁੱਟਿਆ ਹੋਇਆ ਹੈ। ਸੋ, ਸੀ.ਐਮ. ਸਾਹਿਬ ਨੂੰ ਇਹ ਗੱਲਾਂ ਬਹੁਤ ਗੰਭੀਰਤਾ ਨਾਲ ਸੋਚਣੀਆਂ ਚਾਹੀਦੀਆਂ ਹਨ ਕਿਉਂਕਿ ਹਰ ਮਾਂ-ਬਾਪ ਇੰਨਾ

[ ਸ਼੍ਰੀਮਤੀ ਚਰਨਜੀਤ ਕੌਰ ਬਾਜਵਾ ]

ਅਮੀਰ ਨਹੀਂ ਹੁੰਦਾ ਕਿ ਉਹ ਆਪਣੇ ਬੱਚੇ ਨੂੰ ਪੜ੍ਹਾਏ-ਲਿਖਾਏ। ਕੋਈ ਆਪਣੀ ਜ਼ਮੀਨ ਵੇਚਦਾ ਹੈ, ਕੋਈ ਗਹਿਣੇ ਵੇਚਦਾ ਹੈ ਤੇ ਆਪਣੇ ਬੱਚਿਆਂ ਦੀ ਪਰਵਰਿਸ਼ ਕਰਕੇ, ਉਸ ਨੂੰ ਇੱਕ ਅੱਛਾ ਇਨਸਾਨ ਬਣਾਉਂਦੇ ਹਨ ਪਰੰਤੂ ਅਸੀਂ ਇਸ ਨੂੰ ਹਾਸੇ ਵਿੱਚ ਟਾਲ ਦਿੰਦੇ ਹਾਂ ਜਦਕਿ ਇਹ ਗੱਲਾਂ ਬਹੁਤ ਜ਼ਰੂਰੀ ਹਨ।

ਚੇਅਰਮੈਨ ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦੇ ਹੋਏ ਇਹ ਕਹਿਣਾ ਚਾਹੁੰਦੀ ਹਾਂ ਕਿ ਤੁਸੀਂ ਰਾਜ ਦੀਆਂ ਸੜਕਾਂ ਦਾ ਹਾਲ ਦੇਖ ਲਓ। ਮਾਝੇ ਨੂੰ ਤੁਸੀਂ ਬਿਲਕੁਲ ਇਗਨੋਰ ਕਰ ਦਿੱਤਾ ਹੈ। ਉਥੇ ਕੋਈ ਸੀਵਰੇਜ ਦਾ ਕੰਮ ਨਹੀਂ ਹੋ ਰਿਹਾ, ਕੋਈ ਢੰਗ ਦੀਆਂ ਰੋਡਜ਼ ਨਹੀਂ ਹਨ। ਤੁਸੀਂ ਕਦੇ ਕਿਰਪਾ ਕਰਕੇ ਆਪਣੇ ਹੈਲੀਕਾਪਟਰ ਤੋਂ ਉਤਰ ਕੇ ਬਾਇ ਰੋਡ ਆ ਕੇ ਦੇਖੋ, ਉਥੇ ਸੜਕਾਂ ਦਾ ਇੰਨਾ ਜ਼ਿਆਦਾ ਮੰਦਾ ਹਾਲ ਹੈ। ਇੰਨੇ ਜ਼ਿਆਦਾ ਟੋਏ-ਟਿੱਬੇ ਬਣੇ ਹੋਏ ਹਨ। ਬਾਰਸ਼ਾਂ ਵਿੱਚ ਇੰਨਾ ਜ਼ਿਆਦਾ ਪਾਣੀ ਖੜ੍ਹ ਜਾਂਦਾ ਹੈ ਕਿ ਗਰੀਬ ਇਨਸਾਨ ਨੂੰ ਇੱਕ ਸੜਕ ਤੋਂ ਦੂਜੀ ਸੜਕ ਤੇ ਜਾਣਾ ਮੁਸ਼ਕਲ ਹੋ ਜਾਂਦਾ ਹੈ। ਇਨ੍ਹਾਂ ਸੜਕਾਂ ਦੀ ਹਾਲਤ ਇੰਨੀ ਮਾੜੀ ਹੈ ਕਿ ਪੇਸ਼ੈਂਟਸ ਨੂੰ ਜਦੋਂ ਐਂਬੂਲੈਂਸ ਲੈ ਕੇ ਇਨ੍ਹਾਂ ਸੜਕਾਂ ਤੋਂ ਜਾਂਦੀਆਂ ਹਨ, ਮੇਰਾ ਖਿਆਲ ਹੈ ਕਿ ਪੇਸ਼ੈਂਟ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਦਿੰਦਾ ਹੈ। ਇਨ੍ਹਾਂ ਚੀਜ਼ਾਂ ਨੂੰ ਪਹਿਲ ਦੇ ਆਧਾਰ ਤੇ ਕਰਨਾ ਚਾਹੀਦਾ ਹੈ । ਜਿਵੇਂ ਗਵਰਨਰ ਐਡਰੈਸ ਵਿੱਚ ਲਿਖਿਆ ਹੈ ਕਿ ਅਸੀਂ ਸਾਰੀਆਂ ਚੀਜ਼ਾਂ ਨੂੰ ਜੰਗੀ ਪੱਧਰ ਤੇ ਅਹਿਮੀਅਤ ਦੇ ਰਹੇ ਹਾਂ ਪਰ ਅਜਿਹਾ ਕੁਝ ਨਹੀਂ ਹੈ।

ਅੱਗੇ ਸਿਵਿਕ ਪੋਲਜ਼ ਦੀ ਗੱਲ ਆਈ ਹੈ, ਜਿਸ ਬਾਰੇ ਮੈਂ ਦੱਸਣਾ ਚਾਹੁੰਦੀ ਹਾਂ ਕਿ ਲਾਅ ਐਂਡ ਆਰਡਰ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ। ਮੇਰੇ ਕੋਲ ਜਿਊਂਦਾ-ਜਾਗਦਾ ਸਬੂਤ ਹੈ।

**Mr. Chairman :** Thank you.

**ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਚੇਅਰਮੈਨ ਸਾਹਿਬ, ਹਾਲੇ ਤਾਂ ਮੈਂ ਸ਼ੁਰੂ ਕੀਤਾ ਹੈ।

**Mr. Chairman :** Thank you. ਭੈਣ ਜੀ, ਤੁਹਾਡੇ ਪੰਜ ਮਿੰਟ ਹੋ ਗਏ ਹਨ। ਧੰਨਵਾਦ।

**ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਇੱਕ ਮਿੰਟ ਚੇਅਰਮੈਨ ਸਾਹਿਬ, ਅਜੇ ਤਾਂ ਮੈਂ ਸ਼ੁਰੂ ਹੀ ਕੀਤਾ ਹੈ। ਮੇਰੇ ਕੋਲ ਇਹ ਸਬੂਤ ਹੈ। ਨਿਊਜ਼

ਲੱਗੀ ਹੈ, ਇੱਥੇ ਲਿਖਿਆ ਹੋਇਆ ਹੈ: RO 'manhandled' in Dhariwal - Returning Officer (RO) was allegedly manhandled by the Akalis during the election of the president and vice-president of the Dhariwal Municipal Council on Monday. When the RO stood up to leave the meeting hall, a group of Akali workers shouted at him "How can you leave without conducting the election?" While some of the Akali workers held him back and misbehaved with him."

ਬਾਦਲ ਸਾਹਿਬ, ਤੁਹਾਡੀ ਸਰਕਾਰ ਵਿੱਚ ਤਾਂ ਮੈਨੂੰ ਬਹੁਤ ਆਸ ਸੀ ਕਿ ਲਾਅ ਐਂਡ ਆਰਡਰ ਦਾ ਬਹੁਤ ਜ਼ਿਆਦਾ ਧਿਆਨ ਰੱਖਿਆ ਜਾਵੇਗਾ। ਅਸੀਂ ਤੁਹਾਡੀ ਇੱਜ਼ਤ ਕਰਦੇ ਹਾਂ, ਤੁਸੀਂ ਸਾਡੇ ਤੋਂ ਬਹੁਤ ਸੀਨੀਅਰ ਹੋ। ਬਹੁਤ ਵਾਰੀ ਤੁਸੀਂ ਮੁੱਖ ਮੰਤਰੀ ਰਹੇ ਹੋ।

**ਸ਼੍ਰੀ ਸਭਾਪਤੀ :** ਧੰਨਵਾਦ ਜੀ।

**ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਪਰ ਤੁਹਾਡੇ ਰਾਜ ਵਿੱਚ ਇੰਨੀਆਂ ਜ਼ਿਆਦਤੀਆਂ ਹੋ ਰਹੀਆਂ ਹਨ । ਕੋਈ ਫਰੀ ਐਂਡ ਫੇਅਰ ਨਾਮ ਦਾ ਸ਼ਬਦ ਹੀ ਤੁਹਾਡੀ ਡਿਕਸ਼ਨਰੀ ਵਿੱਚ ਨਹੀਂ ਹੈ। ਸੋ, ਕਿਰਪਾ ਕਰਕੇ ਮੈਂ ਕਹਿੰਦੀ ਹਾਂ ਕਿ ਤੁਸੀਂ ਇਸ ਗੱਲ ਵੱਲ ਧਿਆਨ ਦਿਉ। ਔਰਤਾਂ ਤੁਹਾਡੇ ਰਾਜ ਵਿੱਚ ਬਿਲਕੁਲ ਮਹਿਫੂਜ਼ ਨਹੀਂ ਹਨ। ਉਹ ਲੇਡੀਜ਼ ਦੀਆਂ ਵਾਲੀਆਂ ਖੋਹ ਲੈਂਦੇ ਹਨ ਕਿਉਂਕਿ ਉਨ੍ਹਾਂ ਨੂੰ ਨਸ਼ੇ ਦੀ ਆਦਤ ਪਈ ਹੋਈ ਹੈ। ਜਦੋਂ ਨਸ਼ਾ ਨਹੀਂ ਮਿਲਦਾ ਤਾਂ ਉਹ ਇਨ੍ਹਾਂ ਘਿਨਾਉਣੀਆਂ ਹਰਕਤਾਂ ਤੇ ਆ ਜਾਂਦੇ ਹਨ। ਇਨ੍ਹਾਂ ਸ਼ਬਦਾਂ ਨਾਲ ਮੈਂ ਸਮਾਂ ਦੇਣ ਲਈ ਬਹੁਤ ਬਹੁਤ ਧੰਨਵਾਦ ਕਰਦੀ ਹਾਂ ।

**ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ (ਸ਼੍ਰੀ ਪ੍ਰਕਾਸ਼ ਚੰਦ ਗਰਗ) :** ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਭ ਤੋਂ ਪਹਿਲਾਂ ਜੋ ਸਾਡੇ ਸਾਹਮਣੇ ਸਾਥੀ ਬੈਠੇ ਹਨ, ਉਨ੍ਹਾਂ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਮਨ ਵਿੱਚ ਬਹੁਤ ਵੱਡਾ ਦਰਦ ਹੈ, ਕਦੇ ਚੰਡੀਗੜ੍ਹ ਦਾ, ਕਦੇ ਪੰਜਾਬੀ ਬੋਲਦੇ ਇਲਾਕਿਆਂ ਦਾ, ਕਦੇ ਪੰਜਾਬ ਦੀ ਇੰਡਸਟਰੀ ਦਾ, ਕਦੇ ਪੰਜਾਬ ਦੇ ਪਾਣੀਆਂ ਦਾ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਭ ਕੁਝ ਲੁਟਾ ਕੇ ਹੋਸ਼

[ ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ ]

ਮੇਂ ਆਏ ਤੋ ਕਯਾ ਆਏ। ਜਦੋਂ ਪੰਜਾਬੀ ਸੂਬਾ 1966 ਵਿੱਚ ਬਣਿਆ ਤਾਂ ਪੰਜਾਬ ਦੇ ਹੱਕਾਂ ਨੂੰ ਖੋਹਣ ਦਾ ਕੰਮ ਤੁਹਾਡੀ ਸਰਕਾਰ ਨੇ ਕੀਤਾ ਹੈ। ਰਿਪੇਰੀਅਨ ਐਕਟ ਦੇ ਮੁਤਾਬਕ ਨਾ ਤਾਂ ਪੰਜਾਬ ਨੂੰ ਪਾਣੀ ਦਾ ਬਣਦਾ ਹੱਕ ਮਿਲਿਆ ਅਤੇ ਨਾ ਹੀ ਪੰਜਾਬੀ ਬੋਲਦੇ ਇਲਾਕੇ ਮਿਲੇ। ਖਾਸ ਕਰਕੇ ਜਦੋਂ ਕੋਈ ਸੂਬਾ ਲੈਂਗੂਏਜ ਦੇ ਆਧਾਰ ਤੇ ਬਣ ਜਾਵੇ ਤਾਂ ਉਸ ਦੀ ਪੇਰੈਂਟ ਕੈਪੀਟਲ ਹਮੇਸ਼ਾਂ ਉਸ ਸੂਬੇ ਨੂੰ ਮਿਲਦੀ ਹੈ। ਜਿਸ ਤਰ੍ਹਾਂ ਸਾਡੇ ਬਹੁਤ ਹੀ ਸੀਨੀਅਰ ਸਾਥੀ ਸ਼੍ਰੀ ਬ੍ਰਹਮ ਮਹਿੰਦਰਾ ਜੀ ਹਨ। ਉਹ ਗੱਲ ਕਰ ਰਹੇ ਸੀ ਕਿ ਪੇਰੈਂਟ ਸਟੇਟ ਨੂੰ ਕੈਪੀਟਲ ਮਿਲਣੀ ਚਾਹੀਦੀ ਹੈ ਲੇਕਿਨ ਇਹ ਸਾਰਾ ਜੋ ਕੁਝ ਵਾਪਰਿਆ ਹੈ, ਜੋ ਪੰਜਾਬ ਨਾਲ ਜ਼ਿਆਦਤੀ ਤੇ ਧੱਕੇ ਹੋਏ ਹਨ, ਕੀ ਉਸ ਦੇ ਲਈ ਤੁਸੀਂ ਜ਼ਿੰਮੇਵਾਰ ਨਹੀਂ? ਅਬ ਪਛਤਾਏ ਕਯਾ ਹੋਤ ਜਬ ਚਿੜੀਆ ਚੁਗ ਗਈ ਖੇਤ। ਅੱਜ ਤੁਹਾਡੀ ਹਾਲਤ ਇੰਨੀ ਪਤਲੀ ਹੈ ਕਿ ਭਾਵੇਂ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਚੋਣਾਂ ਹੋਈਆਂ, ਲੋਕਾਂ ਨੇ ਤੁਹਾਨੂੰ ਨਕਾਰਿਆ ਹੈ ਔਰ ਹੁਣ ਤੁਹਾਨੂੰ ਆਸ ਬੱਝੀ ਹੈ ਕਿ ਸ਼ਾਇਦ ਅਸੀਂ ਇਸ ਤਰ੍ਹਾਂ ਮਗਰਮੱਛ ਦੇ ਹੰਝੂ ਵਹਾ ਕੇ ਲੋਕਾਂ ਤੋਂ ਹਮਦਰਦੀ ਖੱਟ ਸਕਦੇ ਹਾਂ। ਹੁਣ ਮਿਊਂਸਿਪਲ ਚੋਣਾਂ ਹੋਈਆਂ ਹਨ। ਉਸ ਵਿੱਚ ਵੀ ਤੁਹਾਡੇ ਵਲੋਂ ਇਹ ਗੱਲ ਕਹਿਣੀ ਕਿ ਬੜੀ ਜ਼ਿਆਦਤੀ ਤੇ ਧੱਕੇ ਨਾਲ ਚੋਣਾਂ ਹੋਈਆਂ ਹਨ, ਇਹ ਹਾਸੋਹੀਣੀ ਹੈ। ਕਿਉਂਕਿ ਪੰਜਾਬ ਦੇ ਲੋਕ ਇਸ ਗੱਲ ਵਿੱਚ ਭਰੋਸਾ ਰੱਖਦੇ ਹਨ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਕੇਵਲ ਪੰਜਾਬ ਤੇ ਰਾਜ ਨਹੀਂ ਕੀਤਾ ਬਲਕਿ ਪੰਜਾਬ ਦੇ ਲੋਕਾਂ ਦੇ ਦਿਲਾਂ ਤੇ ਰਾਜ ਕੀਤਾ ਹੈ । ਉਨ੍ਹਾਂ ਨੇ ਹਰ ਵਰਗ ਨੂੰ ਰਾਹਤ ਦੇਣ ਦਾ ਯਤਨ ਕੀਤਾ ਹੈ ਔਰ ਇਥੋਂ ਤੱਕ ਕਿ ਸੰਗਤ ਦਰਸ਼ਨ ਵਰਗੇ ਪ੍ਰੋਗਰਾਮਾਂ ਜਿਨ੍ਹਾਂ ਦੀ ਤੁਸੀਂ ਹਮੇਸ਼ਾ ਨਿਖੇਧੀ ਕਰਦੇ ਹੋ, ਉਨ੍ਹਾਂ ਪ੍ਰੋਗਰਾਮਾਂ ਦਾ ਮਕਸਦ ਹੈ ਲੋਕਾਂ ਦੇ ਘਰ ਤੱਕ ਪਹੁੰਚ ਕੇ ਉਨ੍ਹਾਂ ਦੀਆਂ ਦੁਖ ਤਕਲੀਫਾਂ ਨੂੰ ਸੁਣਨਾ ਔਰ ਉਥੇ ਤੱਕ ਜਾ ਕੇ ਲੋਕਾਂ ਦੀ ਹਰ ਸਮੱਸਿਆ ਨੂੰ ਹੱਲ ਕਰਨਾ, ਇਹ ਸੰਗਤ ਦਰਸ਼ਨ ਪ੍ਰੋਗਰਾਮ ਦਾ ਵਿਜ਼ਨ ਹੈ। ਲੇਕਿਨ ਸੰਗਤ ਦਰਸ਼ਨ ਪ੍ਰੋਗਰਾਮ ਨੂੰ ਵੀ ਤੁਸੀਂ ਹਮੇਸ਼ਾ ਆਪਣੇ ਰਾਜਨੀਤਕ ਤੌਰ ਤੇ ਵਿਰੋਧ ਦੇ ਰੂਪ ਵਿੱਚ ਲਿਆ ਹੈ ਲੇਕਿਨ ਇਹ ਗੱਲ ਤੁਸੀਂ ਭੁੱਲ ਜਾਂਦੇ ਹੋ ਕਿ ਜਦੋਂ ਤੁਹਾਡੀ ਸਰਕਾਰ ਸੀ ਉਦੋਂ ਕਿਸ ਤਰ੍ਹਾਂ ਦੀ ਘਿਨਾਉਣੀ ਤੇ ਵਿਨਾਸ਼ਕਾਰੀ ਰਾਜਨੀਤਿਕ ਬਦਲਾਖੋਰੀ ਦਾ ਮਾਹੌਲ ਸੀ।

**ਸ਼੍ਰੀ ਸਭਾਪਤੀ :** ਵਾਈਂਡ ਅੱਪ ਕਰੋ ਜੀ।

**ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ :** ਲੇਕਿਨ ਉਸ ਸਾਰੇ ਮਾਹੌਲ ਨੂੰ ਪੂਰੀ ਭਾਈਚਾਰਕ ਸਾਂਝ ਅਤੇ ਸ਼ਾਂਤੀ ਦਾ ਮਾਹੌਲ ਬਣਾ ਕੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਇੱਕ ਅੱਛਾ ਮਾਹੌਲ ਬਣਾਇਆ ਹੈ ।

**Mr. Chairman :** Thank you.

**ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ :** ਇੱਕ ਮਿੰਟ ਜੀ। ਮੈਂ ਜਲਦੀ ਵਾਈਂਡ ਅੱਪ ਕਰ ਦੇਵਾਂਗਾ। ਜੋ ਵੱਡੀ ਜ਼ੁੰਮੇਵਾਰੀ ਕੇਂਦਰ ਸਰਕਾਰ ਦੀ ਸੀ । ਕਿੰਨਾ ਲੰਬਾ ਸਮਾਂ ਤੁਸੀਂ ਉਥੇ ਰਾਜ ਕੀਤਾ ਹੈ ਲੇਕਿਨ ਉਸ ਵਿੱਚ ਵੀ ਸਾਡੀ ਸਰਕਾਰ ਨੇ ਹੀ ਟਿਊਬਵੈੱਲਾਂ ਦੀ ਸਬਸਿਡੀ, ਖੇਤੀਬਾੜੀ ਸੰਦਾਂ ਤੇ ਸਬਸਿਡੀ ਅਤੇ ਖੇਤੀਬਾੜੀ ਵਿਭਿੰਨਤਾ ਤੇ ਹੋਰ ਰਿਆਇਤਾਂ ਦੇ ਕੇ ਕਿਸਾਨੀ ਨੂੰ ਬਚਾਉਣ ਦਾ ਯਤਨ ਕੀਤਾ ਹੈ। ਹੈਲਥ ਸੇਵਾਵਾਂ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੈਂਸਰ ਦੇ ਖਿਲਾਫ ਖਾਸ ਮੁਹਿੰਮ ਸ਼ੁਰੂ ਕੀਤੀ ਗਈ ਹੈ ।

**ਸ਼੍ਰੀ ਸਭਾਪਤੀ :** ਪਲੀਜ਼, ਵਾਈਂਡ ਅੱਪ ਕਰੋ। ਮੈਡਮ ਬਰਾੜ ਜੀ।

**ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ :** ਚੇਅਰਮੈਨ ਸਾਹਿਬ, ਇੱਕ ਮਿੰਟ ਦਾ ਟਾਈਮ ਦਿਉ। ਮੈਂ ਆਪਣੇ ਹਲਕੇ ਦੀ ਵੀ ਇੱਕ ਅੱਧੀ ਗੱਲ ਕਰਨੀ ਹੈ। ਟਾਟਾ ਮੈਮੋਰੀਅਲ ਸੈਂਟਰ ਜੋ ਹੈ, ਉਸ ਦੀ ਭਾਈਵਾਲੀ ਨਾਲ ਜਿਵੇਂ ਐਸ.ਏ.ਐਸ. ਨਗਰ ਤੇ ਮੁੱਲਾਂਪੁਰ ਵਿੱਚ ਸਥਾਪਿਤ ਕੀਤਾ ਹੈ, ਉਸੇ ਤਰ੍ਹਾਂ ਸੰਗਰੂਰ ਵਿੱਚ ਵੀ ਕੈਂਸਰ ਦਾ ਚੈਕਅੱਪ ਸੈਂਟਰ ਬਣਾਇਆ ਜਾ ਰਿਹਾ ਹੈ। ਇਸ ਵਾਸਤੇ ਮੈਂ ਸੀ. ਐਮ. ਸਾਹਿਬ ਦਾ ਧੰਨਵਾਦੀ ਹਾਂ ।

**ਸ਼੍ਰੀ ਸਭਾਪਤੀ :** ਸ਼੍ਰੀਮਤੀ ਕਰਨ ਕੌਰ ਬਰਾੜ ਜੀ।

**ਮੁੱਖ ਸੰਸਦੀ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ :** ਚੇਅਰਮੈਨ ਸਾਹਿਬ, ਇਕ ਮਿੰਟ ਦੇ ਦਿਓ। ਮੈਂ ਬਾਦਲ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੇ ਹਲਕੇ ਵਿਚ ਬੱਸ ਸਟੈਂਡ ਦੀ ਸਮੱਸਿਆ ਨੂੰ ਹੱਲ ਕੀਤਾ ਹੈ।

**ਸ਼੍ਰੀ ਸਭਾਪਤੀ :** ਧੰਨਵਾਦ ਜੀ। ਹਾਂ ਜੀ ਮੈਡਮ ਕਰਨ ਕੌਰ ਬਰਾੜ ਜੀ, ਤੁਹਾਡੇ ਕੋਲ ਪੰਜ ਮਿੰਟ ਹਨ।

**ਸ਼੍ਰੀਮਤੀ ਕਰਨ ਕੌਰ ਬਰਾੜ (ਸ੍ਰੀ ਮੁਕਤਸਰ ਸਾਹਿਬ) :** ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ

[ ਸ਼੍ਰੀਮਤੀ ਕਰਨ ਕੌਰ ਬਰਾੜ ]

ਤੇ ਬੋਲਣ ਦਾ ਮੌਕਾ ਦਿੱਤਾ ਹੈ। ਗਵਰਨਰ ਐਡਰੈਸ ਦੇ ਪੈਰ੍ਹਾ 34 ਵਿੱਚ ਖੇਤੀਬਾੜੀ ਬਾਰੇ ਗੱਲ ਕੀਤੀ ਗਈ ਹੈ। ਪੰਜਾਬ ਖੇਤੀਬਾੜੀ ਸੂਬਾ ਹੈ ਅਤੇ ਇਥੇ ਡਾਈਵਰਸੀਫਿਕੇਸ਼ਨ ਦੀ ਗੱਲ ਕੀਤੀ ਹੈ। ਬਾਸਮਤੀ ਤੇ ਬਹੁਤ ਜ਼ੋਰ ਪਾਇਆ ਹੈ ਪਰ ਬਾਸਮਤੀ ਦਾ ਦਾਮ ਪਿਛਲੇ ਸਾਲ ਨਾਲੋਂ 60 ਫੀਸਦੀ ਘਟਿਆ ਹੈ। ਫਲ ਦੇ ਉਤਪਾਦਨ ਦੀ ਗੱਲ ਕੀਤੀ ਗਈ ਹੈ ਕਿ ਅਬੋਹਰ ਵਿਚ ਫੂਡ ਪ੍ਰਾਸੈਸਿੰਗ ਯੂਨਿਟ ਲੱਗ ਰਿਹਾ ਹੈ। ਸਿਟਰਸ ਡਾਈਬੈੱਕ ਇਸ ਇਲਾਕੇ ਵਿੱਚ ਬਹੁਤ ਜ਼ਿਆਦਾ ਹੈ। ਅਸੀਂ ਫਰੂਟ ਕੀ ਪ੍ਰਾਸੈਸ ਕਰਾਂਗੇ ਜਦੋਂ ਤੱਕ ਸੇਮ ਦੀ ਸਮੱਸਿਆ ਨੂੰ ਹੱਲ ਨਹੀਂ ਕੀਤਾ ਜਾਂਦਾ। ਸਬਜ਼ੀ ਦੇ ਉਤਪਾਦਨ ਦੀ ਗੱਲ ਕੀਤੀ ਗਈ ਹੈ ਪਰ ਕਿਤੇ ਵੀ ਕੋਈ ਕੋਲਡ ਚੇਨ ਦੀ ਗੱਲ ਨਹੀਂ ਕੀਤੀ ਗਈ ਤਾਂ ਕਿ ਸਬਜ਼ੀ ਨੂੰ ਮੰਡੀ ਤੋਂ ਬਾਹਰ ਕਿਸੇ ਚੰਗੀ ਮਾਰਕਿਟ ਵਿਚ ਪਹੁੰਚਾਇਆ ਜਾਵੇ। ਗਵਰਨਰ ਐਡਰੈਸ ਦੇ ਪੈਰ੍ਹਾ 43 ਵਿਚ ਡੇਅਰੀ ਫਾਰਮਿੰਗ ਬਾਰੇ ਜ਼ਿਕਰ ਕੀਤਾ ਹੈ। ਸਾਡੀ ਦੁੱਧ ਦੇ ਉਤਪਾਦਨ ਦੀ ਐਵਰੇਜ ਬਹੁਤ ਨੀਵੀਂ ਹੈ। ਇਜ਼ਰਾਈਲ ਵਿਚ ਇਹ 11 ਹਜ਼ਾਰ ਲੀਟਰ ਹੈ। ਅਸੀਂ ਉਥੋਂ ਕਿਉਂ ਨਹੀਂ ਸੀਮਨ ਟਾਜ਼ ਲੈਂਦੇ। ਅਸੀਂ ਹਮੇਸ਼ਾ ਸਬ ਸਟੈਂਡਰਡ ਹੀ ਲੈ ਰਹੇ ਹਾਂ। ਜੇਕਰ ਅਸੀਂ ਡੇਅਰੀ ਫਾਰਮਿੰਗ ਨੂੰ ਸਬਸੀਡਾਈਜ਼ ਕਰਨਾ ਹੈ ਤਾਂ ਸਾਨੂੰ ਡੇਅਰੀ ਫਾਰਮਿੰਗ ਨੂੰ ਟੈਕਸ ਮੁਆਫ ਕਰਨਾ ਚਾਹੀਦਾ ਹੈ। ਗਵਰਨਰ ਐਡਰੈਸ ਦੇ ਪੈਰ੍ਹਾ 122 ਵਿਚ ਸਿੰਚਾਈ ਦੀ ਗੱਲ ਕੀਤੀ ਹੈ। ਪਿਛਲੀ ਕੇਂਦਰ ਸਰਕਾਰ ਨੇ ਸੇਮ ਨੂੰ ਹੱਲ ਕਰਨ ਲਈ 2200 ਕਰੋੜ ਰੁਪਏ ਦਿੱਤੇ ਸੀ। ਰਾਜਸਥਾਨ ਕਨਾਲ ਅਤੇ ਸਰਹਿੰਦ ਫੀਡਰ ਨੂੰ ਲਾਈਨ ਅੱਪ ਕਰਨ ਦੀ ਗੱਲ ਚੱਲੀ ਸੀ ਪਰ ਹੁਣ ਤੱਕ ਇਕ ਇੰਚ ਵੀ ਪ੍ਰਾਗ੍ਰੈਸ ਨਹੀਂ ਹੋਈ। ਮੇਰੇ ਇਲਾਕੇ ਵਿਚ ਸੇਮ ਪ੍ਰਭਾਵਿਤ ਏਰੀਏ ਹਨ। ਜਦੋਂ ਸਾਲ 2013 ਵਿੱਚ ਇਥੇ ਹੜ੍ਹ ਆਏ ਸੀ ਤਾਂ ਮੇਰੇ ਹਲਕੇ ਦੇ ਚਾਰ ਪਿੰਡ ਬਿਲਕੁਲ ਡੁੱਬ ਗਏ ਸਨ। ਮੈਂ ਬੇਨਤੀ ਕੀਤੀ ਸੀ ਕਿ ਉਥੇ ਸੇਮ ਨਾਲੇ ਕੱਢੇ ਜਾਣ ਪਰ ਅੱਜ ਤੱਕ ਉਥੇ ਕੁਝ ਨਹੀਂ ਕੀਤਾ ਗਿਆ। ਅਸੀਂ ਗੱਲ ਕਰਦੇ ਹਾਂ ਪਾਣੀ ਦੀ ਕਿੱਲਤ ਦੀ ਪਰ ਕੋਈ ਡਰਿਪ ਇਰੀਗੇਸ਼ਨ ਸਿਸਟਮ ਵੀ ਨਹੀਂ ਹੈ, ਕੋਈ ਸਬਸਿਡੀ ਵੀ ਨਹੀਂ ਮਿਲਦੀ। ਆਪਾਂ ਹੈਲਥ ਦੀ ਗੱਲ ਕਰੀਏ, ਕੈਂਸਰ ਲਈ ਬਹੁਤ ਕੁਝ ਹੋ ਰਿਹਾ ਹੈ। ਇਸ ਲਈ ਮੈਂ ਪ੍ਰਧਾਨ ਮੰਤਰੀ ਜੀ ਦਾ ਧੰਨਵਾਦ ਕਰਦੀ ਹਾਂ ਪਰ ਸਾਨੂੰ ਪਹਿਲਾਂ ਆਪਣੇ ਪ੍ਰਾਇਮਰੀ ਹੈਲਥ ਸੈਂਟਰਜ਼ ਦਾ ਖਿਆਲ ਰੱਖਣਾ ਚਾਹੀਦਾ ਹੈ। ਸਰਕਾਰੀ ਹਸਪਤਾਲਾਂ ਵਿਚ ਡਾਕਟਰ ਨਹੀਂ ਹਨ, ਜੇ ਕੋਈ ਮਾੜਾ-ਮੋਟਾ ਵੀ ਬਿਮਾਰ ਹੁੰਦਾ ਹੈ ਤਾਂ ਸਰਕਾਰੀ ਹਸਪਤਾਲ ਵਿੱਚ ਉਸ ਦਾ ਕੋਈ ਇਲਾਜ ਨਹੀਂ ਹੁੰਦਾ। ਮੇਰੇ

ਮੁਕਤਸਰ ਵਿੱਚ ਜੋ ਕਿ ਜ਼ਿਲ੍ਹਾ ਹੈਡਕੁਆਟਰ ਹੈ, ਉਥੇ ਡਾਕਟਰਾਂ ਦੀ ਬਹੁਤ ਕਿੱਲਤ ਹੈ। ਇਸ ਬਾਰੇ ਜ਼ਰੂਰ ਕੁਝ ਕਰਨਾ ਚਾਹੀਦਾ ਹੈ। ਕੈਂਸਰ ਬਾਰੇ ਜੇਕਰ ਗੱਲ ਕਰੀਏ, ਇਸ ਬਾਰੇ ਇਕ ਅਵੇਅਰਨੈਸ ਪ੍ਰੋਗਰਾਮ ਹੋਣਾ ਚਾਹੀਦਾ ਹੈ, ਜਿਥੇ ਕੋਲਨਸਕੋਪੀ ਨਾਲ ਚੈੱਕ ਅੱਪ ਹੋਣਾ ਚਾਹੀਦਾ ਹੈ। ਮੈਮੋਗ੍ਰਾਫੀ ਅਤੇ ਬ੍ਰੈਸਟ ਦੇ ਸਰਵੀਕਲ ਕੈਂਸਰ ਦੇ ਟੈਸਟ ਹੋਣੇ ਚਾਹੀਦੇ ਹਨ। ਪ੍ਰੋਸਟੇਟ ਕੈਂਸਰ ਲਈ ਚੈੱਕ ਅੱਪ ਹੋਣੇ ਚਾਹੀਦੇ ਹਨ। ਕਿਉਂਕਿ ਇਹ ਇਕ ਨਾਮੁਰਾਦ ਬਿਮਾਰੀ ਹੈ, ਜੇਕਰ ਇਸ ਦਾ ਪਹਿਲੀ ਸਟੇਜ ਤੇ ਪਤਾ ਲੱਗ ਜਾਵੇ ਤਾਂ ਇਸ ਦਾ ਇਲਾਜ ਹੋ ਸਕਦਾ ਹੈ, ਨਹੀਂ ਤਾਂ ਬੰਦੇ ਦੀ ਮੌਤ ਹੋ ਜਾਂਦੀ ਹੈ। ਗਵਰਨਰ ਐਡਰੈਸ ਦੇ ਪੈਰ੍ਹਾ 130 ਵਿੱਚ ਆਰ.ਓ. ਸਿਸਟਮ ਦੀ ਗੱਲ ਕੀਤੀ ਗਈ ਹੈ, ਇਹ ਚੱਲ ਹੀ ਨਹੀਂ ਰਹੇ। ਜੇਕਰ ਆਪਾਂ ਦੂਸ਼ਿਤ ਪਾਣੀ ਪੀਵਾਂਗੇ ਤਾਂ ਫਿਰ ਕੈਂਸਰ ਹੀ ਹੋਵੇਗਾ। ਅੱਗੇ ਅਸੀਂ ਗੱਲ ਕਰੀਏ ਸਵੱਛ ਅਭਿਆਨ ਦੀ, ਗਵਰਨਰ ਐਡਰੈਸ ਦੇ ਪੈਰ੍ਹਾ 102 ਵਿਚ ਕਿਹਾ ਗਿਆ ਹੈ ਕਿ ਸਟੇਟ ਲੈਵਲ ਦੀ ਇਕ ਕਮੇਟੀ ਬਣੀ ਹੈ ਜਿਸ ਵਿਚ ਚੀਫ ਸੈਕਟਰੀ, ਡੀ.ਸੀ. ਅਤੇ ਮੇਅਰ ਨੂੰ ਮੈਂਬਰ ਬਣਾਇਆ ਗਿਆ ਹੈ ਪਰ ਮੇਰੀ ਬੇਨਤੀ ਹੈ ਕਿ ਉਸ ਵਿੱਚ ਐਮ.ਐਲ.ਏਜ਼ ਨੂੰ ਕਿਉਂ ਨਹੀਂ ਮੈਂਬਰ ਬਣਾਇਆ ਗਿਆ। ਸੀਵਰੇਜ ਸਿਸਟਮ ਦੀ ਜੇਕਰ ਗੱਲ ਕਰੀਏ ਤਾਂ ਮੇਰੇ ਮੁਕਤਸਰ ਇਲਾਕੇ ਵਿਚ ਸੀਵਰੇਜ ਸਿਸਟਮ ਬਹੁਤ ਖਰਾਬ ਹੈ। ਹੁਣੇ ਹੀ ਜਵਾਹਰ ਲਾਲ ਨਹਿਰੂ ਅਰਬਨ ਮਿਸ਼ਨ ਰਾਹੀਂ ਨਵੀਂ ਸੀਵਰੇਜ ਲਾਈਨ ਪਾਈ ਸੀ ਪਰ ਉਸਦੀਆਂ ਪਾਈਪਾਂ ਟੁੱਟ ਵੀ ਗਈਆਂ ਹਨ ਕਿਉਂਕਿ ਉਸ ਵਿੱਚ ਘਟੀਆ ਮਾਲ ਵਰਤਿਆ ਗਿਆ ਸੀ। ਇਸ ਬਾਰੇ ਕੌਣ ਜ਼ਿੰਮੇਵਾਰ ਹੈ? ਕੀ ਇਸ ਤੇ ਕੋਈ ਪੈਨਲਟੀ ਹੈ? ਬਰੀਵਾਲਾ ਵਿੱਚ ਵਾਟਰ ਵਰਕਸ ਬਣੀ ਸੀ, ਉਸ ਦਾ ਉਦਘਾਟਨ ਸਾਡੇ ਮੁੱਖ ਮੰਤਰੀ ਸਾਹਿਬ ਨੇ ਕੀਤਾ ਸੀ। ਇਸ ਬਾਰੇ ਆਪਾਂ ਨੂੰ ਕੁਝ ਸੋਚਣਾ ਚਾਹੀਦਾ ਹੈ।

**ਸ਼੍ਰੀ ਸਭਾਪਤੀ :** ਧੰਨਵਾਦ ਜੀ।

**ਸ਼੍ਰੀਮਤੀ ਕਰਨ ਕੌਰ ਬਰਾੜ :** ਨਹੀਂ ਜੀ, one more thing Burning of stubble ਦੀ ਮੈਂ ਜ਼ਰੂਰ ਗੱਲ ਕਰਨੀ ਹੈ। ਇਸ ਲਈ ਕਮੇਟੀਆਂ ਬਣ ਰਹੀਆਂ ਹਨ ਕਿ ਇਨਵਾਇਰਨਮੈਂਟ ਲਈ ਆਪਾਂ ਕੁਝ ਕਰਨਾ ਹੈ ਪਰ ਕੁਝ ਨਹੀਂ ਹੋ ਰਿਹਾ ਹੈ । One last thing, democracy ਦੇ ਬਾਰੇ ਮੈਂ ਜ਼ਰੂਰ ਗੱਲ ਕਰਨੀ ਹੈ। ਕਹਿੰਦੇ ਹਨ ਕਿ ਜਿਹੜੀ ਪਿਛਲੀ ਲੋਕਲ ਬਾਡੀਜ਼ ਦੀ ਇਲੈਕਸ਼ਨ

[ ਸ਼੍ਰੀਮਤੀ ਕਰਨ ਕੌਰ ਬਰਾੜ ]

ਹੋਈ ਸੀ, ਉਹ ਬੜੀ ਅਮਨ ਸ਼ਾਂਤੀ ਨਾਲ ਹੋਈ ਸੀ। ਮੇਰੇ ਇਲਾਕੇ ਵਿੱਚ ਇੱਕ ਕੈਂਡੀਡੇਟ ਨੇ ਖੁਦਕੁਸ਼ੀ ਕੀਤੀ ਸੀ, ਕਿਉਂਕਿ ਉਸ ਦੇ ਮੱਥੇ ਦੇ ਉਤੇ ਪਿਸਤੌਲ ਰੱਖਿਆ ਸੀ।

**Mr. Chairman :** Thank you. ਸਰਦਾਰ ਹਰਦਿਆਲ ਸਿੰਘ ਕੰਬੋਜ ਜੀ।

**ਸਰਦਾਰ ਹਰਦਿਆਲ ਸਿੰਘ ਕੰਬੋਜ (ਰਾਜਪੁਰਾ) :** ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਕਾਫੀ ਸਤਿਕਾਰਯੋਗ ਸੱਜਣ ਬੋਲ ਕੇ ਗਏ ਹਨ। ਮਾਨਯੋਗ ਰਾਜਪਾਲ ਜੀ ਨੇ ਆਪਣਾ ਭਾਸ਼ਣ ਪੜ੍ਹਿਆ ਹੈ ਪਰੰਤੂ ਉਸ ਵਿੱਚ ਕੀ ਦਰਸਾਇਆ ਹੈ, ਇਹ ਸਾਰਿਆਂ ਨੂੰ ਹੀ ਪਤਾ ਹੈ। ਅੱਛਾ ਇਹ ਹੁੰਦਾ ਕਿ ਰਾਜਪਾਲ ਜੀ ਨੂੰ ਭਾਸ਼ਣ ਪੜ੍ਹਨ ਤੋਂ ਪਹਿਲਾਂ ਪੰਜਾਬ ਦਾ ਦੌਰਾ ਕਰਵਾਇਆ ਹੁੰਦਾ ਤਾਂ ਘੱਟੋ-ਘੱਟ ਉਨ੍ਹਾਂ ਨੂੰ ਵੀ ਪਤਾ ਹੁੰਦਾ ਕਿ ਵਾਕਈ ਅਸਲੀਅਤ ਕੀ ਹੈ ਅਤੇ ਸਾਨੂੰ ਪੜ੍ਹਨ ਲਈ ਦਿੱਤਾ ਕੀ ਹੈ। ਇਥੇ ਪੀਣ ਵਾਲੇ ਪਾਣੀ ਦੀ ਸਾਰੇ ਸਾਥੀ ਗੱਲ ਕਰਕੇ ਗਏ ਹਨ। ਬਾਰ ਬਾਰ ਮੈਂ ਇਸ ਗੱਲ ਨੂੰ ਨਹੀਂ ਦੁਹਰਾਉਣਾ ਚਾਹੁੰਦਾ। ਸਮਾਂ ਘੱਟ ਹੈ। ਪੀਣ ਵਾਲੇ ਪਾਣੀ ਬਾਰੇ ਕਿਹਾ ਗਿਆ ਹੈ ਕਿ ਸਾਫ ਸੁਥਰਾ ਪਾਣੀ ਦਿੱਤਾ ਜਾਵੇਗਾ । ਮੈਂ ਉਸ ਹਲਕੇ ਵਿਚੋਂ ਚੁਣ ਕੇ ਆਇਆ ਹਾਂ ਜਿਹੜਾ ਗੇਟਵੇਅ ਆਫ ਪੰਜਾਬ ਹੈ, ਰਾਜਪੁਰਾ । ਇਹ ਇੱਕ ਤਸਵੀਰ ਮੈਂ ਤੁਹਾਡੇ ਸਾਹਮਣੇ ਲੈ ਕੇ ਆਉਂਦਾ ਹਾਂ ਕਿ ਬੀ.ਐਮ.ਐਲ ਤੋਂ ਟਰੀਟਮੈਂਟ ਦੇ ਰਾਹੀਂ ਪੀਣ ਵਾਲਾ ਪਾਣੀ ਦਿੱਤਾ ਜਾਂਦਾ ਹੈ ਪਰ ਜਿਹੜਾ ਇਹ ਟਰੀਟਮੈਂਟ ਪਲਾਂਟ ਹੈ, ਇਸ ਵਿੱਚ ਕਿੰਨੇ ਕਿੰਨੇ ਪਸ਼ੂ ਮਰੇ ਪਏ ਹੋਏ ਹਨ। ਇੰਨਾ ਬਦਬੂਦਾਰ ਪਾਣੀ ਸ਼ਹਿਰੀਆਂ ਨੂੰ ਪੀਣ ਲਈ ਦਿੱਤਾ ਜਾਂਦਾ ਹੈ ਜਿਸ ਕਾਰਨ ਬੜੀਆਂ ਭਿਆਨਕ ਬਿਮਾਰੀਆਂ ਲਗਦੀਆਂ ਹਨ। ਪੀਣਾ ਤਾਂ ਦੂਰ ਦੀ ਗੱਲ ਹੈ, ਉਸ ਪਾਣੀ ਨਾਲ ਤਾਂ ਨਹਾਉਣਾ ਤੇ ਕੱਪੜੇ ਧੋਣਾ ਵੀ ਬੜੀ ਦੂਰ ਦੀ ਗੱਲ ਹੈ। ਸੋ, ਅਜਿਹੇ ਹਾਲਾਤ ਪੰਜਾਬ ਵਿੱਚ ਅੱਜ ਬਣੇ ਹੋਏ ਹਨ। ਜੇ ਸਰਕਾਰ ਪੀਣ ਵਾਲਾ ਪਾਣੀ ਹੀ ਨਹੀਂ ਦੇ ਸਕਦੀ ਤਾਂ ਇਸ ਤੋਂ ਅਸੀਂ ਹੋਰ ਕੀ ਉਮੀਦ ਰੱਖ ਸਕਦੇ ਹਾਂ। ਇਸ ਤੋਂ ਇਲਾਵਾ ਹੋਰ ਬੜੀਆਂ ਗੱਲਾਂ ਕੀਤੀਆਂ ਗਈਆਂ ਹਨ । ਜਿਵੇਂ ਕਿ ਸੜਕਾਂ ਬਣਾ ਕੇ ਦੇਣ ਦੀ ਗੱਲ ਹੈ। ਵੱਡੀਆਂ ਵੱਡੀਆਂ ਗੱਲਾਂ ਕੀਤੀਆਂ ਗਈਆਂ, ਛੇ ਮਾਰਗੀ ਜਿਹੜੇ ਰਸਤੇ ਬਣਾਏ ਗਏ ਹਨ, ਉਹ ਇਹ ਆਪਣੇ ਆਪਣੇ ਹੋਟਲਾਂ ਤੱਕ ਲੈ ਕੇ ਗਏ ਹੋਏ ਹਨ।

ਪੰਜਾਬ ਦੀ ਸੜਕਾਂ ਦੀ ਹਾਲਤ ਇੰਨੀ ਖਰਾਬ ਹੈ ਕਿ ਚਾਰ-ਚਾਰ ਫੁੱਟ ਦੇ ਖੱਡੇ ਪਏ ਹੋਏ ਹਨ। ਮੇਰੇ ਹਲਕੇ ਦੀ ਬੜੀ ਲੰਮੀ ਲਿਸਟ ਹੈ। ਬੜੀ ਦੁਰਦਸ਼ਾ ਸਾਡੇ ਹਲਕੇ ਦੀਆਂ ਸੜਕਾਂ ਦੀ ਬਣੀ ਹੋਈ ਹੈ। ਇਸ ਤੋਂ ਇਲਾਵਾ ਕੰਮ ਦੀ ਕੁਆਲਿਟੀ ਇੰਨੀ ਮਾੜੀ ਹੈ ਕਿ ਜੇ ਰਾਤ ਨੂੰ ਸੜਕ ਬਣਦੀ ਹੈ ਤਾਂ ਜਨਤਾ ਸਵੇਰੇ ਝਾੜੂ ਨਾਲ ਇਕੱਠੀ ਕਰਨੀ ਸ਼ੁਰੂ ਕਰ ਦਿੰਦੀ ਹੈ। ਇੰਨਾ ਭ੍ਰਿਸ਼ਟਾਚਾਰ। ਕਿਉਂਕਿ ਇੱਕ ਸੜਕ ਦੀ ਜਿਹੜੀ ਲਾਈਫ ਹੈ ਉਹ ਪੰਜ ਵਰ੍ਹੇ ਦੀ ਹੁੰਦੀ ਹੈ ਪਰ ਇਹ ਸੜਕਾਂ ਤਾਂ ਪੰਜ-ਪੰਜ ਦਿਨ ਵੀ ਨਹੀਂ ਚਲਦੀਆਂ। ਇਸ ਲਈ ਸਾਰਾ ਕੁਝ ਸੋਚਣਾ ਪਏਗਾ। ਬਹੁਤ ਵੱਡੇ ਪੱਧਰ ਤੇ ਇਸ ਦੀ ਦੇਖ- ਰੇਖ ਲਈ ਕਮੇਟੀ ਬਣਾਉਣੀ ਪਵੇਗੀ।

**Mr. Chairman :** Please wind up.

**ਸਰਦਾਰ ਹਰਦਿਆਲ ਸਿੰਘ ਕੰਬੋਜ :** ਚੇਅਰਮੈਨ ਸਾਹਿਬ, ਹਾਲੇ ਤਾਂ ਸਿਰਫ ਡੇਢ ਮਿੰਟ ਹੀ ਹੋਇਆ ਹੈ।

**ਸ਼੍ਰੀ ਸਭਾਪਤੀ :** ਤਿੰਨ ਮਿੰਟ ਹੋ ਗਏ ਹਨ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਚੇਅਰਮੈਨ ਸਾਹਿਬ, ਦੋ ਮਿੰਟ ਪਹਿਲਾਂ ਹੀ ਨਾ ਕਹੋ ਜੀ। ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਅਸੀਂ ਦੱਸਦੇ ਹਾਂ। ਸੱਚਾਈ ਤਾਂ ਸੁਣ ਲੈਣੀ ਚਾਹੀਦੀ ਹੈ। ਮੇਰੇ ਵਿਧਾਨ ਸਭਾ ਹਲਕੇ ਦੇ ਵਿੱਚ ਇੱਕ ਨਲਾਸ ਟੈਂਪਲ ਹੈ। ਤੁਸੀਂ ਵੀ ਸ਼ਾਇਦ ਉਥੇ ਗਏ ਹੋਵੋਗੇ। ਕਹਿੰਦੇ ਹਨ ਕਿ ਸ਼ਿਵ ਭਗਵਾਨ ਕੈਲਾਸ਼ ਵਿੱਚ ਜਾਂ ਨਲਾਸ ਵਿੱਚ ਹਨ ਪਰ ਉਸ ਮੰਦਰ ਵਿੱਚ ਜਾਣ ਵਾਲੀ ਸੜਕ ਦੀ ਹਾਲਤ ਬਹੁਤ ਹੀ ਮਾੜੀ ਹੈ। ਲੱਖਾਂ ਹੀ ਸ਼ਰਧਾਲੂ ਉਥੇ ਮੱਥਾ ਟੇਕਣ ਆਉਂਦੇ ਹਨ ਪਰ ਉਸ ਮੰਦਰ ਨੂੰ ਜਿਹੜੀ ਲਿੰਕ ਕਰਨ ਵਾਲੀ ਰੋਡ ਹੈ, ਉਸ ਨੂੰ ਜੋੜਨ ਦੇ ਲਈ ਬਾਰ ਬਾਰ ਕਿਹਾ ਗਿਆ ਹੈ ਪਰ ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।

ਇੱਕ ਹੋਰ ਗੱਲ ਇਹ ਹੈ ਕਿ ਦਲਿਤ ਵਰਗ ਦੀ ਜਨਤਾ ਨੂੰ ਕੋਟਾ/ਰਿਜ਼ਰਵੇਸ਼ਨ ਜਿਹੜੀ ਦਿੱਤੀ ਜਾਂਦੀ ਹੈ, ਉਸ ਵਿੱਚ ਸ਼ਡਿਊਲਡ ਟਰਾਈਬਜ਼/ਬਾਜ਼ੀਗਰ ਭਾਈਚਾਰੇ ਦਾ ਵੀ 2% ਰੱਖਿਆ ਹੈ ਪਰ ਨਾ ਤਾਂ ਉਨ੍ਹਾਂ ਨੂੰ ਨੌਕਰੀ ਨਾ ਖੇਡਾਂ ਵਿੱਚ ਬਿਲਕੁਲ ਕੋਈ ਰਾਹਤ ਦਿੱਤੀ ਜਾਂਦੀ ਹੈ । ਐਫ.ਡੀ.ਡੀ.ਆਈ ਦੀ ਗੱਲ ਮੈਂਬਰ ਸਾਹਿਬ ਇੱਥੇ ਕਰਕੇ ਗਏ ਹਨ, ਇਹ ਇੱਕ ਬਹੁਤ ਵੱਡਾ ਪ੍ਰਾਜੈਕਟ ਬਨੂੜ ਦੇ ਵਿੱਚ

ਆਇਆ ਹੈ ਤੇ ਉਸ ਲਈ ਮੈਂ ਪਹਿਲੀ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਉਸ ਨੇ ਇੰਨਾ ਵੱਡਾ ਪ੍ਰਾਜੈਕਟ ਮੇਰੇ ਹਲਕੇ ਦੇ ਵਿੱਚ ਦਿੱਤਾ ਹੈ ਪਰ ਹਾਲੇ ਤੱਕ ਆਈ.ਟੀ.ਆਈ ਉਥੋਂ ਸ਼ਿਫਟ ਨਹੀਂ ਕੀਤੀ ਕਿਉਂਕਿ ਆਈ.ਟੀ.ਆਈ ਦੀ ਜਗ੍ਹਾ ਦੇ ਵਿੱਚ ਉਹ ਬਣਿਆ ਹੋਇਆ ਸੀ। ਉਨ੍ਹਾਂ ਨੇ ਅਧੂਰਾ ਕੰਮ ਜ਼ਰੂਰ ਕੀਤਾ ਹੈ ਪਰ ਬੜੀਆਂ ਮੁਸ਼ਕਲਾਂ ਆ ਰਹੀਆਂ ਹਨ। ਮੈਂ ਮਾਨਯੋਗ ਮੁੱਖ ਮੰਤਰੀ ਨੂੰ ਤੁਹਾਡੇ ਰਾਹੀਂ ਕਹਿਣਾ ਚਾਹਾਂਗਾ ਕਿ transfer of land ਜ਼ਰੂਰ ਕੀਤੀ ਜਾਵੇ।

**ਸ਼੍ਰੀ ਸਭਾਪਤੀ :** ਧੰਨਵਾਦ ਜੀ। ਹੁਣ ਸਰਦਾਰ ਅਜੀਤ ਇੰਦਰ ਸਿੰਘ ਮੋਫਰ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਿਰਫ ਅੱਧਾ ਮਿੰਟ, ਚੇਅਰਮੈਨ ਸਾਹਿਬ। ਬਹੁਤ ਜ਼ਰੂਰੀ ਗੱਲ ਹੈ।

**ਸ਼੍ਰੀ ਸਭਾਪਤੀ :** ਜਲਦੀ ਕਰੋ ਫਿਰ, ਵਾਈਂਡ ਅੱਪ ਕਰੋ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਚੇਅਰਮੈਨ ਸਾਹਿਬ, ਇਹ ਲੋਕਾਂ ਨਾਲ ਜੁੜਿਆ ਹੋਇਆ ਮਸਲਾ ਹੈ। ਹਾਊਸਫੈੱਡ ਨੇ 2009 ਵਿੱਚ ਫਲੈਟਸ ਬਣਾਉਣ ਦੀ ਸ਼ੁਰੂਆਤ ਕੀਤੀ ਸੀ ਅਤੇ 2011 ਵਿੱਚ ਕਬਜ਼ਾ ਦੇਣਾ ਸੀ। ਉਨ੍ਹਾਂ ਤੋਂ ਪੈਸੇ ਤਾਂ ਪੂਰੇ ਲੈ ਲਏ ਪਰ ਅੱਜ ਤੱਕ ਕਬਜ਼ਾ ਨਹੀਂ ਦਿੱਤਾ ਗਿਆ। ਉਨ੍ਹਾਂ ਨੂੰ ਵਿਆਜ ਤਾਂ ਕੀ ਦੇਣਾ ਸੀ ਸਗੋਂ ਕੀਮਤ ਵਿੱਚ 65% ਵਾਧਾ ਕਰ ਦਿੱਤਾ। ਜਿਹੜਾ 20 ਲੱਖ ਦਾ ਫਲੈਟ ਸੀ ਉਸ ਦੀ ਕੀਮਤ 32 ਲੱਖ ਕੀਤੀ ਗਈ। ਇਹ ਧੱਕਾ ਹੋ ਰਿਹਾ ਹੈ। ਇਸ ਲਈ ਜਿਹੜਾ ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਹੈ, ਮੈਂ ਉਸ ਨੂੰ ਰੱਦ ਕਰਦਾ ਹਾਂ ਅਤੇ ਆਪਣਾ ਸਥਾਨ ਲੈਂਦਾ ਹਾਂ। ਧੰਨਵਾਦ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ) :** ਚੇਅਰਮੈਨ ਸਾਹਿਰ, ਤੁਹਾਡਾ ਬਹੁਤ ਧੰਨਵਾਦ। ਵੈਸੇ ਤਾਂ ਦੋਹਾਂ ਪਾਸਿਆਂ ਤੋਂ ਬਹੁਤ ਸੋਹਣੇ ਵਿਚਾਰ ਆਏ ਹਨ ਅਤੇ ਬੜੀ ਵਧੀਆ ਡਿਬੇਟ ਹੋਈ ਹੈ। ਬਾਦਲ ਸਾਹਿਬ ਨੂੰ ਵੀ ਐਵਾਰਡ ਮਿਲਣ ਦੀਆਂ ਵਧਾਈਆਂ ਦਿੱਤੀਆਂ ਗਈਆਂ ਹਨ। ਇਹ ਜੋ ਗਵਰਨਰ ਐਡਰੈਸ ਆਇਆ ਹੈ I am sorry to say that it is totally ** ** . ਕਿਉਂਕਿ ਜਿੰਨੀ ਵਾਰ ਵੀ ਇਸ ਸਦਨ ਵਿੱਚ ਗਵਰਨਰ ਐਡਰੈਸ ਤੇ ਬਹਿਸ ਹੋਈ ਹੈ, ਸਾਰੇ ਰੂਲਿੰਗ ਬੈਂਚਿਜ਼ ਵਾਲੇ ਤਾਂ ਫੱਟੇ ਚੱਕ ਦਿੰਦੇ ਹਨ ਕਿ ਇਹ

**Expunged as ordered by the Chair.

ਤਾਂ ਸਵਿਟਜ਼ਰਲੈਂਡ ਬਣ ਗਿਆ, ਬਾਦਲ ਸਾਹਿਬ ਕਹਿੰਦੇ ਕਿ ਕੈਲੀਫੋਰਨੀਆ ਬਣ ਗਿਆ ਪਰ ਸਾਨੂੰ ਤਾਂ ਐਸਾ ਕੁਝ ਦਿਖਾਈ ਨਹੀਂ ਦਿੰਦਾ। ਫਿਰ ਗਵਰਨਰ ਸਾਹਿਬ ਆਜ਼ਾਦ ਹਨ, ਉਹ ਕਹਿ ਗਏ ਕਿ ਸਭ ਕੁਝ ਬਿਨਾਂ ਸਟੇਅਰਿੰਗ ਤੋਂ ਹੈ। ਬਾਦਲ ਸਾਹਿਬ, ਮੈਂ ਵੀ ਪਹਿਲਾਂ ਬਿਨਾਂ ਸਟੇਅਰਿੰਗ ਤੋਂ ਹੀ ਆਇਆ ਸੀ ਪਰ ਤੁਹਾਡੀ ਗੱਡੀ ਨਾਲ ਟੱਕਰ ਹੋਈ, ਉਸ ਤੋਂ ਨਹੀਂ ਬਚਿਆ। ਹੁਣ ਸਟੇਅਰਿੰਗ ਹੱਥ ਵਿੱਚ ਆ ਗਿਆ ਹੈ ਅਤੇ ਹੌਲੀ-ਹੌਲੀ ਚੱਲ ਰਹੇ ਹਾਂ। ਗੱਡੀ ਨੂੰ ਲਾਈਨ ਤੇ ਲਿਆ ਰਹੇ ਹਾਂ ਪਰ ਤੁਸੀਂ ਸਾਡਾ ਸਾਥ ਦਿਉ। ਤੁਸੀਂ ਸਾਰੇ ਪੰਜਾਬ ਦਾ ਸਾਥ ਦਿਉ। ਜੋ ਤੁਸੀਂ ਕਹਿੰਦੇ ਹੋ ਉਸ ਤੇ ਖੜ੍ਹੇ ਹੋਵੋ। ਤੁਹਾਡੀ ਇੰਨੀ ਵੱਡੀ ਪਰੈਸਨੈਲਿਟੀ ਹੈ, ਸਾਨੂੰ ਖੁਸ਼ੀ ਹੋਵੇਗੀ। ਅਸੀਂ ਤੁਹਾਨੂੰ ਕਨਡੈਮ ਕਰਨ ਲਈ ਨਹੀਂ ਖੜ੍ਹੇ ਹੋਏ। ਹੁਣ ਸੈਂਟਰ ਵਿੱਚ ਸਰਕਾਰ ਆਈ ਹੈ। ਕਿੰਨਾ ਕੁਝ ਹੋ ਗਿਆ ਹੈ। 10 ਮਹੀਨੇ ਹੋ ਗਏ ਹਨ। ਉਸ ਬਾਰੇ ਅਸੀਂ ਕੀ ਕਹਿ ਸਕਦੇ ਹਾਂ। ਫਿਰ ਪੰਜਾਬ ਦੇ ਪਾਣੀਆਂ ਦੀ ਗੱਲ ਆ ਗਈ। ਸਾਡੇ ਨਿਰਮਲ ਸਿੰਘ ਜੀ ਬਹੁਤ ਪੁਰਾਣੀਆਂ 1956 ਦੀਆਂ ਕਿੰਨੀਆਂ ਹੀ ਗੱਲਾਂ ਕਰ ਗਏ ਕਿ ਇਹ ਹੋ ਗਿਆ, ਓਹ ਹੋ ਗਿਆ। ਮੈਂ ਜਦੋਂ 1997 ਵਿੱਚ ਐਮ.ਐਲ.ਏ. ਬਣਿਆ ਉਦੋਂ ਤੁਹਾਡੀ ਪਾਰਟੀ ਵਾਜਪਾਈ ਜੀ ਦੀ ਸਰਕਾਰ ਵਿੱਚ ਭਾਈਵਾਲ ਸੀ। ਇਸੇ ਸਦਨ ਵਿੱਚ ਕਿੰਨੀਆਂ ਗੱਲਾਂ ਹੋਈਆਂ, ਕੀ ਕੋਈ ਗੱਲ ਸਿਰੇ ਚੜ੍ਹੀ? ਕੋਈ ਪਾਣੀਆਂ ਦਾ ਮਸਲਾ ਹੱਲ ਹੋਇਆ? ਕੀ ਸਾਨੂੰ ਚੰਡੀਗੜ੍ਹ ਮਿਲਿਆ? ਬ੍ਰਹਮ ਮਹਿੰਦਰਾ ਜੀ ਬੜੀ ਸੋਹਣੀ ਗੱਲ ਕਰਕੇ ਗਏ ਹਨ ਕਿ ਚੰਡੀਗੜ੍ਹ ਦੇ ਰੈਵੇਨਿਊ ਵਿੱਚੋਂ ਹੀ ਕੁਝ ਹਿੱਸਾ ਲੈ ਲਉ। ਅਸੀਂ ਸੈਂਟਰ ਤੋਂ ਡਰਦੇ ਕਿਉਂ ਹਾਂ, ਅਸੀਂ ਕਿਉਂ ਡਰਦੇ ਹਾਂ? ਪਹਿਲਾਂ ਤਾਂ ਸਾਬਕਾ ਪ੍ਰਧਾਨ ਮੰਤਰੀ ਕੋਲ ਤਾਂ ਬੜੇ ਵਧੀਆ ਜਾਂਦੇ ਹੁੰਦੇ ਸੀ। ਹੁਣ ਵੀ ਜਾਇਆ ਕਰੋ ਤੇ ਸਾਨੂੰ ਨਾਲ ਲੈ ਕੇ ਜਾਇਆ ਕਰੋ ਤਾਂ ਕਿ ਅਸੀਂ ਆ ਕੇ ਸੱਚ ਤਾਂ ਬੋਲ ਦੇਈਏ ਕਿ ਉੱਥੇ ਇਹ ਬੋਲਿਆ ਜਾਂਦਾ ਹੈ। ** ** ਸਾਹਿਬ ਨੂੰ ਵੀ ਮਿਲ ਆਇਆ ਕਰਾਂਗੇ। ਹੁਣ ਇਹ ਵੀ ਨਹੀਂ ਪਤਾ ਕਿ ਸਟੇਅਰਿੰਗ ** ** ਸਾਹਿਬ ਕੋਲ ਹੈ ਜਾਂ ਪ੍ਰਧਾਨ ਮੰਤਰੀ ਜੀ ਕੋਲ ਹੈ। ਫਿਰ ਅਸੀਂ ਫੈਡਰਲ ਸਿਸਟਮ ਤੇ ਆ ਜਾਂਦੇ ਹਾਂ। ਉਸ ਤੋਂ ਪਹਿਲਾਂ ਗੱਲ ਆਈ ਸੀ ਕਿ ਪੰਜਾਬ ਸ਼ਾਂਤ ਰਹਿਣਾ ਚਾਹੀਦਾ ਹੈ। ਪੰਜਾਬ ਵਿੱਚ ਸ਼ਾਂਤੀ ਕਿਸ ਨੇ ਲਿਆਂਦੀ? ਕਿਸ ਨੇ ਇਲੈਕਸ਼ਨਾਂ ਹੋਣ ਲਗਾਈਆਂ। ਮਰਹੂਮ ਮੁੱਖ ਮੰਤਰੀ, ਜਿਸ ਨੇ ਆਪਣੀ ਜਾਨ ਦੇ ਦਿੱਤੀ, ਕੀ ਕਦੇ ਉਨ੍ਹਾਂ ਨੂੰ ਯਾਦ ਕੀਤਾ ਹੈ। ਕੀ ਉਨ੍ਹਾਂ ਦੀ ਯਾਦਗਾਰ ਤੇ ਕੋਈ

**Expunged as ordered by the Chair.

ਰੁਪਿਆ ਲਗਾਇਆ ਹੈ ? ਕੀ ਉਨ੍ਹਾਂ ਦੇ ਪਰਿਵਾਰ ਨੂੰ ਕੋਈ ਇਨਸੈਨਟਿਵ ਦਿੱਤਾ ਹੈ? ਕੀ ਉਸ ਦੇ ਪਰਿਵਾਰ ਲਈ ਕੋਈ ਖਿਆਲ ਕੀਤਾ ਹੈ?

**ਸ਼੍ਰੀ ਸਭਾਪਤੀ :** ਜੋ ਵੀ ਸਦਨ ਦਾ ਮੈਂਬਰ ਨਹੀਂ ਹੈ, ਉਸ ਦਾ ਨਾਂ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਫੈਡਰਲ ਸਿਸਟਮ ਦੀ ਗੱਲ ਕੀਤੀ ਹੈ। ਤੁਸੀਂ ਬਹੁਤ ਵਧੀਆ ਲੜਾਈ ਲੜ ਰਹੇ ਹੋ। ਚੱਲੋ, ਆਪਾਂ ** ** ਜੀ ਤੋਂ ਲੈ ਲਈਏ।

**ਸ਼੍ਰੀ ਸਭਾਪਤੀ :** ਪ੍ਰਾਈਮ ਮਨਿਸਟਰ ਕਹੋ, ਨਾਂ ਨਾ ਲਵੋ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਠੀਕ ਹੈ ਸਰ। ਹੁਣ ਤਾਂ ਫੂਡ ਪ੍ਰਾਸੈਸਿੰਗ ਵਾਲੀ ਵਜ਼ਾਰਤ ਵੀ ਆਪਣੇ ਕੋਲ ਹੀ ਹੈ। ਬਾਦਲ ਸਾਹਿਬ ਤੁਹਾਡੇ ਕੋਲ ਹੀ ਹੈ। ਉਸ ਵਿੱਚੋਂ ਫੰਡ ਕੱਟ ਲਉ। ** ** ਸਾਹਿਬ ਨੂੰ ਪੁੱਛ ਲਉ ਕਿਉਂ ਕੱਟੇ ਹਨ। ਬੜੀ ਮਾੜੀ ਗੱਲ ਹੈ। ਇੱਕ ਚੀਜ਼ ਪੰਜਾਬ ਨੂੰ ਥੋੜ੍ਹੀ ਜਿਹੀ ਮਿਲੀ ਹੈ। ਪੰਜਾਬ ਵਿੱਚ ਫੂਡ ਪ੍ਰਾਸੈਸਿੰਗ ਪਲਾਂਟ ਲੱਗਣ ਲੱਗ ਜਾਣ ਤਾਂ ਜ਼ਿਮੀਂਦਾਰਾਂ ਨੂੰ ਫਾਇਦਾ ਹੋ ਜਾਵੇਗਾ । ਉਹ ਵੀ ਫੰਡ ਕੱਟ ਦਿੱਤੇ। ਫਿਰ ਐਗਰੀਕਲਚਰ ਦੀ ਗੱਲ ਆ ਗਈ। ਵਾਰ-ਵਾਰ ਉਹੀ ਗੱਲਾਂ ਛੇੜੀ ਜਾਂਦੇ ਹਾਂ। ਸਵਾਮੀਨਾਥਨ ਦੀ ਗੱਲ ਕਰੀ ਜਾਂਦੇ ਹਨ। ਐਮ.ਐਸ.ਪੀ. ਬਾਰੇ ਕੋਈ ਗੱਲ ਕਰ ਲਉ। ਕਿੰਨਾ ਵੱਡਾ ਰੌਲਾ ਪੈ ਗਿਆ ਹੈ ਕਿ ਤੁਹਾਡੇ ਤੋਂ ਕਣਕ ਨਹੀਂ ਖਰੀਦੀ ਜਾਣੀ। ਜ਼ਿਮੀਂਦਾਰਾਂ ਦੇ ਠੇਕੇ ਟੁੱਟਣ ਲੱਗ ਗਏ ਹਨ। ਜ਼ਿਮੀਂਦਾਰ ਰੋਣ ਲੱਗ ਗਏ ਹਨ। ਇੱਕ ਤਾਂ ਫਸਲਾਂ ਦੀ ਬਰਬਾਦੀ ਹੋ ਰਹੀ ਹੈ, ਮੀਂਹ ਗੜ੍ਹੇ ਪੈ ਰਹੇ ਹਨ ਅਤੇ ਹੁਣ ਕਹਿੰਦੇ ਹਨ ਕਿ ਕਣਕ ਨਹੀਂ ਖਰੀਦੀ ਜਾਣੀ। ਯੂਰੀਆ ਵੀ ਨਹੀਂ ਮਿਲ ਰਿਹਾ। ਤੁਸੀਂ ਦੱਸੋ which side we are moving. ਫਿਰ ਸਿੱਖਿਆ ਦੀ ਗੱਲ ਆ ਗਈ। ਇਸ ਤੇ ਬੜੀ ਬਹਿਸ ਹੋਈ। ਚੀਮਾ ਸਾਹਿਬ, ਥੋੜ੍ਹਾ ਜਿਹਾ ਖਿਆਲ ਕਰ ਲਉ। ਮੈਂ ਤਾਂ ਸਿਰਫ ਇੰਨੀ ਗੱਲ ਹੀ ਕਹਿਣੀ ਚਾਹੁੰਦਾ ਸੀ ਕਿ ਹਾਈ ਕੋਰਟ ਨੇ ਡਾਇਰੈਕਸ਼ਨ ਦਿੱਤੀ ਹੈ। ਕਾਨੂੰਨ ਦੀ ਸੋਧ ਕਰਨੀ ਚਾਹੀਦੀ ਹੈ। ਤੁਸੀਂ ਭਰਤੀ ਕਰਨ ਤੋਂ ਪਹਿਲਾਂ ਹਾਊਸ ਵਿੱਚ ਸੋਧ ਨਹੀਂ ਕੀਤੀ, ਇਸ ਲਈ ਮੈਂ ਤੁਹਾਨੂੰ ਜ਼ਿਕਰ ਕੀਤਾ ਸੀ। ਫਿਰ ਗੱਲ ਆ ਗਈ ਹੈ, ਗਰੀਬਾਂ ਨੂੰ ਹੈਲਥ ਸਹੂਲਤ ਦੇਣ

---

**Expunged as ordered by the Chair.

ਦੀ। ਅੱਜ ਹੈਲਥ ਸਿਸਟਮ ਇਕ ਮਜ਼ਾਕ ਬਣ ਕੇ ਰਹਿ ਗਿਆ ਹੈ। ਖਦਸ਼ਾ ਹੈ ਕਿ ਸਾਡੇ ਹੈਲਥ ਮਨਿਸਟਰ ਨੂੰ ਸਵਾਈਨ ਫਲੂ ਨਾ ਹੋ ਗਿਆ ਹੋਵੇ, ਉਹ ਉਸ ਦਿਨ ਦੇ ਇਥੇ ਆ ਨਹੀਂ ਰਹੇ। ਕੈਂਸਰ ਇਕ ਨਾਮੁਰਾਦ ਬਿਮਾਰੀ ਹੈ। ਇਸ ਲਈ ਗਰੀਬਾਂ ਨੂੰ ਪੂਰੀ ਮਦਦ ਦੇਣੀ ਚਾਹੀਦੀ ਹੈ। ਜਿਹੜਾ ਪਰਿਵਾਰ ਇਸ ਦੀ ਵਲ੍ਹੇਟ ਵਿਚ ਆ ਜਾਂਦਾ ਹੈ, ਉਹ ਖਤਮ ਹੋ ਜਾਂਦਾ ਹੈ। ਬਾਦਲ ਸਾਹਿਬ ਤਾਂ ਖ਼ੁਦ ਇਸ ਵਿਚੋਂ ਗੁਜ਼ਰ ਚੁੱਕੇ ਹਨ। ਮੈਂ ਇਕ ਪ੍ਰੈਕਟੀਕਲ ਗੱਲ ਦੱਸਦਾ ਹਾਂ। ਮੇਰੇ ਹਲਕੇ ਵਿਚ ਪਿੰਡ ਦੂਲੋਵਾਲ ਹੈ। ਉਥੇ ਇਨ੍ਹਾਂ ਦਾ ਇਕ ਸੀਨੀਅਰ ਅਕਾਲੀ ਲੀਡਰ ਹੈ। ਉਸ ਕੋਲੋਂ 75 ਡੱਬੇ ਸ਼ਰਾਬ, ਤਿੰਨ ਡਰੰਮ ਦੇਸੀ ਸ਼ਰਾਬ ਦੇ ਅਤੇ ਹੋਰ ਪਤਾ ਨਹੀਂ ਕਿੰਨਾ ਕੁਝ ਫੜਿਆ ਗਿਆ ਹੈ। ਉਸ ਦੀ ਸਰਪ੍ਰਸਤੀ ਇਨ੍ਹਾਂ ਦੇ ਜਨਰਲ ਸਕੱਤਰ ਕਰ ਰਹੇ ਸਨ। ਉਨ੍ਹਾਂ ਨੇ ਉਸ ਨੂੰ ਛੁਡਾਉਣ ਤੇ ਬੜਾ ਜ਼ੋਰ ਲਗਾਇਆ। ਅਸੀਂ ਵੀ ਖੜ੍ਹ ਗਏ ਕਿ ਜਦੋਂ ਹਾਊਸ ਵਿੱਚ ਇੰਨਾ ਰੌਲਾ ਪਾਇਆ ਜਾਂਦਾ ਹੈ ਤਾਂ ਸਾਡੇ ਹਲਕੇ ਵਿੱਚ ਇਸ ਤਰ੍ਹਾਂ ਕਿਉਂ ਹੋਵੇ। ਮੈਂ ਤੁਹਾਡੇ ਬੇਟੇ ਦਾ ਧੰਨਵਾਦ ਕਰਦਾ ਹਾਂ। ਉਨ੍ਹਾਂ ਨੇ ਹੋਮ ਮਨਿਸਟਰ ਵਜੋਂ ਜਿਹੜਾ ਐਸ.ਐਸ.ਪੀ. ਉਥੇ ਲਗਾਇਆ, ਉਹ ਅੜ ਗਿਆ ਅਤੇ ਕਹਿਣ ਲੱਗਾ ਕਿ ਇਸ ਨੂੰ ਅਸੀਂ ਨਹੀਂ ਛੱਡਣਾ; ਨਹੀਂ ਤਾਂ ਸਾਡਾ ਕੰਮ ਖਰਾਬ ਹੋ ਜਾਵੇਗਾ। ਪਹਿਲੀ ਵਾਰ ਮੈਂ ਇਥੇ ਵਧਾਈ ਦੇਣਾ ਚਾਹੁੰਦਾ ਹਾਂ ਕਿ ਉਹ ਬੰਦਾ ਫੜਿਆ ਗਿਆ ਅਤੇ ਅੰਦਰ ਹੋਇਆ। ਤੁਸੀਂ ਆਪਣੇ ਬੰਦਿਆਂ ਨੂੰ ਕਹਿ ਦਿਉ ਕਿ ਇਸ ਤਰ੍ਹਾਂ ਪੈਸੇ ਨਾ ਕਮਾਉਣ ਅਤੇ ਸ਼ਰਾਬਾਂ ਦੇ ਪੈਸਿਆਂ ਨਾਲ ਸਿਆਸਤ ਨਾ ਕਰਨ।

ਹੁਣ ਮੈਂ ਲੋਕਲ ਗੌਰਮਿੰਟ ਦੀ ਗੱਲ ਕਰਦਾ ਹਾਂ। ਸਾਡੇ ਸਰਦੂਲਗੜ੍ਹ ਹਲਕੇ ਵਿਚ ਹਜ਼ਾਰਾਂ ਏਕੜ ਜ਼ਮੀਨ ਬਰਬਾਦ ਹੋ ਗਈ। ਇਨ੍ਹਾਂ ਨੇ ਦੁਕਾਨਾਂ ਕੱਟ ਕੇ 5-5 ਲੱਖ ਰੁਪਏ ਵਿਚ ਵੇਚ ਦਿੱਤੀਆਂ ਜਦੋਂ ਉਨ੍ਹਾਂ ਦੀ ਅਸਲ ਕੀਮਤ 20-20 ਲੱਖ ਰੁਪਏ ਸੀ। ਹੁਣ ਮੇਰੀ ਤੁਹਾਨੂੰ ਬੇਨਤੀ ਹੈ ਕਿ ਬਿਨਾਂ ਕਿਸੇ ਦਖਲ ਦੇ ਅਤੇ ਬਿਨਾਂ ਲੋਕਲ ਗੌਰਮਿੰਟ ਦੇ ਅਧਿਕਾਰੀਆਂ ਦੇ ਕੋਈ ਵੀ ਜ਼ਮੀਨ ਉਥੇ ਵੇਚੀ ਨਾ ਜਾਵੇ। ਜਿਹੜੀ ਵੀ ਸਰਕਾਰੀ ਜ਼ਮੀਨ ਹੈ, ਨਗਰ ਪੰਚਾਇਤ ਦੀ ਜ਼ਮੀਨ ਹੈ, ਕਮੇਟੀਆਂ ਦੀ ਜ਼ਮੀਨ ਹੈ, ਬਿਨਾਂ ਸਾਡੀ ਸਹਿਮਤੀ ਤੋਂ ਉਹ ਬਿਲਕੁਲ ਵੀ ਨਾ ਵੇਚੀ ਜਾਵੇ। ਸਰਕਾਰ ਦਾ ਡਿਪਟੀ ਡਾਇਰੈਕਟਰ ਹੋਵੇ ਜਾਂ ਸੈਕਟਰੀ ਵੀ ਕਿਉਂ ਨਾ ਹੋਵੇ ਪਰ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਅਸੀਂ ਉਥੇ ਪੂਰਾ ਪ੍ਰੋਟੈਸਟ ਕਰਾਂਗੇ।

ਅੱਗੇ ਸਵੱਛ ਭਾਰਤ ਦੀ ਗੱਲ ਕਰਦਾ ਹਾਂ। 102 ਦਾ ਤੁਹਾਡਾ ਮਤਾ ਆਇਆ ਹੋਇਆ ਹੈ। ਤੁਸੀਂ ਕਮੇਟੀ ਵੀ ਬਣਾ ਲਵੋਗੇ, ਮੈਂਬਰ ਵੀ ਪਾ ਲਵੋਗੇ, ਮੇਅਰ ਵੀ ਪਾ ਲਵੋਗੇ, ਚੀਫ ਸੈਕਟਰੀ ਨੂੰ ਵੀ ਪਾ ਲਵੋਗੇ ਪਰ ਐਮ.ਐਲ.ਏ. ਨੂੰ ਕਿਉਂ ਨਹੀਂ ਪਾ ਸਕਦੇ। ਸਾਨੂੰ ਵੀ ਵਿੱਚ ਪਾ ਲਵੋ। ਫਿਰ ਤੁਸੀਂ ਗੱਲਾਂ ਕਰਦੇ ਹੋ, ਸਵੱਛ ਭਾਰਤ ਦੀਆਂ ਕਿ ਅਸੀਂ ਬਹੁਕਰਾਂ ਫੜੀ ਫਿਰਦੇ ਹਾਂ।

**ਸ਼੍ਰੀ ਸਭਾਪਤੀ :** ਕਿਰਪਾ ਕਰਕੇ ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ 1997 ਦਾ ਐਮ.ਐਲ.ਏ. ਬਣਿਆ ਹਾਂ। ਮੈਂ ਕਿੰਨੀ ਵਾਰੀ ਕਿਹਾ ਹੈ ਘੱਗਰ ਸਾਫ ਕਰਵਾ ਦਿਉ। ਬਾਦਲ ਸਾਹਿਬ, ਕੀ ਇਕ ਘੱਗਰ ਵੀ ਨਹੀਂ ਸਾਫ ਹੁੰਦਾ ? ਕੀ ਫਾਰਮੂਲਾ ਹੈ? ਤੁਸੀਂ ਮੈਨੂੰ ਦਿਉ, ਮੈਂ ਕਰਵਾ ਦਿੰਦਾ ਹਾਂ। ਚੇਅਰਮੈਨ ਸਾਹਿਬ, ਮੈਂ ਸੀ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ 6 ਮਹੀਨੇ ਦੇ ਦਿਉ ਅਤੇ ਸੈਕਟਰੀ ਦੇ ਦਿਉ। (ਵਿਘਨ)

**Mr. Chairman :** Please address to the Chair.

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਜਿੰਨਾ ਤੁਹਾਡਾ ਵੇਸਟ ਗੰਦਾ ਪਾਣੀ ਪੈ ਰਿਹਾ ਹੈ, ਉਨ੍ਹਾਂ ਵਾਸਤੇ ਟਰੀਟਮੈਂਟ ਪਲਾਂਟ ਲਗਵਾ ਦਿਉ। ਤੁਹਾਨੂੰ ਯਾਦ ਹੋਵੇਗਾ ਪੰਜ ਐਮ.ਐਲ.ਏਜ਼. ਦੀ ਇਕ ਕਮੇਟੀ ਬਣਾਈ ਗਈ ਸੀ। ਉਸ ਕਮੇਟੀ ਵਿੱਚ ਮੈਂ ਵੀ ਸੀ। ਟ੍ਰਾਈਡੈਂਟ ਫੈਕਟਰੀ ਦਾ ਜਿਹੜਾ ਗੰਦਾ ਪਾਣੀ ਸੀ, ਉਹ ਦੋ-ਦੋ ਕਿਲੋਮੀਟਰ ਤੱਕ ਬਦਬੂ ਮਾਰਦਾ ਸੀ। ਉਸ ਗਰੁੱਪ ਦਾ ਚੇਅਰਮੈਨ ਸਾਨੂੰ ਲੱਖਾਂ ਰੁਪਿਆ ਦੇ ਰਿਹਾ ਸੀ ਪਰ ਅਸੀਂ ਕਿਹਾ ਕਿ ਇਸ ਤਰ੍ਹਾਂ ਕੋਈ ਕੰਪਰੋਮਾਈਜ਼ ਨਹੀਂ ਹੋਣਾ। ਉਥੇ 6 ਮਹੀਨੇ ਦੇ ਅੰਦਰ-ਅੰਦਰ ਟਰੀਟਮੈਂਟ ਪਲਾਂਟ ਲੱਗ ਗਿਆ ਸੀ। ਹੁਣ ਜਾ ਕੇ ਵੇਖ ਲਵੋ। ਕੀ ਅਸੀਂ ਪੰਜਾਬ ਵਾਸਤੇ ਅਜਿਹਾ ਕੰਮ ਨਹੀਂ ਕਰ ਸਕਦੇ...(ਵਿਘਨ)

**Mr. Chairman :** Please wind up.

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਰ, ਬੱਸ ਮੈਂ 2-3 ਮਿੰਟ ਹੀ ਲੈਣੇ ਹਨ। ਸ਼ਗਨ ਸਕੀਮਾਂ ਦਾ ਅਤੇ ਪੈਨਸ਼ਨਾਂ ਦਾ ਬੁਰਾ ਹਾਲ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਇਕ ਫਾਈਨਾਂਸ ਬਾਰੇ ਮੈਂ ਗੱਲ

ਕਰਨੀ ਚਾਹੁੰਦਾ ਹਾਂ। ਐਮ.ਐਲ.ਏਜ਼ ਦਾ ਕਨਸਰਨ ਹੈ, ਤਨਖਾਹਾਂ ਵਧਾਉਣ ਦਾ। ਤੁਸੀਂ ਵਧਾਓ ਜਾਂ ਨਾ ਵਧਾਉ, ਇਹ ਤੁਹਾਡੀ ਮਰਜ਼ੀ ਹੈ। ਮੈਂ ਤੁਹਾਨੂੰ ਟੈਕਸੀ ਵਾਲੇ ਦੀ ਇਕ ਗੱਲ ਦੱਸਦਾ ਹਾਂ। ਮੈਨੂੰ ਟੈਕਸੀ ਡਰਾਈਵਰ ਕਹਿੰਦਾ ਕਿ ਟੈਕਸੀ ਮਾਲਕ ਸਾਨੂੰ 45000 ਰੁਪਿਆ ਮਹੀਨਾ ਟੈਕਸੀ ਚਲਾਉਣ ਦਾ ਦਿੰਦਾ ਹੈ। ਅਸੀਂ 12 ਘੰਟੇ ਚਲਾਉਣੀ ਹੁੰਦੀ ਹੈ। ਓਵਰ ਟਾਈਮ ਨਾਲ ਲਗਾ ਦਿੱਤਾ ਅਤੇ ਕੁਝ ਇਨਸੈਂਟਿਵ ਦੇ ਦਿੱਤਾ। ਇਸ ਤਰ੍ਹਾਂ ਅਸੀਂ 70000 ਰੁਪਏ ਮਹੀਨਾ ਕਮਾਉਂਦੇ ਹਾਂ। ਇਹ ਚੰਡੀਗੜ੍ਹ ਵਿੱਚ ਟੈਕਸੀ ਡਰਾਈਵਰ ਨੂੰ ਮਿਲਦਾ ਹੈ। ਐਮ.ਐਲ. ਏ. ਨੂੰ 45000 ਰੁਪਿਆ ਮਿਲਦਾ ਹੈ। ਕੀ ਐਮ.ਐਲ.ਏ. ਟੈਕਸੀ ਡਰਾਈਵਰ ਨਾਲੋਂ ਵੀ ਘੱਟ ਰਹਿ ਗਿਆ ਹੈ? ਤੁਸੀਂ ਕਹਿੰਦੇ ਹੋ ਕਿ ਲੋਕ ਕੀ ਕਹਿਣਗੇ। ਅਰਬਾਂ ਰੁਪਏ ਲੋਕ ਬਣਾਈ ਜਾਂਦੇ ਹਨ। ਕਾਰਪੋਰੇਟ ਵਾਲੇ ਕਿੰਨਾ ਕੁਝ ਬਣਾਈ ਜਾਂਦੇ ਹਨ। ਤੁਹਾਡੇ ਕੁਝ ਐਮ.ਐਲ.ਏਜ਼ ਅਮੀਰ ਹੋਣਗੇ। ਜਿਹੜੇ ਦੂਜੇ ਹਨ, ਮੁੱਖ ਮੰਤਰੀ ਜੀ ਕੁਝ ਉਨ੍ਹਾਂ ਬਾਰੇ ਵੀ ਖਿਆਲ ਕਰਨ।

**ਸ਼੍ਰੀ ਸਭਾਪਤੀ :** ਧੰਨਵਾਦ ਜੀ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਬੱਸ ਇੱਕ ਮਿੰਟ ਜੀ । ਮੇਰੇ ਦੋ ਪੁਆਇੰਟ ਹਨ । ਸਰਪੰਚ ਧਰਨੇ ਲਗਾਈ ਜਾ ਰਹੇ ਹਨ । ਟਰਾਂਸਪੋਰਟ ਦਾ ਬੁਰਾ ਹਾਲ ਹੈ। ਟਰਾਂਸਪੋਰਟ ਦਾ ਇੰਨਾ ਬੁਰਾ ਹਾਲ ਹੈ ਕਿ ਤੁਸੀਂ ਆਪਣੇ ਵਾਲੀਆਂ ਬੱਸਾਂ ਨਾਲ ਸਾਡੀਆਂ ਸਰਕਾਰੀ ਬੱਸਾਂ ਜੋੜ ਲਓ, ਥੋੜ੍ਹਾ ਜਿਹਾ ਸਾਨੂੰ ਲੋਕਾਂ ਨੂੰ ਫਾਇਦਾ ਹੋ ਜਾਵੇਗਾ ।

**Mr. Chairman :** Thanks.

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਥਰਮਲ ਪਲਾਂਟ ਦੀ ਗੱਲ ਹੈ । ਮੇਰੇ ਹਲਕੇ ਤਲਵੰਡੀ ਸਾਬੋ ਵਿੱਚ ਥਰਮਲ ਪਲਾਂਟ ਲਗਾਇਆ ਗਿਆ ਹੈ । ਉਥੇ ਤੁਸੀਂ ਪਰਾਮਿਸ ਕਰਕੇ ਆਏ ਹੋ । ਮੈਂਬਰ ਪਾਰਲੀਮੈਂਟ ਨੇ ਪਰਾਮਿਸ ਕੀਤਾ ਹੈ ਕਿ ਜਿਹੜਾ ਰੇਟ ਹੈ, ਉਹ ਸਾਰਾ ਜ਼ਮੀਨ ਬਰਾਨੀ ਦਾ ਦਿੱਤਾ ਜਾਵੇਗਾ ਪਰ ਤੁਸੀਂ ਬਰਾਨੀ ਦਾ ਅੱਡ ਦਿਵਾਇਆ ਹੈ ਤੇ ਦੂਜੀ ਜ਼ਮੀਨ ਦਾ ਅਲੱਗ ਦਿਵਾਇਆ ਹੈ । ਇਸ ਤੋਂ ਇਲਾਵਾ ਲੋਕ ਨੌਕਰੀ ਨੂੰ ਉਡੀਕ ਰਹੇ ਹਨ ਪਰ ਨੌਕਰੀ ਇੱਕ ਬੱਚੇ ਨੂੰ ਵੀ ਨਹੀਂ ਮਿਲੀ । ਅਖੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰਿਆਣਾ ਵਿੱਚ ਸਰਕਾਰ ਨੇ ਕਹਿ ਦਿੱਤਾ ਕਿ ਇੱਥੇ ਗੀਤਾ ਦਾ ਪਾਠ ਲਾਗੂ ਹੋਵੇਗਾ । ਬਾਦਲ ਸਾਹਿਬ, ਤੁਹਾਨੂੰ ਬੇਨਤੀ ਹੈ ਕਿ ਇੱਥੇ ਵੀ ਜਪੁਜੀ ਸਾਹਿਬ ਤੇ ਰਹਿਰਾਸ ਸਾਹਿਬ ਸ਼ੁਰੂ ਕਰਵਾ ਦਿੱਤਾ ਜਾਵੇ, ਚੰਗਾ ਹੋਵੇਗਾ।

**Mr. Speaker :** Please address to the Chair. ਮੇਰੇ ਵੱਲ ਦੇਖ ਕੇ ਗੱਲ ਕਰੋ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਚੇਅਰਮੈਨ ਸਾਹਿਬ, ਮੈਂ ਤੁਹਾਡੇ ਥਰੂ ਇੱਧਰ ਨਿਗ੍ਹਾ ਮਾਰਦਾ ਹਾਂ ਕਿ ਮੈਂ ਵਾਈ. ਪੀ. ਐਸ ਦਾ ਪੜ੍ਹਿਆ ਹੋਇਆ ਹਾਂ ਤੇ ਮੈਂ ਉਥੇ ਦੋ ਵੇਲੇ ਪਾਠ ਕਰਦਾ ਹੁੰਦਾ ਸੀ । ਪਬਲਿਕ ਸਕੂਲ ਵਿੱਚ ਜਪੁਜੀ ਸਾਹਿਬ ਤੇ ਰਹਿਰਾਸ ਸਾਹਿਬ ਕਰਵਾਉਂਦੇ ਸਨ, ਇਹ ਸਾਨੂੰ ਯਾਦ ਹੈ । ਕੀ ਆਪਾਂ ਆਪਣੇ ਸਕੂਲਾਂ ਵਿੱਚ ਇਹ ਲਾਗੂ ਨਹੀਂ ਕਰ ਸਕਦੇ ? ਮੈਂ ਇਸ ਮਤੇ ਨੂੰ ਬਿਲਕੁਲ ਰੱਦ ਕਰਦਾ ਹਾਂ ਤੇ ਬਾਦਲ ਸਾਹਿਬ ਨੂੰ ਕਹਿੰਦਾ ਹਾਂ ਕਿ ਮੁੜ ਕੇ ਇਹੋ ਜਿਹਾ ਮਤਾ ਨਾ ਲੈ ਕੇ ਆਉਣਾ, ਜੇ ਕੋਈ ਗਵਰਨਰ ਐਡਰੈਸ ਹੋਵੇ । (ਵਿਰੋਧੀ ਧਿਰ ਵੱਲੋਂ ਥੰਪਿੰਗ)

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਸਤਿਕਾਰਯੋਗ ਚੇਅਰਮੈਨ ਸਾਹਿਬ, 12 ਮਾਰਚ ਨੂੰ ਗਵਰਨਰ ਪੰਜਾਬ ਸ਼੍ਰੀ ਕਪਤਾਨ ਸਿੰਘ ਸੋਲੰਕੀ ਜੀ ਨੇ ਇਸ ਹਾਊਸ ਨੂੰ ਐਡਰੈਸ ਕੀਤਾ । ਉਨ੍ਹਾਂ ਦੇ ਧੰਨਵਾਦ ਵਿੱਚ ਬੀਬੀ ਜਗੀਰ ਕੌਰ ਜੀ ਨੇ ਮਤਾ ਲਿਆਂਦਾ ਜਿਸ ਦੀ ਤਾਈਦ ਸ਼੍ਰੀ ਅਸ਼ਵਨੀ ਕੁਮਾਰ ਜੀ, ਐਮ. ਐਲ. ਏ., ਪਠਾਨਕੋਟ ਨੇ ਕੀਤੀ । ਮੈਂ ਗਵਰਨਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਔਰ ਇਹ ਵੀ ਨਾਲ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਇਹ ਧੰਨਵਾਦ ਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ । ਸਪੀਕਰ ਸਾਹਿਬ, ਸਾਡੇ ਗਵਰਨਰ ਸਾਹਿਬ ਸ਼੍ਰੀ ਕਪਤਾਨ ਸਿੰਘ ਜੀ ਦੇਸ਼ ਦੀ ਇੱਕ ਬੜੀ ਉਚੀ ਸ਼ਖਸੀਅਤ ਹਨ । ਸ਼ਾਇਦ ਸਾਰਿਆਂ ਨੂੰ ਪਤਾ ਨਹੀਂ, ਉਨ੍ਹਾਂ ਨੇ ਆਪਣੀ ਜੀਵਨ ਦਾ ਬਿਹਤਰੀਨ ਹਿੱਸਾ ਜੋ 40 ਸਾਲ ਦੇ ਕਰੀਬ ਹੈ, ਉਹ ਐਜੂਕੇਸ਼ਨ ਦੇਣ ਵਾਸਤੇ ਲਗਾਇਆ । ਚਾਹੇ ਪ੍ਰੋਫੈਸਰ ਸਮਝ ਲਓ ਜਾਂ ਕੋਈ ਹੋਰ ਪੁਜ਼ੀਸ਼ਨ ਸਮਝ ਲਓ, ਉਸ ਵਿੱਚ ਲਗਾਇਆ ਅਤੇ ਆਪਣੀ ਜ਼ਿੰਦਗੀ ਦਾ ਬਹੁਤ ਸਾਰਾ ਹਿੱਸਾ ਪਬਲਿਕ ਸੇਵਾ ਵਿੱਚ ਲਗਾਇਆ। ਦੋ ਦਫਾ ਉਹ ਰਾਜ ਸਭਾ ਦੇ ਮੈਂਬਰ ਬਣੇ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਤਜਰਬੇ ਦਾ ਸਾਨੂੰ ਬਹੁਤ ਫਾਇਦਾ ਹੋਵੇਗਾ ਔਰ ਪੰਜਾਬ ਹੋਰ ਬੁਲੰਦੀਆਂ ਨੂੰ ਛੂਹੇਗਾ ।

*3.43 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਗਵਰਨਰ ਸਾਹਿਬ ਦਾ ਜੋ ਐਡਰੈਸ ਹੈ, ਇਹ ਇੱਕ ਹਿਸਟਾਰਿਕ ਐਡਰੈਸ

ਹੈ । ਉਨ੍ਹਾਂ ਨੇ ਉਹ ਮੁੱਦੇ ਉਠਾਏ ਹਨ ਜਿਹੜੇ ਦੇਸ਼ ਨਾਲ ਵੀ ਤਾਅਲੁੱਕ ਰੱਖਦੇ ਹਨ, ਸੂਬੇ ਨਾਲ ਵੀ ਤਾਅਲੁੱਕ ਰੱਖਦੇ ਹਨ ਔਰ ਸੂਬੇ ਦੀ ਖੁਸ਼ਹਾਲੀ ਤੇ ਤਰੱਕੀ ਨਾਲ ਵੀ ਤਾਅਲੁੱਕ ਰੱਖਦੇ ਹਨ । ਉਨ੍ਹਾਂ ਨੇ ਜੋ ਦੇਸ਼ ਵਿੱਚ ਪੁਲੀਟੀਕਲ, ਕਾਂਸਟੀਚਿਊਸ਼ਨਲ ਤੇ ਇਕਨਾਮਿਕ ਤਬਦੀਲੀ ਆਈ ਹੈ, ਉਸ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਹੈ ਔਰ ਜੋ ਪੰਜਾਬ ਨੇ ਪਿਛਲੇ ਸਾਲਾਂ ਵਿੱਚ ਖੁਸ਼ਹਾਲੀ ਤੇ ਤਰੱਕੀ ਲਿਆਂਦੀ ਹੈ ਤੇ ਅਗਾਂਹ ਵਿੱਚ ਹੋਰ ਕਦਮ ਚੁੱਕਣੇ ਹਨ, ਉਨ੍ਹਾਂ ਦਾ ਵੀ ਜ਼ਿਕਰ ਕੀਤਾ ਹੈ । ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਜ਼ਿਕਰ ਕੀਤਾ ਹੈ, ਜੋ ਪੰਜਾਬ ਨਾਲ ਧੱਕਾ ਹੋਇਆ ਹੈ, ਬੇਇਨਸਾਫੀ ਹੋਈ ਹੈ, ਜਬਰ ਹੋਇਆ ਹੈ ਅਤੇ ਜ਼ੁਲਮ ਹੋਇਆ ਹੈ। ਇਸ ਸੀਕਵੈਂਸ ਦਾ ਮੈਂ ਸਮੇਂ ਸਮੇਂ ਸਿਰ ਜ਼ਿਕਰ ਕਰਾਂਗਾ। ਪਹਿਲਾਂ ਮਿਊਂਸਿਪਲ ਕਮੇਟੀਆਂ ਦੇ ਇਲੈਕਸ਼ਨ ਹੋਏ ਹਨ। ਉਸ ਵਿੱਚ ਸਾਹਮਣੇ ਵੀਰਾਂ ਨੇ ਕਿਹਾ ਹੈ ਕਿ ਕਿਤੇ ਬੇਇਨਸਾਫੀ ਹੋਈ ਹੈ, ਧੱਕਾ ਹੋਇਆ ਹੈ। ਪੰਜਾਬ ਦੇ ਲੋਕ ਡੈਮੋਕਰੇਸੀ ਵਿੱਚ ਬਿਲੀਵ ਕਰਦੇ ਹਨ। ਪੰਜਾਬ ਵਿੱਚ ਨਾ ਅਸੰਬਲੀ ਵਿੱਚ, ਨਾ ਕਦੇ ਪਾਰਲੀਮੈਂਟ ਵਿੱਚ ਔਰ ਨਾ ਲੋਕਲ ਬਾਡੀਜ਼ ਦੇ ਇਲੈਕਸ਼ਨਾਂ ਵਿੱਚ ਕਦੇ ਧੱਕਾ ਹੋਇਆ ਹੈ। ਦੂਜੇ ਸੂਬਿਆਂ ਵਿੱਚ ਜ਼ਰੂਰ ਸੁਣਿਆ ਜਾਂਦਾ ਸੀ ਕਿ ਉਸ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਹਨ। ਮੈਂ ਸਦਨ ਨੂੰ ਦੱਸਦਾ ਹਾਂ ਬਾਕੀ ਪਾਰਟੀਆਂ ਦੇ ਲੀਡਰ ਇਸ ਇਲੈਕਸ਼ਨ ਵਿੱਚ ਹਿੱਸਾ ਲੈਣ ਵਾਸਤੇ ਗਏ ਸੀ ਲੇਕਿਨ ਮੈਂ ਨਾ ਆਪ ਕਿਤੇ ਗਿਆ, ਨਾ ਸੁਖਬੀਰ ਗਿਆ ਅਤੇ ਨਾ ਹੋਰ ਪਾਰਟੀ ਦੇ ਲੀਡਰ ਕਿਤੇ ਗਏ ਹਨ ਤਾਂ ਕਿ ਲੋਕਾਂ ਨੂੰ ਇਹ ਨਾ ਮਹਿਸੂਸ ਹੋਵੇ ਕਿ ਚੀਫ ਮਨਿਸਟਰ ਜਾਂ ਡਿਪਟੀ ਚੀਫ ਮਨਿਸਟਰ ਜਾਂ ਕੋਈ ਹੋਰ ਇਸ ਇਲੈਕਸ਼ਨ ਵਿੱਚ ਆ ਕੇ, ਹਿੱਸਾ ਲੈ ਕੇ ਕੋਈ ਕਿਸੇ ਤਰੀਕੇ ਦਾ ਪ੍ਰੈਸ਼ਰ ਪਾ ਰਹੇ ਹਨ। ਲੇਕਿਨ ਮੈਂ ਆਪੋਜ਼ੀਸ਼ਨ ਬੈਂਚਿਜ਼ ਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਲੋਕਾਂ ਨੇ ਸਾਡੇ ਤੇ ਇੰਨਾ ਵੱਡਾ ਵਿਸ਼ਵਾਸ ਕੀਤਾ ਹੈ, ਦੋ ਵਾਰੀ ਸਰਕਾਰਾਂ ਦਿੱਤੀਆਂ ਹਨ, ਦੇਸ਼ ਦੀ ਸਰਕਾਰ ਵੀ ਆਪਾਂ ਨੂੰ ਦਿੱਤੀ ਹੈ, ਮਿਊਂਸਿਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਵੀ ਆਪਾਂ ਨੂੰ ਦਿੱਤੀਆਂ ਹਨ, ਇਸ ਨਾਲ ਆਪਣੀ ਜ਼ੁੰਮੇਵਾਰੀ ਬਹੁਤ ਵਧ ਗਈ ਹੈ। ਜਿਥੇ ਰਾਜ ਦੀ ਡੈਮੋਕਰੇਸੀ ਲੋਕਾਂ ਨੇ ਮਜ਼ਬੂਤ ਕੀਤੀ ਹੈ, ਉਥੇ ਸਾਡੀ ਜ਼ੁੰਮੇਵਾਰੀ ਵਿੱਚ ਵੀ ਬਹੁਤ ਵੱਡਾ ਵਾਧਾ ਕੀਤਾ ਹੈ, ਇਸ ਲਈ ਸਾਨੂੰ ਹੋਰ ਸ਼ਕਤੀ ਨਾਲ, ਹੋਰ ਜ਼ੋਰ ਨਾਲ ਸੂਬੇ ਦੀ ਸੇਵਾ ਕਰਨੀ ਚਾਹੀਦੀ ਹੈ। ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਰੰਭ ਵਿੱਚ ਹੀ ਸਭ ਤੋਂ ਵੱਧ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਦਾ ਜ਼ਿਕਰ ਕੀਤਾ ਹੈ। ਦੇਖੋ ਸ਼੍ਰੋਮਣੀ

[ ਮੁੱਖ ਮੰਤਰੀ ]

ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਸਭ ਤੋਂ ਵੱਡਾ ਨਿਸ਼ਾਨਾ, ਸਭ ਤੋਂ ਵੱਡਾ ਮਾਟੋ ਕਮਿਊਨਲ ਹਾਰਮਨੀ, ਅਮਨ ਤੇ ਸ਼ਾਂਤੀ ਹੈ। ਜ਼ਾਤੀ ਤੌਰ ਤੇ ਵੀ ਮੈਂ ਆਪਣੀ ਜ਼ਿੰਦਗੀ ਦਾ ਮਾਟੋ ਕਹਿ ਲਵੋ, ਆਦਰਸ਼ ਕਹਿ ਲਵੋ, ਕਮਿਊਨਲ ਹਾਰਮਨੀ ਅਤੇ ਪੀਸ ਤੇ ਸਭ ਤੋਂ ਵੱਧ ਵਿਸ਼ਵਾਸ ਕਰਦਾ ਹਾਂ। ਮੈਨੂੰ ਇਹ ਤਸੱਲੀ ਹੈ, ਸਾਡੀਆਂ ਦੋਹਾਂ ਪਾਰਟੀਆਂ ਨੂੰ ਤਸੱਲੀ ਹੈ ਕਿ ਸਾਨੂੰ ਸਾਡੇ ਇਸ ਨਿਸ਼ਾਨੇ ਤੇ ਸਫਲਤਾ ਮਿਲੀ ਹੈ। ਸਪੀਕਰ ਸਾਹਿਬ, ਤੁਸੀਂ ਜਾਣਦੇ ਹੀ ਹੋ ਕਿ ਪੰਜਾਬ ਬਾਰਡਰ ਸਟੇਟ ਹੈ, ਇਹ ਲਾਈਵ ਬਾਰਡਰ ਹੈ ਔਰ ਸਾਡੇ ਗੁਆਂਢੀ, ਜੋ ਦੂਸਰੇ ਮੁਲਕ ਹਨ, ਉਹ ਹਮੇਸ਼ਾਂ ਇਸ ਤਾਕ ਵਿੱਚ ਰਹਿੰਦੇ ਹਨ ਕਿ ਪੰਜਾਬ ਦੀ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਕਿਸੇ ਤਰੀਕੇ ਨਾਲ ਖਤਮ ਹੋਵੇ ਔਰ ਇਥੇ ਡਿਸਟਰਬੰਸ ਹੋਵੇ। ਜਿਥੇ ਉਹ ਅਜਿਹਾ ਕਰਦੇ ਹਨ, ਉਥੇ ਕੁਝ ਅੰਦਰੂਨੀ ਸ਼ਕਤੀਆਂ ਵੀ ਹਨ, ਜਿਹੜੀਆਂ ਪੰਜਾਬ ਦੀ ਅਮਨ ਸ਼ਾਂਤੀ ਨੂੰ ਭੰਗ ਕਰਨ ਲਈ ਲੱਗੀਆਂ ਹੋਈਆਂ ਹਨ। ਕਈ ਇਹੋ ਜਿਹੇ ਲੋਕ ਹਨ, ਜਿਹੜੇ ਡਿਵਾਈਡ ਐਂਡ ਰੂਲ ਦੀ ਪਾਲਿਸੀ ਤੇ ਚੱਲ ਕੇ ਵੀ ਇਸ ਚੀਜ਼ ਨੂੰ ਹਵਾ ਦੇਣਾ ਚਾਹੁੰਦੇ ਹਨ। ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੈ ਕਿ ਪੰਜਾਬ ਦੀ ਇਸ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਸੂਝ-ਬੂਝ, ਦੂਰ-ਅੰਦੇਸ਼ੀ, ਪ੍ਰਸਾਸ਼ਨਿਕ ਚੌਕਸੀ ਅਤੇ ਦ੍ਰਿੜ੍ਹਤਾ ਨਾਲ ਕੰਮ ਕੀਤਾ ਹੈ ਅਤੇ ਅਸੀਂ ਕਿਸੇ ਦੀ ਚਾਲ ਵਿੱਚ ਨਹੀਂ ਆਏ। ਅੱਜ ਮੈਂ ਬੜੀ ਜ਼ੁੰਮੇਵਾਰੀ ਨਾਲ ਕਹਿੰਦਾ ਹਾਂ ਕਿ ਸਾਰੇ ਹਿੰਦੁਸਤਾਨ ਵਿਚੋਂ ਸਭ ਤੋਂ ਵੱਧ ਜੇ ਕਿਤੇ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਹੈ ਤਾਂ ਉਹ ਪੰਜਾਬ ਵਿੱਚ ਹੈ। (ਥੰਪਿੰਗ) ਕੋਈ ਮੈਨੂੰ ਦੱਸੇ ਕਿ ਕੋਈ ਇਹੋ ਜਿਹਾ ਵੱਡਾ ਵਾਕਿਆ ਹੋਇਆ ਹੋਵੇ ਜਿਸ ਤਰ੍ਹਾਂ ਦੇ ਬਾਹਰਲੇ ਸੂਬਿਆਂ ਵਿੱਚ ਹੁੰਦੇ ਹਨ, ਪੰਜਾਬ ਵਿੱਚ ਕਦੇ ਵੀ ਕੋਈ ਇਹੋ ਜਿਹਾ ਵਾਕਿਆ ਨਹੀਂ ਹੋਇਆ । ਕੋਈ ਅਜਿਹਾ ਵਾਕਿਆ ਨਹੀਂ ਹੋਇਆ ਜਿਸ ਨਾਲ ਆਪਾਂ ਆਖ ਸਕਦੇ ਹਾਂ ਕਿ ਪੰਜਾਬ ਵਿੱਚ ਅਮਨ ਸ਼ਾਂਤੀ ਨੂੰ ਖਤਰਾ ਹੈ। ਸਪੀਕਰ ਸਾਹਿਬ, ਇਥੇ ਚਰਚਾ ਇਹ ਵੀ ਆਈ ਹੈ ਕਿ ਤੁਸੀਂ ਪੁਰਾਣੀਆਂ ਗੱਲਾਂ ਛੇੜਦੇ ਰਹਿੰਦੇ ਹੋ । ਵੇਖੋ ਜਿਥੇ ਕੋਈ ਜ਼ੁਲਮ ਹੋਇਆ ਹੈ, ਜਿਥੇ ਕੋਈ ਜਬਰ ਹੋਇਆ ਹੈ, ਜਿਥੇ ਕੋਈ ਬੇਇਨਸਾਫੀ ਹੋਈ ਹੈ, ਭਾਵੇਂ ਕਿਸੇ ਸੂਬੇ ਨਾਲ ਹੋਈ ਹੈ ਪਰ ਜਿਹੜਾ ਸਹੀ ਹਮਦਰਦ ਹੈ, ਉਹ ਕਦੇ ਭੁੱਲ ਨਹੀਂ ਸਕਦਾ। ਜਿੰਨੀ ਵੱਡੀ ਬੇਇਨਸਾਫੀ ਸਾਡੇ ਨਾਲ ਪੰਜਾਬ ਵਿਚ ਹੋਈ ਹੈ, ਮੇਰਾ ਖਿਆਲ ਹੈ ਕਿ ਹਿੰਦੁਸਤਾਨ ਦੇ ਕਿਸੇ ਸੂਬੇ ਨਾਲ ਤਾਂ ਕੀ ਹੋਣੀ ਸੀ, ਕਿਸੇ ਨਾਲ ਵੀ ਨਹੀਂ ਹੋਈ ਹੋਣੀ। ਹੁਣ ਇਹ ਦੱਸੋ ਕਿ

ਬੋਲੀ ਦੇ ਆਧਾਰ ਤੇ ਸੂਬੇ ਬਣੇ ਔਰ ਕੈਪੀਟਲਜ਼ ਬਣੀਆਂ । ਸਾਰੇ ਹਿੰਦੁਸਤਾਨ ਵਿੱਚ ਇਸੇ ਤਰ੍ਹਾਂ ਕੈਪੀਟਲਜ਼ ਦਿੱਤੀਆਂ ਗਈਆਂ ਕਿ ਜਿਹੜਾ ਪੇਰੈਂਟ ਸੂਬਾ ਹੈ, ਉਸੇ ਨੂੰ ਦਿੱਤੀਆਂ ਗਈਆਂ ਔਰ ਨਵਾਂ ਸੂਬਾ ਜੇ ਕੋਈ ਬਣਿਆ ਤਾਂ ਉਸ ਨੂੰ ਸਰਕਾਰ ਨੇ ਮਦਦ ਕੀਤੀ, ਭਾਵੇਂ ਕਿਸ ਤਰ੍ਹਾਂ ਕੀਤੀ, ਉਸ ਨੇ ਆਪਣਾ ਸੂਬਾ ਬਣਾਇਆ। ਸਾਨੂੰ ਭਾਵੇਂ ਪੰਜਾਬੀ ਬੋਲਦੇ ਇਲਾਕੇ ਹਨ, ਚੰਡੀਗੜ੍ਹ ਦਾ ਮਸਲਾ ਹੈ, ਪਾਣੀ ਦਾ ਮਸਲਾ ਹੈ, ਇਸ ਸੰਬੰਧੀ ਸਾਡੇ ਨਾਲ ਬੇਇਨਸਾਫੀ ਕੀਤੀ ਗਈ ਔਰ ਇਸ ਬੇਇਨਸਾਫੀ ਦਾ ਜ਼ਿਕਰ ਮਾਨਯੋਗ ਗਵਰਨਰ ਸਾਹਿਬ ਨੇ ਕੀਤਾ ਹੈ । ਸਾਡੇ ਭਰਾ ਅੱਗੋਂ ਕਹਿੰਦੇ ਹਨ ਕਿ ਇਕ ਤਾਂ ਇਸ ਗੱਲ ਨੂੰ ਛੇੜੋ ਹੀ ਨਾ, ਮਿੱਟੀ ਪਾਉ ਇਸ ਉਤੇ । ਕੀ ਤੁਸੀਂ ਚਾਹੁੰਦੇ ਹੋ ਕਿ ਕੀ ਅਸੀਂ ਆਪਣੀ ਕੈਪੀਟਲ ਕਦੇ ਨਾ ਲਈਏ? ਜਾਂ ਤੁਸੀਂ ਚਾਹੁੰਦੇ ਕਿ ਜਿਹੜੇ ਪੰਜਾਬੀ ਬੋਲਦੇ ਇਲਾਕੇ ਚਲੇ ਗਏ ਹਨ, ਚਲੋ, ਹੁਣ ਕਿਸ ਵਾਸਤੇ ਇਨ੍ਹਾਂ ਦਾ ਜ਼ਿਕਰ ਕਰਨਾ ਹੈ। ਕੀ ਤੁਸੀਂ ਚਾਹੁੰਦੇ ਹੋ ਕਿ ਪਾਣੀ ਜਿਹੜਾ ਚਲਿਆ ਗਿਆ ਹੈ, ਉਹ ਠੀਕ ਚਲਿਆ ਗਿਆ ਹੈ । ਰਿਪੇਰੀਅਨ ਐਕਟ ਕਿਸੇ ਨੇ ਨਹੀਂ ਵੇਖਿਆ। ਇਹ ਇਕ ਹੋਰ ਆਖ ਦਿੰਦੇ ਹਨ ਕਿ ਜੇ ਤੁਹਾਡੀ ਸਰਕਾਰ ਆਈ ਤੇ ਵਾਜਪਾਈ ਸਾਹਿਬ ਜੀ ਉਥੇ ਪ੍ਰਧਾਨ ਮੰਤਰੀ ਬਣੇ, ਮੋਦੀ ਸਾਹਿਬ ਬਣੇ ਤੇ ਤੁਸੀਂ ਜਾ ਕੇ ਚੰਡੀਗੜ੍ਹ ਲਿਆਂਦੇ ਕਿਉਂ ਨਹੀਂ ਹੋ? ਤੁਸੀਂ ਪੰਜਾਬੀ ਬੋਲਦੇ ਇਲਾਕੇ ਕਿਉਂ ਨਹੀਂ ਲਿਆਉਂਦੇ ? ਸਪੀਕਰ ਸਾਹਿਬ, ਇਹੋ ਜਿਹੀ ਗੱਲ ਹੁੰਦੀ ਹੈ ਕਿ ਇੱਕ ਬੰਦਾ ਕੋਈ ਕਹੇ ਕਿ ਫਾਂਸੀ ਤਾਂ ਇਸ ਨੂੰ ਦੇ ਦਿੱਤੀ ਹੈ ਤੇ ਹੁਣ ਤੁਸੀਂ ਇਸ ਨੂੰ ਜਿਵਾਓ। ਇਹ ਸਾਰੇ ਨੁਕਸਾਨ ਕਿਸ ਨੇ ਕੀਤੇ ਹਨ ? ਇਹ ਕਿਸ ਦੇ ਰਾਜ ਵਿਚ ਹੋਏ ਹਨ ? ਜਦੋਂ ਪਿੱਛੇ ਜਿਹੇ ਫੈਸਲਾ ਹੋਇਆ ਸੀ ਤੇ ਕਾਂਗਰਸ ਦੇ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿੱਚ ਕਿਹਾ ਸੀ ਕਿ ਚੰਡੀਗੜ੍ਹ ਪੰਜਾਬੀ ਨੂੰ ਮਿਲ ਰਿਹਾ ਹੈ, ਪੰਜਾਬੀ ਬੋਲਦੇ ਇਲਾਕੇ ਵੀ ਦਿੱਤੇ ਜਾਣਗੇ ਔਰ ਪਾਣੀਆਂ ਦਾ ਜਿਹੜਾ ਹੱਲ ਹੈ, ਉਹ ਰਿਪੇਰੀਅਨ ਰਾਈਟ ਦੇ ਅਸੂਲ ਨੂੰ ਸਾਹਮਣੇ ਰੱਖ ਕੇ ਪੰਜਾਬ ਨੂੰ ਦਿੱਤਾ ਜਾਵੇਗਾ, ਸ਼ਾਮ ਤੱਕ ਸਾਡੇ ਕੋਲ ਸੀ, ਲੇਕਿਨ ਫਿਰ ਸਾਰੇ ਮੁੱਕਰ ਗਏ। ਹੁਣ ਗੁਨਾਹਗਾਰ ਕੌਣ ਹੈ? ਮਾਫ ਕਰਨਾ, ਮੈਨੂੰ ਲਫਜ਼ ਕਹਿਣਾ ਪੈ ਰਿਹਾ ਹੈ: ਉਲਟਾ ਚੋਰ ਕੋਤਵਾਲ ਕੋ ਡਾਂਟੇ । ਹੁਣ ਤੁਸੀਂ ਸਾਨੂੰ ਡਾਂਟਦੇ ਹੋ ਕਿ ਤੁਸੀਂ ਇਹ ਕੀ ਕੀਤਾ ਹੈ ? ਕੋਈ ਇਹ ਕਹਿ ਦੇਵੇ ਕਿ ਕੀ ਕਾਂਗਰਸ ਸਰਕਾਰ ਦੇ ਸਮੇਂ ਇਹ ਸਾਰੀਆਂ ਗੱਲਾਂ ਨਹੀਂ ਹੋਈਆਂ ? ਇਸ ਕਰਕੇ ਇਹ ਸਾਰੇ ਜਿਹੜੇ ਮਸਲੇ ਹਨ ਇਹ ਜ਼ਿੰਦਾ ਹਨ ਔਰ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਆਪਣੇ ਹੱਕਾਂ ਵਾਸਤੇ ਹਮੇਸ਼ਾਂ

ਅਵਾਜ਼ ਬੁਲੰਦ ਕਰਦੀ ਰਹੇਗੀ ਤੇ ਇਹ ਐਫਰਟਸ ਕਰਦੇ ਰਹਾਂਗੇ । ਮੈਨੂੰ ਉਮੀਦ ਹੈ ਕਿ ਅਸੀਂ ਇਸ ਚੀਜ਼ ਵਿੱਚ ਕਦੇ ਨਾ ਕਦੇ ਕਾਮਯਾਬ ਹੋਵਾਂਗੇ।

ਦੂਸਰਾ, ਵੇਖੋ ਇੰਨੇ ਵੱਡੇ ਜ਼ੁਲਮ ਹੋਏ ਹਨ ਕਿ ਮੇਰਾ ਖਿਆਲ ਹੈ ਕਿ ਅੰਗਰੇਜ਼ਾਂ ਦਾ ਰਾਜ ਕਹਿ ਲਵੋ, ਇਸ ਤੋਂ ਪਹਿਲਾਂ ਮੁਗਲਾਂ ਦਾ ਰਾਜ ਲੈ ਲਵੋ, ਪੰਜਾਬੀਆਂ ਦੇ ਉਤੇ ਏਨੇ ਜ਼ੁਲਮ ਨਹੀਂ ਹੋਏ ਜਿੰਨੇ 1984 ਵਿਚ ਤੁਹਾਡੇ ਨਾਲ ਹੋਏ। ਹੁਣ ਤੁਸੀਂ ਭੁੱਲ ਗਏ? ਬੰਦਾ ਕਿਵੇਂ ਭੁੱਲ ਸਕਦਾ ਹੈ, ਛੋਟੇ ਛੋਟੇ ਬੱਚੇ, ਬਜ਼ੁਰਗ, ਬੀਬੀਆਂ ਨੂੰ ਗਲਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ। ਉਹ ਤੜਫਦੇ ਸਨ ਤੇ ਇਹ ਕਾਂਗਰਸੀ ਉਸ ਵੇਲੇ ਹੱਸਦੇ ਸਨ..

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । (ਵਿਘਨ) (ਸ਼ੋਰ)

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) :** ਸਿੱਧੂ ਸਾਹਿਬ, ਵੇਖੋ ਤੁਹਾਨੂੰ ਬੋਲਦੇ ਹੋਏ ਕਿਸੇ ਨੇ ਟੋਕਿਆ ਹੈ? ਸਿੱਧੂ ਸਾਹਿਬ, ਤੁਸੀਂ ਸਾਰੇ ਅੱਜ ਜੋ ਮਰਜ਼ੀ ਬੋਲੇ ਹੋ ਪਰ ਕੀ ਕਿਸੇ ਨੇ ਟੋਕਿਆ ਹੈ? ਅੱਜ ਇੰਨਾ ਵਧੀਆ ਕੰਮ ਚੱਲਿਆ ਹੈ। (ਵਿਘਨ)

**ਮੁੱਖ ਮੰਤਰੀ :** ਮੈਨੂੰ ਅੱਜ ਪਤਾ ਨਹੀਂ ਹੈ ਕਿ ਅੱਜ ਤੁਹਾਡਾ ਡਿਪਟੀ ਲੀਡਰ ਕੌਣ ਹੈ। ਅੱਜ ਡਿਪਟੀ ਲੀਡਰ ਸ਼ਾਇਦ ਤੁਸੀਂ ਹੋ (ਸਰਦਾਰ ਲਾਲ ਸਿੰਘ ਵੱਲ ਇਸ਼ਾਰਾ ਕਰਦੇ ਹੋਏ) ਤੁਸੀਂ ਇੱਥੇ (ਲੀਡਰ ਆਫ ਆਪੋਜ਼ੀਸ਼ਨ ਦੀ ਸੀਟ ਵੱਲ ਇਸ਼ਾਰਾ ਕਰਦੇ ਹੋਏ ) ਆ ਜਾਉ।

**ਸਰਦਾਰ ਲਾਲ ਸਿੰਘ (ਬੈਠੇ-ਬੈਠੇ) :** ਮੈਂ ਇਥੇ ਹੀ ਠੀਕ ਹਾਂ ਜੀ।

**ਮੁੱਖ ਮੰਤਰੀ :** ਮੈਂ ਅੱਜ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਕਾਫੀ ਅਮਨ ਸ਼ਾਂਤੀ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਇਹ ਮੈਨੂੰ ਇਕ ਗੱਲ ਦੱਸ ਦਿਉ, ਆਪਣੇ ਦਿਲ ਉਤੇ ਹੱਥ ਰੱਖ ਕੇ (ਦਿਲ ਤੇ ਹੱਥ ਰੱਖ ਕੇ ਕਹਿੰਦੇ ਹੋਏ) ਕਿ ਜਿਹੜਾ 1984 ਦਾ ਕਤਲੇਆਮ ਹੋਇਆ ਹੈ, ਉਸ ਵਿਚ ਸਰਪ੍ਰਸਤੀ ਕਿਸ ਦੀ ਸੀ ? ਉਸ ਵਿਚ ਸ਼ਮੂਲੀਅਤ ਕਿਸ ਦੀ ਸੀ? ਉਸ ਵਿਚ ਅਗਵਾਈ ਕਿਸ ਦੀ ਸੀ?

**ਸਰਦਾਰ ਲਾਲ ਸਿੰਘ (ਬੈਠੇ-ਬੈਠੇ) :** ਬੀ.ਜੇ.ਪੀ. ਦੀ।

**ਮੁੱਖ ਮੰਤਰੀ :** ਚਲੋ, ਹੁਣ ਜੇ ਤੁਸੀਂ ਵੀ ਇਸ ਤਰ੍ਹਾਂ ਆਖ ਦਿਓ ਤੇ ਮੈਂ

ਹੁਣ ਕੀ ਕਰਾਂ ਪਰ ਇਹ ਹਿੰਦੁਸਤਾਨ ਦੇ ਬੱਚੇ ਬੱਚੇ ਨੂੰ ਪਤਾ ਹੈ..

**ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਬੈਠੇ-ਬੈਠੇ) :** ਫਿਰ ਨਿੰਦਿਆ ਦਾ ਪ੍ਰਸਤਾਵ ਪਾ ਲਵੋ।

**ਮੁੱਖ ਮੰਤਰੀ :** ਪ੍ਰਸਤਾਵਾਂ ਵਿਚੋਂ ਕੀ ਨਿਕਲਦਾ ਹੈ। ਹਾਊਸ ਦਾ ਰੈਜ਼ੋਲਿਊਸ਼ਨ ਕਰ ਲਓ। ਸੋ, ਸਪੀਕਰ ਸਾਹਿਬ, ਹਿੰਦੁਸਤਾਨ ਦੇ ਐਮੀਨੈਂਟ ਜਰਨਲਿਸਟ, ਹਿੰਦੁਸਤਾਨ ਦੇ ਜੂਰਿਸਟ, ਹਿਊਮਨ ਰਾਈਟਸ ਦੇ ਵੱਡੇ ਵੱਡੇ ਬੰਦਿਆਂ ਨੇ ਇਸ ਖਿਲਾਫ਼ ਰਿਪੋਰਟਾਂ ਦਿੱਤੀਆਂ ਅਤੇ ਜਿਹੜੇ ਬੰਦਿਆਂ ਨੇ ਅਜਿਹਾ ਕੀਤਾ, ਉਨ੍ਹਾਂ ਦੀ ਨਿਸ਼ਾਨਦੇਹੀ ਵੀ ਕੀਤੀ। ਸਪੀਕਰ ਸਾਹਿਬ, ਇੰਨਾ ਦੁੱਖ ਹੈ ਕਿ ਇੰਨਾ ਕੁਝ ਹੋਣ ਤੋਂ ਬਾਅਦ ਕਿਸੇ ਇੱਕ ਨੂੰ ਸਜ਼ਾ ਵੀ ਨਹੀਂ ਹੋਈ, ਇਹੀ ਨਹੀਂ ਵੱਡੇ ਵੱਡੇ ਅਹੁਦੇ ਉਨ੍ਹਾਂ ਨੂੰ ਦਿੱਤੇ ਗਏ ਜਦ ਕਿ ਸੱਚ ਸਭ ਦੇ ਸਾਮ੍ਹਣੇ ਸੀ । ਹੁਣ ਤੁਸੀਂ ਕਹੋ ਕਿ ਅਸੀਂ ਸਦਨ ਵਿੱਚ ਨਹੀਂ ਬੈਠੇ। ਕਿਸ ਨੂੰ ਇਸ ਬਾਰੇ ਨਹੀਂ ਪਤਾ, ਸਾਰਿਆਂ ਨੂੰ ਪਤਾ ਹੈ। ਤੁਸੀਂ ਇਹ ਦੇਖੋ ਕਿ ਸੋਚ ਦਾ ਕਿੰਨਾ ਫਰਕ ਹੁੰਦਾ ਹੈ। ਹੁਣ ਮੋਦੀ ਸਾਹਿਬ ਦੀ ਸਰਕਾਰ ਬਣ ਗਈ, ਤੁਸੀਂ ਕਹੋਗੇ ਕਿ ਨਾਂ ਨਹੀਂ ਲੈਣਾ, ਐਨ.ਡੀ. ਏ. ਦੀ ਸਰਕਾਰ ਕਹਿ ਲਓ। ਤੁਸੀਂ ਕਹਿੰਦੇ ਹੋ ਕਿ ਉਨ੍ਹਾਂ ਨੇ ਕੁਝ ਨਹੀਂ ਕੀਤਾ ਪਰੰਤੂ ਉਨ੍ਹਾਂ ਨੇ ਆਉਣ ਸਾਰ ਦੋ ਗੱਲਾਂ ਕੀਤੀਆਂ, ਜਿਸ ਖਾਤਰ ਸਾਰਾ ਹਿੰਦੁਸਤਾਨ ਸਹੀ ਸੋਚ ਵਾਲਿਆਂ ਨਾਲ ਲਗਦਾ ਰਿਹਾ ਹੈ ਕਿ ਉਨ੍ਹਾਂ ਲੋਕਾਂ ਨੂੰ ਸਜ਼ਾ ਮਿਲੇ, ਮੋਦੀ ਸਾਹਿਬ ਦੀ ਸਰਕਾਰ ਨੇ ਐਸ.ਆਈ.ਟੀ. ਮੁਕੱਰਰ ਕੀਤਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਦੇ ਨਾਲ ਹੀ ਜਿਹੜੇ ਇਸ ਦੁੱਖ ਨਾਲ ਪੀੜ੍ਹਿਤ ਹਨ, ਉਨ੍ਹਾਂ ਨੂੰ ਰਾਹਤ ਦਿੱਤੀ । ਤੁਸੀਂ ਦਿੱਲੀ ਜਾ ਕੇ ਦੇਖੋ, ਆਪਾਂ ਤਾਂ ਇੱਥੇ ਬੈਠ ਕੇ ਕਹਿ ਦਿੰਦੇ ਹਾਂ ਕਿ ਭੁੱਲ ਜਾਓ, ਉਥੇ ਇਕ ਕਲੋਨੀ ਹੈ ਜਿਸ ਨੂੰ ਵਿਡੋ ਕਲੋਨੀ ਕਹਿ ਲਓ। ਇਸ ਹਾਦਸੇ ਦੀਆਂ ਪੀੜ੍ਹਿਤ ਵਿਡੋ ਜ਼ਨਾਨੀਆਂ ਉਥੇ ਰਹਿੰਦੀਆਂ ਹਨ, ਉਨ੍ਹਾਂ ਨੂੰ ਹਰ ਇਕ ਨੂੰ ਪੰਜ ਲੱਖ ਰੁਪਿਆ ਦਿੱਤਾ ਜਾਵੇਗਾ। ਮੈਂ ਇਹ ਨਹੀਂ ਕਹਿੰਦਾ ਕਿ ਇਹ ਪੰਜ ਲੱਖ ਬਹੁਤ ਜ਼ਿਆਦਾ ਹੈ ਪਰ ਚਲੋ, ਅੱਗੇ ਨਾਲੋਂ ਕੁਝ ਨਾ ਕੁਝ ਰਾਹਤ ਤਾਂ ਉਨ੍ਹਾਂ ਨੂੰ ਦਿੱਤੀ ਹੈ। ਮੈਂ ਇਸ ਗੱਲ ਵਾਸਤੇ ਮੋਦੀ ਸਾਹਿਬ, ਹੋਮ ਮਨਿਸਟਰ ਸਾਹਿਬ ਰਾਜਨਾਥ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇੰਨੀ ਵੱਡੀ ਗੱਲ ਕੀਤੀ ਹੈ।

ਤੀਜੀ ਗੱਲ ਜਿਹੜੀ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਕੀਤੀ ਹੈ । ਅੱਜ ਹਿੰਦੁਸਤਾਨ ਵਿੱਚ ਜਿਹੜੀ ਗਰੀਬੀ, ਬੇਰੁਜ਼ਗਾਰੀ ਅਤੇ ਅਨਪੜ੍ਹਤਾ

ਹੈ, ਉਸ ਦਾ ਕਾਰਨ ਕੋਈ ਕੁਝ ਦੱਸਦਾ ਹੈ, ਕੋਈ ਕੁਝ ਦੱਸਦਾ ਹੈ ਪਰ ਮੈਂ ਕਹਿੰਦਾ ਹਾਂ ਕਿ ਸੂਬੇ ਦੀਆਂ ਸਰਕਾਰਾਂ ਜਿਹੜੀਆਂ ਸਹੀ ਮਾਅਨਿਆਂ ਵਿੱਚ ਲੋਕਾਂ ਦੀਆਂ ਤਕਲੀਫ਼ਾਂ ਜਾਣਦੀਆਂ ਹਨ, ਸਮਝਦੀਆਂ ਹਨ, ਉਨ੍ਹਾਂ ਕੋਲ ਕੋਈ ਪਾਵਰ ਨਹੀਂ ਹੈ। ਸਾਡੇ ਸੰਵਿਧਾਨ ਵਿੱਚ ਵੀ ਲਿਖਿਆ ਹੈ ਕਿ ਸਰਕਾਰ ਦਾ ਫੈਡਰਲ ਸਟ੍ਰਕਚਰ ਹੋਵੇਗਾ ਲੇਕਿਨ ਹੌਲੀ ਹੌਲੀ ਹਿੰਦੁਸਤਾਨ ਵਿੱਚ unitary form of government ਬਣ ਗਈ ਅਤੇ ਸਾਰੀ ਤਾਕਤ ਹਿੰਦੁਸਤਾਨ ਦੀ ਸਰਕਾਰ ਨੇ ਲੈ ਲਈ। ਸੂਬਿਆਂ ਨੂੰ ਕਿਸੇ ਕਿਸਮ ਦੀ ਕੋਈ ਰਾਹਤ ਨਹੀਂ ਸੀ ਜਿਸ ਨਾਲ ਉਹ ਕੋਈ ਤਰੱਕੀ ਵਾਲਾ ਕੰਮ ਸਕਣ। ਹੁਣ ਬਹੁਤ historic decision ਹੋਇਆ ਹੈ। ਮੋਦੀ ਸਾਹਿਬ ਨੇ ਇਲੈਕਸ਼ਨਾਂ ਦੌਰਾਨ ਇਸ ਦਾ ਜ਼ਿਕਰ ਕੀਤਾ ਸੀ । ਭਾਵੇਂ ਕਈ ਵਾਰ ਇਲੈਕਸ਼ਨਾਂ ਵੇਲੇ ਕੁਝ ਹੋਰ ਕਿਹਾ ਜਾਂਦਾ ਹੈ ਪਰੰਤੂ ਉਨ੍ਹਾਂ ਨੇ ਸਰਕਾਰ ਵਿੱਚ ਆਉਣ ਤੋਂ ਬਾਅਦ ਸਭ ਤੋਂ ਪਹਿਲਾਂ ਜੇਕਰ ਉਨ੍ਹਾਂ ਨੇ ਆਪਣੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੈ ਤਾਂ ਕੋਆਪਰੇਟਿਵ ਫੈਡਰੇਲਿਜ਼ਮ ਨੂੰ ਲਾਗੂ ਕਰਕੇ ਵਿਖਾਇਆ ਹੈ।

ਉਨ੍ਹਾਂ ਨੇ 2-3 ਬਹੁਤ ਅਹਿਮ ਗੱਲਾਂ ਕੀਤੀਆਂ ਹਨ, ਜਿਨ੍ਹਾਂ ਬਾਰੇ ਕੋਈ ਸੋਚ ਵੀ ਨਹੀਂ ਸਕਦਾ ਸੀ। ਅਸੀਂ ਇੱਥੇ ਕਹਿ ਦਿੰਦੇ ਹਾਂ ਕਿ ਸਰਕਾਰ ਕੁਝ ਨਹੀਂ ਕਰ ਰਹੀ। ਉਨ੍ਹਾਂ ਨੇ ਸਭ ਤੋਂ ਪਹਿਲਾਂ ਪਲਾਨਿੰਗ ਕਮਿਸ਼ਨ ਕਾਇਮ ਕੀਤਾ। ਤੁਹਾਡੇ ਵਿਚੋਂ ਵੀ ਕਈ ਜਣੇ ਪਲਾਨਿੰਗ ਕਮਿਸ਼ਨ ਵਿੱਚ ਗਏ ਹੋਣਗੇ, ਮੈਂ ਵੀ ਕਿੰਨੀ ਵਾਰੀ ਗਿਆ ਹਾਂ। ਸਾਨੂੰ ਸਿਰਫ਼ ਅੱਧਾ ਘੰਟਾ ਲਗਦਾ ਸੀ, ਜਿਵੇਂ ਉਨ੍ਹਾਂ ਦਾ ਹੁਕਮ ਹੋ ਜਾਂਦਾ, ਸਾਡੀ ਪਲਾਨ ਵਿਚੋਂ ਜੋ ਕੱਟਣਾ-ਵੱਢਣਾ ਹੁੰਦਾ, ਉਹ ਕੱਟ ਕੇ ਸਾਡੇ ਹੱਥ ਫੜ੍ਹਾ ਕੇ ਚਾਹ ਪਿਲਾ ਕੇ ਤੋਰ ਦਿੰਦੇ ਸਨ। ਦੇਸ਼ ਦੀ ਪਲਾਨਿੰਗ ਵਿੱਚ ਸੂਬਿਆਂ ਦਾ ਕੋਈ ਅਧਿਕਾਰ ਨਹੀਂ ਹੁੰਦਾ ਸੀ। ਇਹ ਪਹਿਲੀ ਵਾਰ ਹੋਇਆ ਹੈ ਕਿ ਹੁਣ ਜਿਹੜਾ ਨੀਤੀ ਆਯੋਗ ਬਣਿਆ ਹੈ, ਸਾਰੇ ਚੀਫ਼ ਮਨਿਸਟਰ ਉਸ ਦੇ ਮੈਂਬਰ ਹਨ। ਉਨ੍ਹਾਂ ਨੇ ਅੱਗੋਂ ਚੀਫ਼ ਮਨਿਸਟਰਜ਼ ਦੇ ਅੱਡੋ-ਅੱਡ ਸਬਜੈਕਟ ਲੈ ਕੇ ਤਿੰਨ ਗਰੁੱਪ ਬਣਾਏ ਹਨ ਤਾਂ ਕਿ ਉਹ ਚੀਫ਼ ਮਨਿਸਟਰ ਨੀਤੀ ਬਣਾਉਣ ਵਿੱਚ ਅਗਵਾਈ ਕਰਨ ਅਤੇ ਸਾਨੂੰ ਜਿਹੜੀਆਂ ਚੀਜ਼ਾਂ ਦੀ ਲੋੜ ਹੈ, ਅਸੀਂ ਉਹ ਰੱਖ ਸਕੀਏ। ਅਜਿਹਾ ਤਾਂ ਹੋਇਆ ਹੈ ਕਿਉਂਕਿ ਮੋਦੀ ਸਾਹਿਬ ਆਪ ਮੁੱਖ ਮੰਤਰੀ ਰਹੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਸੂਬੇ ਦੀਆਂ ਸਰਕਾਰਾਂ ਦੀ ਕੀ ਜ਼ੁੰਮੇਵਾਰੀ ਹੈ, ਨਹੀਂ ਤਾਂ ਅਜਿਹੇ ਪ੍ਰਧਾਨ ਮੰਤਰੀ ਘੱਟ ਹੀ ਰਹੇ ਹੋਣਗੇ ਜਿਹੜੇ ਪਹਿਲਾਂ ਚੀਫ਼

ਮਨਿਸਟਰ ਰਹੇ ਹੋਣ। ਮੋਦੀ ਸਾਹਿਬ ਦਾ ਅਜਿਹਾ ਕਰਨਾ ਬਹੁਤ ਵੱਡੀ ਗੱਲ ਹੈ ਅਤੇ ਇਸ ਦਾ ਰਿਜ਼ਲਟ ਇਹ ਨਹੀਂ ਕਿ ਨੋਟਾਂ ਦੇ ਟਰੱਕ ਭਰ ਕੇ ਆ ਜਾਣਗੇ, ਇਵੇਂ ਨਹੀਂ ਹੁੰਦਾ। ਪਲਾਨਿੰਗ ਹੁੰਦੀ ਹੈ ਜਿਸ ਦਾ ਅਸਰ ਹੋਣਾ ਹੁੰਦਾ ਹੈ। ਮੈਨੂੰ ਇਸ ਗਵਰਨਰ ਐਡਰੈਸ ਵਿੱਚ ਕੋਈ ਇੱਕ ਗੱਲ ਦੱਸ ਦਿਓ ਕਿ ਇਹ ਗਲਤ ਲਿਖੀ ਹੋਈ ਹੋਵੇ । ਮੈਂ ਇੱਥੇ ਖੜ੍ਹਾ ਤੁਹਾਨੂੰ ਹੁਣੇ ਹੀ ਉਸ ਦਾ ਜਵਾਬ ਦੇਵਾਂਗਾ।

**ਸਰਦਾਰ ਲਾਲ ਸਿੰਘ :** ਸੀ.ਐਮ. ਸਾਹਿਬ ਅਗਲੀ ਵਾਰੀ ਪ੍ਰਧਾਨ ਮੰਤਰੀ ਤੁਸੀਂ ਬਣ ਜਾਣਾ, ਇਹ ਸਾਡੀ ਬੇਨਤੀ ਹੈ। ਸਾਡੇ ਪੰਜਾਬ ਦਾ ਵੀ ਭਲਾ ਹੋ ਜਾਵੇਗਾ।

**ਮੁੱਖ ਮੰਤਰੀ :** ਧੰਨਵਾਦ ਜੀ, ਮਿਹਰਬਾਨੀ । ਸਟੇਟਸ ਨੂੰ ਅੱਗੇ ਕੀ ਮਿਲਦਾ ਸੀ? ਤੁਸੀਂ ਤਾਂ ਫਾਈਨਾਂਸ ਮਨਿਸਟਰ ਰਹੇ ਹੋ, ਉਦੋਂ 32% ਮਿਲਦਾ ਹੁੰਦਾ ਸੀ ਅਤੇ ਹੁਣ 42% ਮਿਲਦਾ ਹੈ। 42% ਪੈਸਾ ਆਪਾਂ ਨੂੰ ਸਾਰੇ ਟੈਕਸਾਂ ਵਿਚੋਂ ਮਿਲਿਆ ਹੈ। ਕਿੰਨੀ ਬੱਚਤ ਹੋਈ ਹੈ। ਸਟੇਟਸ ਨੂੰ ਆਪਣੀ ਆਪਣੀ ਪਲਾਨਿੰਗ ਕਰਨ ਦਾ ਹੁਣ ਪੂਰਾ ਹੱਕ ਹੈ। ਸਾਨੂੰ ਦਿੱਲੀ ਦਾ ਚੱਕਰ ਲਗਾਉਣ ਜਾਂ ਮਨਜ਼ੂਰੀ ਦੀ ਲੋੜ ਨਹੀਂ ਹੈ। ਦੇਖੋ, ਜੇ ਆਪਾਂ ਹੁਣ ਮੰਨਣਾ ਹੀ ਨਹੀਂ, ਜੋ ਮਰਜ਼ੀ ਕਹੀ ਜਾਉ। ਠੀਕ ਹੈ, ਤੁਹਾਨੂੰ ਇਥੇ ਅਜ਼ਾਦੀ ਹੈ, ਜੋ ਮਰਜ਼ੀ ਕਹਿ ਲਵੋ। ਪ੍ਰੈਸ ਵਾਲਿਆਂ ਨੇ ਵੀ ਕੱਲ੍ਹ ਨੂੰ ਲਿਖ ਦੇਣਾ ਹੈ। ਲੇਕਿਨ ਮੈਂ ਖੜ੍ਹਾ ਹੋ ਕੇ ਆਖਦਾ ਹਾਂ ਕਿ ਜੇਕਰ ਇਕ ਗੱਲ ਵੀ ਗਲਤ ਹੋਵੇ ਤਾਂ ਕਹਿਣਾ। ਕੀ 32% ਤੋਂ 42% ਹਿੱਸਾ ਟੈਕਸਾਂ ਵਿਚੋਂ ਨਹੀਂ ਮਿਲਿਆ? ਹਾਲੇ 9ਵਾਂ ਮਹੀਨਾ ਕੇਂਦਰ ਸਰਕਾਰ ਬਣੀ ਨੂੰ ਹੋਇਆ ਹੈ ਅਤੇ ਤੁਸੀਂ ਕਹਿੰਦੇ ਹੋ ਕਿ ਸਾਰੀਆਂ ਪ੍ਰਾਪਤੀਆਂ ਹੁਣੇ ਹੀ ਹੋ ਜਾਣ। ਇੰਨੇ ਵੱਡੇ ਵੱਡੇ ਫੈਸਲੇ ਇਸ ਸਮੇਂ ਦੌਰਾਨ ਹੋਏ ਹਨ, ਜਦ ਕਿ ਕਾਂਗਰਸ ਸਰਕਾਰ ਇੰਨੇ ਲੰਬੇ ਸਮੇਂ ਲਈ ਕੇਂਦਰ ਵਿੱਚ ਰਹੀ ਹੈ, ਕੀ ਕਦੇ ਕਿਸੇ ਨੇ ਕੁਝ ਦਿੱਤਾ ਹੈ? ਅੰਮ੍ਰਿਤਸਰ ਸਾਹਿਬ ਬਾਰੇ ਦੱਸਣਾ ਚਾਹੁੰਦਾ ਹਾਂ। ਕਿੰਨੇ ਲੰਬੇ ਸਮੇਂ ਤੱਕ ਕਾਂਗਰਸ ਸਰਕਾਰ ਸੱਤਾ ਵਿੱਚ ਰਹੀ ਹੈ ਲੇਕਿਨ ਪਹਿਲੀ ਵਾਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਜੇ ਹੈਰੀਟੇਜ ਸਿਟੀ ਦਾ ਦਰਜਾ ਦਿੱਤਾ ਹੈ ਤਾਂ ਇਹ ਕਿਸ ਨੇ ਦਿੱਤਾ ਹੈ? ਤੁਸੀਂ ਦੱਸ ਦਿਉ। ਤੁਸੀਂ ਤਾਂ ਕਹਿੰਦੇ ਰਹਿੰਦੇ ਹੋ ਕਿ ਇਹ ਸਾਰਾ ਤਾਂ ਡਰਾਮਾ ਹੈ ਜੀ। ਇਹ ਹੈਰੀਟੇਜ ਸਿਟੀ ਡਿਕਲੇਅਰ ਹੋਣ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਾਰੀ ਡਿਵੈਲਪਮੈਂਟ ਹੋਣੀ ਹੈ। ਸਾਨੂੰ ਪਹਿਲੀ ਕਿਸ਼ਤ 70 ਕਰੋੜ ਰੁਪਏ ਦੀ

[ ਮੁੱਖ ਮੰਤਰੀ ]

ਗਰਾਂਟ ਆ ਵੀ ਗਈ। 70 ਕਰੋੜ ਰੁਪਿਆ ਉਨ੍ਹਾਂ ਨੇ ਭੇਜ ਵੀ ਦਿੱਤਾ ਹੈ। (ਥੰਪਿੰਗ) ਤੁਸੀਂ ਹੁਣ ਸਾਰੇ ਨਾਂ ਤਾਂ ਲੈ ਦਿੰਦੇ ਹੋ। ਜਲ੍ਹਿਆਂ ਵਾਲੇ ਬਾਗ ਦੀ ਗੱਲ ਹੈ। ਮੇਰਾ ਖਿਆਲ ਹੈ ਕਿ ਸਾਨੂੰ ਆਜ਼ਾਦੀ ਇਸ ਸਦਕਾ ਮਿਲੀ ਹੈ । ਸਭ ਤੋਂ ਪਹਿਲਾਂ ਜਲ੍ਹਿਆਂ ਵਾਲੇ ਬਾਗ ਵਿੱਚ ਕੁਰਬਾਨੀਆਂ ਹੋਈਆਂ ਹਨ। ਉਥੇ ਕੁਰਬਾਨ ਹੋਣ ਵਾਲੇ ਸ਼ਹੀਦਾਂ ਸਦਕਾ ਦੇਸ਼ ਦੇ ਲੋਕਾਂ ਨੂੰ ਇੱਕ ਹੁਲਾਰਾ ਮਿਲਿਆ ਹੈ, ਲੇਕਿਨ ਜਲ੍ਹਿਆਂ ਵਾਲੇ ਬਾਗ ਨੂੰ ਵਰਲਡ ਹੈਰੀਟੇਜ ਸਾਈਟ ਦਾ ਦਰਜਾ ਕਿਸ ਨੇ ਦਿੱਤਾ ਹੈ? ਇਹ ਮੋਦੀ ਸਾਹਿਬ ਨੇ ਦਿੱਤਾ ਹੈ। ਇਹ ਕਿੰਨੀ ਵੱਡੀ ਗੱਲ ਹੈ। (ਥੰਪਿੰਗ)

ਇਸੇ ਤਰ੍ਹਾਂ ਆਪਾਂ ਕਿੰਨਾ ਚਿਰ ਕਹਿੰਦੇ ਰਹੇ ਹਾਂ ਕਿ ਪੰਜਾਬ ਬਦਕਿਸਮਤ ਸੂਬਾ ਹੈ। ਮੈਂ ਆਉਣ ਸਾਰ ਕੇਂਦਰ ਦੇ ਹੈਲਥ ਮਨਿਸਟਰ ਨੂੰ ਚਿੱਠੀ ਲਿਖੀ ਸੀ, ਮੈਂ ਮੋਦੀ ਸਾਹਿਬ ਤੇ ਫਾਈਨਾਂਸ ਮਨਿਸਟਰ ਨੂੰ ਮਿਲਿਆ ਹਾਂ। ਸਾਰੀਆਂ ਗੱਲਾਂ ਇੱਕ ਇੱਕ ਕਰਕੇ ਲਿਖ ਕੇ ਦਿੱਤੀਆਂ ਹਨ। ਮੈਂ ਉਨ੍ਹਾਂ ਨੂੰ ਪੰਜਾਬ ਦੇ ਸਾਰੇ ਹਾਲਤ ਦੱਸੇ। ਕੀ ਕਿਤੇ ਇੰਡੀਅਨ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਪਹਿਲਾਂ ਆਇਆ ? ਤੁਸੀਂ ਇੰਨਾ ਚਿਰ ਸਰਕਾਰ ਵਿੱਚ ਰਹੇ ਹੋ ਪਰ ਕੀ ਕਦੇ ਕਿਸੇ ਨੇ ਪੰਜਾਬ ਸਟੇਟ ਨੂੰ ਏਮਜ਼ ਵਰਗਾ ਇੰਸਟੀਚਿਊਟ ਦਿਵਾਇਆ ਹੈ? ਤੁਸੀਂ ਤਾਂ ਕਦੇ ਮੰਗਿਆ ਹੀ ਨਹੀਂ, ਮੇਰਾ ਖਿਆਲ ਹੈ ਕਿ ਦੇਣਾ ਤਾਂ ਕੀ ਸੀ, ਤੁਸੀਂ ਤਾਂ ਪੰਜਾਬ ਵਾਸਤੇ ਮੰਗਿਆ ਹੀ ਨਹੀਂ। ਤੁਸੀਂ ਮੰਗਦੇ ਤਾਂ ਰਹਿੰਦੇ, ਭਾਵੇਂ ਕੇਂਦਰ ਸਰਕਾਰ ਨਾ ਵੀ ਦਿੰਦੀ। ਇਥੇ ਏਮਜ਼ ਆ ਗਿਆ। (ਥੰਪਿੰਗ) ਕਿੰਨੀ ਵੱਡੀ ਗੱਲ ਹੋਈ ਹੈ।

ਇਸੇ ਤਰ੍ਹਾਂ ਹਾਰਟੀਕਲਚਰ ਦੀ ਗੱਲ ਹੈ। ਬੀਬੀ ਜੀ, ਮਿਸਿਜ਼ ਬਰਾੜ ਨੇ ਗੱਲ ਉਠਾਈ ਸੀ, ਉਹ ਹਾਰਟੀਕਲਚਰਿਸਟ ਹਨ, ਉਨ੍ਹਾਂ ਦਾ ਖੇਤੀ ਨਾਲ ਬੜਾ ਸਬੰਧ ਹੈ, ਉਨ੍ਹਾਂ ਨੇ ਬਾਗਾਂ ਦੀ ਗੱਲ ਕੀਤੀ ਸੀ। ਬੀਬੀ ਜੀ, ਪਹਿਲੀ ਵਾਰ ਹੋਇਆ ਹੈ ਕਿ ਹਾਰਟੀਕਲਚਰ ਰਿਸਰਚ ਐਂਡ ਐਜੂਕੇਸ਼ਨ ਇੰਸਟੀਚਿਊਸ਼ਨ ਬਣ ਰਿਹਾ ਹੈ।

ਮੈਂ ਕਹਿੰਦਾ ਹਾਂ ਕਿ ਹੈਰਾਨਕੁੰਨ ਚੀਜ਼ਾਂ ਹੋਈਆਂ ਹਨ। ਹੁਣ ਤੁਸੀਂ ਦੱਸੋ ਕਿ ਕੀ ਕਦੇ ਤੁਸੀਂ ਸੋਚ ਸਕਦੇ ਸੀ? ਮੈਂ ਅਜੇ ਇਹ ਨਹੀਂ ਕਹਿੰਦਾ ਕਿ ਇਹ ਗੱਲ ਹੋ ਗਈ ਹੈ । ਸ੍ਰੀ ਅਨੰਦਪੁਰ ਸਾਹਿਬ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਬਣਨ ਦੀ ਗੱਲ ਹੈ। ਜਿਹੜੇ ਰਸਤੇ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸ੍ਰੀ

ਅਨੰਦਪੁਰ ਸਾਹਿਬ ਤੋਂ ਸ੍ਰੀ ਹਜ਼ੂਰ ਸਾਹਿਬ ਗਏ । ਮੇਰਾ ਖਿਆਲ ਹੈ ਕਿ ਇਹ 3000 ਕਿਲੋਮੀਟਰ ਲੰਬੀ ਸੜਕ ਹੈ, ਮੈਨੂੰ ਐਗਜ਼ੈਕਟ ਹੁਣ ਪਤਾ ਨਹੀਂ ਹੈ । ਪਹਿਲਾਂ ਸੁਖਬੀਰ ਨੇ ਗਡਕਰੀ ਸਾਹਿਬ ਨੂੰ ਬੁਲਾਇਆ ਸੀ ਤੇ ਉਦੋਂ ਉਹ ਖੁਲ੍ਹੇ ਗੱਫੇ ਦੇ ਗਏ ਸਨ। ਤੁਹਾਨੂੰ ਪਤਾ ਹੀ ਹੈ। ਮੈਨੂੰ ਵੀ ਪਤਾ ਸੀ। ਮੈਂ ਜਾ ਕੇ ਬਹੁਤੀਆਂ ਗੱਲਾਂ ਨਹੀਂ ਕਰਦਾ ਹੁੰਦਾ। ਮੈਂ ਗਡਕਰੀ ਸਾਹਿਬ ਨੂੰ ਕਿਹਾ ਕਿ ਤੁਹਾਡੇ ਤੋਂ ਇਕ ਚੀਜ਼ ਮੰਗਣੀ ਹੈ। ਮੈਂ ਤੁਹਾਡੇ ਤੋਂ ਜਵਾਬ ਨਹੀਂ ਲੈਣਾ, ਉਹ ਤੁਸੀਂ ਦੇ ਦਿਉ। ਉਹ ਕਹਿੰਦੇ ਕਿ ਮੈਂ ਤਾਂ ਕਦੇ ਤੁਹਾਨੂੰ ਜਵਾਬ ਦਿੱਤਾ ਹੀ ਨਹੀਂ। ਮੈਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਤੋਂ ਸ੍ਰੀ ਹਜ਼ੂਰ ਸਾਹਿਬ ਦੇ ਰਸਤੇ ਦਾ ਪਹਿਲਾਂ ਹੀ ਮੈਂ ਸਰਵੇ ਕਰਵਾਇਆ ਹੋਇਆ ਹੈ, ਹਿਸਟੋਰੀਅਨ ਤੇ ਇੰਜੀਨੀਅਰ ਭੇਜੇ ਹਨ ਕਿ ਜਿਸ ਰਸਤੇ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਗਏ ਹਨ, ਉਸ ਰਸਤੇ ਦੀ ਐਨਲਾਈਨਮੈਂਟ ਕਰੋ ਤੇ ਮੈਂ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਤੋਂ ਸ਼੍ਰੀ ਹਜ਼ੂਰ ਸਾਹਿਬ ਤੱਕ ਦੇ ਰਸਤੇ ਨੂੰ ਨੈਸ਼ਨਲ ਹਾਈਵੇ ਬਣਾ ਦਿਓ। ਮੈਂ ਪਹਿਲਾਂ ਹੀ ਇੰਜੀਨੀਅਰ ਅਤੇ ਹਿਸਟੋਰੀਅਨ ਭੇਜ ਕੇ ਉਸਦਾ ਸਰਵੇ ਕਰਵਾ ਲਿਆ ਸੀ। ਜਿਸ ਰਸਤੇ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਗਏ ਸਨ, ਉਸ ਰਸਤੇ ਦੀ ਐਨਲਾਈਨਮੈਂਟ ਕਰਕੇ ਉਸ ਨੂੰ ਨੈਸ਼ਨਲ ਹਾਈਵੇ ਬਣਾ ਦਿਓ। ਇਹ ਗੱਲ ਮੇਰੇ ਦਿਲ ਵਿਚ ਸੀ। ਸੋ, ਹੁਣ ਉਸ ਨੂੰ ਨੈਸ਼ਨਲ ਹਾਈਵੇ ਡਿਕਲੇਅਰ ਕਰ ਦਿੱਤਾ ਜਾਵੇਗਾ। ਹਾਲੇ ਕੀਤਾ ਨਹੀਂ ਹੈ ਪਰ He has promised me.

**ਸਰਦਾਰ ਲਾਲ ਸਿੰਘ** : ਡਾ. ਮਨਮੋਹਨ ਸਿੰਘ ਜੀ ਨੇ ਤੁਹਾਨੂੰ 500 ਕਰੋੜ ਰੁਪਿਆ ਦਿੱਤਾ ਹੈ, ਉਸ ਦਾ ਵੀ ਜ਼ਿਕਰ ਕਰ ਦਿਓ।

**ਮੁੱਖ ਮੰਤਰੀ :** ਮੈਂ ਡਾ. ਮਨਮੋਹਨ ਸਿੰਘ ਜੀ ਦਾ ਬਹੁਤ ਬਹੁਤ ਧੰਨਵਾਦੀ ਹਾਂ ਲੇਕਿਨ ਇਕ ਹੋਰ ਵੀ ਗੱਲ ਹੈ ਕਿ ਇਕ ਤਾਂ ਦੇਣ ਵਾਲਾ ਹੁੰਦਾ ਹੈ ਪਰ ਮੰਗਣ ਵਾਲਾ ਵੀ ਕੋਈ ਹੋਣਾ ਚਾਹੀਦਾ ਹੈ। ਤੁਸੀਂ ਤਾਂ ਮੰਗਦੇ ਹੀ ਨਹੀਂ ਸੀ। ਮੈਂ ਗਿਆਨੀ ਕਰਤਾਰ ਸਿੰਘ ਤੋਂ ਟਰੇਨਿੰਗ ਲਈ ਹੈ, ਉਨ੍ਹਾਂ ਨੇ ਮੈਨੂੰ ਟਰੇਨਿੰਗ ਦਿੱਤੀ ਹੈ। ਉਹ ਬਤੌਰ ਰੈਵੀਨਿਊ ਮਨਿਸਟਰ ਪਟਵਾਰੀ ਦੇ ਘਰ ਵੀ ਜਾਂਦੇ ਰਹੇ ਹਨ। ਮੈਂ ਹਰ ਮਨਿਸਟਰ ਦਾ ਦਰਵਾਜ਼ਾ ਖੜਕਾ ਕੇ ਹੱਥ ਬੰਨ੍ਹ ਕੇ ਜਾਂਦਾ ਹਾਂ। ਮੇਰੀ ਇੱਜ਼ਤ ਦਾ ਸਵਾਲ ਨਹੀਂ ਹੈ, ਮੈਂ ਤਾਂ ਪੰਜਾਬ ਵਾਸਤੇ ਮੰਗਣਾ ਹੈ। ਮੈਂ ਆਪਣੀ ਜ਼ਿੰਦਗੀ ਵਿੱਚ ਇਸੇ ਕਰਕੇ ਕਾਮਯਾਬ ਹੋਇਆ ਹਾਂ। ਕਲਚਰ ਅਤੇ ਹੈਰੀਟੇਜ ਬਾਰੇ ਪਟਿਆਲੇ ਵਾਲੇ ਬੀਬੀ ਜੀ ਨੇ ਵੀ ਗੱਲ ਕੀਤੀ ਹੈ । ਸਾਡੇ ਇਕ ਸਾਥੀ

[ ਮੁੱਖ ਮੰਤਰੀ ]

ਜੋ ਹੱਥ ਖੜ੍ਹੇ ਕਰਦੇ ਰਹਿੰਦੇ ਹਨ, ਸ਼ਾਇਦ ਉਹ ਚਲੇ ਗਏ ਹਨ। ਉਹ ਤਾਂ ਇੰਝ ਹੱਥ ਖੜ੍ਹੇ ਕਰਦਾ ਹੈ ਜਿਵੇਂ ਸਾਰਾ ਅਸਮਾਨ ਹੀ ਉਸ ਨੇ ਚੁੱਕਿਆ ਹੈ, ਨਹੀਂ ਤਾਂ ਅਸੈਂਬਲੀ ਦੀ ਛੱਤ ਡਿੱਗ ਪੈਣੀ ਸੀ। ** ** ਸੋ, ਮੈਂ ਜਿਹੜੀ ਗੱਲ ਕਰ ਰਿਹਾ ਹਾਂ ਕਿ ਗਵਰਨਰ ਸਾਹਿਬ ਦੀ ਇਕ ਗੱਲ ਵੀ ਝੂਠੀ ਕਰ ਦਿਓ, ਮੈਂ ਸਜ਼ਾ ਦਾ ਹੱਕਦਾਰ ਹਾਂ। ਇੰਝ ਹੀ ਨਾ ਕਹੋ ਕਿ ਇਹ ਝੂਠ ਹੈ। ਵਿਰਾਸਤ-ਏ-ਖਾਲਸਾ ਬਾਰੇ ਕੀ ਕਦੇ ਕਿਸੇ ਨੇ ਸੋਚਿਆ ਸੀ ਕਿ ਇਹ ਵੀ ਬਣੇਗਾ। 10 ਹਜ਼ਾਰ ਬੰਦਾ ਉਥੇ ਦਰਸ਼ਨਾਂ ਲਈ ਜਾਂਦਾ ਹੈ। ਉਸ ਦੀਆਂ 14 ਗੈਲਰੀਆਂ ਬਣੀਆਂ ਹੋਈਆਂ ਹਨ ਅਤੇ 13 ਗੈਲਰੀਆਂ ਹੋਰ ਬਣਨਗੀਆਂ, ਜਿਸ ਦਾ ਕੰਮ ਸ਼ੁਰੂ ਹੋ ਗਿਆ ਹੈ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਬੈਠੇ-ਬੈਠੇ) :** ਪਟਿਆਲੇ ਦਾ ਵੀ ਕਰ ਦਿਓ।

**ਮੁੱਖ ਮੰਤਰੀ :** ਮੈਂ ਇਸ ਤੋਂ ਬਾਅਦ ਉਸੇ ਤੇ ਆਵਾਂਗਾ। ਮੈਂ ਪਹਿਲਾਂ ਇਹ ਮੁਕਾ ਦਿਆਂ। ਮੈਨੂੰ ਲਗਦਾ ਹੈ ਕਿ ਤੁਸੀਂ ਅੰਮ੍ਰਿਤਸਰ ਦਰਬਾਰ ਸਾਹਿਬ ਘੱਟ ਹੀ ਜਾਂਦੇ ਹੋ। ਮੇਰਾ ਖਿਆਲ ਹੈ ਕਿ ਤੁਹਾਡੇ ਵਿਚੋਂ ਕੋਈ ਕੋਈ ਹੀ ਗਿਆ ਹੈ? ਕੀ ਤੁਸੀਂ ਉਥੇ ਪਲਾਜ਼ਾ ਦੇ ਦਰਸ਼ਨ ਕੀਤੇ ਹਨ ਜਾਂ ਨਹੀਂ? ਤੁਸੀਂ ਖੜ੍ਹੇ ਹੋ ਕੇ ਦੱਸੋ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਉਸ ਨੂੰ ਹੋਰ ਵਧੀਆ ਬਣਾ ਦਿਓ।

**ਮੁੱਖ ਮੰਤਰੀ :** ਇਹ ਤਾਂ ਪਹਿਲੀ ਸਟੇਜ ਹੈ, ਜਿਸ ਨੇ ਤੁਹਾਨੂੰ ਖੁਸ਼ ਕਰ ਦਿੱਤਾ ਹੈ। ਦੂਜੀ ਸਟੇਜ ਤਾਂ ਹੋਰ ਵਧੀਆ ਹੋਵੇਗੀ। ਕਾਂਗਰਸੀਓ, ਤੁਸੀਂ ਉਥੇ ਜਾ ਆਇਆ ਕਰੋ। ਤੁਸੀਂ ਕਹਿੰਦੇ ਸੀ ਕਿ ਮੋਦੀ ਸਾਹਿਬ ਉਥੇ ਨਹੀਂ ਗਏ ਪਰ ਤੁਸੀਂ ਕਿਹੜਾ ਜਾਂਦੇ ਹੋ। (ਵਿਘਨ..ਸ਼ੋਰ)

**ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਬੈਠੇ ਬੈਠੇ) :** ਮੈਂ ਰੋਜ਼ ਸਵੇਰੇ ਟੀ.ਵੀ. ਤੇ ਦੇਖਦਾ ਹਾਂ, ਮੈਨੂੰ ਤੁਹਾਡਾ ਵੀ ਕੋਈ ਐਮ.ਐਲ.ਏ. ਨਜ਼ਰ ਨਹੀਂ ਆਉਂਦਾ। (ਵਿਘਨ..ਸ਼ੋਰ)

**ਮੁੱਖ ਮੰਤਰੀ :** ਮੈਨੂੰ ਗੱਲ ਕਰ ਲੈਣ ਦਿਓ। ਤੁਸੀਂ ਉਥੇ ਬਹੁਤ ਜਾਂਦੇ ਹੋ, ਬਹੁਤ ਪਾਠ ਕਰਦੇ ਹੋ। ਇਲੈਕਸ਼ਨ ਲੜਨ ਤੋਂ ਬਾਅਦ ਤੁਸੀਂ ਦਰਬਾਰ ਸਾਹਿਬ

---

**Expunged as ordered by the Chair.

ਹੀ ਜਾਂਦੇ ਹੋ। (ਵਿਘਨ..ਸ਼ੋਰ)

**ਸਰਦਾਰ ਰਮਨਜੀਤ ਸਿੰਘ ਸਿੱਕੀ :** ਆਪਣੀ ਹੈਸੀਅਤ ਨਹੀਂ ਹੈ ਕਿ ਆਪਾਂ ਦਰਬਾਰ ਸਾਹਿਬ ਬਾਰੇ ਕੁਝ ਕਰ ਸਕੀਏ, ਇਹ ਤਾਂ ਸੇਵਾ ਕੀਤੀ ਹੈ।

**ਮੁੱਖ ਮੰਤਰੀ :** ਮੈਂ ਵੀ ਸੇਵਾ ਹੀ ਕੀਤੀ ਹੈ। ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਕੁਰੈਕਟ ਕੀਤਾ ਹੈ। ਵਾਹਿਗੁਰੂ ਸੱਚੇ ਪਾਤਸ਼ਾਹ ਨੇ ਮੇਰੇ ਕੋਲੋਂ ਦਰਬਾਰ ਸਾਹਿਬ ਦੇ ਪਲਾਜ਼ਾ ਅਤੇ ਵਿਰਾਸਤ-ਏ-ਖਾਲਸਾ ਦੀ ਸੇਵਾ ਲਈ ਹੈ। ਇਸੇ ਤਰ੍ਹਾਂ ਵੱਡੇ ਘੱਲੂਘਾਰੇ ਦੀ ਯਾਦਗਾਰ ਦੀ ਸੇਵਾ ਵੀ ਮੇਰੇ ਤੋਂ ਲਈ ਹੈ। ਇਹ ਵੀ ਬਣ ਗਿਆ ਹੈ। ਛੋਟਾ ਘੱਲੂਘਾਰਾ, ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦਗਾਰ ਵੀ ਬਣ ਗਈ ਹੈ। ਮੇਰਾ ਮਤਲਬ ਹੈ ਕਿ ਕੋਈ ਇਕ ਗੱਲ ਵੀ ਕਹਿ ਦੇਵੇ ਕਿ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਕੋਈ ਕਮੀ ਹੈ ਤਾਂ ਮੈਂ ਦੇਣਦਾਰ ਹਾਂ। ਇਸੇ ਤਰ੍ਹਾਂ ਜੰਗੇ ਆਜ਼ਾਦੀ ਮੈਮੋਰੀਅਲ ਬਣ ਰਿਹਾ ਹੈ । ਕੀ ਇਸ ਬਾਰੇ ਕਦੇ ਹਿੰਦੁਸਤਾਨ ਵਿੱਚ ਕਿਸੇ ਨੇ ਸੋਚਿਆ ਹੈ ? ਅੱਜ ਅਸੀਂ ਇਥੇ ਚੀਫ ਮਨਿਸਟਰ ਸਾਹਿਬ ਬਣੇ ਹਾਂ, ਐਮ.ਐਲ.ਏ ਬਣੇ ਹਾਂ, ਉਨ੍ਹਾਂ ਕਰਕੇ ਹੀ ਬਣੇ ਹਾਂ । ਹਿੰਦੁਸਤਾਨ ਵਿੱਚ ਜੰਗੇ ਆਜ਼ਾਦੀ ਦਾ ਵੱਡਾ ਮੈਮੋਰੀਅਲ ਅੱਜ ਤੱਕ ਨਹੀਂ ਬਣਿਆ। ਅੱਜ ਸਾਨੂੰ ਇਹ ਮਾਣ ਅਤੇ ਫਖਰ ਹੈ ਕਿ ਅਸੀਂ ਹਿੰਦੁਸਤਾਨ ਦੇ ਬਹਾਦਰਾਂ ਲਈ, ਜਾਨਬਾਜ਼ਾਂ ਲਈ ਕਦਰ ਕਰਦੇ ਹਾਂ । ਇਸ ਲਈ 200 ਕਰੋੜ ਰੁਪਿਆ ਲਗਾ ਕੇ ਕਰਤਾਰਪੁਰ ਕੋਲ ਜੰਗੇ ਆਜ਼ਾਦੀ ਦਾ ਮੈਮੋਰੀਅਲ ਬਣਾ ਰਹੇ ਹਾਂ। ਮੇਰਾ ਖਿਆਲ ਹੈ ਤੁਸੀਂ ਗਏ ਵੀ ਹੋਵੋਗੇ, ਮੇਰੇ ਸਾਹਮਣੇ ਬੈਠੇ ਪੀਲੀ ਪੱਗ ਵਾਲੇ ਵੀਰ (ਰਾਣਾ ਗੁਰਜੀਤ ਸਿੰਘ ਵੱਲ ਇਸ਼ਾਰਾ ਕਰਦੇ ਹੋਏ) ਵੀ ਗਏ ਹੋਣਗੇ ਪਰ ਵੈਸੇ ਵੀ ਤੁਹਾਡੇ ਆਉਣ ਨਾਲ ਉਥੇ ਕੀ ਹੋ ਜਾਣਾ ਹੈ । (ਹਾਸਾ) (ਵਿਘਨ) ਤੁਹਾਡੇ ਤਾਂ ਅਸੀਂ ਬੱਚਿਆਂ ਦੀ ਵੀ ਕਦਰ ਕਰਦੇ ਹਾਂ ।

ਇਸੇ ਤਰ੍ਹਾਂ ਰਾਮ ਤੀਰਥ ਭਗਵਾਨ ਬਾਲਮੀਕ ਜੀ ਦਾ ਅਸਥਾਨ, ਅੰਮ੍ਰਿਤਸਰ ਵਿਖੇ ਹੈ। ਤੁਸੀਂ ਆਪ (ਸ਼੍ਰੀ ਅਸ਼ਵਨੀ ਸੇਖੜੀ ਵੱਲ ਇਸ਼ਾਰਾ ਕਰਦੇ ਹੋਏ) ਜਾ ਕੇ ਦਰਸ਼ਨ ਕੀਤੇ ਹਨ, ਹੁਣ ਤੁਸੀਂ ਆਪ ਹੀ ਦੱਸੋ ਕਿ ਕੀ ਇਹ ਚੰਗੀ ਚੀਜ਼ ਨਹੀਂ ਹੈ ?

**ਸ਼੍ਰੀ ਅਸ਼ਵਨੀ ਸੇਖੜੀ (ਬੈਠੇ- ਬੈਠੇ) :** ਹਾਂ ਜੀ, ਬਿਲਕੁਲ ।

**ਮੁੱਖ ਮੰਤਰੀ :** ਮੈਂ ਤਾਂ ਤੁਹਾਡੇ ਹੱਥ ਖੜ੍ਹੇ ਕਰਵਾਉਣੇ ਹਨ । (ਥੰਪਿੰਗ)

[ ਮੁੱਖ ਮੰਤਰੀ ]

ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਵੀ ਯਾਦਗਾਰ ਬਣ ਰਹੀ ਹੈ । ਸਾਡੇ ਕਲਚਰਲ ਅਫੇਅਰਜ਼ ਮਨਿਸਟਰ ਸਾਹਿਬ ਨੂੰ ਪਤਾ ਹੈ। ਸਵਾਮੀ ਵਿਵੇਕਾਨੰਦ ਜੀ, ਬਾਬਾ ਜੀਵਨ ਸਿੰਘ ਜੀ, ਬਾਬਾ ਮੋਤੀ ਰਾਮ ਮਹਿਰਾ ਜੀ ਦੀ ਵੀ ਯਾਦਗਾਰ ਬਣ ਰਹੀ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ :** ** **

**Mr. Speaker :** No point of order.

**ਮੁੱਖ ਮੰਤਰੀ :** ਸਰਦਾਰ ਜੀ, ਮੈਂ ਤਾਂ ਸੋਚਿਆ ਕਿ ਕੋਈ ਚੰਗਾ ਸੁਝਾਅ ਦਿਓਗੇ । ਕੀ ਕੋਈ ਇਕੱਲਾ ਬੰਦਾ ਬਣਾ ਸਕਦਾ ਹੈ ? ਸਾਰੀ ਦੁਨੀਆਂ ਵਿੱਚ ਕੋਈ ਬੰਦਾ ਇਸ ਤਰ੍ਹਾਂ ਨਹੀਂ ਬਣਾ ਸਕਦਾ। ਇਹ ਸਰਕਾਰਾਂ ਦੀ ਸੋਚ ਹੈ। ਤੁਸੀਂ ਵੀ ਭਗਵਾਨ ਬਾਲਮੀਕ ਜੀ ਦੇ ਅਸਥਾਨ, ਗੁਰੂ ਰਵਿਦਾਸ ਜੀ ਦੇ ਅਸਥਾਨ ਜਾਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੇਵਾ ਕਰ ਸਕਦੇ ਹੋ, ਪਰ ਤੁਹਾਡੀ ਕਿਸਮਤ ਵਿੱਚ ਨਹੀਂ ਲਿਖਿਆ ਹੈ। ਇਸ ਕਰਕੇ ਮੈਂ ਇਹ ਕਹਿ ਰਿਹਾ ਹਾਂ । ਮੈਂ ਮਹਾਰਾਣੀ ਸਾਹਿਬਾ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਹ ਐਮ.ਐਲ.ਏ ਬਣੇ ਔਰ ਉਨ੍ਹਾਂ ਨੇ ਆ ਕੇ ਪਹਿਲੇ ਦਿਨ ਸਪੀਚ ਕੀਤੀ ਹੈ। ਜਦੋਂ ਉਨ੍ਹਾਂ ਨੇ ਸਪੀਚ ਕੀਤੀ ਉਦੋਂ ਮੇਰੇ ਤੇ ਬੜਾ ਅਸਰ ਹੋਇਆ, ਮੈਂ ਸੋਚਿਆ ਕਿ ਸਾਰੇ ਹਾਊਸ ਵਿੱਚ ਜੇ ਠੀਕ ਗੱਲ ਕੀਤੀ ਹੈ ਤਾਂ ਬੀਬੀ ਜੀ ਨੇ ਕੀਤੀ ਹੈ। ਮੇਰਾ ਤਾਂ ਪਸੀਨਾ ਹੀ ਛੁੱਟ ਗਿਆ ਕਿ ਕਿਤੇ ਬੀਬੀ ਜੀ ਨੇ ਜਿਹੜੀਆਂ ਗੱਲਾਂ ਕਹੀਆਂ ਹਨ ਕਿ ਕਿਤੇ ਉਹ ਸੱਚੀਆਂ ਹੀ ਨਾ ਹੋਣ। ਮੈਂ ਤੁਰੰਤ ਆਪਣੇ ਦਫਤਰ ਵਿਚੋਂ ਨੋਟ ਮੰਗਵਾਇਆ ਕਿ ਪਟਿਆਲੇ ਦਾ ਕੀ ਕੀਤਾ ਹੈ । ਸਪੀਕਰ ਸਾਹਿਬ, ਬੀਬੀ ਜੀ ਤੁਸੀਂ ਨੋਟ ਕਰ ਲਿਓ ਕਿ ਸਾਲ 2007 ਤੋਂ ਆਨਵਰਡ 160 ਕਰੋੜ ਰੁਪਿਆ, ਸੀਵਰੇਜ, ਐਸ.ਟੀ.ਪੀ. ਅਤੇ ਵਾਟਰ ਸਪਲਾਈ ਵਿੱਚ ਅਸੀਂ ਪਟਿਆਲਾ ਸ਼ਹਿਰ ਵਾਸਤੇ ਲਗਾਇਆ ਹੈ ਅਤੇ ਨਾਲ ਹੀ ਮੈਂ ਇਹ ਵੀ ਦੱਸਦਾ ਹਾਂ ਕਿ ਜਦੋਂ ਮਹਾਰਾਜਾ ਸਾਹਿਬ ਚੀਫ ਮਨਿਸਟਰ ਸੀ ਤਾਂ ਉਨ੍ਹਾਂ ਨੇ ਸਿਰਫ 27 ਕਰੋੜ ਰੁਪਏ ਹੀ ਲਗਾਏ। ਹੁਣ ਤੁਸੀਂ ਦੇਖੋ ਕਿੱਥੇ 27 ਕਰੋੜ ਤੇ ਕਿੱਥੇ 160 ਕਰੋੜ। ਇਸ ਤੋਂ ਇਲਾਵਾ ਤੁਸੀਂ ਕਿਹਾ ਕਿ ਮੈਂ ਟਿਊਬਵੈੱਲ ਲਗਵਾਇਆ, ਉਸ ਤੇ ਪਾਈਪ ਨਹੀਂ ਲੱਗੀ।

---

**Expunged as ordered by the Chair.

**ਸ਼੍ਰੀਮਤੀ ਪਰਨੀਤ ਕੌਰ (ਬੈਠੇ–ਬੈਠੇ) :** ਨਹੀਂ ਲੱਗੀ ਜੀ।

**ਮੁੱਖ ਮੰਤਰੀ :** ਪਹਿਲਾਂ ਮੇਰੀ ਅਰਜ਼ ਸੁਣ ਲਉ। ਇਸ ਵੇਲੇ ਪਟਿਆਲਾ ਵਿੱਚ 127 ਟਿਊਬਵੈੱਲ ਹਨ। ਜਿਹੜਾ ਸਭ ਨੂੰ ਪਾਣੀ ਮਿਲਦਾ ਹੈ ਉਹ 136 ਲੀਟਰ ਪ੍ਰਤੀ ਵਿਅਕਤੀ ਮਿਲਦਾ ਹੈ ਜਦੋਂ ਕਿ 135 ਲੀਟਰ ਤੱਕ ਸਰਕਾਰ ਵੱਲੋਂ ਮਨਜ਼ੂਰ ਹੈ। ਮੈਂ ਇੱਕ ਅਰਜ਼ ਹੋਰ ਕਰਨੀ ਚਾਹੁੰਦਾ ਹਾਂ। ਇਹ ਤਾਂ ਸੀ ਵਾਟਰ ਸਪਲਾਈ ਜਾਂ ਸੀਵਰੇਜ ਵਾਸਤੇ। ਦੂਜੀ ਹੈ, ਪਟਿਆਲਾ ਦੀ ਜਨਰਲ ਡਿਵੈਲਪਮੈਂਟ। ਸਾਲ 2002 ਤੋਂ ਸਾਲ 2007 ਤੱਕ ਮਹਾਰਾਜਾ ਸਾਹਿਬ ਚੀਫ ਮਨਿਸਟਰ ਸਨ, ਉਦੋਂ ਉਥੇ 90 ਕਰੋੜ ਰੁਪਿਆ ਗਿਆ ਸੀ। ਅਸੀਂ ਆਪਣੀ ਸਰਕਾਰ ਵੱਲੋਂ 212 ਕਰੋੜ ਰੁਪਿਆ ਘੱਲਿਆ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੇਰੇ ਵਾਸਤੇ ਕੋਈ ਸ਼ਹਿਰ ਬੇਗਾਨਾ ਨਹੀਂ ਹੈ। ਮੇਰੇ ਵਾਸਤੇ ਤਾਂ ਸਾਰਾ ਪੰਜਾਬ, ਹਰ ਇਨਸਾਨ, ਹਰ ਇਲਾਕਾ ਆਪਣਾ ਹੈ। ਮੈਂ ਹੁਣੇ ਹੀ ਫਿਗਰਜ਼ ਮੰਗਵਾਈਆਂ ਹਨ । ਕਿਲਾ ਮੁਬਾਰਕ ਤੇ ਅਸੀਂ 14 ਕਰੋੜ ਰੁਪਿਆ ਰੈਨੋਵੇਸ਼ਨ ਵਾਸਤੇ ਖਰਚ ਕਰ ਰਹੇ ਹਾਂ। ਮੇਰਾ ਖਿਆਲ ਕਿ ਚਮਕੌਰ ਸਾਹਿਬ ਵਾਲੇ ਮੈਂਬਰ ਬੈਠੇ ਨਹੀਂ। ਉਨ੍ਹਾਂ ਨੂੰ ਦੱਸ ਦੇਣਾ ਕਿ ਉਥੇ 13 ਕਰੋੜ ਰੁਪਿਆ ਭੇਜਿਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਸਰਦਾਰ ਜਗਮੋਹਨ ਸਿੰਘ ਕੰਗ :** ਉਥੇ ਕੁਝ ਬਣਿਆ ਤਾਂ ਹੈ ਨਹੀਂ।

**ਮੁੱਖ ਮੰਤਰੀ :** ਤੁਸੀਂ ਉਥੇ ਜਾ ਕੇ ਵੇਖੋ। ਤੁਸੀਂ ਉਥੇ ਗਏ ਹੀ ਨਹੀਂ ਹੋ। ਐਵੇਂ ਨਾ ਹਰ ਚੀਜ਼ ਨੂੰ ਕੰਡੈਮ ਕਰਿਆ ਕਰੋ। ਜੇਕਰ ਕੋਈ ਗੱਲ ਝੂਠੀ ਹੋਵੇ ਤਾਂ ਮੈਂ ਮੁਆਫੀ ਮੰਗਣ ਨੂੰ ਤਿਆਰ ਹਾਂ। ਮੈਂ ਹੁਣ ਤੱਕ ਜਿੰਨੀਆਂ ਗੱਲਾਂ ਕਹੀਆਂ ਹਨ, ਕੋਈ ਦੱਸ ਦੇਵੇ ਕਿ ਕੋਈ ਗੱਲ ਗਲਤ ਹੈ। ਫਿਰ ਮਹਾਰਾਣੀ ਸਾਹਿਬਾ ਨੇ ਇੱਕ ਉਲਾਂਭਾ ਦਿੱਤਾ ਕਿ ਪਟਿਆਲਾ ਵਿੱਚ ਹੈਰੀਟੇਜ ਫੈਸਟੀਵਲ ਬੰਦ ਕਰ ਦਿੱਤਾ ਗਿਆ ਹੈ। ਬੀਬੀ ਜੀ ਤੁਸੀਂ ਸੈਂਟਰ ਦੇ ਮਨਿਸਟਰ ਰਹੇ ਹੋ, ਇਹ ਮੈਂ ਨਹੀਂ ਬੰਦ ਕੀਤਾ ਸਗੋਂ ਇਹ ਕੇਂਦਰ ਸਰਕਾਰ ਨੇ ਬੰਦ ਕੀਤਾ ਹੈ।

**ਸ਼੍ਰੀਮਤੀ ਪਰਨੀਤ ਕੌਰ ( ਬੈਠੇ–ਬੈਠੇ) :** ਬਿਲਕੁਲ ਨਹੀਂ।

**ਮੁੱਖ ਮੰਤਰੀ :** ਭਾਰਤ ਸਰਕਾਰ ਨੇ ਹੀ ਇਹ ਫੈਸਟੀਵਲ ਚਲਾਏ ਸਨ ਅਤੇ ਭਾਰਤ ਸਰਕਾਰ ਨੇ ਹੀ ਬੰਦ ਕਰ ਦਿੱਤੇ। ਫਿਰ ਇਨ੍ਹਾਂ ਨੇ ਰਾਜਿੰਦਰਾ ਹਸਪਤਾਲ ਦੀ ਗੱਲ ਕੀਤੀ ਕਿ ਉਥੇ ਗੱਦੇ ਨਹੀਂ ਹਨ, ਉਨ੍ਹਾਂ ਦੇ ਸਪਰਿੰਗ ਨਿਕਲ ਚੁੱਕੇ ਹਨ। ਅਸੀਂ ਰਾਜਿੰਦਰਾ ਹਸਪਤਾਲ ਦੀ ਅੱਪਗਰੇਡੇਸ਼ਨ ਲਈ 135 ਕਰੋੜ

[ ਮੁੱਖ ਮੰਤਰੀ ]

ਰੁਪਿਆ ਲਗਾਇਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ** ** ਮੈਡੀਕਲ ਕਾਲਜ ਦੀ ਅੱਪਗਰੇਡੇਸ਼ਨ ਲਈ 60 ਕਰੋੜ ਰੁਪਿਆ ਦੇ ਰਹੇ ਹਾਂ। ਤੁਸੀਂ ਦੱਸ ਦਿਉ ਜੇਕਰ ਇਸ ਵਿੱਚ ਕੋਈ ਝੂਠ ਹੋਇਆ। ਜੇਕਰ ਝੂਠ ਹੋਇਆ ਤਾਂ ਮੈਨੂੰ ਕੋਈ ਮਰਜ਼ੀ ਸਜ਼ਾ ਦਿਉ। ਹੁਣ ਪਾਵਰ ਦੀ ਗੱਲ ਆ ਗਈ।

**ਸਰਦਾਰ ਸੁਖਜਿੰਦਰ ਸਿੰਘ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਮੈਂ ਦੁਬਾਰਾ ਤੁਹਾਨੂੰ ਟੋਕਣਾ ਨਹੀਂ, ਮੈਂ ਤੁਹਾਨੂੰ ਇੱਕ ਬੇਨਤੀ ਕਰਨੀ ਹੈ। ਤੁਸੀਂ ਬਹੁਤ ਕੁਝ ਕਿਹਾ ਹੈ। ਮੇਰੀ ਇੱਕ ਛੋਟੀ ਜਿਹੀ ਬੇਨਤੀ ਹੈ ਕਿ ਡੇਰਾ ਬਾਬਾ ਨਾਨਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਤੇ ਸ਼ਹਿਰ ਹੈ। ਗੁਰੂ ਨਾਨਕ ਦੇਵ ਜੀ ਦਾ ਚੋਲਾ ਸਾਹਿਬ ਉਥੇ ਸੁਸ਼ੋਭਿਤ ਹੈ। ਉਥੋਂ ਸਾਹਮਣੇ ਕਰਤਾਰਪੁਰ ਸਾਹਿਬ ਨੂੰ ਸੜਕ ਬਣੀ ਹੈ। ਉਥੇ ਜਿਹੜੀ ਸਰਕੂਲਰ ਰੋਡ ਹੈ, ਸਾਲ 2007 ਤੋਂ ਲੈ ਕੇ ਹੁਣ ਤੱਕ ਉਸ ਸੜਕ ਤੇ ਕੋਈ ਚੱਲ ਨਹੀਂ ਸਕਦਾ। ਉਥੇ ਹਰ ਸਾਲ ਚੋਲਾ ਸਾਹਿਬ ਦਾ ਮੇਲਾ ਵੀ ਲੱਗਦਾ ਹੈ ਜਿੱਥੇ ਲੱਖਾਂ ਦੀ ਤਾਦਾਦ ਵਿੱਚ ਸੰਗਤ ਆਉਂਦੀ ਹੈ। ਕਿਰਪਾ ਕਰਕੇ ਜੇ ਤੁਸੀਂ ਬਾਕੀ ਕੁਝ ਕੀਤਾ ਹੈ ਤਾਂ ਅੱਜ ਡੇਰਾ ਬਾਬਾ ਨਾਨਕ ਤੇ ਵੀ ਕਿਰਪਾ ਕਰ ਦਿਉ। ਸਰਕੂਲਰ ਰੋਡ ਸਬੰਧੀ ਅੱਜ ਇੱਥੇ ਐਲਾਨ ਕਰ ਦਿਉ।

**ਮੁੱਖ ਮੰਤਰੀ :** ਉਸ ਪਵਿੱਤਰ ਸਥਾਨ ਤੇ ਵਾਹਿਗੁਰੂ ਦੀ ਕਿਰਪਾ ਹੋਈ ਤਾਂ ਇਹੋ ਜਿਹੀ ਸੜਕ ਬਣਾ ਦੇਵਾਂਗੇ ਕਿ ਤੁਸੀਂ ਭੰਗੜਾ ਪਾਉਂਦੇ ਜਾਵੋਗੇ। (ਹਾਸਾ) (ਸ਼ੋਰ) ਹੋ ਜਾਵੇਗਾ।

**ਸਰਦਾਰ ਸੁਖਜਿੰਦਰ ਸਿੰਘ :** ਤੁਸੀਂ ਅਨਾਊਂਸ ਕਰ ਦਿਉ।

**ਮੁੱਖ ਮੰਤਰੀ :** ਅਨਾਊਂਸ ਤਾਂ ਬਹੁਤ ਛੋਟੀ ਗੱਲ ਹੈ।

**ਸਰਦਾਰ ਸੁਖਜਿੰਦਰ ਸਿੰਘ :** ਪੀ.ਡਬਲਿਊ.ਡੀ. ਮਨਿਸਟਰ ਬੈਠੇ ਹਨ।

**ਮੁੱਖ ਮੰਤਰੀ :** ਮੈਂ ਵੱਡਾ ਹਾਂ ਕਿ ਪੀ.ਡਬਲਿਊ.ਡੀ. ਮਨਿਸਟਰ? (ਹਾਸਾ) ਹੋ ਗਿਆ ਜੀ। ਮੈਂ ਤਾਂ ਕਦੇ ਕਿਸੇ ਨੂੰ ਜਵਾਬ ਹੀ ਨਹੀਂ ਦਿੱਤਾ। (ਸ਼ੋਰ) ਤੁਸੀਂ ਰਿਸ਼ਤਾ ਤੋੜ ਕਿਉਂ ਦਿੱਤਾ ਹੈ ? ਆਇਆ ਕਰੋ। ਮੇਰਾ ਮਤਲਬ ਹੈ ਕਿ ਆਪਣੇ ਰਿਸ਼ਤੇ ਨਾ ਵਿਗਾੜੋ। (ਵਿਘਨ) ਮੈਂ ਤਾਂ ਕਿਸੇ ਨੂੰ ਜਵਾਬ ਹੀ ਨਹੀਂ ਦਿੰਦਾ

**Expunged as ordered by the Chair.

ਭਾਵੇਂ ਕੋਈ ਵੀ ਆਵੇ ਕੋਈ ਜਾਵੇ। ਬਾਈਕਾਟ ਤਾਂ ਤੁਸੀਂ ਕੀਤਾ ਹੈ। ਮੈਂ ਤਾਂ ਕਹਿੰਦਾ ਹਾਂ ਕਿ ਤੁਸੀਂ ਸੱਦ ਲਿਆ ਕਰੋ। ਮੈਂ ਤੁਹਾਡੇ ਘਰ ਆ ਜਾਵਾਂਗਾ, ਮੈਨੂੰ ਤਾਂ ਕੋਈ ਕੁਝ ਨਹੀਂ ਕਹਿੰਦਾ। ਤੁਹਾਨੂੰ ਤਾਂ ਸ਼ਾਇਦ ਹਾਈ ਕਮਾਂਡ ਵਾਲੇ ਪੁੱਛ ਲੈਣ... (ਵਿਘਨ..)

**ਸਰਦਾਰ ਸੁਖਜਿੰਦਰ ਸਿੰਘ :** ਤੁਸੀਂ ਚਿੱਠੀ ਦਾ ਤਾਂ ਜਵਾਬ ਨਹੀਂ ਦਿੰਦੇ, ਤੁਹਾਡੇ ਕੋਲ ਕੀ ਆਈਏ।

**ਮੁੱਖ ਮੰਤਰੀ :** ਤੁਸੀਂ ਆ ਜਾਇਆ ਕਰੋ।

**ਸਰਦਾਰ ਸੁਖਜਿੰਦਰ ਸਿੰਘ :** ਆਉਣ ਦੀ ਗੱਲ ਤਾਂ ਹੋਵੇ, ਪਰ ਤੁਸੀਂ ਚਿੱਠੀ ਦਾ ਤਾਂ ਜਵਾਬ ਨਹੀਂ ਦਿੰਦੇ।

**ਮੁੱਖ ਮੰਤਰੀ :** ਤੁਹਾਡੇ ਪਿਤਾ ਜੀ ਮੇਰੇ ਬੜੇ ਮਿੱਤਰ ਸਨ।

**ਸਰਦਾਰ ਸੁਖਜਿੰਦਰ ਸਿੰਘ :** ਮੈਂ ਵੀ ਤੁਹਾਡੀ ਬੜੀ ਇੱਜ਼ਤ ਕਰਦਾ ਹਾਂ।

**ਮੁੱਖ ਮੰਤਰੀ :** ਇੱਥੇ ਜਿੰਨੇ ਵੀ ਬੈਠੇ ਹਨ, ਇਨ੍ਹਾਂ ਦੇ ਬਜ਼ੁਰਗ ਪਿਤਾ ਜੀ ਮੇਰੇ ਮਿੱਤਰ ਸਨ। ਆਹ, ਰਾਣਾ ਸਾਹਿਬ ਦੇ ਘਰ ਮੈਂ 10 ਵਾਰ ਰੋਟੀ ਖਾਧੀ ਹੋਣੀ ਹੈ, ਤੁਹਾਡੇ ਪਿਤਾ ਜੀ ਨਾਲ। ਆਹ, ਮੋਫਰ ਜੀ ਬੈਠੇ ਹਨ। ਮੋਫਰ ਸਾਹਿਬ, ਤੁਹਾਡੇ ਘਰ ਰਾਤਾਂ ਰਹਿੰਦੇ ਰਹੇ ਹਾਂ। ਹੁਣ ਭਾਵੇਂ ਤੁਸੀਂ ਕੁਝ ਆਖੀ ਜਾਉ। ਹੁਣ ਉਹ ਵੀ ਮੈਨੂੰ ਨਿੰਦਦਾ ਹੈ।(ਵਿਘਨ) ਇਨ੍ਹਾਂ ਦੇ ਪਿਤਾ ਜੀ ਜਦੋਂ ਇਲੈਕਸ਼ਨ ਲੜੇ ਸੀ ਤਾਂ ਮੈਂ 15 ਦਿਨ ਇਨ੍ਹਾਂ ਦੇ ਘਰ ਰਿਹਾ ਹਾਂ। ਉਹ ਅਕਾਲੀ ਦਲ ਦੀ ਟਿਕਟ ਤੋਂ ਲੜੇ ਸਨ। ਇਹ ਤਾਂ ਇਧਰ-ਉਧਰ ਫਿਰ-ਫੁਰ ਜਾਂਦਾ ਹੈ। (ਹਾਸਾ) ਹੁਣ ਤਾਂ ਇਹ ਬੜਾ ਸੈਕੂਲਰ ਬਣ ਗਿਆ ਹੈ। ਪਹਿਲਾਂ ਇਹ ਆਖਦਾ ਹੁੰਦਾ ਸੀ : ** ** ਮੈਂ ਆਪ ਸੁਣਿਆ ਹੈ। ਤ੍ਰਿਪਤ ਰਜਿੰਦਰ ਸਿੰਘ ਬਾਜਵਾ ਜੀ, ਤੁਹਾਡੇ ਪਿਤਾ ਜੀ ਨੇ ਮੇਰੇ ਪਿੰਡ ਸੜਕ ਬਣਾਈ ਜਦੋਂ ਉਹ ਪੀ.ਡਬਲਯੂ.ਡੀ. ਮੰਤਰੀ ਹੁੰਦੇ ਸਨ। ਸਾਰੇ ਪੰਜਾਬ ਵਿੱਚ ਪਹਿਲੀ ਸੜਕ ਮੇਰੇ ਪਿੰਡ ਨੂੰ ਬਣੀ ਸੀ। ਬਾਜਵਾ ਸਾਹਿਬ ਨਾਲ ਮੇਰੀ ਇੰਨੀ ਦੋਸਤੀ ਸੀ। ਇਹ ਪਾਰਟੀਆਂ ਹੋਰ ਚੀਜ਼ ਹੈ, ਤਾਅਲੁੱਕ ਹੋਰ ਚੀਜ਼ ਹੈ। ਮੈਂ ਤਾਂ ਤੁਹਾਡਾ ਸਾਰਿਆਂ ਦਾ ਸਤਿਕਾਰ ਕਰਦਾ ਹਾਂ। ਕੋਈ ਕਿਸੇ ਗੱਲ ਦਾ ਫਰਕ ਨਹੀਂ। (ਵਿਘਨ) ਮੈਨੂੰ ਅੱਜ ਬੋਲ ਲੈਣ ਦਿਉ। ਇਹ ਸਾਲ ਬਾਅਦ ਮੌਕਾ ਮਿਲਦਾ ਹੈ। ਉਂਜ ਤਾਂ ਤੁਸੀਂ ਸੁਣਦੇ ਨਹੀਂ।

**Expunged as ordered by the Chair.

**ਸਰਦਾਰ ਅਜਾਇਬ ਸਿੰਘ ਭੱਟੀ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਮੇਰੀ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਮੈਂ 8 ਸਾਲਾਂ ਵਿਚ ਤੁਹਾਨੂੰ ਦੋ ਵਾਰ ਬੇਨਤੀ ਕੀਤੀ ਹੈ। ਭੁੱਚੋ ਮੰਡੀ 6 ਬੰਦੇ ਮਰ ਗਏ ਹਨ। ਮੈਂ ਉਨ੍ਹਾਂ ਦੇ ਕੇਸ ਡੀ.ਸੀ. ਦੇ ਰਾਹੀਂ ਤੁਹਾਨੂੰ ਭਿਜਵਾਏ ਸਨ। ਤੁਸੀਂ ਜੋ ਮੈਨੂੰ ਜਵਾਬ ਭੇਜਿਆ ਹੈ, ਸੌਰੀ, ਉਹ ਮੈਂ ਅੱਜ ਨਾਲ ਨਹੀਂ ਲੈ ਕੇ ਆਇਆ। ਮੈਂ ਆਪਣੇ ਸਾਥੀਆਂ ਨੂੰ ਵੀ ਕਿਹਾ ਸੀ, ਅੱਜ ਬਾਦਲ ਸਾਹਿਬ ਨੂੰ ਇਹ ਜਵਾਬ ਲਿਜਾ ਕੇ ਵਿਖਾਵਾਂਗੇ। ਤੁਸੀਂ ਲਿਖ ਕੇ ਭੇਜਿਆ ਹੈ ਕਿ ਸਾਡੇ ਕੋਲ ਕੋਈ ਅਜਿਹੀ ਪਾਲਿਸੀ ਨਹੀਂ ਹੈ ਅਤੇ ਅਸੀਂ ਪੈਸੇ ਨਹੀਂ ਦੇ ਸਕਦੇ। ਮੇਰੇ ਹਲਕੇ ਭੁੱਚੋ ਮੰਡੀ ਵਿਚ, ਵਿਚ 6 ਬੰਦੇ ਸ਼ਡਿਊਲਡ ਕਾਸਟ ਦੇ ਐਕਸੀਡੈਂਟ ਵਿਚ ਮਰੇ ਹਨ ਜਿਥੇ ਤੁਸੀਂ ਅਕਸਰ ਜਾਂਦੇ ਹੋ।(ਵਿਘਨ) ਤੁਸੀਂ ਕਹਿੰਦੇ ਹੋ ਕਿ ਸਾਡੇ ਕੋਲ ਕੋਈ ਪੈਸਾ ਨਹੀਂ ਹੈ।

**ਮੁੱਖ ਮੰਤਰੀ :** ਬੈਠੋ, ਬੈਠੋ। ਮੈਂ ਅਰਜ਼ ਕਰਦਾ ਹਾਂ ਕਿ ਸਾਰੇ ਪੰਜਾਬ ਦੀ ਇਕ ਪਾਲਿਸੀ ਹੈ। ਇਹ ਕਿਸੇ ਇਕ ਵਾਸਤੇ ਨਹੀਂ ਹੈ। ਜਦੋਂ ਕੋਈ ਡੈਥ ਹੋ ਜਾਂਦੀ ਹੈ ਤਾਂ ਇਕ ਲੱਖ ਰੁਪਿਆ ਦਿੱਤਾ ਜਾਂਦਾ ਹੈ। ਮੇਰੇ ਕੋਲੋਂ ਤੁਸੀਂ ਇਨ੍ਹਾਂ ਲਈ 1-1 ਲੱਖ ਰੁਪਿਆ ਲੈ ਜਾਇਉ। ਤੁਸੀਂ ਚੈਕ ਆਪ ਹੀ ਲੈ ਜਾਇਉ।

(**ਇਕ ਅਵਾਜ਼ :** 5 ਲੱਖ ਦੇ ਦਿਉ ਜੀ।)

**ਮੁੱਖ ਮੰਤਰੀ :** ਨਹੀਂ, ਇਸ ਤਰ੍ਹਾਂ ਨਹੀਂ ਹੁੰਦਾ। ਜਿਹੜੀ ਪਾਲਿਸੀ ਹੈ, ਉਸ ਦੇ ਮੁਤਾਬਿਕ ਇੱਕ ਲੱਖ ਰੁਪਿਆ ਦਿੱਤਾ ਜਾਂਦਾ ਹੈ। ਅਗਲੀ ਗੱਲ ਮੈਂ ਬਿਜਲੀ ਦੀ ਕਰਦਾ ਹਾਂ। ਆਪਾਂ ਸੱਚ ਨੂੰ ਕਿੰਨਾ ਕੁ ਚਿਰ ਲੁਕੋ ਲਵਾਂਗੇ। ਸੱਚ ਤਾਂ ਸੱਚ ਹੁੰਦਾ ਹੈ ਅਤੇ ਝੂਠ, ਝੂਠ ਹੁੰਦਾ ਹੈ। ਤੁਸੀਂ ਵੇਖੋ, ਜਦੋਂ ਦਾ ਅਸੀਂ ਚਾਰਜ ਲਿਆ ਹੈ। ਉਸ ਵਕਤ 6201 ਮੈਗਾਵਾਟ ਬਿਜਲੀ ਸੀ। ਬੜਾ ਫਰਕ ਸੀ। ਤਕਰੀਬਨ 30% ਘੱਟ ਸੀ। ਅੱਜ ਦੇ ਦਿਨ 11534 ਮੈਗਾਵਾਟ ਬਿਜਲੀ ਪੰਜਾਬ ਕੋਲ ਹੈ। (ਥੰਪਿੰਗ) ਇਕ ਪੀਕ ਸੀਜ਼ਨ ਹੁੰਦਾ ਹੈ। ਜਦੋਂ ਝੋਨੇ ਦੀ ਫਸਲ ਹੁੰਦੀ ਹੈ, ਉਦੋਂ ਪੀਕ ਸੀਜ਼ਨ ਹੁੰਦਾ ਹੈ। ਉਦੋਂ ਜਿਹੜੀ ਬਿਜਲੀ ਚਾਹੀਦੀ ਹੈ, ਉਹ 11534 ਮੈਗਾਵਾਟ ਬਿਜਲੀ ਹੈ। ਅੱਜ ਦੇ ਦਿਨ ਵੀ ਜਿੰਨੀ ਸਾਡੇ ਕੋਲ ਬਿਜਲੀ ਹੈ, ਇਹ ਤਾਂ ਰਿਕਾਰਡ ਦੀ ਗੱਲ ਹੈ। ਤੁਸੀਂ ਭਾਵੇਂ ਪਟਿਆਲੇ ਜਾ ਕੇ ਬਿਜਲੀ ਬੋਰਡ ਵਾਲਿਆਂ ਕੋਲੋਂ ਪੁੱਛ ਲਵੋ ਕਿ ਜੈਨਰੇਸ਼ਨ ਕਿੰਨੀ ਹੈ? ਜਿੰਨੀ ਬਿਜਲੀ ਆਪਣੇ ਕੋਲ ਹੈ, ਉਹ ਅੱਜ ਵੀ ਸਰਪਲੱਸ ਹੈ। ਇਹ ਨਹੀਂ ਕਿ ਆਪਣਾ ਡੰਗ ਟਪਾਈਏ,

660 ਮੈਗਾਵਾਟ ਬਿਜਲੀ ਤਲਵੰਡੀ ਸਾਬੋ ਅਗਲੇ ਮਹੀਨੇ ਮਈ, 2015 ਤੋਂ ਮਿਲਣ ਲੱਗ ਪਵੇਗੀ । ਜੋ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਪੰਜਾਬ ਨੂੰ ਬਿਜਲੀ ਵਿੱਚ ਸੈਲਫ ਸਫੀਸ਼ੀਐਂਟ ਬਣਾਵਾਂਗੇ, ਈਵਨ ਸਰਪਲੱਸ ਬਣਾਉਣ ਦੀ ਵੀ ਕੋਸ਼ਿਸ਼ ਕਰਾਂਗੇ, ਅੱਜ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਆਪਣਾ ਵਾਅਦਾ ਪੂਰਾ ਕੀਤਾ ਹੈ । (ਥੰਪਿੰਗ) ਤੁਸੀਂ ਆਖਦੇ ਹੋ ਕਿ ਵਾਅਦਾ ਕਰਦੇ ਹੋ ਤੇ ਪੂਰਾ ਨਹੀਂ ਕਰਦੇ, ਐਵੇਂ ਕਹਿੰਦੇ ਹੋ, ਅਜਿਹਾ ਨਹੀਂ । ਇਹ ਮੈਂ ਨਹੀਂ ਆਖਦਾ ਬਲਕਿ ਗੌਰਮਿੰਟ ਆਫ ਇੰਡੀਆ ਨੇ ਜੋ ਕੁਝ ਕਿਹਾ ਹੈ, ਧਿਆਨ ਨਾਲ ਸੁਣ ਲਓ। ਜਿਹੜਾ ਪੰਜਾਬ ਦਾ ਪਾਵਰਕੌਮ ਹੈ : Powercom has been awarded the best utility award by Central Board of Irrigation and Power. ਪਤਾ ਕਰ ਲੈਣਾ ਕਿ ਜੇ ਨਹੀਂ ਮਿਲਿਆ । ਅੱਗੇ ਲਿਖਿਆ ਹੈ ਕਿ : Punjab awarded as one of the best performing State in adding solar power by Ministry of New and Renewable Energy. PEDA declared as one of the best performing state in energy conservation. ਸਪੀਕਰ ਸਾਹਿਬ, ਇਕੱਲਾ ਬਿਜਲੀ ਪੈਦਾ ਕਰਨੀ ਨਹੀਂ, ਟਰਾਂਮਿਸ਼ਨ ਵਿੱਚ ਵੀ ਜਿਸ ਰਾਹੀਂ ਬਿਜਲੀ ਪਿੰਡਾਂ ਤੱਕ ਪਹੁੰਚਣੀ ਹੈ, ਹਰ ਘਰ ਤੱਕ ਪਹੁੰਚਣੀ ਹੈ, ਉਸ ਵਿੱਚ ਵੀ ਅਸੀਂ 16000/- ਕਰੋੜ ਰੁਪਿਆ ਖਰਚ ਕੀਤਾ ਹੈ ਅਤੇ ਅਗਾਂਹ ਦੋ ਸਾਲਾਂ ਵਿੱਚ 6600 ਕਰੋੜ ਰੁਪਿਆ ਖਰਚ ਕਰਨ ਜਾ ਰਹੇ ਹਾਂ । ਹੁਣ ਟੀ. ਡੀ. ਲਾਸਿਜ਼ ਤੇ ਆ ਜਾਓ । ਸਾਰੇ ਹਿੰਦੁਸਤਾਨ ਵਿੱਚ ਗਿਣਿਆ ਜਾਂਦਾ ਹੈ ਕਿ ਇਹ ਲਾਸਿਜ਼ ਬਿਜਲੀ ਦੇ ਕਿੰਨੇ ਹਨ ਤੇ ਤੁਸੀਂ ਸੁਣ ਕੇ ਖੁਸ਼ ਹੋਵੋਗੇ ਕਿ ਜਦੋਂ ਦਾ ਅਸੀਂ ਚਾਰਜ ਸੰਭਾਲਿਆ ਹੈ, ਇਹ 23.92 ਪਰਸੈਂਟ ਸਨ ਪਰ ਅੱਜ ਇਹ 16.95 ਪ੍ਰਤੀਸ਼ਤ ਹੋ ਗਏ ਹਨ। ਇਸ ਤਰ੍ਹਾਂ ਕਰਕੇ ਇਹ ਘੱਟ ਗਏ ਹਨ । According to Ministry of Power, Punjab is the second lowest TD Losses in the Country. ਹੁਣ ਬਿਜਲੀ ਵੀ ਇੰਨੀ ਪੈਦਾ ਕਰ ਦਿੱਤੀ ਹੈ, ਲਾਸ ਵੀ ਨਹੀਂ ਹੋ ਰਿਹਾ ਤੇ ਹੁਣ ਤਾਂ ਵੀ ਤੁਸੀਂ ਨਹੀਂ ਮੰਨਣਾ ਤਾਂ ਤੁਹਾਡੀ ਮਰਜ਼ੀ । ਮੈਂ ਹੋਰ ਕੁਝ ਨਹੀਂ ਕਹਿ ਸਕਦਾ । ਨਾਲ ਹੀ ਇਹ ਹੈ ਕਿ ਜੋ ਅਸੀਂ ਵਾਅਦਾ ਕੀਤਾ ਹੈ, ਅਸੀਂ ਕਦੀ ਵੀ ਮੁਕਰੇ ਨਹੀਂ, ਫਰੀ ਇਲੈਕਟ੍ਰੀਸਿਟੀ ਟੂ ਕਿਸਾਨ ਅਤੇ ਬੀ. ਪੀ. ਐਲਜ਼ ਨੂੰ ਦੇ ਰਹੇ ਹਾਂ। ਤਕਰੀਬਨ 4500 ਕਰੋੜ ਰੁਪਿਆ ਹਰ ਸਾਲ ਦੀ ਸਬਸਿਡੀ ਦੇ ਰਹੇ ਹਾਂ । ਤਕਰੀਬਨ 4500 ਕਰੋੜ ਹੈ, ਕਦੀ ਇਹ 5000 ਕਰੋੜ ਰੁਪਿਆ ਵੀ ਹੋ

[ ਮੁੱਖ ਮੰਤਰੀ ]

ਜਾਂਦਾ ਹੈ । ਜੇ ਅਸੀਂ ਇਹ ਨਾ ਦਿੰਦੇ ਤਾਂ ਕਿਸਾਨ ਜਿਹੜਾ ਹੈ, ਅੱਗੇ ਹੀ ਬਹੁਤ ਤੰਗ ਹੈ, ਤੁਸੀਂ ਆਪ ਹੀ ਦੇਖ ਲਓ, ਕੀ ਹੋਣਾ ਸੀ । ਤੁਸੀਂ ਫਾਇਨਾਂਸ ਮਨਿਸਟਰ (ਸਰਦਾਰ ਲਾਲ ਸਿੰਘ ਜੀ ਵੱਲ ਇਸ਼ਾਰਾ) ਰਹੇ ਹੋ ਤੇ ਆਪੇ ਹੀ ਦੇਖ ਲਓ ਕਿ ਕਿੰਨੀ ਤੰਗੀ ਹੋ ਗਈ ਸੀ । ਮੈਂ ਅੱਜ ਹੋਰ ਐਲਾਨ ਕਰਦਾ ਹਾਂ । ਬਾਹਰ ਲੋਕ ਢਾਣੀਆਂ ਵਿੱਚ ਬਹੁਤ ਬੈਠੇ ਹਨ । 24 Hours-power supply to all the Dhanies will be provided within one year. ਸਾਰੀਆਂ ਢਾਣੀਆਂ ਜਿਹੜੀਆਂ ਹਨ, ਉਨ੍ਹਾਂ ਨੂੰ ਬਿਜਲੀ ਦਿਆਂਗੇ ।

ਸਪੀਕਰ ਸਾਹਿਬ, ਮੈਂ ਰੂਰਲ ਡਿਵੈਲਪਮੈਂਟ ਤੇ ਸ਼ਹਿਰੀ ਡਿਵੈਲਪਮੈਂਟ ਦੀ ਗੱਲ ਕਰਦਾ ਹਾਂ । ਜਿਹੜੇ ਪਿੰਡ ਹਨ, ਉਨ੍ਹਾਂ ਵੱਲ ਕਦੀ ਧਿਆਨ ਨਹੀਂ ਦਿੱਤਾ । ਮੈਂ ਉਸ ਗੱਲ ਵਿੱਚ ਨਹੀਂ ਜਾਣਾ ਚਾਹੁੰਦਾ । ਸਾਡਾ ਨਿਸ਼ਾਨਾ ਕੀ ਹੈ ? ਇੱਥੇ ਪਿੰਡਾਂ ਦੀ ਲਿਵਿੰਗ ਕੰਡੀਸ਼ਨ ਬਿਹਤਰ ਬਣਾਉਣੀ ਹੈ ਤੇ ਨਾਲ ਹੀ ਉਨ੍ਹਾਂ ਦੀ ਇਕਨਾਮਿਕ ਡਿਵੈਲਪਮੈਂਟ ਕਰਨੀ ਹੈ । Good Health, Education and other basic facilities of life in rural areas. ਔਰ ਇਹ ਮਿਸ਼ਨ ਬੇਸ ਤੇ ਕਰਨੀ ਹੈ, ਇੱਕ ਮਿਸ਼ਨ ਬਣਾਉਣਾ ਹੈ । ਸਾਰੇ ਮਹਿਕਮਿਆਂ ਨੂੰ ਇਕੱਠਾ ਕਰਕੇ, ਭਾਵੇਂ ਉਹ ਬਿਜਲੀ ਹੈ, ਭਾਵੇਂ ਸਕੂਲ ਹੈ, ਭਾਵੇਂ ਹੈਲਥ ਹੈ, ਜਿਸ ਦਾ ਪਿੰਡ ਨਾਲ ਤਾਅਲੁੱਕ ਹੈ, ਇਵੇਂ ਹੀ ਜਿਵੇਂ ਕਿਸੇ ਦਾ ਸ਼ਹਿਰ ਨਾਲ ਤਾਅਲੁੱਕ ਹੈ, ਦੋਵੇਂ ਥਾਂ ਤੇ ਮਿਸ਼ਨ ਮੋਡ ਤੇ ਪਿੰਡਾਂ ਵਿੱਚ ਇਹ ਕੰਮ ਕਰਨੇ ਹਨ । ਅਗਲੇ ਦੋ ਸਾਲਾਂ ਵਿੱਚ 5000 ਕਰੋੜ ਰੁਪਿਆ ਰੂਰਲ ਡਿਵੈਲਪਮੈਂਟ ਵਾਸਤੇ ਖਰਚ ਕਰਨਾ ਹੈ ਔਰ ਮੈਂ ਇੱਕ ਗੱਲ ਹੋਰ ਦੱਸਣੀ ਚਾਹੁੰਦਾ ਹਾਂ । ਪਿੰਡਾਂ ਵਾਲਿਆਂ ਨੂੰ ਤਕਲੀਫ ਹੁੰਦੀ ਹੈ, ਦੂਰ-ਦਰਾਜ ਜਾਣਾ ਪੈਂਦਾ ਸੀ । ਹੁਣ ਅਸੀਂ 1750 ਸੇਵਾ ਕੇਂਦਰ ਖੋਲ੍ਹ ਰਹੇ ਹਾਂ ਜਿਸ ਵਿੱਚ 206 ਸਰਵਿਸਿਜ਼ ਹੋਣਗੀਆਂ । ਦਸ ਹਜ਼ਾਰ ਪਾਪੂਲੇਸ਼ਨ ਮਗਰ ਇੱਕ ਸੇਵਾ ਕੇਂਦਰ ਹੋਵੇਗਾ ਤੇ ਉਹ ਵੀ ਹੁਣੇ ਖੁੱਲ੍ਹ ਜਾਣੇ ਹਨ ਤਾਂ ਕਿ ਦੋ-ਤਿੰਨ ਮੀਲ ਤੇ ਕਿਸੇ ਵੀ ਪਿੰਡ ਵਾਲੇ ਬੰਦੇ ਨੂੰ ਆਪਣੀ ਕੋਈ ਵੀ ਤਕਲੀਫ ਦੀ ਰਿਡਰੈਸਲ ਵਾਸਤੇ ਨਾ ਜਾਣਾ ਪਵੇ। ਇਹ ਫੈਸਲਾ ਉਹੀ ਸਰਕਾਰ ਕਰ ਸਕਦੀ ਹੈ ਜਿਸ ਦੇ ਦਿਲ ਵਿੱਚ ਪੇਂਡੂ ਲੋਕਾਂ ਵਾਸਤੇ ਹਮਦਰਦੀ ਹੋਵੇ । ਲਿੰਕ ਰੋਡਜ਼ ਦੀਆਂ ਸਾਰਿਆਂ ਨੇ ਗੱਲਾਂ ਕੀਤੀਆਂ ਹਨ ਕਿ ਸਾਡੀ ਰਿਪੇਅਰ ਨਹੀਂ ਹੋਈ। ਪਿਛਲੇ ਸਾਲ ਅਸੀਂ 10000 ਕਿਲੋਮੀਟਰ ਸੜਕ ਰਿਪੇਅਰ ਕੀਤੀ ਤੇ ਇਸ ਵਾਸਤੇ 1500 ਕਰੋੜ ਰੁਪਿਆ ਖਰਚ ਕੀਤਾ । ਅਪ੍ਰੈਲ ਵਿੱਚ ਸਾਰਾ ਖਤਮ ਹੋ ਜਾਣਾ ਹੈ

ਤੇ ਜਿਹੜਾ ਅਪ੍ਰੈਲ ਚੜ੍ਹ ਰਿਹਾ ਹੈ, ਇਸ ਸਾਲ ਤੋਂ 7500 ਕਿਲੋਮੀਟਰ ਹੋਰ ਸੜਕਾਂ ਰਿਪੇਅਰ ਕਰਨੀਆਂ ਹਨ ਜਿਸ ਤੇ 1200 ਕਰੋੜ ਰੁਪਿਆ ਖਰਚ ਹੋਵੇਗਾ। ਮੇਰਾ ਖਿਆਲ ਹੈ ਕਿ ਤਕਰੀਬਨ 70 ਤੋਂ 100 ਕਿਲੋਮੀਟਰ ਤੱਕ ਹਰ ਹਲਕੇ ਵਿੱਚ ਸੜਕ ਦੀ ਰਿਪੇਅਰ ਹੋ ਜਾਵੇਗੀ । ਬਹੁਤ ਸਾਰੀਆਂ ਪੇਂਡੂ ਲਿੰਕ ਰੋਡਜ਼ ਠੀਕ ਹੋ ਜਾਣਗੀਆਂ ਜਿਨ੍ਹਾਂ ਦਾ ਤੁਸੀਂ ਜ਼ਿਕਰ ਕੀਤਾ ਹੈ । (ਥੰਪਿੰਗ)

ਸਪੀਕਰ ਸਾਹਿਬ, ਅੱਗੇ ਰੂਰਲ ਵਾਟਰ ਸਪਲਾਈ ਹੈ । ਮੋਗੇ ਵਾਲੇ, ਬਾਘਾਪੁਰਾਣੇ ਵਾਲੇ ਐਮ. ਐਲ. ਏ. ਸਾਹਿਬ ਨੇ ਦੱਸਿਆ ਹੈ ਕਿ ਪੀਣ ਵਾਲਾ ਪਾਣੀ ਬਹੁਤ ਜ਼ਰੂਰੀ ਹੈ । ਅਸੀਂ ਇਸ ਵੇਲੇ ਰੂਰਲ ਵਾਟਰ ਸਪਲਾਈ ਨਾਲ 12,247 ਪਿੰਡ ਕਵਰ ਕਰ ਚੁੱਕੇ ਹਾਂ, ਸਿਰਫ 50 ਰਹਿੰਦੇ ਹਨ। ਇਸੇ ਤਰ੍ਹਾਂ ਢਾਣੀਆਂ ਹਨ, ਆਪਣੇ ਪਿੰਡਾਂ ਵਿੱਚ ਢਾਣੀਆਂ ਦਾ ਰਿਵਾਜ ਹੈ। 29 ਢਾਣੀਆਂ ਕਵਰ ਹੋ ਚੁੱਕੀਆਂ ਹਨ, ਸਿਰਫ 107 ਰਹਿੰਦੀਆਂ ਹਨ। ਜਿੰਨੇ ਪਿੰਡ ਰਹਿੰਦੇ ਹਨ, ਢਾਣੀਆਂ ਰਹਿੰਦੀਆਂ ਹਨ, ਉਨ੍ਹਾਂ ਨੂੰ ਚੰਗਾ ਸ਼ੁੱਧ ਪਾਣੀ ਅਸੀਂ 2015-16 ਵਿੱਚ ਦੇਣਾ ਹੈ। ਕੋਈ ਪਿੰਡ ਇਹ ਨਹੀਂ ਕਹਿ ਸਕੇਗਾ ਕਿ ਮੈਨੂੰ ਸ਼ੁੱਧ ਪਾਣੀ ਨਹੀਂ ਮਿਲਦਾ। ਸੀਵਰੇਜ ਸਿਸਟਮ ਹੈ। ਕਦੇ ਪਿੰਡਾਂ ਵਿੱਚ ਸੀਵਰੇਜ ਸਿਸਟਮ ਸੁਣਿਆ ਸੀ। ਸ਼ਹਿਰਾਂ ਵਿੱਚ ਹੀ ਨਹੀਂ ਪੂਰਾ ਹੋਇਆ, ਪਿੰਡਾਂ ਵਿੱਚ ਕਿਥੋਂ ਪੂਰਾ ਹੋ ਜਾਵੇਗਾ। ਅਸੀਂ 98 ਪਿੰਡ ਐਤਕੀਂ ਤਜਰਬੇ ਦੇ ਤੌਰ ਤੇ ਲਏ ਹਨ ਔਰ ਉਨ੍ਹਾਂ ਪਿੰਡਾਂ ਵਿੱਚ ਸੀਵਰੇਜ ਪਾ ਰਹੇ ਹਾਂ। ਢਾਣੀਆਂ ਦੀ ਬਿਜਲੀ ਬਾਰੇ ਮੈਂ ਪਹਿਲਾਂ ਹੀ ਦੱਸ ਦਿੱਤਾ ਹੈ। ਇਸੇ ਤਰ੍ਹਾਂ ਹੋਰ ਇਨਫਰਾਸਟਰਕਰਚਰ ਹੈ, ਪਿੰਡਾਂ ਦੀਆਂ ਗਲੀਆਂ ਨਾਲੀਆਂ ਬਣਨੀਆਂ ਹਨ, ਗੰਦੇ ਪਾਣੀ ਦਾ ਨਿਕਾਸ ਹੈ। ਇਹ ਤੁਹਾਨੂੰ ਵੀ ਸਾਰਿਆਂ ਨੂੰ ਪਤਾ ਹੈ, ਮੈਨੂੰ ਵੀ ਪਤਾ ਹੈ। ਇਸ ਕਰਕੇ ਇਹ ਪਰਾਬਲਮ ਅਸੀਂ ਮਿਸ਼ਨ ਬੇਸਿਡ ਕਰਨੀ ਹੈ।

ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਵਰਲਡ ਬੈਂਕ ਦਾ ਇੱਕ ਪ੍ਰਾਜੈਕਟ ਸੀ, ਉਹ 1500 ਕਰੋੜ ਰੁਪਏ ਦਾ ਆਪਾਂ ਨੂੰ ਮਿਲਿਆ ਸੀ। ਇਸ ਦਸੰਬਰ ਵਿੱਚ ਉਹ ਸਮਾਪਤ ਹੋ ਗਿਆ ਹੈ। ਸਮਾਪਤ ਹੋ ਗਿਆ ਮਤਲਬ ਸਾਰਾ ਪੈਸਾ ਖਰਚ ਕਰ ਦਿੱਤਾ ਹੈ। ਵਰਲਡ ਬੈਂਕ ਨੇ ਉਸ ਵਿੱਚ ਕੀ ਲਿਖਿਆ ਹੈ:-

World Bank has observed the project to be one of the five best disbursing projects with no major issues in banking.

ਵਰਲਡ ਬੈਂਕ ਵਰਗੀ ਜਿਹੜੀ ਆਰਗੇਨਾਈਜੇਸ਼ਨ ਹੈ, ਜਿਹੜਾ ਪਬਲਿਕ

[ ਮੁੱਖ ਮੰਤਰੀ ]

ਹੈਲਥ ਡਿਪਾਰਟਮੈਂਟ ਨੇ ਕੰਮ ਕੀਤਾ ਹੈ, ਉਸ ਦੇ ਵਿੱਚ ਉਨ੍ਹਾਂ ਨੂੰ ਦਿੱਤਾ ਹੈ। ਸਭ ਤੋਂ ਵੱਡੀ ਤੁਹਾਨੂੰ ਖੁਸ਼ੀ ਇਸ ਗੱਲ ਦੀ ਹੋਵੇਗੀ ਕਿ ਸਭ ਤੋਂ ਵੱਡੇ ਪ੍ਰਾਜੈਕਟ ਮਨਜ਼ੂਰ ਹੋਣ ਵਿੱਚ ਕੁਝ ਦਿਨ ਹੀ ਹਨ, 2200 ਕਰੋੜ ਰੁਪਏ ਦਾ ਪ੍ਰਾਜੈਕਟ, ਤੁਸੀਂ ਤਾਂ 10-10, 20-20 ਕਰੋੜ ਰੁਪਏ ਦੀ ਗੱਲ ਕਰਦੇ ਹੋ, 2200 ਕਰੋੜ ਰੁਪਿਆ ਵਰਲਡ ਬੈਂਕ ਤੋਂ ਹੋਰ ਮਨਜ਼ੂਰ ਹੋਇਆ ਹੈ। ਜਿਵੇਂ ਕਿ ਇੱਥੇ ਦੱਸਿਆ ਗਿਆ ਹੈ ਕਿ ਬਹੁਤ ਸਾਰੇ ਪਿੰਡਾਂ ਵਿੱਚ ਪਾਣੀ ਠੀਕ ਨਹੀਂ । ਠੀਕ ਹੈ, ਇਨ੍ਹਾਂ ਦੀ ਗੱਲ, ਯੂਰੇਨੀਅਮ ਅਤੇ ਹੈਵੀ ਮੈਟਲ ਪਾਣੀ ਵਿੱਚ ਆ ਰਿਹਾ ਹੈ । ਅਸੀਂ ਸਾਲ ਵਿੱਚ ਤਿੰਨ ਦਫਾ ਹਰ ਪਿੰਡ ਦਾ ਪਾਣੀ ਟੈਸਟ ਕਰਨਾ ਹੈ। ਜਿਹੜਾ ਇਸ ਤਰ੍ਹਾਂ ਦਾ ਪਾਣੀ ਹੋਵੇਗਾ, ਜਿਥੇ ਹੈਵੀ ਮੈਟਲ ਹੋਣਗੇ, ਸਰਦਾਰ ਸਾਹਿਬ (ਸਰਦਾਰ ਮਹੇਸ਼ਇੰਦਰ ਸਿੰਘ ਵੱਲ ਇਸ਼ਾਰਾ) ਇੱਕ ਸਾਲ ਵਿੱਚ ਸਾਰੇ ਪਿੰਡਾਂ ਵਿੱਚ, ਜਿਨ੍ਹਾਂ ਦੀ ਇਸ ਤਰ੍ਹਾਂ ਦੀ ਰਿਪੋਰਟ ਹੋਏਗੀ, ਉਥੇ ਆਰ.ਓ. ਲੱਗ ਜਾਵੇਗਾ। ਮਤਲਬ ਇਹ ਹੈ ਕਿ ਪੀਣ ਦਾ ਪਾਣੀ ਐਨ ਅੰਮ੍ਰਿਤ ਵਰਗਾ ਸਭ ਨੂੰ ਮਿਲੇਗਾ।

ਹੁਣ ਸ਼ਹਿਰਾਂ ਦੀ ਗੱਲ ਲੈ ਲਵੋ। ਸ਼ਹਿਰਾਂ ਨੂੰ ਕੀ ਚਾਹੀਦਾ ਹੈ। ਅਸੀਂ ਤਾਂ ਬਹੁਤ ਬਰੀਕੀ ਵਿੱਚ ਜਾਂਦੇ ਹਾਂ। ਰੋਜ਼ ਮੀਟਿੰਗਾਂ ਕਰ ਕਰ ਕੇ ਲੋਕਾਂ ਦੀਆਂ ਪਰਾਬਲਮਜ਼ ਬਾਰੇ ਸੋਚਦੇ ਹਾਂ, ਫਿਰ ਉਸ ਦਾ ਹੱਲ ਕਰਦੇ ਹਾਂ। ਸ਼ਹਿਰਾਂ ਦੇ ਵਿੱਚ ਕੀ ਚਾਹੀਦਾ ਹੈ, ਵਾਟਰ ਸਪਲਾਈ, ਸੀਵਰੇਜ, ਸੀਵਰੇਜ ਟਰੀਟਮੈਂਟ ਪਲਾਂਟ, ਸਾਲੇਡ ਬੇਸਿਡ ਮੈਨੇਜਮੈਂਟ ਜਾਂ ਸੜਕਾਂ ਜਾਂ ਲਾਈਟਾਂ।

**ਸ਼੍ਰੀਮਤੀ ਅਰੁਨਾ ਚੌਧਰੀ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦਾ ਬਹੁਤ ਸਤਿਕਾਰ ਕਰਦੀ ਹਾਂ। ਮੇਰੇ ਦੀਨਾ ਨਗਰ ਦਾ ਪ੍ਰਾਜੈਕਟ ਵਾਟਰ ਡਿਸਪੋਜ਼ਲ ਬਣਨ ਦਾ ਸੀ । ਸਾਲ 2007 ਵਿੱਚ ਪ੍ਰਾਈਵੇਟ ਲੈਂਡ ਐਕੁਆਇਰ ਕਰਕੇ ਉਥੇ ਡਿਸਪੋਜ਼ਲ ਬਣਿਆ ਸੀ। 80 ਲੱਖ ਰੁਪਏ ਦੇ ਚੈੱਕ ਦੀ ਮੇਰੇ ਕੋਲ ਫੋਟੋ ਕਾਪੀ ਵੀ ਹੈ। ਮੰਤਰੀ ਜੀ ਤੋਂ ਜਦੋਂ ਮੈਂ ਜਵਾਬ ਮੰਗਿਆ ਸੀ ਤਾਂ ਉਨ੍ਹਾਂ ਨੇ ਕਿਹਾ ਕਿ ਸਾਡੇ ਕੋਲ ਐਸੀ ਕੋਈ ਵੀ ਚਿੱਠੀ ਨਹੀਂ ਹੈ ਜਦ ਕਿ ਮੇਰੇ ਕੋਲ ਸਾਰਾ ਰਿਕਾਰਡ ਹੈ। ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਇਹ ਪ੍ਰਾਜੈਕਟ ਕਿਉਂ ਬੰਦ ਕੀਤਾ ਗਿਆ? ਕੀ ਹੁਣ ਇਸ ਦੇ ਚਾਲੂ ਹੋਣ ਦੀ ਕੋਈ ਸੰਭਾਵਨਾ ਹੈ? ਕਿਉਂਕਿ ਪਹਿਲਾਂ ਜਦੋਂ ਸਮਾਗਮ ਹੋਇਆ ਸੀ, ਜਦੋਂ ਸਾਲ 2012 ਵਿੱਚ ਨਵੀਂ ਸਰਕਾਰ ਬਣੀ ਸੀ, ਮੈਂ ਉਦੋਂ ਵੀ ਇਸੇ ਸਿਲਸਿਲੇ ਵਿੱਚ ਪੁਆਇੰਟ ਆਫ ਆਰਡਰ

ਲਿਆ ਸੀ ਅਤੇ ਤੁਸੀਂ ਉਦੋਂ ਕਿਹਾ ਸੀ ਕਿ ਪੰਜ ਸਾਲਾਂ ਵਿੱਚ ਮੈਂ ਸ਼ਹਿਰਾਂ ਦੀਆਂ ਗਲੀਆਂ ਅਤੇ ਨਾਲੀਆਂ ਇੰਨੀਆਂ ਪੱਕੀਆਂ ਕਰ ਦੇਵਾਂਗਾ ਕਿ ਲੋਕੀਂ ਭੰਗੜੇ ਪਾਉਂਦੇ ਜਾਣਗੇ, ਜਿਹੜੀ ਕਿ ਤੁਸੀਂ ਹੁਣ ਵੀ ਸਟੇਟਮੈਂਟ ਦਿੱਤੀ ਹੈ ਪਰ ਅੱਜ ਇੰਨਾ ਬੁਰਾ ਹਾਲ ਹੈ ਕਿ ਲੋਕਾਂ ਦੀਆਂ ਲੱਤਾਂ ਬਾਹਵਾਂ ਤਾਂ ਟੁੱਟ ਗਈਆਂ ਹਨ, ਉਹ ਭੰਗੜਾ ਪਾਉਣ ਦੇ ਕਾਬਲ ਹੀ ਨਹੀਂ ਹਨ। ਕੀ ਮੇਰੇ ਤੇ ਮਿਹਰ ਕਰੋਗੇ ਕਿਉਂਕਿ ਸਾਡੇ ਬਜ਼ੁਰਗ ਚੌਧਰੀ ਜੈ ਮੁਨੀ ਵੀ ਚਾਰ ਵਾਰ ਇਸ ਸਦਨ ਦੇ ਮੈਂਬਰ ਰਹਿ ਚੁੱਕੇ ਹਨ ....

**ਮੁੱਖ ਮੰਤਰੀ :** ਬੀਬੀ ਜੀ, ਨਮਕ ਮਿਰਚ ਨਾ ਲਾਇਆ ਕਰੋ, (ਹੱਸਦੇ ਹੋਏ) ਲੱਤਾਂ ਕਿਸ ਦੀਆਂ ਟੁੱਟੀਆਂ ਹਨ ...

**ਸ਼੍ਰੀਮਤੀ ਅਰੁਨਾ ਚੌਧਰੀ :** ਬਹੁਤ ਬੁਰਾ ਹਾਲ ਹੈ ਜੀ। ਬੜੇ ਐਕਸੀਡੈਂਟ ਹੁੰਦੇ ਹਨ। ਤੁਸੀਂ ਮਿਹਰ ਕਰੋ ਅਤੇ ਇਹ ਦੀਨਾ ਨਗਰ ਦਾ ਸੀਵਰੇਜ ਫਿਰ ਤੋਂ ਸ਼ੁਰੂ ਕਰੋ। ਬਹੁਤ ਬੁਰੀ ਹਾਲਤ ਹੈ, ਬਹੁਤ ਐਕਸੀਡੈਂਟ ਹੁੰਦੇ ਹਨ। ਜੇ ਮਿਹਰ ਕਰੋ ਤਾਂ ਇਹ ਸੀਵਰੇਜ ਪਲਾਂਟ ਫਿਰ ਤੋਂ ਸ਼ੁਰੂ ਕਰ ਦਿਉ ਕਿਉਂਕਿ ਇਹ ਨਵਾਂ ਪ੍ਰਾਜੈਕਟ ਨਹੀਂ ਹੈ, ਇਹ ਚਲਦਾ ਪ੍ਰਾਜੈਕਟ ਸੀ, ਇਹ ਕੋਈ ਨਵਾਂ ਪ੍ਰਾਜੈਕਟ ਨਹੀਂ ਹੈ।

**ਮੁੱਖ ਮੰਤਰੀ :** ਤੁਹਾਡੇ ਹੱਥ ਖੜ੍ਹੇ ਕਰਵਾ ਦਿਆਂਗੇ। ਸਪੀਕਰ ਸਾਹਿਬ, ਮੈਂ ਫੈਕਟਸ ਦੱਸਣੇ ਹਨ । ਸਪੀਕਰ ਸਾਹਿਬ, ਜਿਹੜੀ ਪਾਈਪਡ ਵਾਟਰ ਸਪਲਾਈ ਹੈ, ਉਹ 90% ਸ਼ਹਿਰਾਂ ਵਿੱਚ ਮਿਲ ਰਹੀ ਹੈ ਅਤੇ 65% ਸੀਵਰੇਜ ਦੀ ਸਹੂਲਤ ਮਿਲ ਰਹੀ ਹੈ। ਕਈ ਵਾਰੀ ਹੁੰਦਾ ਹੈ ਤੇ ਆਪਾਂ ਕਈ ਵਾਰ ਕਹਿ ਦਿੰਦੇ ਹਾਂ ਕਿ ਪਤਾ ਨਹੀਂ ਜੀ ਕਿ ਬਾਹਰ ਕੀ ਹੋਈ ਜਾ ਰਿਹਾ ਹੈ, ਆਪਾਂ ਪਿੱਛੇ ਬੈਠੇ ਹਾਂ। ਜਿਹੜੀ ਸੀਵਰੇਜ ਫੈਸਿਲਟੀ ਦੀ ਗੱਲ ਕਰਦੇ ਹਾਂ, ਉਸ ਵਿੱਚ Punjab ranked no. 1 in terms of sewerage treatment. ਮੈਂ ਜਿਹੜੀ ਚੀਜ਼ ਕਹਾਂਗਾ ਤਾਂ ਜੇ ਕਿਸੇ ਨੂੰ ਸਬੂਤ ਕਿਸੇ ਨੇ ਮੰਗਣਾ ਹੋਵੇ ਤਾਂ ਤੁਹਾਨੂੰ ਤੁਹਾਡੇ ਘਰ ਦੇ ਕੇ ਆਵਾਂਗਾ। ਇਸ ਵਿਚ ਸਾਨੂੰ ਵਰਲਡ ਬੈਂਕ ਦਾ ਅਸਿਸਟ ਹੈ, ਐਸ.ਟੀ.ਪੀ. ਜੇ ਲੱਗਿਆ ਹੈ ਤਾਂ ਇਹ 53% ਲੱਗਿਆ ਹੈ। (ਵਿਘਨ)

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਯਾਰ, ਇਹ ਤੁਹਾਨੂੰ ਕੋਈ ਬਿਮਾਰੀ ਹੈ? (ਰਾਣਾ ਗੁਰਜੀਤ ਸਿੰਘ ਵੱਲ ਇਸ਼ਾਰਾ) ਮੈਨੂੰ ਆਪਣੀ ਗੱਲ ਕਰਨ

[ ਸ਼੍ਰੀ ਅਸ਼ਵਨੀ ਸੇਖੜੀ ]

ਦਿਉ। ਆਪ ਤਾਂ ਤੁਸੀਂ ਆਪਣੀ ਗੱਲ ਕਰ ਲੈਂਦੇ ਹੋ। ਸਪੀਕਰ ਸਾਹਿਬ, ਪਲੀਜ਼ ਇਹ ਡਿਸਟਰਬੈਂਸ ਬੰਦ ਕਰਵਾਉ ਜੀ। ਫਿਰ ਝਗੜਾ ਹੋਵੇਗਾ, ਫਾਇਦਾ ਕੀ ਹੈ। (ਵਿਘਨ)

**ਮਾਨਯੋਗ ਸਪੀਕਰ :** ਤੁਸੀਂ ਦੱਸੋ।

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਮੈਂ ਸੀ.ਐਮ.ਸਾਹਿਬ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ 2012 ਵਿਚ ਬਟਾਲਾ ਵਿਚ ਇਕ ਹਾਦਸਾ ਹੋ ਗਿਆ ਸੀ ਤੇ ਸੀਵਰ ਦਾ ਪਾਣੀ ਪੀਣ ਵਾਲੇ ਪਾਣੀ ਵਿਚ ਮਿਲ ਗਿਆ ਸੀ ਤੇ ਗਾਂਧੀ ਨਗਰ ਕੈਂਪ ਵਿਚ 47 ਬਹੁਤ ਗਰੀਬ ਦਲਿਤ ਪਰਿਵਾਰਾਂ ਦੇ ਬੱਚੇ ਮਰ ਗਏ ਸਨ । ਸੀ.ਐਮ.ਸਾਹਿਬ ਉਥੇ ਖੁਦ ਗਏ ਸਨ ਤੇ ਇਨ੍ਹਾਂ ਦੇ ਪ੍ਰਿੰਸੀਪਲ ਸੈਕਟਰੀ, ਲੋਕਲ ਬਾਡੀ ਵੀ ਨਾਲ ਗਏ ਸਨ। ਸੀ.ਐਮ.ਸਾਹਿਬ ਨੇ ਜਿਥੇ ਉਥੇ ਜਾ ਕੇ ਹਮਦਰਦੀ ਕੀਤੀ ਸੀ ਤਾਂ ਨਾਲ ਹੀ ਉਥੇ ਅਨਾਊਂਸ ਵੀ ਕੀਤਾ ਸੀ ਕਿ ਤਿੰਨ ਮਹੀਨਿਆਂ ਦੇ ਵਿੱਚ ਵਿੱਚ ਇਹ ਜਿਹੜੀ ਸਾਰੀ ਦਲਿਤ ਬਸਤੀ ਹੈ ਇਸ ਦਾ ਸੀਵਰ ਵੀ ਠੀਕ ਹੋ ਜਾਵੇਗਾ ਤੇ ਪੀਣ ਵਾਲਾ ਪਾਣੀ ਵੀ ਠੀਕ ਹੋ ਜਾਵੇਗਾ । ਸਪੀਕਰ ਸਾਹਿਬ, ਸਮਝ ਲਵੋ ਕਿ ਲਗਭਗ ਅੱਜ ਪੌਣੇ ਤਿੰਨ ਸਾਲ ਹੋ ਗਏ ਹਨ, ਉਥੇ ਕੁਝ ਨਹੀਂ ਹੋਇਆ, ਉਥੇ ਉਸੇ ਤਰ੍ਹਾਂ ਹੀ ਪੀਣ ਵਾਲਾ ਗੰਦਾ ਪਾਣੀ ਲੋਕਾਂ ਨੂੰ ਪੀਣਾ ਪੈ ਰਿਹਾ ਹੈ ਔਰ ਅਸੀਂ ਉਥੇ ਉਦੋਂ ਪਾਣੀ ਦੀ ਬੋਤਲ ਡੀ.ਸੀ. ਸਾਹਿਬ ਦੇ ਸਾਹਮਣੇ ਰੱਖੀ ਸੀ ਤੇ ਉਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਪਾਣੀ ਪੀ ਕੇ ਵਿਖਾਓ । ਅੱਜ ਵੀ ਉਥੇ ਉਹੋ ਹੀ ਹਾਲ ਹੈ, ਸੀ.ਐਮ.ਸਾਹਿਬ ਕਹਿੰਦੇ ਹਨ ਕਿ ਆਪਾਂ 90% ਵਾਟਰ ਸਪਲਾਈ ਠੀਕ ਕਰ ਦਿੱਤੀ ਹੈ। (ਵਿਘਨ) ਨਹੀਂ, ਨਹੀਂ, ਵੇਖੋ ਇਹ ਜਿਹੜਾ ਫੈਕਟ ਹੈ ਇਹ ਜਾਂ ਤਾਂ ਠੀਕ ਕਰ ਲੈਣ ਜਾਂ ਜੋ ਇਨ੍ਹਾਂ ਨੇ ਸਟੇਟਮੈਂਟ ਦਿੱਤੀ ਹੈ, ਉਸ ਨੂੰ ਅਮੈਂਡ ਕਰ ਲੈਣ । (ਵਿਰੋਧੀ ਧਿਰ ਵਲੋਂ ਥੰਪਿੰਗ)

**ਮੁੱਖ ਮੰਤਰੀ :** ਧੰਨਵਾਦ ਜੀ। ਤੁਸੀਂ ਮੇਰੇ ਨੋਟਿਸ ਵਿਚ ਗੱਲ ਲਿਆਂਦੀ ਹੈ । ਮੈਂ ਅੱਜ ਹੀ ਜਾ ਕੇ ਜਾਂ ਕੱਲ੍ਹ ਨੂੰ ਜਦੋਂ ਇਥੋਂ ਵਿਹਲ ਮਿਲਦੀ ਹੈ ਤਾਂ ਇਸ ਬਾਰੇ ਮਹਿਕਮੇ ਤੋਂ ਸਾਰੀ ਰਿਪੋਰਟ ਲੈ ਕੇ ਫਿਰ ਤੁਹਾਨੂੰ ਇਤਲਾਹ ਵੀ ਕਰਾਂਗਾ। ਇਹ ਠੀਕ ਹੈ ਕਿ ਜਿਹੜਾ ਤੁਸੀਂ ਸਾਨੂੰ ਹੁਕਮ ਕਰਦੇ ਹੋ, ਮੈਂ ਉਸ ਨੂੰ ਸੱਚ ਮੰਨਦਾ ਹਾਂ। ਕੋਈ ਵੀ ਐਮ.ਐਲ.ਏ.ਸਾਹਿਬ ਆਪਣੀ ਗੱਲ ਕਰਦਾ ਹੈ ਤਾਂ ਮੈਂ ਉਸ ਨੂੰ ਆਪਣੇ ਵਾਸਤੇ ਇਲਾਹੀ ਹੁਕਮ ਸਮਝਦਾ ਹਾਂ । ਸਪੀਕਰ ਸਾਹਿਬ, ਦੋ ਤਿੰਨ ਗੱਲਾਂ ਅਸੀਂ ਇਸ ਵਿੱਚ ਹੋਰ ਕੀਤੀਆਂ ਹਨ ਤੇ ਲੋਕਲ ਬਾਡੀ ਮਨਿਸਟਰ ਨੂੰ

ਵਧਾਈ ਦਿੰਦਾ ਹਾਂ, ਜੋਸ਼ੀ ਸਾਹਿਬ ਬੈਠੇ ਹਨ ਕਿ ਪੰਜਾਬ ਦਾ ਜਿਹੜਾ ਵਾਟਰ ਸੀਵਰੇਜ ਬੋਰਡ ਹੈ ਜਿਹੜਾ ਸ਼ਹਿਰਾਂ ਦਾ ਸਾਰਾ ਕੁਝ ਕਰਦਾ ਹੈ, ਇਨ੍ਹਾਂ ਨੇ ਦੋ ਗੱਲਾਂ ਬਹੁਤ ਚੰਗੀਆਂ ਕਰ ਦਿੱਤੀਆਂ ਹਨ ਕਿ separate wing for operation and maintenance. ਮੈਂਟੀਨੈਂਸ ਵਾਸਤੇ ਸੈਪਰੇਟ ਵਿੰਗ ਹੋਵੇਗਾ ਤੇ ਉਸ ਦਾ ਕੰਮ ਮੈਂਟੀਨੈਂਸ ਕਰਨਾ ਹੋਵੇਗਾ । ਜਿਹੜਾ ਬਣਾਉਂਦਾ ਹੈ, ਉਸ ਦਾ ਵੱਖਰਾ ਹੋਵੇਗਾ ਤਾਂ ਕਿ ਇਸ ਦੀ ਮੈਂਟੀਨੈਂਸ ਹੋ ਸਕੇ । ਇੱਕ ਹੋਰ ਅਸੀਂ ਇਹ ਵੀ ਕੀਤਾ ਹੈ ਕਿ ਜਿਹੜੇ ਸ਼ਹਿਰ ਹਨ, ਉਨ੍ਹਾਂ ਦੀਆਂ ਮਿਊਂਸਿਪਲ ਕਮੇਟੀਆਂ ਦੀ ਜ਼ੁੰਮੇਵਾਰੀ ਲਗਾ ਦਿੱਤੀ ਹੈ ਕਿ ਸੀਵਰੇਜ ਦਾ ਉਹ ਕੰਮ ਵੇਖਣ ਤੇ ਚਲਾਉਣ। ਇਹ ਵੀ ਤੁਹਾਨੂੰ ਪਤਾ ਹੈ ਕਿ ਮਿਊਂਸਿਪਲ ਕਮੇਟੀਆਂ ਕੋਲ ਇੰਨੇ ਫੰਡ ਹੀ ਨਹੀਂ ਹੁੰਦੇ ਕਿ ਉਹ ਇਸ ਤਰ੍ਹਾਂ ਮੇਨਟੇਨ ਕਰ ਸਕਣ । ਇਸ ਲਈ ਅਸੀਂ ਫੈਸਲਾ ਕਰ ਦਿੱਤਾ ਹੈ ਕਿ ਜਿਹੜੇ ਵੱਡੇ ਸ਼ਹਿਰ ਹਨ ਜਿਵੇਂ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ ਤੇ ਬਠਿੰਡਾ, ਉਥੇ ਤਾਂ ਕਾਰਪੋਰੇਸ਼ਨਾਂ ਕਰ ਲੈਣਗੀਆਂ । ਬਾਕੀ ਜਿੰਨੇ ਵੀ ਸ਼ਹਿਰ ਹਨ, ਉਨ੍ਹਾਂ ਸਾਰਿਆਂ ਵਿੱਚ ਸੀਵਰੇਜ ਬੋਰਡ ਉਸ ਨੂੰ ਮੇਨਟੇਨ ਕਰੇਗਾ, ਕਮੇਟੀ ਉਤੇ ਕੋਈ ਬੋਝ ਨਹੀਂ ਹੋਵੇਗਾ। ਇਹ ਸਾਰਿਆਂ ਨਾਲੋਂ ਵਧੀਆ ਗੱਲ ਹੋ ਗਈ ਹੈ। (ਥੰਪਿੰਗ) ਇਸੇ ਤਰ੍ਹਾਂ ਹੀ ਆਪਣੇ ਸ਼ਹਿਰਾਂ ਵਿਚ ਵੀ ਸਾਲਿਡ ਵੇਸਟ ਮੈਨੇਜਮੈਂਟ ਹੈ, ਗੰਦਗੀ ਪਈ ਹੈ, ਇੱਥੇ ਲਿਫਾਫਿਆਂ ਦੀ ਗੱਲ ਕੀਤੀ ਹੈ, ਬੋਤਲਾਂ ਦੀ ਗੱਲ ਕੀਤੀ ਹੈ। ਇੰਨਾ ਤਾਂ ਆਪਣੇ ਵਿੱਚ ਨਹੀਂ ਹੈ ਕਿ ਆਪਾਂ ਲਿਫਾਫਾ ਨਾ ਸੁੱਟੀਏ, ਬੋਤਲ ਨਾ ਸੁੱਟੀਏ, ਲੇਕਿਨ ਚਲੋ, ਉਹ ਤਾਂ ਆਦਤ ਹੈ, ਆਪਾਂ ਇੰਨੀ ਛੇਤੀ ਕਿਵੇਂ ਬਦਲ ਸਕਦੇ ਹਾਂ ਪਰ ਅਸੀਂ ਕਲੱਸਟਰ ਬੇਸਿਡ ਪ੍ਰੋਗਰਾਮ ਸ਼ੁਰੂ ਕੀਤਾ ਹੈ । ਮੇਰਾ ਖਿਆਲ ਹੈ ਕਿ ਅੱਠ ਕਲੱਸਟਰ ਬਣਾਏ ਹਨ ਜਿਥੇ ਸਾਰੇ ਸ਼ਹਿਰਾਂ ਦਾ ਕੂੜਾ ਇਕੱਠਾ ਹੋਵੇਗਾ ਤੇ ਉਸ ਤੋਂ ਬਿਜਲੀ ਜਾਂ ਹੋਰ ਚੀਜ਼ਾਂ ਬਣਨਗੀਆਂ। ਇਹ ਜਿਹੜਾ ਕਲੱਸਟਰ ਬੇਸਡ ਸਾਲਿਡ ਵੇਸਟ ਮੈਨੇਜਮੈਂਟ ਹੈ, ਇਸ ਵਾਸਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਹੈ, it has directed other States to follow us ਅਤੇ ਉਨ੍ਹਾਂ ਨੇ ਸਾਰੀਆਂ ਸਟੇਟਾਂ ਨੂੰ ਕਿਹਾ ਹੈ ਕਿ ਜਿਹੜਾ ਪੰਜਾਬ ਦਾ ਮਾਡਲ ਹੈ, ਇਸ ਨੂੰ ਅਪਣਾਓ। ਅਸੀਂ ਵੀ ਚਾਹੁੰਦੇ ਹਾਂ ਕਿ ਸਾਲਿਡ ਵੇਸਟ ਮੈਨੇਜਮੈਂਟ ਦਾ ਕੰਮ ਹੋਵੇ।

ਅਨਆਥੋਰਾਈਜ਼ਡ ਕਲੋਨੀਆਂ ਬਹੁਤ ਬਣੀਆਂ ਹਨ, ਇਨ੍ਹਾਂ ਵਾਸਤੇ ਸਾਡੇ ਕੋਲ ਪਲਾਟ ਅਤੇ ਬਿਲਡਿੰਗ ਹੋਲਡਰਾਂ ਦੀਆਂ ਜਿਹੜੀਆਂ ਐਪਲੀਕੇਸ਼ਨਾਂ ਆਈਆਂ ਸਨ, ਉਹ 2.72 ਲੱਖ ਆਈਆਂ ਸਨ। ਇਸ ਦੇ ਨਾਲ ਹੀ

ਕਲੋਨੀਆਂ ਦੀਆਂ ਵੀ ਐਪਲੀਕੇਸ਼ਨਾਂ ਆਈਆਂ ਸਨ। ਉਸ ਨਾਲ 742 ਕਰੋੜ ਰੁਪਿਆ ਜਮ੍ਹਾਂ ਹੋਇਆ ਹੈ। ਇਥੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਸ ਏਰੀਏ ਵਿਚੋਂ ਪੈਸਾ ਇਕੱਠਾ ਹੁੰਦਾ ਹੈ, ਉਹ ਉਸੇ ਥਾਂ ਤੇ ਲਗਦਾ ਹੈ, ਕਿਸੇ ਹੋਰ ਥਾਂ ਨਹੀਂ ਲਗਦਾ।

ਸਪੀਕਰ ਸਾਹਿਬ, ਇੱਥੇ ਕਿਹਾ ਗਿਆ ਹੈ ਕਿ ਅਰਬਨ ਟ੍ਰਾਂਸਪੋਰਟ ਫੈਸਿਲਟੀ ਨਹੀਂ ਹੈ। ਅੰਮ੍ਰਿਤਸਰ ਵਿਖੇ 495 ਕਰੋੜ ਰੁਪਿਆ ਖਰਚ ਕਰਕੇ ਰੈਪਿਡ ਟ੍ਰਾਂਜ਼ਿਟ ਸਿਸਟਮ ਸ਼ੁਰੂ ਕੀਤਾ ਗਿਆ ਹੈ। ਇਸ ਦੇ ਬਣਨ ਨਾਲ ਅੰਮ੍ਰਿਤਸਰ ਸ਼ਹਿਰ ਦੀ ਬਹੁਤ ਵੱਡੀ ਤਕਲੀਫ ਦੂਰ ਹੋਵੇਗੀ।

ਸਪੀਕਰ ਸਾਹਿਬ, ਕਿਸੇ ਨੂੰ ਥੋੜ੍ਹੀ ਜਿਹੀ ਵੀ ਤਕਲੀਫ ਹੋਵੇ, ਉਸ ਨੂੰ ਅਸੀਂ ਆਪਣੀ ਸਮਝ ਕੇ ਦੂਰ ਕਰਦੇ ਹਾਂ। ਪਹਿਲਾਂ ਕੀ ਹੁੰਦਾ ਸੀ ਕਿ ਲੋਕਲ ਬਾਡੀਜ਼ ਮਹਿਕਮੇ ਵਿੱਚ ਜਿਹੜੀਆਂ ਇੰਪਲਾਈਜ਼ ਦੀਆਂ ਪੈਨਸ਼ਨਾਂ ਸਨ, ਉਹ ਕਮੇਟੀਆਂ ਦਿੰਦੀਆਂ ਸਨ। ਕਮੇਟੀਆਂ ਕਿਥੋਂ ਇਹ ਪੈਨਸ਼ਨਾਂ ਦੇਣ ? ਇਸ ਵਾਸਤੇ ਅਸੀਂ ਫੰਡਜ਼ ਨੂੰ ਸੈਂਟਰੇਲਾਈਜ਼ ਕਰ ਦਿੱਤਾ ਹੈ। ਮਿਊਂਸਿਪਲ ਕਮੇਟੀ ਦੇ ਹਰ ਮੁਲਾਜ਼ਮ ਦੀ ਪੈਨਸ਼ਨ ਲੋਕਲ ਬਾਡੀਜ਼ ਡਿਪਾਰਟਮੈਂਟ ਦੇਵੇਗਾ ਅਤੇ ਇਸ ਦੀ ਜ਼ੁੰਮੇਵਾਰੀ ਮਿਊਂਸਿਪਲ ਕਮੇਟੀ ਦੀ ਨਹੀਂ ਹੋਵੇਗੀ। ਇਸ ਤੋਂ ਇਲਾਵਾ ਜਿਹੜੇ ਸੀਵਰੇਜ ਦੀ ਸਫਾਈ ਕਰਦੇ ਹਨ, ਉਨ੍ਹਾਂ ਦੀ 10 ਲੱਖ ਰੁਪਏ ਦੀ ਇੰਸ਼ੋਰੈਂਸ ਹੋਵੇਗੀ ਤਾਂ ਕਿ ਜੇਕਰ ਕੋਈ ਇਹੋ ਜਿਹਾ ਭਾਣਾ ਵਰਤ ਜਾਵੇ ਤਾਂ ਉਸ ਵਾਸਤੇ ਅਜਿਹਾ ਕੀਤਾ ਗਿਆ ਹੈ।

ਸਪੀਕਰ ਸਾਹਿਬ, ਜਿਵੇਂ ਦੱਸਿਆ ਸੀ ਕਿ ਪਿੰਡਾਂ ਵਿੱਚ ਸੇਵਾ ਕੇਂਦਰ ਬਣਨੇ ਹਨ, ਇਸੇ ਤਰ੍ਹਾਂ ਸ਼ਹਿਰਾਂ ਵਿੱਚ ਵੀ 406 ਸੇਵਾ ਕੇਂਦਰ ਬਣਨੇ ਹਨ ਜੋ ਕਿ 1-2 ਕਿਲੋਮੀਟਰ ਤੇ ਹੋਣਗੇ। ਇਸ ਵਿੱਚ 206 ਕਿਸਮ ਦੀਆਂ ਸਰਵਿਸਿਜ਼ ਮਿਲਣਗੀਆਂ। ਕਿਸੇ ਵੀ ਤਰ੍ਹਾਂ ਦਾ ਕੰਮ ਹੈ, ਭਾਵੇਂ ਸ਼ੂਗਰ ਮਿੱਲਾਂ ਦਾ ਹੋਵੇ ਜਾਂ ਇੰਪਲਾਈਜ਼ ਨਾਲ ਰਿਲੇਟਿਡ ਹੋਵੇ, ਇਸ ਬਾਬਤ ਅਰਜ਼ੀ ਦੇ ਦਿਓ ਅਤੇ ਤੁਹਾਡਾ ਮਸਲਾ ਹੱਲ ਹੋ ਜਾਵੇਗਾ।

**ਰਾਣਾ ਗੁਰਜੀਤ ਸਿੰਘ :** ਸੀ.ਐਮ. ਸਾਹਿਬ ਗੰਨੇ ਦੀਆਂ ਪੇਮੈਂਟਾਂ ਬਕਾਇਆ ਹਨ ਕਿ ਨਹੀਂ?

**ਮੁੱਖ ਮੰਤਰੀ :** ਰਾਣਾ ਸਾਹਿਬ, ਹੁਣ ਤੁਹਾਨੂੰ ਥੋੜ੍ਹੀ ਜਿਹੀ ਤਕਲੀਫ ਹੋਈ

ਹੈ ਅਤੇ ਤੁਸੀਂ ਬੋਲਣ ਲੱਗ ਪਏ ਹੋ। ਜਿਹੜਾ ਤੁਹਾਡਾ ਏਰੀਆ ਸੀ, ਤੁਸੀਂ 100 ਮੀਲ ਤੱਕ ਦਾ ਵੀ ਗੰਨਾ ਚੁੱਕ ਲੈਂਦੇ ਸੀ। ਮੈਨੂੰ ਤਾਂ ਸਭ ਪਤਾ ਹੈ, ਮੈਨੂੰ ਤਾਂ ਕੀੜੀ ਤੁਰੀ ਜਾਂਦੀ ਦਾ ਵੀ ਪਤਾ ਲੱਗ ਜਾਂਦਾ ਹੈ। (ਹਾਸਾ) ਤੁਸੀਂ ਫਰੀਦਕੋਟ ਤੱਕ ਨਹੀਂ ਛੱਡਦੇ ਹੁੰਦੇ ਸੀ। ਮਾਫ਼ ਕਰਨਾ, ਤੁਸੀਂ ਤੋਲਦੇ ਵੀ ਘੱਟ ਸੀ। (ਹਾਸਾ)

**ਰਾਣਾ ਗੁਰਜੀਤ ਸਿੰਘ :** ਮੈਂ ਇਕ ਸੁਝਾਅ ਦੇਣਾ ਹੈ।

**ਮੁੱਖ ਮੰਤਰੀ :** ਕੋਈ ਗੱਲ ਨਹੀਂ, ਮੈਂ ਤੁਹਾਡੇ ਘਰ ਆ ਜਾਵਾਂਗਾ। ਹਾਲੇ ਮੇਰਾ ਕੰਮ ਬਹੁਤ ਰਹਿੰਦਾ ਹੈ।

**ਰਾਣਾ ਗੁਰਜੀਤ ਸਿੰਘ :** ** **

**Mr. Speaker :** No point of order.

**ਮੁੱਖ ਮੰਤਰੀ :** ਜੋ ਵੀ ਮੇਰੇ ਨੋਟਿਸ ਵਿੱਚ ਆਉਂਦਾ ਹੈ, ਉਸ ਤੇ ਕਾਰਵਾਈ ਕਰਦਾ ਹਾਂ । (ਵਿਘਨ) ਜੇ ਮੈਂ ਇਕ ਹੋਰ ਚੀਜ਼ ਦੀ ਇਨਕੁਆਇਰੀ ਕਰਵਾਵਾਂ, ਕਿਤੇ ਤੁਹਾਨੂੰ ਡਰ ਤਾਂ ਨਹੀਂ ਲੱਗੇਗਾ। ਤੁਹਾਡੀ ਮਿੱਲ ਜਿੰਨਾ ਗੰਦਾ ਪਾਣੀ ਬਾਹਰ ਸੁੱਟਦੀ ਹੈ, ਇਸ ਬਾਰੇ ਮੈਂ ਰਿਪੋਰਟ ਮੰਗਵਾ ਲੈਂਦਾ ਹਾਂ ਪਰ ਮੈਂ ਕੀ ਕਹਾਂ, ਮੈਨੂੰ ਚੰਗਾ ਨਹੀਂ ਲਗਦਾ ਪਰ ਮੈਨੂੰ ਸਭ ਕੁਝ ਪਤਾ ਹੈ। ਭਾਵੇਂ ਕੋਈ ਵੀ ਜਾ ਕੇ ਦੇਖ ਆਵੇ ਕਿ ਇਨ੍ਹਾਂ ਦੀ ਮਿੱਲ ਦਾ ਗੰਦਾ ਪਾਣੀ ਕਿੱਥੇ ਜਾਂਦਾ ਹੈ।

**ਰਾਣਾ ਗੁਰਜੀਤ ਸਿੰਘ :** ਚਲੋ ਜੀ, ਉਹ ਮਿੱਲ ਹੀ ਬੰਦ ਕਰਵਾ ਦਿਉ।

**ਮੁੱਖ ਮੰਤਰੀ :** ਮੈਂ ਮਿੱਲ ਨਹੀਂ ਬੰਦ ਕਰਵਾਉਣੀ।

**ਰਾਣਾ ਗੁਰਜੀਤ ਸਿੰਘ :** ਮੈਂ ਤਾਂ ਡੋਰ ਟੂ ਡੋਰ ਗਾਰਬੇਜ਼ ਉਠਾਉਣ ਦੀ ਗੱਲ ਕੀਤੀ ਹੈ। ਕੀ ਮੈਂ ਜਨਤਾ ਦੀ ਗੱਲ ਨਾ ਕਰਾਂ?

**ਮੁੱਖ ਮੰਤਰੀ** : ਚਲੋ ਜੀ, ਮੈਂ ਪਤਾ ਕਰਵਾ ਲੈਂਦਾ ਹਾਂ। ਮੈਂ ਤਾਂ ਕਿਹਾ ਹੈ ਕਿ ਪਤਾ ਕਰਵਾ ਦਿੰਦੇ ਹਾਂ। ਤੁਹਾਡਾ ਕਦੇ ਹੁਕਮ ਮੋੜ ਸਕਦੇ ਹਾਂ?

**ਰਾਣਾ ਗੁਰਜੀਤ ਸਿੰਘ :** ਤੁਸੀਂ ਤਾਂ ਚਾਹੁੰਦੇ ਹੋ ਕਿ ਆਪੋਜ਼ੀਸ਼ਨ ਚੁੱਪ ਕਰਕੇ ਬੈਠੀ ਰਹੇ।

**Mr. Speaker :** Rana ji, please sit down now.

---

**Expunged as ordered by the Chair.

**ਮੁੱਖ ਮੰਤਰੀ :** ਜੇ ਤਾਂ ਮੈਂ ਕਹਿੰਦਾ ਹੋਵਾਂ ਤਾਂ ਦੱਸੋ । ਮੈਂ ਤਾਂ ਕਿਹਾ ਹੈ ਕਿ ਤੁਹਾਡਾ ਹੁਕਮ ਮੰਨ ਲੈਂਦੇ ਹਾਂ।

**ਰਾਣਾ ਗੁਰਜੀਤ ਸਿੰਘ :** ਮੈਂ ਤਾਂ ਇੱਕ ਮੰਗ ਕੀਤੀ ਹੈ ਕਿ ਗਾਰਬੇਜ਼ ਕੁਲੈਕਸ਼ਨ ਦੇ ਨਾਂ ਤੇ ਖਾਲੀ ਬਿਲ ਬਣ ਰਹੇ ਹਨ। ਇਹ ਕਹਿ ਰਹੇ ਹਨ ਕਿ ਤੇਰੀ ਮਿੱਲ ਬੰਦ ਕਰਵਾ ਦਿਆਂਗੇ। ਇਹ ਤਾਂ ਕੋਈ ਗੱਲ ਨਾ ਹੋਈ।

**(ਟਰੇਜ਼ਰੀ ਬੈਂਚਿਜ਼ ਵੱਲੋਂ ਅਵਾਜ਼ਾਂ :** ਇਹ ਗੱਲ ਬਿਲਕੁਲ ਨਹੀਂ ਕਹੀ।)

**ਮੁੱਖ ਮੰਤਰੀ :** ਮੈਂ ਤਾਂ ਇਹ ਗੱਲ ਕਹੀ ਹੀ ਨਹੀਂ।

**ਮਾਨਯੋਗ ਸਪੀਕਰ :** ਰਾਣਾ ਜੀ, ਹੁਣ ਤੁਸੀਂ ਬੈਠ ਜਾਉ।

**ਰਾਣਾ ਗੁਰਜੀਤ ਸਿੰਘ :** ਅਲਟੀਮੇਟਲੀ ਤਾਂ ਗੱਲ ਉਧਰ ਨੂੰ ਜਾਂਦੀ ਹੈ।

**ਮਾਨਯੋਗ ਸਪੀਕਰ :** ਰਾਣਾ ਜੀ, ਬੈਠ ਜਾਉ। ਚਲੋ ਛੱਡੋ ਜੀ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਮੈਂ ਤਾਂ ਬੇਨਤੀ ਕੀਤੀ ਹੈ ਕਿ ਉਸ ਦੀ ਇਨਕੁਆਇਰੀ ਕਰਵਾ ਲੈਣ, ਜੇ ਮੇਰੀ ਗੱਲ ਝੂਠੀ ਹੋਈ ਤਾਂ ਮੈਨੂੰ ਇੱਥੇ ਸਦਨ ਵਿੱਚ ਫਿਰ ਝੂਠਾ ਸਾਬਤ ਕਰ ਦੇਣਾ। ਜੇ ਸੱਚੀ ਹੈ ਤਾਂ ਲੋਕਾਂ ਨੂੰ ਉਨ੍ਹਾਂ ਦੀ ਸੁਵਿਧਾ ਮਿਲਣੀ ਚਾਹੀਦੀ ਹੈ। ਮੈਂ ਤਾਂ ਇਹੀ ਡਿਮਾਂਡ ਕੀਤੀ ਹੈ।

**ਮੁੱਖ ਮੰਤਰੀ** : ਇਹ ਪਤਾ ਕਰਵਾ ਲਵਾਂਗੇ। ਤੁਹਾਡਾ ਤਾਂ ਮੈਂ ਝੂਠ ਵੀ ਸੱਚ ਮੰਨਦਾ ਹਾਂ। (ਵਿਘਨ)

**ਮਾਨਯੋਗ ਸਪੀਕਰ :** ਰਾਣਾ ਜੀ, ਬੈਠ ਜਾਉ। (ਵਿਘਨ)

**ਮੁੱਖ ਮੰਤਰੀ :** ਕੋਈ ਫਿਕਰ ਨਾ ਕਰੋ।

**ਸਰਦਾਰ ਬਲਬੀਰ ਸਿੰਘ ਸਿੱਧੂ :** ** **

**Mr. Speaker :** No, please, sit down.

**ਮੁੱਖ ਮੰਤਰੀ :** ਸਪੀਕਰ ਸਾਹਿਬ, ਇੱਕ ਬਹੁਤ ਵੱਡਾ ਮਸਲਾ ਐਗਰੀਕਲਚਰ ਦਾ ਹੈ। ਐਗਰੀਕਲਚਰ ਤੇ ਸਾਡੇ 65% ਲੋਕ ਡਿਪੈਂਡ ਕਰਦੇ

---

**Expunged as ordered by the Chair.

ਹਨ। ਜੀ.ਡੀ.ਪੀ. ਜੋ ਸਾਡਾ ਹੈ, ਉਹ 22% ਐਗਰੀਕਲਚਰ ਦਾ ਹੈ। ਤੁਸੀਂ ਸਾਰੇ ਭਰਾ ਚੰਗੀ ਤਰ੍ਹਾਂ ਜਾਣਦੇ ਹੋ। ਦੇਸ਼ ਲਈ ਫੂਡ ਸਿਕਿਓਰਟੀ ਵੀ ਪੰਜਾਬ ਮੁਹੱਈਆ ਕਰਵਾਉਂਦਾ ਹੈ। ਅਸੀਂ ਸਾਰੇ ਹਿੰਦੁਸਤਾਨ ਨੂੰ ਫੂਡ ਸਿਕਿਓਰਟੀ ਦਿੰਦੇ ਹਾਂ। ਇਸ ਵਿੱਚ ਤੁਹਾਨੂੰ ਵੀ ਮਾਣ ਹੈ। ਅਸਲੀ ਮਾਣ ਤਾਂ ਕਿਸਾਨਾਂ ਤੇ ਮਜ਼ਦੂਰਾਂ ਨੂੰ ਹੈ ਜਿਨ੍ਹਾਂ ਨੇ ਮਿਹਨਤ ਕਰਕੇ ਦੇਸ਼ ਨੂੰ ਫੂਡ ਸਿਕਿਓਰਟੀ ਦਿੱਤੀ। ਸਾਨੂੰ ਕੁਦਰਤ ਨੇ ਦੋ ਚੰਗੀਆਂ ਚੀਜ਼ਾਂ ਦਿੱਤੀਆਂ ਹਨ, ਇਕ ਚੰਗੀ ਜ਼ਮੀਨ ਤੇ ਦੂਜਾ ਟਿਊਬਵੈੱਲਾਂ ਦਾ ਪਾਣੀ ਪਰ ਇਸ ਗੱਲ ਦੇ ਬਾਵਜੂਦ ਸਾਡੀ ਆਪਣੀ ਇਹ ਜਿੰਦ-ਜਾਨ ਖਤਮ ਹੋ ਰਹੀ ਹੈ । ਇਹ ਦੋਵੇਂ ਸੋਮੇ ਹੀ ਡਿਪਲੀਟ ਹੋ ਗਏ ਹਨ, ਸਾਡੀ ਜ਼ਮੀਨ ਦੀ ਸ਼ਕਤੀ ਵੀ ਮੁੱਕ ਗਈ ਹੈ, ਟਿਊਬਵੈੱਲਾਂ ਦਾ ਪਾਣੀ ਵੀ ਮੁੱਕ ਗਿਆ ਹੈ ਔਰ ਬੜੇ ਦੁੱਖ ਦੀ ਗੱਲ ਹੈ ਕਿ ਪਹਿਲੀਆਂ ਸਰਕਾਰਾਂ ਨੇ ਸਾਡੀ ਕੋਈ ਕਦਰ ਨਹੀਂ ਪਾਈ। ਦੇਖੋ, ਵੈਸੇ ਤਾਂ ਇਸ ਦਾ ਇਨਾਮ ਕਿਸਾਨਾਂ ਨੂੰ ਮਿਲਣਾ ਚਾਹੀਦਾ ਸੀ ਪਰ ਪੰਜਾਬ ਦੇ ਕਿਸਾਨ ਵਲੋਂ ਮੈਂ ਉਥੇ ਗਿਆ, ਜਿਹੜੇ ਸੂਬਿਆਂ ਨੇ ਖੇਤੀ ਖੇਤਰ ਵਿੱਚ ਵਧੀਆ ਕੰਮ ਕੀਤਾ ਹੈ। ਸੂਰਤਗੜ੍ਹ ਰਾਜਸਥਾਨ ਵਿੱਚ ਮੋਦੀ ਸਾਹਿਬ ਨੇ ਪਹਿਲੀ ਵਾਰ ਉਨ੍ਹਾਂ ਸੂਬਿਆਂ ਨੂੰ ਇਨਾਮ ਦਿੱਤੇ। ਮੈਨੂੰ ਖੁਸ਼ੀ ਹੋਈ ਕਿ ਸਭ ਤੋਂ ਪਹਿਲਾਂ ਪੰਜਾਬ ਸੂਬੇ ਨੂੰ ਇਨਾਮ ਮਿਲਿਆ। (ਥੰਪਿੰਗ) ਸਾਨੂੰ ਕ੍ਰਿਸ਼ੀ ਕਰਮਨ ਅਵਾਰਡ ਮਿਲਿਆ ਹੈ, Best performing State for producing record foodgrains ਕਿੰਨੀ ਵੱਡੀ ਗੱਲ ਹੈ ਕਿ ਸਾਰਾ ਕੁਝ ਕਰ ਦਿੱਤਾ । ਲੇਕਿਨ ਗੱਲ ਕੀ ਹੈ, ਤੁਸੀਂ ਵੀ ਜਾਣਦੇ ਹੋ, ਗੱਲਾਂ ਕਰਨ ਵਾਲੀਆਂ ਹਨ ਕਿ ਕਿਸਾਨ ਦੀ ਬੁਰੀ ਹਾਲਤ ਹੈ, ਅਤਿ ਦੀ ਬੁਰੀ ਹਾਲਤ ਹੈ। ਅੱਜ ਇਹ ਮੁਨਾਫਾਬਖਸ਼ ਧੰਦਾ ਨਹੀਂ ਰਿਹਾ। ਇਸ ਦੇ ਰੀਜ਼ਨਜ਼ ਹਨ । ਇਕ ਤਾਂ ਪ੍ਰੋਡਕਟੀਵਿਟੀ ਸਟੈਗਨੇਟ ਹੋ ਗਈ, ਇਸ ਤੋਂ ਵੱਧ ਪ੍ਰੋਡਕਟੀਵਿਟੀ ਹੋ ਨਹੀਂ ਸਕਦੀ। ਐਮ.ਐਸ.ਪੀ. ਕਾਸਟ ਆਫ ਪ੍ਰੋਡਕਸ਼ਨ ਦੇ ਮੁਤਾਬਕ ਨਹੀਂ ਵਧਦੀ ਜਿਸ ਦਾ ਨਤੀਜਾ ਕੀ ਨਿਕਲਿਆ ਕਿ ਲੋਕ ਕਰਜ਼ਾਈ ਹੋ ਗਏ ਹਨ । ਇਥੋਂ ਤੱਕ ਕਿ ਬਹਾਦਰ ਕਿਸਾਨ ਤੇ ਮਜ਼ਦੂਰ ਖੁਦਕਸ਼ੀ ਕਰਨ ਲਈ ਮਜਬੂਰ ਹੋ ਗਏ ਹਨ ਪਰ ਚਲੋ ਹੁਣ ਅਸੀਂ ਸਟੈਪ ਉਠਾਉਣ ਲੱਗੇ ਹਾਂ। ਪੰਜ ਹਜ਼ਾਰ ਕਰੋੜ ਰੁਪਏ ਵਾਲੀ ਗੱਲ ਤਾਂ ਮੈਂ ਦੱਸ ਦਿੱਤੀ ਹੈ। ਐਤਕੀਂ ਇਹ ਵੀ ਫੈਸਲਾ ਕੀਤਾ ਹੈ, ਇਹ ਕੋਈ ਕੰਪਨਸੇਸ਼ਨ ਤਾਂ ਨਹੀਂ ਹੈ ਔਰ ਭਾਵੇਂ ਇਹ ਰਿਲੀਫ ਵੀ ਬੜਾ ਘੱਟ ਹੈ ਪਰ ਜੇ ਕੋਈ ਮਜ਼ਦੂਰ ਜਾਂ ਕਿਸਾਨ ਸੁਸਾਈਇਡ ਕੁਮਿਟ ਕਰਦਾ ਹੈ, ਪਹਿਲਾਂ ਇਸ ਕੇਸ ਵਿੱਚ ਦੋ ਲੱਖ ਰੁਪਏ ਦਿੰਦੇ ਸੀ, ਹੁਣ ਇਸ ਨੂੰ ਵਧਾ ਕੇ ਤਿੰਨ ਲੱਖ ਰੁਪਏ

ਕਰ ਦਿੱਤਾ ਹੈ। ਜਿੱਥੋਂ ਤੱਕ ਸਬਸਿਡੀਆਂ ਦੀ ਗੱਲ ਹੈ, ਜਿਹੜੀ ਵੀ ਗੱਲ ਪੰਜਾਬ ਦੀ ਸਰਕਾਰ ਕਰ ਸਕਦੀ ਹੈ, ਉਸ ਵਾਸਤੇ ਮੈਂ ਕਦੇ ਵੀ ਜਵਾਬ ਨਹੀਂ ਦਿੱਤਾ। ਜੇ ਤੁਸੀਂ ਪੰਜਾਬ ਦਾ ਭਲਾ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਵੀ ਪਿੰਡਾਂ ਵਾਲਿਆਂ ਨੂੰ ਆਖੋ ਕਿ ਜਿਹੜੀ ਸਾਡੀ ਮਸ਼ੀਨਰੀ ਹੈ, ਉਹ ਕਿਰਾਏ ਤੇ ਲੈ ਲਵੇ । ਹੁਣ ਹਰ ਘਰ ਵਿਚ ਟਰੈਕਟਰ ਹੈ, ਹਰ ਘਰ ਵਿਚ ਖੇਤੀਬਾੜੀ ਦੇ ਸੰਦ ਪਏ ਹਨ, ਕਰਜ਼ੇ ਤੇ ਲਏ ਹਨ ਅਤੇ ਕਰਜ਼ਾ ਵਧਦਾ ਜਾਂਦਾ ਹੈ। ਇਸ ਗੱਲ ਨੂੰ ਸਮਝ ਕੇ ਅਸੀਂ ਐਗਰੋ ਸਰਵਿਸ ਸੈਂਟਰ ਖੋਲ੍ਹੇ ਹਨ, ਜਿਸ ਵਿੱਚ ਪਹਿਲਾਂ 33 ਫੀਸਦੀ ਸਬਸਿਡੀ ਸੀ ਤੇ ਹੁਣ ਉਹ ਅਸੀਂ 40 ਫੀਸਦੀ ਕਰ ਦਿੱਤੀ ਹੈ। ਜਦੋਂ ਵੀ ਕਿਸੇ ਕਿਸਾਨ ਨੂੰ ਕੋਈ ਸਮਾਨ ਚਾਹੀਦਾ ਹੈ, ਉਹ ਕਿਰਾਏ ਤੇ ਲੈ ਸਕਦਾ ਹੈ। ਇਕ ਇਥੇ ਮੁਕਤਸਰ ਵਾਲੇ ਬੀਬੀ ਜੀ ਨੇ ਗੱਲ ਕੀਤੀ ਸੀ ਕਿ ਬਰਨਿੰਗ ਆਫ ਪੈਡੀ ਸਟਰਾਅ। ਇਸ ਵਿੱਚ ਇਕ ਮਸ਼ੀਨ ਬਣਾਈ ਗਈ ਹੈ, ਜਿਸ ਨਾਲ ਪੈਡੀ ਦਾ ਸਟਰਾਅ ਖੇਤ ਵਿੱਚ ਹੀ ਜ਼ਜ਼ਬ ਕਰ ਦਿੱਤਾ ਜਾਂਦਾ ਹੈ। ਅਸੀਂ ਸਾਰੇ ਕਾਰਖਾਨੇਦਾਰਾਂ ਨੂੰ ਸੱਦਿਆ ਹੈ ਅਤੇ ਕਿਹਾ ਹੈ ਕਿ ਜਿੰਨੀਆਂ ਤੁਸੀਂ ਮਸ਼ੀਨਾਂ ਬਣਾ ਸਕਦੇ ਹੋ, ਬਣਾ ਦਿਓ। ਅਸੀਂ ਇਸ ਤੇ 50 ਫੀਸਦੀ ਸਬਸਿਡੀ ਦਿਆਂਗੇ। ਅਸੀਂ ਤਾਂ ਉਹ ਗੱਲਾਂ ਕਰਦੇ ਹਾਂ ਜਿਹੜੀਆਂ ਤੁਸੀਂ ਕਦੇ ਸੋਚੀਆਂ ਵੀ ਨਹੀਂ ਹੋਣੀਆਂ। ਮੱਕੀ ਦੀ ਲੁੱਟ ਹੁੰਦੀ ਸੀ, ਕੋਈ ਡਰਾਇਅਰ ਨਹੀਂ ਹੁੰਦੇ ਸੀ। ਕਿਸਾਨ ਗਿੱਲੀ ਮੱਕੀ ਲੈ ਕੇ ਮੰਡੀਆਂ ਵਿਚ ਜਾਂਦੇ ਸਨ ਅਤੇ ਉਨ੍ਹਾਂ ਦੀ ਲੁੱਟ ਹੁੰਦੀ ਸੀ। ਹੁਣ ਅਸੀਂ 7 ਡਰਾਇਅਰ ਲਗਾਉਣੇ ਹਨ, ਜਿਸ ਵਿਚੋਂ ਦੋ ਲੱਗ ਚੁੱਕੇ ਹਨ ਅਤੇ ਪੰਜ ਛੇਤੀ ਹੀ ਲੱਗ ਜਾਣਗੇ। ਇਸੇ ਤਰ੍ਹਾਂ ਬੀਬੀ ਜੀ ਨੇ ਕਿਹਾ ਸੀ ਕਿ ਸੇਮ ਦਾ ਇਲਾਕਾ ਹੈ। ਇਸ ਨਾਲ ਪਾਣੀ ਦੀ ਵੀ ਬੱਚਤ ਹੋਵੇਗੀ। ਅਸੀਂ 80 ਫੀਸਦੀ ਸਬਸਿਡੀ ਡਰਿੱਪ ਅਤੇ ਸਪਰਿੰਕਲ ਇਰੀਗੇਸ਼ਨ ਤੇ ਦੇ ਰਹੇ ਹਾਂ। ਅੰਡਰ ਗਰਾਊਂਡ ਪਾਈਪ ਲਾਈਨਾਂ ਵੀ ਵਿਛਾ ਦਿੱਤੀਆਂ ਹਨ। (ਵਿਘਨ) (ਸ਼ੋਰ) ਹਾਂ ਜੀ ਦੱਸੋ?

**ਸਰਦਾਰ ਰਮਨਜੀਤ ਸਿੰਘ ਸਿੱਕੀ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਸਬਸਿਡੀਆਂ ਸਿਰਫ ਜ਼ਮੀਨ ਮਾਲਕਾਂ ਨੂੰ ਹੀ ਮਿਲਦੀਆਂ ਹਨ ਪਰ ਬਹੁਤ ਸਾਰੇ ਅਜਿਹੇ ਜ਼ਿੰਮੀਂਦਾਰ ਹਨ ਜੋ ਠੇਕੇ ਤੇ ਜ਼ਮੀਨਾਂ ਵਾਹੁੰਦੇ ਹਨ। ਸੋ, ਜਿਹੜਾ ਜ਼ਿੰਮੀਂਦਾਰ ਠੇਕੇ ਤੇ ਜ਼ਮੀਨ ਵਾਹੁੰਦਾ ਹੈ, ਕੀ ਉਸ ਨੂੰ ਇਹ ਸਬਸਿਡੀ

ਮਿਲ ਸਕਦੀ ਹੈ?

**ਮੁੱਖ ਮੰਤਰੀ :** ਸਰਦਾਰ ਸਾਹਿਬ, ਦੇਖੋ ਸਬਸਿਡੀ ਤਾਂ ਜ਼ਮੀਨ ਮਾਲਕ ਨੂੰ ਹੀ ਮਿਲੇਗੀ। ਜਦੋਂ ਇੰਨੀ ਵੱਡੀ ਸਬਸਿਡੀ ਹੋਵੇ ਤਾਂ ਮੁਫਤ ਵਰਗੀ ਹੀ ਗੱਲ ਹੋ ਜਾਂਦੀ ਹੈ। ਇਸ ਤਰ੍ਹਾਂ ਅਸੀਂ ਦੇ ਨਹੀਂ ਸਕਦੇ, ਇਹ ਕਾਨੂੰਨਨ ਜੁਰਮ ਹੈ। (ਵਿਘਨ) (ਸ਼ੋਰ) ਤੁਸੀਂ ਸਿਆਣੇ ਬੰਦੇ ਹੋ ਰਾਣਾ ਜੀ, ਤੁਸੀਂ ਕੋਈ ਰਾਹ ਲੱਭ ਦਿਓ, ਮੈਂ ਕਰ ਦਿਆਂਗਾ। ਇਹ ਰਾਹ ਲੱਭ ਦੇਣਗੇ, ਇਹ ਤਾਂ ਮਾਹਿਰ ਹਨ, ਰਾਹ ਲੱਭਣ ਵਿੱਚ। (ਵਿਘਨ) (ਸ਼ੋਰ) ਤੁਸੀਂ ਕੋਈ ਰਾਹ ਦੱਸ ਦਿਓ, ਮੈਂ ਕਰ ਦਿਆਂਗਾ। ਸ਼ੂਗਰ ਮਿੱਲ ਵਾਲਿਆਂ ਦਾ ਕਾਕਾ ਮੈਨੂੰ ਪਰਸੋਂ ਹੀ ਮਿਲਿਆ ਸੀ। ਮੈਂ ਕੱਲ੍ਹ ਕੈਬਨਿਟ ਵਿੱਚ ਇਨ੍ਹਾਂ ਦੇ ਹੱਕ ਦੀ ਗੱਲ ਕੀਤੀ ਹੈ। ਅਸੀਂ ਕੈਬਨਿਟ ਵਿੱਚ ਐਕਟ ਪਾਸ ਕਰ ਦਿੱਤਾ ਹੈ। ਤੁਸੀਂ ਧੰਨਵਾਦ ਤਾਂ ਕਰ ਦਿਓ।

**ਰਾਣਾ ਗੁਰਜੀਤ ਸਿੰਘ :** ਤੁਸੀਂ ਮੇਰਾ ਕਾਕਾ ਨਾ ਕਹੋ।

**ਮੁੱਖ ਮੰਤਰੀ :** ਮੇਰਾ ਪੋਤਾ (ਹਾਸਾ) ਤੁਸੀਂ ਮੈਨੂੰ ਪਿਓ ਤਾਂ ਸਮਝੋ, ਤੁਸੀਂ ਮੈਨੂੰ ਬਾਪੂ ਆਖੋ। ਮੇਰਾ ਮਤਲਬ ਹੈ ਕਿ ਇਕ ਦਿਨ ਪਹਿਲਾਂ ਸਾਨੂੰ ਡੈਪੂਟੇਸ਼ਨ ਮਿਲਿਆ ਹੈ । ਅਸੀਂ ਅਗਲੇ ਦਿਨ ਹੀ ਕੈਬਨਿਟ ਵਿੱਚ ਐਕਟ ਪਾਸ ਕਰ ਦਿੱਤਾ ਹੈ। ਤੁਸੀਂ ਦੱਸੋ ਹੁਣ ਤੁਹਾਡੀ ਤਕਲੀਫ ਦੂਰ ਹੋ ਗਈ ਹੈ ਜਾਂ ਨਹੀਂ। ਇਸ ਦਾ ਅਸਲੀ ਹੱਲ ਇਹ ਹੈ ਕਿ ਇਕ ਤਾਂ ਸੋਲਰ ਐਨਰਜੀ ਲਾਓ। ਟੈਂਕ ਪੁੱਟ ਕੇ ਸੋਲਰ ਐਨਰਜੀ ਦੇ ਪੰਪ ਲਗਾਓ ਅਤੇ ਡਰਿੱਪ ਲਗਾਓ। ਖਰਚਾ ਕੋਈ ਨਹੀਂ ਹੁੰਦਾ, ਇਸ ਤੇ 75 ਫੀਸਦੀ ਸਬਸਿਡੀ ਹੈ। ਇਸੇ ਤਰ੍ਹਾਂ ਅਸੀਂ ਇਹ ਵੀ ਚਾਹੁੰਦੇ ਹਾਂ ਕਿ ਐਗਰੋ ਇੰਡਸਟਰੀ ਵਧੇ ਫੁੱਲੇ। ਇਸ ਵਾਸਤੇ ਜਿਹੜਾ ਵੀ ਕੋਈ ਐਗਰੋ ਇੰਡਸਟਰੀ ਪ੍ਰਾਸੈਸਿੰਗ ਸੈਂਟਰ ਲਗਾਏਗਾ, ਉਸ ਨੂੰ 90 ਫੀਸਦੀ ਵੈਟ ਰਿਟੈਂਸ਼ਨ ਮਿਲੇਗੀ । ਹੁਣ ਇੱਕ ਹੋਰ ਕੀਤਾ ਹੈ ਕਿ ਜਿਹੜਾ ਕਰਜ਼ਾ ਤੁਸੀਂ ਲੈਣਾ ਹੈ, ਉਸ ਦੀ ਹੁਣ ਬੈਂਕ ਵਿੱਚ ਰਜਿਸਟਰੀ ਹੁੰਦੀ ਹੈ। ਇਹ ਤਾਕਤ ਬੈਂਕ ਦੇ ਆਫੀਸ਼ੀਅਲ ਨੂੰ ਦੇ ਦਿੱਤੀ ਕਿ ਤਹਿਸੀਲ ਵਿੱਚ ਨਹੀਂ ਜਾਣਾ, ਤੁਹਾਨੂੰ ਹੀ ਤਾਕਤ ਹੈ, ਤੁਸੀਂ ਇਸ ਨੂੰ ਕਰਜ਼ਾ ਵੀ ਦੇ ਦਿਓ ਤੇ ਰਜਿਸਟਰੀ ਵਾਲਾ ਕੰਮ ਵੀ ਕਰ ਲਓ। ਮੈਂ ਬਹੁਤ ਸਾਰੇ ਅਜਿਹੇ ਕਦਮ ਚੁੱਕੇ ਹਨ ਜਿਸ ਦਾ ਲੌਂਗ ਟਰਮ ਬੈਨੀਫਿਟ ਹੋਵੇ। ਕਹਿੰਦੇ ਹਨ ਕਿ ਸਿਆਣੇ ਦੇ ਕਹੇ ਦਾ ਤੇ ਔਲੇ ਦੇ ਖਾਧੇ ਦਾ ਬਾਅਦ ਵਿੱਚ ਪਤਾ ਚਲਦਾ ਹੈ। ਲੌਂਗ ਟਰਮ ਲਈ ਅਸੀਂ ਅਜਿਹੇ ਫੈਸਲੇ ਤੇ ਅਜਿਹੀਆਂ ਮਨਜ਼ੂਰੀਆਂ ਲਈਆਂ ਹਨ, ਭਾਵੇਂ ਪਹਿਲੀ ਸਰਕਾਰ ਤੋਂ ਲਈਆਂ ਭਾਵੇਂ ਇਸ ਸਰਕਾਰ ਤੋਂ

[ ਮੁੱਖ ਮੰਤਰੀ ]

ਲਈਆਂ । ਦੇਖੋ ਜਦੋਂ ਕੋਈ ਜੰਗ ਜਿੱਤੀ ਜਾਂਦੀ ਹੈ ਤਾਂ ਸਿਹਰਾ ਤਾਂ ਜਰਨੈਲ ਦੇ ਸਿਰ ਹੀ ਸੱਜਦਾ ਹੈ ਨਾ ਕੇ ਸਿਪਾਹੀ ਦੇ ਸਿਰ ਸੱਜਦਾ ਹੈ। ਅਸੀਂ Borlough Institute ਲਿਆਂਦਾ ਹੈ, ਏਸ਼ੀਆ ਵਿੱਚ ਨੰਬਰ ਵੰਨ ਹੈ। ਸਾਰੇ ਏਸ਼ੀਆ ਵਿੱਚ ਸਾਰੀਆਂ ਸਟੇਟਾਂ ਨੂੰ ਇੱਕ ਨੰਬਰ ਮਿਲਣਾ ਸੀ। Maize research ਵਾਸਤੇ ਇੱਕ ਸੈਂਟਰ ਮਿਲਣਾ ਸੀ. Centre of Excellence, vegetable potato, citrus ਵਾਸਤੇ centre of excellence ਸਾਰੇ ਚਲ ਰਹੇ ਹਨ। ਮੈਨੂੰ ਖੁਸ਼ੀ ਹੈ, ਭਾਵੇਂ ਗੱਲ ਤਾਂ ਅੱਗੇ ਆ ਗਈ ਹੈ ਕਿ ਇਸ ਬਜਟ ਵਿੱਚ ਵੀ ਮੋਦੀ ਸਾਹਿਬ ਦੀ ਸਰਕਾਰ ਨੇ ਆਪਾਂ ਨੂੰ ਹਾਰਟੀਕਲਚਰ ਇੰਸਟੀਚਿਊਟ ਵੀ ਦੇ ਦਿੱਤਾ ਹੈ। Health Card ਦੀ ਮੋਦੀ ਸਾਹਿਬ ਨੇ ਹਰਿਆਣੇ ਜਾ ਕੇ ਸਕੀਮ ਰੱਖੀ ਸੀ। ਸਾਰੀ ਜ਼ਮੀਨ ਨੂੰ ਟੈਸਟ ਕੀਤਾ ਜਾਏ। ਮੈਂ ਇਹ ਵੀ ਕਹਿੰਦਾ ਹਾਂ ਕਿ ਹੁਣ ਹੋਰ ਕੀ ਕਰਨਾ ਚਾਹੀਦਾ ਹੈ। ਜੇ ਤੁਸੀਂ ਕੋਈ ਰਾਏ ਦਿਓਗੇ ਕਿ ਸੈਂਟਰ ਗੌਰਮਿੰਟ ਨੂੰ ਜਾ ਕੇ ਕਹੋ ਕਿ ਇਹ ਕੁਝ ਕਰੋ, ਉਸ ਵਿੱਚ ਤੁਸੀਂ ਜੋ ਮੈਨੂੰ ਰਾਏ ਦਿਓਗੇ, ਮੈਂ ਉਹ ਵੀ ਐਡ ਕਰ ਦਿਆਂਗਾ। ਮੇਰੀ ਅਕਲ ਦੇ ਮੁਤਾਬਿਕ ਕਿਉਂਕਿ ਖੇਤੀ ਇੱਕ ....

**ਸਰਦਾਰ ਰਮਨਜੀਤ ਸਿੰਘ ਸਿੱਕੀ :** ਸਰ, ਦੁਆਬਾ ਆਲੂਆਂ ਦੇ ਸੀਡ ਲਈ ਮੰਨਿਆ ਜਾਂਦਾ ਹੈ। ਜੇ ਅਸੀਂ ਉਥੇ ਸੀਡ ਸਰਟੀਫਿਕੇਸ਼ਨ ਦਾ ਪ੍ਰੋਸੈਸ ਸ਼ੁਰੂ ਕਰ ਲਈਏ ਤੇ ਇਨ੍ਹਾਂ ਜ਼ਿੰਮੀਦਾਰਾਂ ਦਾ ਜਿਹੜਾ ਆਲੂ ਹੈ, ਜਿਹੜਾ ਸੀਡ ਸਰਟੀਫਿਕੇਸ਼ਨ ਨਾਲ ਟੈਗ ਹੋ ਜਾਵੇਗਾ, ਉਸ ਦੀ ਕੀਮਤ ਗੁਆਂਢੀ ਮੁਲਕਾਂ ਜਿਵੇਂ ਕਿ ਯੂਰਪ ਵਿੱਚ ਚਾਰ ਗੁਣਾ ਵੱਧ ਸਕਦੀ ਹੈ। ਜੇ ਤੁਸੀਂ ਕਰ ਸਕਦੇ ਹੋ ਤਾਂ ਇਹ ਜ਼ਰੂਰ ਕਰਿਓ।

**ਮੁੱਖ ਮੰਤਰੀ :** ਮੈਂ ਜੀ ਸਾਰਾ ਕੁਝ ਕਰ ਸਕਦਾ ਹਾਂ। ਮੇਰੇ ਕੋਲ ਜਿਹੜੇ ਪੁਰਾਣੇ ਬੰਦੇ ਆਉਂਦੇ ਹਨ ਕਿ ਜੀ ਸਾਡੇ ਮੁੰਡੇ ਨੇ 32 ਸਾਲ ਧੱਕੇ ਖਾਧੇ ਹਨ, ਨੌਕਰੀ ਲਗਵਾ ਦਿਓ। ਸਿਆਸੀ ਬੰਦੇ ਨੂੰ No ਤਾਂ ਆਖਣਾ ਹੀ ਨਹੀਂ ਚਾਹੀਦਾ ਪਰ ਮੈਂ ਕਈ ਵਾਰ ਆਖ ਦਿੰਦਾ ਹਾਂ ਕਿ ਅੱਜਕੱਲ੍ਹ ਸਾਰਾ ਕੁਝ ਮੈਰਿਟ ਤੇ ਹੁੰਦਾ ਹੈ। ਮੈਂ ਕਰ ਨਹੀਂ ਸਕਦਾ। ਫਿਰ ਉਹ ਕਹਿੰਦੇ ਹਨ ਕਿ ਬਾਦਲ ਜੀ, ਤੁਸੀਂ ਕੀ ਨਹੀਂ ਕਰ ਸਕਦੇ। ਤੁਸੀਂ ਤਾਂ ਬੰਦੇ ਤੋਂ ਬੁੜ੍ਹੀ ਬਣਾ ਦਿਓ ਤੇ ਬੁੜ੍ਹੀ ਤੋਂ ਬੰਦਾ ਬਣਾ ਦਿਓ । (ਹਾਸਾ) ਇਸ ਕਰਕੇ ਸਰਦਾਰ ਸਾਹਿਬ ਤੁਹਾਡਾ ਹੁਕਮ ਚਾਹੀਦਾ ਹੈ, ਤੁਹਾਡਾ ਕੰਮ ਹੋ ਜਾਵੇਗਾ। ਐਗਰੀਕਲਚਰ ਮਨਿਸਟਰ ਸਾਹਿਬ ਨੋਟ ਕਰ ਲਓ।

ਸ਼ਾਹਕੋਟ ਵਿਖੇ ਕਰ ਦਿੱਤਾ ਹੈ।

**ਰਾਣਾ ਗੁਰਜੀਤ ਸਿੰਘ :** ਇਹ ਸ਼ਾਹਕੋਟ ਦੀ ਗੱਲ ਨਹੀਂ ਕਰਦੇ।

**ਮੁੱਖ ਮੰਤਰੀ :** ਕਿਤੇ ਇੱਕ ਬਣਨਾ ਹੈ, ਸ਼ਾਹਕੋਟ ਬਣ ਜਾਏ, ਚਾਹੇ ਜਲੰਧਰ ਬਣ ਜਾਏ।

**ਰਾਣਾ ਗੁਰਜੀਤ ਸਿੰਘ :** ਸਰ, ਤੁਸੀਂ ਕਨਫਿਊਜ਼ ਕਰ ਰਹੇ ਹੋ। ਸਰ, ਇੱਕ ਮਿੰਟ ਗੱਲ ਤਾਂ ਸੁਣ ਲਓ। ਮੈਂਬਰ ਸਾਹਿਬ ਦੇ ਕਹਿਣ ਦਾ ਮਤਲਬ ਇਹ ਹੈ ਕਿ ਮੰਨ ਲਓ ਕਿ ਮੈਂ ਸੀਡ ਪ੍ਰੋਡਿਊਸਰ ਹਾਂ । (ਵਿਘਨ) ਅੱਛਾ ਜੀ, ਗੱਲ ਤਾਂ ਸੁਣ ਲਓ ਬਾਪੂ ਜੀ, ਹੁਣ ਤੁਸੀਂ ਖੁਸ਼ ਹੋ(ਹਾਸਾ)।

**ਮੁੱਖ ਮੰਤਰੀ :** ਹਾਂ ਜੀ, ਬਿਲਕੁਲ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਗੱਲ ਇਸ ਤਰ੍ਹਾਂ ਹੈ ਕਿ ਇਹ ਚਾਹੁੰਦੇ ਹਨ ਕਿ ਸੀਡ ਸਰਟੀਫਿਕੇਸ਼ਨ ਇੱਕ ਚੀਜ਼ ਹੈ, seed certification agency breeder seed ਲੈ ਕੇ ਆਏ ਹਾਂ। ਜਿਵੇਂ X farm, Y farm ਕੋਈ ਹੈ। ਉਸ ਫਾਰਮਰ ਨੇ 10 ਕਿੱਲੇ ਵਿਚ ਬੀਜ ਬੀਜਿਆ, ਉਸ ਦੀ ਸਰਟੀਫਿਕੇਸ਼ਨ ਹੋਵੇ, ਉਸ ਦੀ ਇੰਸਪੈਕਸ਼ਨ ਵੀ ਹੋਵੇ ਅਤੇ ਸਰਟੀਫਿਕੇਸ਼ਨ ਦਾ ਟੈਗ ਤੁਸੀਂ ਦਿਓ। ਟੈਗ ਤੁਹਾਡੀ ਅਥਾਰਿਟੀ ਦੇਵੇ। ਉਸ ਤੇ ਇੱਕ ਗੌਰਮਿੰਟ ਦਾ ਸਰਟੀਫਾਈਡ ਟੈਗ ਲੱਗੇ ਕਿ ਇਹ gradation seed, certified seed, foundation seed and truthfully labelled seed ਹੈ ਤਾਂ ਇਹ ਬਾਹਰਲੇ ਮੁਲਕਾਂ ਵਿੱਚ ਜਾਵੇਗਾ। ਇਹੀ ਕਹਿਣਾ ਚਾਹੁੰਦੇ ਹੋ ਸਿੱਕੀ ਸਾਹਿਬ।

**ਮੁੱਖ ਮੰਤਰੀ :** ਮੈਂ ਸਮਝ ਗਿਆ ਜੀ। ਇਹ ਪੀ.ਏ.ਯੂ ਵੱਲੋਂ ਹੋ ਰਿਹਾ ਹੈ।

**ਸਰਦਾਰ ਰਮਨਜੀਤ ਸਿੰਘ ਸਿੱਕੀ :** ਸਰ, ਹਾਲੇ ਤਾਂ ਕੁਝ ਨਹੀਂ ਹੋਇਆ ਹੈ।

**ਮੁੱਖ ਮੰਤਰੀ :** ਮੈਂ ਤਾਂ ਆਖਿਆ ਹੈ ਕਿ ਨਾ ਤਾਂ ਕਰਨੀ ਹੀ ਨਹੀਂ ਹੈ, ਭਾਵੇਂ ਕੁਝ ਵੀ ਕਹੀ ਜਾਓ। (ਵਿਘਨ) ਦੇਖੋ ਕੰਮ ਦੀਆਂ ਗੱਲਾਂ ਸੁਣ ਲਓ । ਡਾਕਟਰ ਸਵਾਮੀਨਾਥਨ ਵਰਲਡ ਦਾ ਇੱਕ ਬਹੁਤ ਵੱਡਾ ਸਾਇੰਸਟਿਸਟ ਹੈ। ਪਰਸੋਂ ਇਥੇ ਰਾਸ਼ਟਰਪਤੀ ਸਾਹਿਬ ਆਏ ਸਨ। ਉਨ੍ਹਾਂ ਨੇ ਡਾਕਟਰ ਸਵਾਮੀਨਾਥਨ ਨੂੰ ਅਵਾਰਡ ਵੀ ਦਿੱਤਾ ਹੈ, ਡਿਗਰੀ ਵੀ ਦਿੱਤੀ ਹੈ। ਉਨ੍ਹਾਂ ਦੀ ਅਖਬਾਰਾਂ ਵਿੱਚ

[ ਮੁੱਖ ਮੰਤਰੀ ]

ਸਟੇਟਮੈਂਟ ਆਈ ਹੈ, ਤੁਸੀਂ ਪੜ੍ਹ ਲੈਣਾ । ਮੈਂ ਤੁਹਾਨੂੰ ਉਹ ਗੱਲਾਂ ਆਖ ਰਿਹਾ ਹਾਂ ਜਿਹੜੀਆਂ ਮੈਂ ਸੈਂਟਰ ਤੋਂ ਕਰਵਾਉਣ ਦੀ ਕੋਸ਼ਿਸ਼ ਕਰਨੀ ਹੈ। ਚੌਕੀਦਾਰ ਨੇ ਤਾਂ ਜਾਗਦੇ ਰਹੋ, ਜਾਗਦੇ ਰਹੋ ਹੀ ਆਖੀ ਜਾਣਾ ਹੈ। ਰਾਣਾ ਸਾਹਿਬ ਜੇ ਕੋਈ ਤੁਹਾਡੇ ਵਾਂਗ ਸੌਂ ਜਾਵੇ ਤਾਂ ਮੈਂ ਕੀ ਕਰ ਸਕਦਾ ਹਾਂ। ਡਾ. ਸਵਾਮੀਨਾਥਨ ਨੇ ਕੀ ਕਿਹਾ ਹੈ ? He said that Punjab should be declared a special agricultural zone and should be given a special package to maintain food security. ਇਹ ਬਹੁਤ ਵਧੀਆ ਚੀਜ਼ ਉਨ੍ਹਾਂ ਨੇ ਆਖੀ ਹੈ। ਦੋ ਗੱਲਾਂ ਮੈਂ ਹੋਰ ਕਹਿਣੀਆਂ ਚਾਹੁੰਦਾ ਹਾਂ ਜਿਹੜੀਆਂ ਅਸੀਂ ਸੈਂਟਰ ਨੂੰ ਕਹਾਂਗੇ। ਜੇ ਕਿਸੇ ਨੇ ਸੁਝਾਅ ਦੇਣਾ ਹੈ ਤਾਂ ਅਸੀਂ ਉਹ ਵੀ ਸ਼ਾਮਲ ਕਰ ਲਵਾਂਗੇ। ਜਿਹੜਾ 4% ਐਗਰੀਕਲਚਰ ਦਾ ਪਲਾਨ ਸੀ, ਇਹ ਵਧਾ ਕੇ 10% ਕੀਤਾ ਹੈ। ਇਸੇ ਤਰ੍ਹਾਂ ਸਾਡੀਆਂ ਯੂਨੀਵਰਸਿਟੀਆਂ ਹਨ। ਪੈਸੇ ਨਾ ਹੋਣ ਕਾਰਨ ਰਿਸਰਚ ਨਹੀਂ ਹੁੰਦੀ। ਰਿਸਰਚ ਵਾਸਤੇ ਪਹਿਲਾਂ ਬਜਟ 0.6% ਹੁੰਦਾ ਸੀ ਜਿਹੜਾ ਕਿ ਹੁਣ ਵਧਾ ਕੇ 1% ਕਰ ਦਿੱਤਾ ਹੈ ਤਾਂ ਕਿ ਰਿਸਰਚ ਵੀ ਹੋਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਜਿੰਦਰ ਸਿੰਘ ਅਤੇ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀਆਂ ਸੀਟਾਂ ਤੋਂ ਉਠ ਕੇ ਬਾਹਰ ਜਾ ਰਹੇ ਸਨ।)

ਤੁਸੀਂ ਬੈਠੇ ਰਹੋ ਜੀ, ਕਿਉਂ ਕਾਹਲ ਕਰਦੇ ਹੋ। ਹੱਥ ਬੰਨ੍ਹ ਕੇ ਬੇਨਤੀ ਹੈ ਕਿ ਬੈਠ ਜਾਉ। ਮੈਂ ਤੁਹਾਡੀ ਗੱਲ ਕਰਨੀ ਹੈ।

**ਸਰਦਾਰ ਸੁਖਜਿੰਦਰ ਸਿੰਘ :** ਤੁਸੀਂ ਕੁਝ ਦਿੰਦੇ ਤਾਂ ਹੈ ਨਹੀਂ। ਸਿਰਫ ਗੱਲਾਂ ਹੀ ਸੁਣਾਈ ਜਾਂਦੇ ਹੋ।

**ਮੁੱਖ ਮੰਤਰੀ :** ਤੁਸੀਂ ਮੰਗਦੇ ਹੀ ਨਹੀਂ ਹੋ। ਖੇਤੀਬਾੜੀ ਵਾਲਿਆਂ ਨੂੰ ਦੇ ਰਹੇ ਹਾਂ, ਤੁਹਾਨੂੰ ਵੀ ਦੇ ਦੇਵਾਂਗੇ। ਤੁਹਾਡੇ ਸਾਰਿਆਂ ਵਿੱਚੋਂ ਕੋਈ ਇੱਕ ਬੰਦਾ ਆਖ ਦੇਵੇ ਕਿ ਮੈਂ ਇਹ ਗੱਲ ਗਲਤ ਕੀਤੀ ਹੈ।

**ਸਰਦਾਰ ਸੁਖਜਿੰਦਰ ਸਿੰਘ :** ਤੁਸੀਂ ਡੇਰਾ ਬਾਬਾ ਨਾਨਕ ਲਈ ਮੈਨੂੰ ਹਾਂ ਨਹੀਂ ਕੀਤੀ।

**ਮੁੱਖ ਮੰਤਰੀ :** ਹੋ ਗਈ ਜੀ, ਤੁਸੀਂ ਸੁਣਿਆ ਹੀ ਨਹੀਂ। ਇਨ੍ਹਾਂ ਦੀ ਸੜਕ ਬਣਾ ਦਿਆਂਗੇ।

**ਸਰਦਾਰ ਸੁਖਜਿੰਦਰ ਸਿੰਘ :** ਤੁਸੀਂ ਹਾਂ ਨਹੀਂ ਕੀਤੀ।

**ਮੁੱਖ ਮੰਤਰੀ :** ਫਿਰ ਅੰਗੂਠਾ ਲਗਵਾ ਲਉ। ਮੇਰੇ ਜਾਣ ਤੋਂ ਪਹਿਲਾਂ ਲਗਵਾ ਲੈਣਾ।

**ਸਰਦਾਰ ਸੁਖਜਿੰਦਰ ਸਿੰਘ :** ਅੰਗੂਠਾ ਲੱਗ ਜਾਣਾ ਹੈ ਪਰ ਸੜਕ ਨਹੀਂ ਬਣਨੀ। (ਸ਼ੋਰ)

**Mr. Speaker :** Please Silence. (Noises)

**ਮੁੱਖ ਮੰਤਰੀ :** ਤੁਸੀਂ ਬੈਠ ਜਾਉ। ਮੈਨੂੰ ਪਤਾ ਹੈ ਕਿ ਤੁਸੀਂ ਥੱਕੇ ਪਏ ਹੋ। ਤੁਸੀਂ ਤਾਂ ਕਈ ਵਾਰੀ ਚਾਹ ਵੀ ਪੀ ਆਏ ਹੋ। ਮੈਂ 10-11 ਵਜੇ ਦਾ ਬੈਠਾ ਹਾਂ। ਮੈਂ ਬੁੱਢਾ ਬੰਦਾ ਹਾਂ, ਕੋਈ ਮੇਰੇ ਤੇ ਰਹਿਮ ਵੀ ਕਰੋ। (ਸ਼ੋਰ) ਇੱਕ ਮਿੰਟ ਮੇਰੀ ਗੱਲ ਵੀ ਸੁਣ ਲਉ। ਇਸ ਵਿੱਚ ਤੁਹਾਡਾ ਹੀ ਫਾਇਦਾ ਹੈ। ਮੇਰਾ ਖਿਆਲ ਹੈ ਕਿ ਆਪਾਂ ਰੈਜ਼ੋਲਿਊਸ਼ਨ ਕਰ ਦੇਈਏ ਕਿ ਇਹ ਗੱਲਾਂ ਹੋਣੀਆਂ ਚਾਹੀਦੀਆਂ ਹਨ। ਐਮ.ਐਸ.ਪੀ. ਵੀ ਡਾ. ਸਵਾਮੀਨਾਥਨ ਫਾਰਮੂਲੇ ਨਾਲ ਬਣਨੀ ਚਾਹੀਦੀ ਹੈ। ਐਮ.ਐਸ.ਪੀ. ਰਿਜੀਮ ਲਗਾਤਾਰ ਲਾਗੂ ਹੋਣੀ ਚਾਹੀਦੀ ਹੈ। ਜੇ ਐਮ.ਐਸ.ਪੀ. ਰਿਜੀਮ ਨਾ ਰਹੀ ਅਤੇ ਸਰਕਾਰ ਨੇ ਅਨਾਜ ਨਾ ਖਰੀਦਿਆ ਤਾਂ ਇਸ ਨਾਲ ਗਦਰ ਮਚ ਜਾਣਾ ਹੈ। ਹੁਣ ਕਹਿੰਦੇ ਹਨ ਕਿ ਝੋਨਾ ਬੰਦ ਕਰ ਦਿਉ ਪਰ ਜਿਹੜੀਆਂ ਆਲਟਰਨੇਟਿਵ ਫਸਲਾਂ ਹਨ, ਜਿਵੇਂ ਬਾਸਮਤੀ ਹੈ, ਮੱਕੀ ਹੈ, ਇਨ੍ਹਾਂ ਨੂੰ ਐਮ.ਐਸ.ਪੀ. ਤੇ ਖਰੀਦੋ ਵੀ ਤਾਂ ਹੀ ਡਾਈਵਰਸੀਫਿਕੇਸ਼ਨ ਹੋ ਸਕਦੀ ਹੈ। ਇੱਕ calamity relief ਦੀ ਗੱਲ ਕੀਤੀ ਹੈ। ਉਸ ਤੇ ਵੀ ਗੌਰ ਕਰਨੀ ਚਾਹੀਦੀ ਹੈ। ਇਹ ਵੀ ਬਹੁਤ ਥੋੜ੍ਹਾ ਹੈ। ਇਹ ਮੁੱਦੇ ਕੇਂਦਰ ਸਰਕਾਰ ਕੋਲ ਚੁੱਕਣੇ ਹਨ। ਜਿਹੜਾ ਲਾਈਵਸਟਾਕ ਹੈ it should be treated as agriculture. ਇਸ ਤੇ ਇਨਕਮ ਟੈਕਸ ਲੱਗਦਾ ਹੈ, ਐਗਰੀਕਲਚਰ ਤੇ ਨਹੀਂ ਲੱਗਦਾ, ਉਹ ਵੀ ਖਤਮ ਹੋਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇਸੇ ਤਰ੍ਹਾਂ ਇੰਡਸਟਰੀ ਹੈ। ਇੰਡਸਟਰੀ ਤੋਂ ਬਿਨਾਂ ਭਾਵੇਂ ਅਸੀਂ ਕੁਝ ਵੀ ਕਰ ਲਈਏ ਪਰ ਇੰਡਸਟਰੀ ਸੂਬੇ ਦੀ ਤਰੱਕੀ ਵਾਸਤੇ ਬੜੀ ਜ਼ਰੂਰੀ ਹੈ। ਕਿਸੇ ਵੇਲੇ ਪੰਜਾਬ ਸਮਾਲ ਅਤੇ ਮੀਡੀਅਮ ਇੰਡਸਟਰੀ ਵਿੱਚ ਲੀਡਿੰਗ ਸਟੇਟ ਹੁੰਦਾ ਸੀ। ਸਾਨੂੰ ਤਿੰਨ ਬਹੁਤ ਮੇਜਰ ਸੈੱਟ ਬੈਕਸ ਲੱਗੇ ਹਨ। ਉਹ ਕੀ ਸਨ? ਇੱਕ ਤਾਂ ਮਿਲੀਟੈਂਸੀ ਬਹੁਤ ਲੰਮਾ ਸਮਾਂ ਰਹੀ ਅਤੇ ਸਾਡੀ

[ ਮੁੱਖ ਮੰਤਰੀ ]

ਇੰਡਸਟਰੀ ਭੱਜ ਗਈ। ਇਸ ਨਾਲ ਬਹੁਤ ਨੁਕਸਾਨ ਹੋਇਆ। ਇਹ ਵੀ ਇੱਕ ਨੈਸ਼ਨਲ ਪ੍ਰਾਬਲਮ ਸੀ, ਜਿਸ ਦਾ ਖਮਿਆਜ਼ਾ ਇਕੱਲੇ ਸਾਨੂੰ ਨਹੀਂ, ਸਾਡੀ ਇੰਡਸਟਰੀ ਨੂੰ ਵੀ ਭੁਗਤਣਾ ਪਿਆ, ਸਾਡੇ ਲੋਕਾਂ ਨੂੰ ਵੀ ਭੁਗਤਣਾ ਪਿਆ। ਜਿਹੜੇ ਗੁਆਂਢੀ ਰਾਜਾਂ ਨੂੰ ਕਨਸੈਸ਼ਨਜ਼ ਦਿੱਤੇ ਹਨ, ਇਸ ਦਾ ਖਮਿਆਜ਼ਾ ਵੀ ਸਾਨੂੰ ਭੁਗਤਣਾ ਪਿਆ। ਬਟਾਲਾ ਵਾਲੇ ਜਾਣਦੇ ਹਨ ਕਿ ਇੱਕ ਫਰੇਟ ਇਕੁਈਲਾਈਜ਼ਰ ਹੁੰਦਾ ਸੀ। ਕਿਤੋਂ ਵੀ ਕੋਈ ਰਾਅ ਮੈਟੀਰੀਅਲ ਆਉਂਦਾ ਸੀ, ਉਹ ਸਾਰੇ ਦੇਸ਼ ਵਿੱਚ ਇੱਕ ਹੀ ਭਾਅ ਮਿਲਦਾ ਸੀ। ਇਹ ਫਰੇਟ ਇਕੁਈਲਾਈਜ਼ਰ ਬੰਦ ਹੋ ਗਿਆ ਅਤੇ ਬਟਾਲੇ ਵਰਗੀ ਇੰਡਸਟਰੀ ਤਬਾਹ ਹੋ ਗਈ। ਸਾਨੂੰ ਕੋਈ ਵੱਡੀ ਇੰਡਸਟਰੀ ਨਹੀਂ ਮਿਲੀ। ਇਕ ਮਿਲੀ ਹੈ, ਉਹ ਵੀ ਉਸ ਸਖਸ਼ੀਅਤ ਦੀ ਉਮਰ ਲੰਮੀ ਹੋਵੇ ਅਤੇ ਸਿਹਤ ਚੰਗੀ ਹੋਵੇ, ਉਹ ਵਾਜਪਾਈ ਜੀ ਨੇ ਰਿਫਾਈਨਰੀ ਦਿੱਤੀ ਸੀ। ਮੈਂ ਕਹਿਣਾ ਨਹੀਂ ਚਾਹੁੰਦਾ। ਮੇਰੇ ਤੋਂ ਬਾਅਦ ਜਿਹੜੀ ਹਕੂਮਤ ਆਈ ਸੀ, ਉਹ ਕਹਿੰਦੇ ਸਨ ਕਿ ਇਹ ਤਾਂ ਚਿੱਟਾ ਹਾਥੀ ਹੈ, ਇਸ ਨੂੰ ਬੰਦ ਕਰ ਦਿੱਤਾ ਜਾਵੇ। ਕੁਝ ਚਿਰ ਬੰਦ ਵੀ ਰਹੀ ਹੈ, ਹੁਣ ਚੱਲ ਪਈ ਹੈ। ਹੁਣ ਅਸੀਂ ਇੰਡਸਟਰੀ ਵਾਸਤੇ ਕੀ ਕਰ ਰਹੇ ਹਾਂ ? ਇਹ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਇਕ ਸਿੰਗਲ ਵਿੰਡੋ ਸਿਸਟਮ ਹੁੰਦਾ ਸੀ। ਹੁਣ ਪੰਜਾਬ ਇਨਵੈਸਟਮੈਂਟ ਬਿਊਰੋ ਬਣਾਇਆ ਹੈ। ਜਿਸ ਵੀ ਕਿਸੇ ਵਿਅਕਤੀ ਨੇ ਇੰਡਸਟਰੀ ਲਗਾਉਣੀ ਹੋਵੇ, ਉਸ ਨੇ ਕੇਵਲ ਇਕ ਬੰਦੇ ਕੋਲ ਅਰਜ਼ੀ ਦੇਣੀ ਹੈ। ਸਾਰੀ ਟੀਮ ਉਸ ਕੋਲ ਹੀ ਬੈਠੀ ਹੋਵੇਗੀ ਅਤੇ ਸਾਰੀਆਂ ਕਲੀਅਰੈਂਸਜ਼ ਉਸ ਨੂੰ ਮਿਲ ਜਾਣੀਆਂ ਹਨ। ਇਸੇ ਤਰ੍ਹਾਂ ਜਿਹੜੀ ਫਿਸਕਲ ਇਨਵੈਸਟਮੈਂਟ ਪਾਲਿਸੀ-2013 ਬਣਾਈ ਸੀ, ਇਸ ਵਿੱਚ ਵੈਟ ਅਤੇ ਸੀ.ਐਸ.ਟੀ. ਉਹ ਰੱਖ ਸਕਦੇ ਹਨ ਤਾਂ ਜੋ ਉਸ ਦੀ ਇੰਡਸਟਰੀ ਨੂੰ ਕੁਝ ਫਾਇਦਾ ਹੋਵੇ। ਉਸ ਨੂੰ ਪ੍ਰਾਪਰਟੀ ਟੈਕਸ ਵੀ ਨਹੀਂ ਲੱਗਣਾ, ਇਲੈਕਟ੍ਰੀਸਿਟੀ ਡਿਊਟੀ ਅਤੇ ਸਟੈਂਪ ਡਿਊਟੀ ਵੀ ਨਹੀਂ ਲੱਗਣੀ। ਇਨ੍ਹਾਂ ਸਾਰਿਆਂ ਤੋਂ ਉਨ੍ਹਾਂ ਨੂੰ ਮੁਆਫੀ ਦਿਵਾ ਦਿੱਤੀ ਹੈ। ਬਨੂੜ ਵਿਖੇ ਇਕ ਬਹੁਤ ਅੱਛਾ ਫੁੱਟਵੀਅਰ ਡਿਜ਼ਾਈਨ ਦਾ ਇੰਸਟੀਚਿਊਟ ਬਣ ਰਿਹਾ ਹੈ। ਅਸੀਂ ਤਾਂ ਇਥੋਂ ਤੱਕ ਵੀ ਆ ਗਏ ਹਾਂ ਕਿ ਗੈਸ ਪਾਈਪ ਲਾਈਨ ਵੀ ਆ ਗਈ ਹੈ। ਘਰਾਂ ਵਿੱਚ ਵਰਤਣੀ ਪਵੇ, ਇੰਡਸਟਰੀ ਵਿੱਚ ਵਰਤਣੀ ਪਵੇ, ਗੈਸ ਪਾਈਪ ਲਾਈਨ ਲੱਗੇਗੀ । ਫਿਰ ਪਾਰਕਸ ਦੀ ਗੱਲ ਹੈ । ਇੰਡਸਟਰੀ ਦੇ ਚਾਰ ਪਾਰਕ ਬਣ ਰਹੇ ਹਨ । ਇਸੇ ਤਰ੍ਹਾਂ ਕਪੂਰਥਲਾ ਵਿਖੇ ਇੱਕ ਹੋਰ ਪਾਰਕ ਬਣ ਰਿਹਾ

ਹੈ । ਉਹ ਤਾਂ ਤੁਹਾਨੂੰ ਪਤਾ ਹੀ ਹੋਣਾ ਹੈ । (ਰਾਣਾ ਗੁਰਜੀਤ ਸਿੰਘ ਵੱਲ ਇਸ਼ਾਰਾ)

**ਰਾਣਾ ਗੁਰਜੀਤ ਸਿੰਘ :** ਬਣ ਰਿਹਾ ਹੈ ।

**ਮੁੱਖ ਮੰਤਰੀ :** ਬਹੁਤ ਅੱਛੀ ਗੱਲ ਹੈ । ਬ੍ਰਹਮ ਮਹਿੰਦਰਾ ਜੀ ਨੇ ਜਿਵੇਂ ਕਿਹਾ ਸੀ, ਇਹ ਤਾਂ ਲਿਫਾਫੇਬਾਜ਼ੀ ਸੀ । ਇੰਡਸਟਰੀ ਪਾਰਕ ਵਿੱਚ ਆਈ. ਟੀ. ਸੀ. ਕੰਪਨੀ ਨੂੰ 62 ਏਕੜ ਜ਼ਮੀਨ ਦੇ ਦਿੱਤੀ ਹੈ । ਰਾਣਾ ਸਾਹਿਬ ਨੂੰ ਪਤਾ ਹੈ ਕਿਉਂਕਿ ਇਨ੍ਹਾਂ ਦੇ ਹਲਕੇ ਵਿੱਚ ਲੱਗ ਰਿਹਾ ਹੈ । ਤੁਹਾਡੇ ਤਾਂ ਰਾਣਾ ਸਾਹਿਬ, ਹੁਣ ਜੇਲ੍ਹ ਵੀ ਬਣਾ ਦਿੱਤੀ । ਪਤਾ ਨਹੀਂ ਕਿਸ ਵੇਲੇ ਜਾਣਾ ਪੈ ਜਾਵੇ । (ਵਿਘਨ) ਮੈਂ ਤਾਂ ਮਾਈਂਡ ਨਹੀਂ ਕਰਦਾ । ਮੇਰੇ ਵਾਸਤੇ ਜੇਲ੍ਹ ਵੀ ਇਹੋ ਜਿਹੀ ਹੈ । ਇਸ ਜੇਲ੍ਹ ਨੇ ਹੀ ਮੈਨੂੰ ਇੱਥੇ ਪਹੁੰਚਾਇਆ ਹੈ । ਜੇ ਮੈਂ ਜੇਲ੍ਹ ਨਾ ਜਾਂਦਾ ਤੇ ਤੁਹਾਡੇ ਵਾਂਗ ਡਰਦਾ ਰਹਿੰਦਾ ਤੇ ਫਿਰ ਮੈਨੂੰ ਕਿਸ ਨੇ ਪੁੱਛਣਾ ਸੀ ।

ਸਪੀਕਰ ਸਾਹਿਬ, ਵੈਲਫੇਅਰ ਆਫ ਸ਼ਡਿਊਲਡ ਕਾਸਟਸ ਐਂਡ ਬੀ.ਸੀਜ਼ ਹੈ । ਇਸ ਵਿੱਚ ਇੱਕ ਸ਼ਗਨ ਸਕੀਮ ਹੈ ਜਿਹੜੀ ਸਾਰੇ ਕ੍ਰਿਸਚੀਅਨਜ਼ ਨੂੰ, ਬੀ.ਸੀਜ਼ ਨੂੰ, ਵਿਡੋਜ਼ ਨੂੰ ਦਿੱਤੀ ਜਾਂਦੀ ਹੈ। ਉਹ ਫਰਵਰੀ, 2015 ਤੱਕ ਸਾਰਾ ਬੈਕਲਾਗ ਕਲੀਅਰ ਕਰ ਦਿੱਤਾ ਗਿਆ ਹੈ । Shagun scheme cleared upto Feb. 2015. (ਵਿਘਨ) ਇਸੇ ਤਰ੍ਹਾਂ ਜਿਹੜੀਆਂ ਪੈਨਸ਼ਨਾਂ ਮਿਲਦੀਆਂ ਹਨ, ਉਸ ਦੀ ਥੋੜ੍ਹੀ ਜਿਹੀ ਚੈਕਿੰਗ ਹੋ ਰਹੀ ਹੈ । ਲੇਕਿਨ ਉਨ੍ਹਾਂ ਪੈਨਸ਼ਨਾਂ ਦੇ ਵੀ ਨਵੰਬਰ, 2014 ਦੇ ਪੈਸੇ ਭੇਜ ਦਿੱਤੇ ਹਨ ਤੇ ਅਗਲੇ ਦੋ ਮਹੀਨਿਆਂ ਦੀ ਵੈਰੀਫਿਕੇਸ਼ਨ ਹੋਣ ਉਪਰੰਤ ਪੈਸੇ ਭੇਜ ਦਿੱਤੇ ਜਾਣਗੇ । ਇੱਕ ਹੈ, ਪੈਨਸ਼ਨਾਂ ਵਾਲਿਆਂ ਨੂੰ ਪਹਿਲਾਂ ਬੜਾ ਪੰਗਾ ਸੀ। ਹੁਣ ਬੈਂਕਾਂ ਵਾਲੇ ਇਲੈਕਟ੍ਰਾਨੀਕਲੀ ਉਨ੍ਹਾਂ ਨੂੰ ਘਰ ਜਾ ਕੇ ਦੇਣਗੇ । ਇਸੇ ਤਰ੍ਹਾਂ ਵਜ਼ੀਫਿਆਂ ਦਾ ਹੋ ਗਿਆ ਹੈ । ਬਾਕੀ ਪਾਲਿਸੀਜ਼, ਸਕਾਲਰਸ਼ਿਪ ਬਾਰੇ ਸਾਡੇ ਮਨਿਸਟਰ ਸਾਹਿਬ ਨੇ ਦੱਸ ਦਿੱਤਾ ਹੈ । ਮੈਂ ਦੁਬਾਰਾ ਟਾਈਮ ਨਹੀਂ ਲੈਣਾ ਚਾਹੁੰਦਾ । ਇੰਪਾਰਟੈਂਟ ਸਬਜੈਕਟ ਸੀ ਪਰ ਮਗਰੋਂ ਆ ਗਿਆ, ਲਾਅ ਐਂਡ ਆਰਡਰ । ਪੀਸ, ਲਾਅ ਐਂਡ ਆਰਡਰ ਐਂਡ ਕਮਿਊਨਲ ਹਾਰਮੋਨੀ । ਮੇਰਾ ਖਿਆਲ ਹੈ ਕਿ ਮੈਂ ਪਹਿਲਾਂ ਕਹਿ ਚੁੱਕਾ ਹਾਂ । ਫਾਇਨਾਂਸ ਬਾਰੇ ਤਾਂ ਸਾਡੇ ਫਾਇਨਾਂਸ ਮਨਿਸਟਰ ਸਾਹਿਬ ਦੱਸਣਗੇ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਐਮ. ਐਲ. ਏਜ਼ ਦਾ ਵੀ ਖਿਆਲ ਰੱਖ ਲਓ ।

**ਮੁੱਖ ਮੰਤਰੀ :** ਤੁਹਾਨੂੰ ਤਾਂ ਨਾਂਹ ਹੀ ਨਹੀਂ ਕਰਦੇ । ਕਰ ਦਿਆਂਗੇ । (ਵਿਘਨ)

**ਮਾਨਯੋਗ ਸਪੀਕਰ :** ਇਹ ਤਨਖਾਹ ਦੀ ਗੱਲ ਕਰਦੇ ਹਨ ।

**ਮੁੱਖ ਮੰਤਰੀ :** ਮੈਂ ਕਿਹਾ ਕਿ ਹੋ ਜਾਵੇਗਾ । (ਵਿਘਨ) ਮੈਂ ਕਹਿੰਦਾ ਹਾਂ ਕਿ Done ਦਾ ਮਤਲਬ ਤੁਹਾਨੂੰ ਪਤਾ ਹੈ ਕਿ ਕੀ ਹੁੰਦਾ ਹੈ । (ਵਿਘਨ) ਮੈਂ ਤਾਂ ਕਿਸੇ ਗੱਲ ਦਾ ਜਵਾਬ ਹੀ ਨਹੀਂ ਦਿੰਦਾ । ਪਤਾ ਨਹੀਂ ਤੁਸੀਂ ਤਿੰਨ ਸਾਲ ਕਿਉਂ ਭੁੱਲੇ ਰਹੇ । ਆਇਆ ਕਰੋ । ਜੋ ਤੁਸੀਂ ਕਦਮ ਰੱਖੋਗੇ, Done.

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਗੱਡੀਆਂ ਵੀ ਛੇ-ਛੇ ਸਾਲ ਪੁਰਾਣੀਆਂ ਹਨ ।

**ਮੁੱਖ ਮੰਤਰੀ :** ਮੈਂ ਕਿਹਾ ਕਿ ਉਹ ਵੀ Done. ਮੈਂ ਤਾਂ ਇਹ ਵੀ ਆਖਦਾ ਹਾਂ ਕਿ ਜਿਹੜੇ ਥੋੜ੍ਹੇ ਜਿਹੇ ਬਜ਼ੁਰਗ ਐਮ. ਐਲ. ਏਜ਼ ਹਨ, ਉਨ੍ਹਾਂ ਨੂੰ ਜਵਾਨ ਵੀ ਕਰ ਦਿਆਂਗਾ । ਇਹੋ ਜਿਹਾ ਕੋਈ ਟੀਕਾ ਪਤਾ ਕਰਦਾ ਹਾਂ, ਕੋਈ ਅਮਰੀਕਾ ਵਿੱਚ ਹੋਵੇ । ਤੁਹਾਡੇ ਨਾਲ ਕੰਗ ਸਾਹਿਬ ਬੈਠੇ ਹਨ, ਜਵਾਨ ਤਾਂ ਤੁਸੀਂ ਆਪੇ ਹੀ ਹੋ ਗਏ । ਇਹੋ ਜਿਹਾ ਕੰਮ ਕਰ ਲਿਆ ਕਰੋ ।

(**ਕੁਝ ਅਵਾਜ਼ਾਂ :** ਭਗਤ ਜੀ ਨੂੰ ਜਵਾਨ ਕਰ ਦਿਓ ।)

**ਕਿਰਤ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) :** ਭਗਤ ਜੀ ਜਵਾਨ ਹੀ ਹਨ ।

**ਮੁੱਖ ਮੰਤਰੀ :** ਮੇਰੀ ਗੱਲ ਤਾਂ ਸੁਣ ਲਓ । ਪੰਜ-ਸੱਤ ਮਿੰਟ ਹੋਰ ਹਨ । ਫਾਇਨਾਂਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ 32 ਪਰਸੈਂਟ ਤੋਂ 42 ਪਰਸੈਂਟ ਮਿਲ ਗਿਆ ਹੈ । ਇਸ ਨਾਲ ਕੀ ਹੋਇਆ ਹੈ ? ਪਹਿਲਾਂ ਸਾਡਾ ਸ਼ੇਅਰ 1.3% ਸੀ ਤੇ ਹੁਣ 1.5% ਹੋ ਗਿਆ ਹੈ । ਇੱਕ ਹੋਰ ਗੱਲ ਹੈ । ਇਹ ਨਹੀਂ ਕਿ ਅਸੀਂ ਸੈਂਟਰ ਤੇ ਹੀ ਡਿਪੈਂਡ ਕਰਦੇ ਹਾਂ । ਅਸੀਂ ਆਪਣੇ ਟੈਕਸ ਰੈਵੀਨਿਊ ਵੀ ਵਧਾਏ ਹਨ ਜੋ ਤੁਸੀਂ ਛੱਡ ਕੇ ਗਏ ਹੋ । ਸਰਦਾਰ ਲਾਲ ਸਿੰਘ ਜੀ ਇੱਧਰ ਸੁਣੋ ਕਿਉਂਕਿ ਤੁਸੀਂ ਫਾਇਨਾਂਸ ਮਨਿਸਟਰ ਰਹੇ ਹੋ । ਕੁਝ ਸੁਝਾਅ ਵੀ ਦਿਓਗੇ ।

**ਸਰਦਾਰ ਸੁਖਜਿੰਦਰ ਸਿੰਘ :** ਸਰਦਾਰ ਲਾਲ ਸਿੰਘ ਜੀ ਕਹਿੰਦੇ ਹਨ, ਜੱਟ

ਮਚਲਾ, ਖੁਦਾ ਨੂੰ ਲੈ ਗਏ ਚੋਰ ਤੇ ਬਾਦਲ ਸਾਹਿਬ ਇਵੇਂ ਹੀ ਕਰ ਰਹੇ ਹਨ । (ਹਾਸਾ)

**ਮੁੱਖ ਮੰਤਰੀ :** ਤੁਸੀਂ ਜੋ ਮਰਜ਼ੀ ਕਹਿ ਲਓ, ਮੈਂ ਤਾਂ ਸਤਿ ਬਚਨ ਹੀ ਹਾਂ ਜੀ । ਤੁਹਾਡਾ ਹੁਕਮ ਸਿਰ ਮੱਥੇ। (ਵਿਘਨ) ਮੈਂ ਕੋਈ ਝੂਠ ਬੋਲਿਆ ਹੈ । ਜੋ ਆਖੋ, ਉਹ ਹੀ ਹੋ ਜਾਵੇਗਾ । (ਹਾਸਾ)

ਸਪੀਕਰ ਸਾਹਿਬ, ਇੱਕ ਮਿੰਟ ਗੱਲ ਸੁਣ ਲਓ । ਇਕੱਲੇ ਇਹ ਹੀ ਨਹੀਂ ਕਿ ਅਸੀਂ ਕੇਂਦਰ ਸਰਕਾਰ ਕੋਲ ਮੰਗਤਿਆਂ ਵਾਂਗ ਫਿਰਦੇ ਰਹੀਏ । ਜਿਹੜੀ ਆਪਣੀ ਆਮਦਨ ਹੈ, ਉਹ 9017 ਕਰੋੜ ਸੀ, ਜਦੋਂ ਤੁਸੀਂ ਛੱਡ ਕੇ ਗਏ ਸੀ । ਹੁਣ ਇਹ 24000 ਕਰੋੜ ਤੋਂ ਵੀ ਵੱਧ ਹੈ । (ਥੰਪਿੰਗ) ਤਿੰਨ ਗੁਣਾਂ ਵੱਧ। ਆਪ ਵੀ ਕੁਝ ਹੱਥ ਪੈਰ ਹਿਲਾਈਏ, ਸਾਧ ਦੇ ਬਚਨਾਂ ਤੇ ਹੀ ਨਾ ਰਹੀਏ । ਕੈਪੀਟਲ ਐਕਸਪੈਂਡੀਚਰ ਜਿਹੜਾ ਅਸੀਂ ਲੋਕਾਂ ਦੀ ਡਿਵੈਲਪਮੈਂਟ ਤੇ ਖਰਚ ਕਰਦੇ ਹਾਂ, ਇਹ ਤੁਹਾਡੇ ਵੇਲੇ 2586 ਕਰੋੜ ਸੀ । ਮੈਂ ਕਦੀ ਕੰਪੈਰਿਜ਼ਨ ਨਹੀਂ ਕਰਦਾ, ਕੋਈ ਲੋੜ ਨਹੀਂ ਪਰ ਆਪ ਵੀ ਕੁਝ ਕਰੀਏ ਤੇ ਇਹ 6000 ਕਰੋੜ ਰੁਪਏ ਤੋਂ ਵੀ ਵੱਧ ਕਰਵਾ ਦਿੱਤਾ ਹੈ । ਇਸੇ ਤਰ੍ਹਾਂ ਫਿਸਕਲ ਡੈਫੀਸਿਟ ਸੀ । ਇਸ ਦੀ ਡਿਟੇਲ ਫਾਇਨਾਂਸ ਮਨਿਸਟਰ ਸਾਹਿਬ ਦੱਸਣਗੇ । ਸਕੂਲ ਐਜੂਕੇਸ਼ਨ, ਟੈਕਨੀਕਲ ਐਜੂਕੇਸ਼ਨ, ਇਹ ਆਪਾਂ ਛੱਡ ਦਿੰਦੇ ਹਾਂ । ਮੈਂ ਸਮਝਦਾ ਹਾਂ ਕਿ ਤੁਸੀਂ ਥੱਕੇ ਪਏ ਹੋ । ਮੈਂ ਸਾਰਿਆਂ ਦਾ ਮੰਤਰੀ ਹਾਂ । ਹੋਰ ਕਾਹਦਾ ਤੁਹਾਡਾ ਟੈਸਟ ਲੈਣਾ ਸੀ । ਮਸਾਲਾ ਤਾਂ ਕਾਫੀ ਸੀ ਪਰ ਸਾਰਾ ਅੱਜ ਨਹੀਂ ਫੂਕਦੇ, ਕੁਝ ਰੱਖ ਲਵਾਂਗੇ । ਹੁਣ ਦੋ ਗੱਲਾਂ ਹੀ ਰਹਿ ਗਈਆਂ ਹਨ ।

ਸਪੀਕਰ ਸਾਹਿਬ, ਮੈਂ ਸਭ ਤੋਂ ਅਖੀਰ ਤੇ ਇਹ ਮਸਲਾ ਚੁੱਕਿਆ ਹੈ ਕਿਉਂਕਿ ਇੰਪਾਰਟੈਂਟ ਮਸਲਾ ਹੈ । ਸਾਰਿਆਂ ਨੇ ਇਸ ਤੇ ਚਿੰਤਾ ਪ੍ਰਗਟ ਕੀਤੀ ਹੈ ਕਿ ਪੰਜਾਬ ਵਿੱਚ ਨਸ਼ੇ ਬਹੁਤ ਹਨ । ਨਸ਼ੇ ਸਾਰੇ ਹਿੰਦੁਸਤਾਨ ਵਿੱਚ ਹਨ । ਸਾਡੇ ਨਾਲੋਂ ਕਈ ਥਾਈਂ ਵੱਧ ਹਨ । ਲੇਕਿਨ ਇਸ ਨੂੰ ਸਮਝਣ ਦੀ ਲੋੜ ਹੈ । ਇਹ ਜਿਹੜਾ ਨਸ਼ਾ ਹੈ, ਇਹ ਤਿੰਨ-ਚਾਰ ਕਿਸਮ ਦਾ ਹੈ । ਇੱਕ ਸਭ ਤੋਂ ਖਤਰਨਾਕ ਨਸ਼ਾ ਹੈਰੋਇਨ ਦਾ ਹੈ ਜਿਹੜਾ ਅਫਗਾਨਿਸਤਾਨ ਤੋਂ ਆਉਂਦਾ ਹੈ ਕਿਉਂਕਿ ਬਾਰਡਰ ਭਾਵੇਂ ਪੰਜਾਬ ਹੈ, ਭਾਵੇਂ ਰਾਜਸਥਾਨ ਹੈ, ਇੱਥੋਂ ਦੀ ਹੁੰਦਾ ਹੋਇਆ, ਸਾਰੇ ਹਿੰਦੁਸਤਾਨ ਵਿੱਚ ਜਾਂਦਾ ਹੈ । ਇੱਕ ਹੈ ਨਸ਼ਾ, ਜਿਹੜਾ ਬਣਦਾ ਹੈ, ਜਿਸ ਨੂੰ ਸਿੰਥੈਟਿਕ ਨਸ਼ਾ ਕਹਿੰਦੇ ਹਨ । ਉਹ ਬਣਦਾ ਕਿਵੇਂ ਹੈ ? ਜਿਹੜੇ

[ ਮੁੱਖ ਮੰਤਰੀ ]

ਆਪਣੇ ਦਵਾਈਆਂ ਬਣਾਉਣ ਵਾਲੇ ਵੱਡੇ ਕਾਰਖਾਨੇ ਹਨ, ਉਨ੍ਹਾਂ ਨੂੰ ਰਾਅ ਮੈਟੀਰੀਅਲ ਗੌਰਮਿੰਟ ਦਿੰਦੀ ਹੈ। ਉਹ ਬਚਾਅ ਕੇ ਜਾਂ ਸਮਗਲ ਕਰਕੇ ਫਿਰ ਉਹ ਸਿੰਥੈਟਿਕ ਨਸ਼ਾ ਬਣਾਉਂਦੇ ਹਨ। ਤੀਜਾ ਹੈ, ਜਿਵੇਂ ਭੁੱਕੀ ਹੈ, ਅਫੀਮ ਹੈ, ਚਰਸ ਹੈ, ਇਹ ਸਾਰੇ ਹੀ ਬਾਹਰੋਂ ਆਉਂਦੇ ਹਨ। ਇੱਕ ਤਾਂ ਸਾਡੇ ਪੰਜਾਬ ਵਿੱਚ ਕੋਈ ਨਸ਼ਾ ਪੈਦਾ ਨਹੀਂ ਹੁੰਦਾ ਔਰ ਇਹ ਸਾਰੇ ਨਸ਼ੇ ਬਾਹਰੋਂ ਆਉਂਦੇ ਹਨ। ਆਪਣੇ ਇਥੇ ਬਾਰਡਰ ਹੈ, ਅਸੀਂ ਇਥੋਂ ਨਸ਼ਾ ਫੜ੍ਹਦੇ ਹਾਂ। ਸਾਡੀ ਇਹ ਨੈਸ਼ਨਲ ਪ੍ਰਾਬਲਮ ਹੈ। ਜਿਵੇਂ ਮਿਲੀਟੈਂਸੀ ਨੈਸ਼ਨਲ ਪ੍ਰਾਬਲਮ ਸੀ, ਡਰੱਗ ਦੀ ਪ੍ਰਾਬਲਮ ਵੀ ਇੱਕ ਨੈਸ਼ਨਲ ਪ੍ਰਾਬਲਮ ਹੈ। ਉਸ ਦੇ ਵਾਸਤੇ ਸਭ ਤੋਂ ਵੱਧ ਆਪਾਂ ਕੰਮ ਕੀਤਾ ਹੈ, ਭਾਵੇਂ ਸਮਗਲਰਾਂ ਨੂੰ ਫੜ੍ਹਨ ਵਾਸਤੇ, ਭਾਵੇਂ ਛੋਟੇ ਜਿਹੜੇ ਧੰਦੇ ਕਰਦੇ ਸਨ ਜਾਂ ਇਸ ਦੀ ਟਰੀਟਮੈਂਟ ਵਾਸਤੇ - ਡਰੱਗ ਡੀ-ਆਡਿਕਸ਼ਨ ਸੈਂਟਰ, ਰੀਹੈਬਲੀਟੇਸ਼ਨ ਸੈਂਟਰ। ਮੈਂ ਇਸ ਦੀ ਡਿਟੇਲ ਵਿੱਚ ਨਹੀਂ ਜਾਣਾ ਚਾਹੁੰਦਾ। ਸਪੀਕਰ ਸਾਹਿਬ, ਹੋਇਆ ਕੀ ਹੈ ? ਪੰਜਾਬ ਪੁਲਿਸ ਨੇ ਇੱਕ ਐਕਸ਼ਨ ਲਿਆ। ਸਾਰੇ ਕੰਟਰੀ ਵਿਚੋਂ ਵੱਡੇ ਵੱਡੇ ਜਿਹੜੇ ਸਮਗਲਰ ਸਨ, ਨੋਨ ਸਮਗਲਰ ਸਨ, ਉਨ੍ਹਾਂ ਦਾ ਇਕੱਲੇ ਪੰਜਾਬ ਨਾਲ ਤਾਅਲੁੱਕ ਨਹੀਂ ਸੀ, ਸਾਰੀ ਦੁਨੀਆਂ ਨਾਲ ਤਾਅਲੁੱਕ ਸੀ। ਬਾਹਰਲੀ ਦੁਨੀਆਂ ਨਾਲ ਤਾਅਲੁੱਕ ਸੀ। ਉਨ੍ਹਾਂ ਨੂੰ ਅਸੀਂ ਫੜਿਆ ਔਰ ਜਿਹੜੀ ਇਹ ਰੋਜ਼ ਗੱਲ ਚਲਦੀ ਹੈ, ਇਸ ਕੇਸ ਵਿੱਚ 10 ਆਦਮੀ ਗ੍ਰਿਫਤਾਰ ਹੋਏ, 10 ਐਫ.ਆਈ.ਆਰ. against major drugs cartel ਹੋਈਆਂ। 76 ਬੰਦੇ ਉਸ ਵਿੱਚ ਫੜੇ ਹਨ। ਇਹ ਸਾਰੇ ਚਲਾਨ ਪੰਜਾਬ ਪੁਲਿਸ ਨੇ ਕੀਤੇ ਹਨ। ਉਹ ਚਲਾਨ ਉਥੇ ਕੋਰਟ ਵਿੱਚ ਭੇਜ ਦਿੱਤੇ ਹਨ ਅਤੇ ਫਰਦਰ ਇਨਵੈਸਟੀਗੇਸ਼ਨ ਵੀ ਉਸ ਵਿੱਚ ਚੱਲ ਰਹੀ ਹੈ। ਉਸ ਵਿੱਚ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਈ.ਡੀ. ਨੇ ਵੀ ਆਪਣੇ ਤੌਰ ਤੇ ਇਨਕੁਆਇਰੀ ਕਰਵਾਈ ਹੈ ਔਰ ਉਨ੍ਹਾਂ ਨੇ ਵੀ ਆਪਣੀ ਰਿਪੋਰਟ ਕੋਰਟ ਨੂੰ ਭੇਜੀ ਹੈ। ਪਤਾ ਨਹੀਂ ਇਸ ਵਿੱਚ ਕੀ ਹੈ, ਕੀ ਨਹੀਂ । ਪਤਾ ਨਹੀਂ ਅਖਬਾਰਾਂ ਵਿੱਚ ਕਿਸ ਤਰ੍ਹਾਂ ਗੱਲ ਜਾਂਦੀ ਹੈ। ਉਸ ਵਿੱਚ ਦੋ ਹੀ ਗੱਲਾਂ ਮੈਂ ਕਹਿਣੀਆਂ ਚਾਹੁੰਦਾ ਹਾਂ ਕਿ a person who has been summoned as an accused by the competent court, ਕਿਸੇ ਕੰਪੀਟੈਂਟ ਕੋਰਟ ਨੇ ਜੇ ਕਿਸੇ ਨੂੰ ਸੰਮਨ ਕੀਤਾ ਹੋਵੇ ਤਾਂ ਉਸ ਨੂੰ ਤਾਂ ਤੁਸੀਂ ਕਹਿ ਸਕਦੇ ਹੋ ਕਿ ਇਹ ਮੁਲਜ਼ਮ ਹੈ ਜਾਂ ਕੋਈ ਲਫਜ਼ ਵਰਤ ਲਵੋ। ਜੇ ਕੋਰਟ ਨੇ ਕਿਸੇ ਨੂੰ ਸੰਮਨ ਹੀ ਨਹੀਂ ਕੀਤਾ, ਉਸ ਨੂੰ ਜੇ ਤੁਸੀਂ ਪਹਿਲਾਂ ਹੀ ਮੁਲਜ਼ਮ ਬਣਾ ਦੇਵੋ ਜਾਂ ਉਸ ਦੇ ਸਤਿਕਾਰ ਨੂੰ ਹਿੱਟ ਮਾਰੋ, ਉਹ ਕੋਈ ਚੰਗੀ ਗੱਲ ਨਹੀਂ। ਦੂਸਰਾ, ਈ.ਡੀ. ਨੇ

ਮਜੀਠੀਆ ਸਾਹਿਬ ਨੂੰ ਅੰਡਰ ਸੈਕਸ਼ਨ 50 ਸੱਦਿਆ ਹੈ, Section 50 authorizes the ED to summon any person to produce documents and to give evidence. ਇਹ ਤਾਂ ਕਿਸੇ ਬੰਦੇ ਨੂੰ ਸੱਦ ਲੈਣ। ਇਸ ਨਾਲ ਇਹ ਤਾਂ ਨਹੀਂ ਕਿ ਕਿਸੇ ਬੰਦੇ ਦਾ ਚਲਾਨ ਕੀਤਾ ਹੈ ਜਾਂ ਕਿਸੇ ਨੂੰ ਕੋਈ ਸੰਮਨ ਕੀਤਾ ਹੈ। Mere summoning does not make a person accused. ਇਸ ਕਰਕੇ ਮਜੀਠੀਆ ਸਾਹਿਬ ਉਥੇ ਪਹੁੰਚੇ ਵੀ। ਉਨ੍ਹਾਂ ਨੇ ਜਵਾਬ ਦੇ ਦਿੱਤਾ। ਮੁੜ ਕੇ ਤਾਂ ਉਨ੍ਹਾਂ ਨੇ ਕੋਈ ਗੱਲ ਆਖੀ ਨਹੀਂ। ਹੁਣ ਈ.ਡੀ. ਨੇ ਚਲਾਨ ਵੀ ਪੇਸ਼ ਕੀਤੇ ਹਨ, ਉਸ ਵਿੱਚ ਵੀ ਮੁਲਜ਼ਮ ਕਰਾਰ ਨਹੀਂ ਦਿੱਤਾ। ਜੇ ਫਰਜ਼ ਕਰ ਲਵੋ ਬਦਕਿਸਮਤੀ ਨਾਲ ਤੁਹਾਡੇ ਵਿਚੋਂ ਕਿਸੇ ਦਾ ਨਾਮ ਲੈ ਦਿੰਦੇ ਜਾਂ ਫਰਜ਼ ਕਰੋ ਮੇਰਾ ਲੈ ਦਿੰਦੇ, ਕੀ ਆਪਾਂ ਅਕਿਊਜ਼ਡ ਹੋ ਜਾਣਾ ਸੀ। ਆਪਾਂ ਅਖਬਾਰ ਪੜ੍ਹ ਕੇ ਜਾਂ ਰਿਪੋਰਟ ਸੁਣ ਕੇ ਕਿਸੇ ਨੂੰ ਆਖ ਦੇਈਏ, ਇਹ ਤਾਂ ਫਿਰ ਕੰਟੈਪਟ ਹੈ।

**ਸ਼੍ਰੀ ਤਰਲੋਚਨ ਸਿੰਘ :** ** **

**Mr. Speaker :** No Point of order. ਪਲੀਜ਼ ਬੈਠ ਜਾਓ। (ਵਿਘਨ) No, no, sit down, please sit down.

**ਮੁੱਖ ਮੰਤਰੀ :** ਤੁਹਾਡੀ ਗੱਲ ਸੁਣ ਲਈ ਹੈ। ਕਾਈਂਡਲੀ ਮੈਂ ਸਾਰੇ ਹੀ ਜਵਾਬ ਦਿੰਦਾ ਹਾਂ। ਇਹ ਵੀ ਇੱਕ ਲਾਅ ਹੈ। Uncorroborated allegations without any specific details can be levelled by any person against any one and the same cannot be taken as a finding based on facts. ਇਹ ਕੰਪੀਟੈਂਟ ਕੋਰਟ ਦੇ ਪਰਵਿਊ ਵਿੱਚ ਹੈ ਔਰ ਜੋ ਕੁਝ ਹੋਏਗਾ ਉਸ ਤੋਂ ਬਾਅਦ ਦੇਖਾਂਗੇ। ਮੈਂ ਸਭ ਦਾ ਸਤਿਕਾਰ ਕਰਦਾ ਹਾਂ। ਹਿੰਦੁਸਤਾਨ ਦਾ ਕੋਈ ਬੰਦਾ ਨਹੀਂ ਹੈ, ਜਿਸ ਦਾ ਨਹੀਂ ਕਰਦਾ ਪਰ ਕਈ ਲੋਕਾਂ ਨੂੰ ਸੰਮਨ ਹੋ ਜਾਂਦੇ ਹਨ। ਚੰਗੇ ਚੰਗੇ ਬੰਦਿਆਂ ਨੂੰ ਵੀ ਸੰਮਨ ਹੋ ਜਾਂਦੇ ਹਨ। ਕੋਰਟਾਂ ਸੰਮਨ ਕਰ ਲੈਂਦੀਆਂ ਹਨ। ਮੈਂ ਤੁਹਾਡੇ ਕੋਲ ਖੜ੍ਹਾ ਹਾਂ। ਮੈਂ ਚੀਫ ਮਨਿਸਟਰ ਹੁੰਦੇ ਕਚਹਿਰੀ ਵਿੱਚ ਜਾਂਦਾ ਹੁੰਦਾ ਸੀ। ਸੁਖਬੀਰ ਵੀ ਜਾਂਦਾ ਹੁੰਦਾ ਸੀ। ਮੈਂ ਚੀਫ ਮਨਿਸਟਰ ਵੀ ਸੀ ਅਤੇ ਮੈਨੂੰ ਸੰਮਨ ਵੀ ਕੀਤਾ ਸੀ। ਮੈਂ ਰੋਜ਼ ਭੁਗਤਦਾ ਸੀ। ਬੜਾ ਦੁੱਖ ਹੁੰਦਾ ਸੀ। ਇੱਕ ਪਾਸੇ ਤਾਂ ਮੈਂ ਚੀਫ ਮਨਿਸਟਰ, ਉਥੇ ਮੈਨੂੰ ਚਪੜਾਸੀ ਆਵਾਜ਼ ਦਿੰਦਾ ਸੀ ਕਿ ਪਰਕਾਸ਼ ਸਿੰਘ ਬਾਦਲ ਹਾਜ਼ਰ ਹੋਵੋ ਤਾਂ ਮੈਨੂੰ ਉਥੇ ਜਾ ਕੇ ਖੜ੍ਹਾ ਹੋਣਾ ਪੈਂਦਾ ਸੀ। ਇਸ ਕਰਕੇ ਆਪਾਂ ਇਹ ਬੜੇ ਤਜਰਬੇ ਕਰ ਲਏ ਹਨ, ਬਹੁਤ ਕੁਝ ਕਰ

**Expunged as ordered by the Chair.

[ ਮੁੱਖ ਮੰਤਰੀ ]

ਲਿਆ ਹੈ, ਹੁਣ ਮਿਹਰਬਾਨੀ ਕਰਕੇ ਇਸ ਉਤੇ ਥੋੜ੍ਹੀ ਜਿਹੀ ਹੁਣ ਠੰਢ ਪਾਉ । ਇਹ ਨਹੀਂ ਕਿ ਆਪਾਂ ਨੇ ਕਿਸੇ ਨੂੰ ਟਾਰਗੈਟ ਹੀ ਬਣਾਉਣਾ ਹੈ। ਉਸ ਦਿਨ, ਗੁੱਸਾ ਨਾ ਕਰਨਾ, ਰੰਧਾਵਾ ਸਾਹਿਬ ਨੇ ਆਪਣੀ ਸਪੀਚ ਵਿਚ ਸਾਰਾ ਗੁੱਸਾ ਲਾਹ ਲਿਆ, ਪਤਾ ਨਹੀਂ ਤੁਹਾਡਾ ਕੋਈ ਪੁਰਾਣਾ ਗੁੱਸਾ ਤਾਂ ਨਹੀਂ ਹੈ । ਵਲਟੋਹਾ ਜੀ ਬੈਠੇ ਹਨ, ਇਨ੍ਹਾਂ ਨੇ ਵਲਟੋਹਾ ਤੇ ਮਜੀਠੀਆ ਜੀ ਤੋਂ ਇਲਾਵਾ ਹੋਰ ਕੋਈ ਗੱਲ ਹੀ ਨਹੀਂ ਕੀਤੀ। ਇਨ੍ਹਾਂ ਨੇ ਜ਼ੋਰ ਨਾਲ ਕਿਹਾ ਕਿ ਆਹ ਹੋ ਗਿਆ, ਫਲਾਣਾ ਹੋ ਗਿਆ, ਭੁੱਕੀ ਆ ਗਈ, ਉਥੇ ਇਸ ਤਰ੍ਹਾਂ ਹੋ ਗਿਆ। ਚਲੋ ਛੱਡੋ ਇਹ ਗੱਲਾਂ, ਜਦੋਂ ਕਚਹਿਰੀਆਂ ਕਰਨਗੀਆਂ ਤਾਂ ਭੁਗਤ ਲਵਾਂਗੇ । ਅਸੀਂ ਭੁਗਤਦੇ ਰਹੇ ਹਾਂ । ਅਸੀਂ ਤਾਂ ਕਿਸੇ ਉਤੇ ਕਦੇ ਗੁੱਸਾ ਨਹੀਂ ਕੀਤਾ । ਮੈਂ ਜਿਸ ਦਿਨ ਬਰੀ ਹੋਇਆ ਤਾਂ ਆ ਕੇ ਸਰਦਾਰ ਸਾਹਿਬ ਹੁਰਾਂ ਦੇ ਜਿਨ੍ਹਾਂ ਦੇ ਖਿਲਾਫ ਮੈਂ ਇੱਜ਼ਤ ਹੱਤਕ ਦਾ ਦਾਅਵਾ ਕੀਤਾ ਸੀ ਉਸ ਨੂੰ ਵਿਦਡਰਾਅ ਕੀਤਾ ਤੇ ਉਹ ਤੁਹਾਡੇ ਸਾਹਮਣੇ ਇਸੇ ਹਾਊਸ ਵਿੱਚ ਵਿਦਡਰਾਅ ਕੀਤਾ ਸੀ। ਇਸ ਲਈ ਜਾਣ ਦਿਉ, ਹੁਣ ਬਹੁਤ ਕੁਝ ਹੋ ਗਿਆ ਹੈ। ਮੈਂ ਇਹ ਹੀ ਗੱਲ ਕਰਦਾ ਹਾਂ। ਮੈਂ ਅਖੀਰ ਵਿਚ ਕਨਕਲੂਜ਼ਨ ਜਿਹੜੀ ਹੈ, ਉਹ ਕੱਢਦਾ ਹਾਂ । ਸਪੀਕਰ ਸਾਹਿਬ, ਅੰਤ ਵਿਚ ਮੈਂ ਆਪ ਜੀ ਰਾਹੀਂ ਇਸ ਸਦਨ ਨੂੰ ਅਤੇ ਸਮੂਹ ਪੰਜਾਬੀਆਂ ਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਸਰਕਾਰ ਪੰਜਾਬ ਦੇ ਵਿਕਾਸ, ਤਰੱਕੀ ਤੇ ਖੁਸ਼ਹਾਲੀ ਲਈ ਪੂਰੀ ਲਗਨ, ਇਮਾਨਦਾਰੀ ਅਤੇ ਵਚਨਬੱਧਤਾ ਨਾਲ ਦਿਨ ਰਾਤ ਕੰਮ ਕਰਦੀ ਰਹੇਗੀ। ਇਹ ਸਰਕਾਰ ਗੁਰੂ ਸਾਹਿਬਾਨ ਵੱਲੋਂ ਦਰਸਾਏ ਸਰਬੱਤ ਦੇ ਭਲੇ ਲਈ ਮਾਰਗ ਤੇ ਰਹੀ ਹੈ ਤੇ ਹਮੇਸ਼ਾਂ ਇਸੇ ਮਾਰਗ ਤੇ ਚਲੇਗੀ। ਅਸੀਂ ਸਾਰਿਆਂ ਨੂੰ ਨਾਲ ਲੈ ਕੇ ਪੰਜਾਬ ਤੇ ਪੰਜਾਬੀਆਂ ਨੂੰ ਇਕ ਨਵੇਂ ਸੁਨਹਿਰੀ ਦੌਰ ਵਿਚ ਲਿਆਉਣ ਲਈ ਵਚਨਬੱਧ ਹਾਂ। ਸਾਡੀ ਸੋਚ ਤੇ ਪਹੁੰਚ ਵਿਚ ਟਕਰਾਅ ਲਈ ਕੋਈ ਜਗ੍ਹਾ ਨਹੀਂ ਹੈ। ਅਸੀਂ ਵਿਰੋਧੀ ਧਿਰ ਤੇ ਉਸ ਦੇ ਵਿਚਾਰਾਂ ਦਾ ਸਤਿਕਾਰ ਕਰਦੇ ਹਾਂ ਅਤੇ ਲੋਕਰਾਜ ਵਿਚ ਉਨ੍ਹਾਂ ਦੇ ਵਿਸ਼ੇਸ਼ ਰੋਲ ਨੂੰ ਵੱਡਾ ਸਥਾਨ ਦਿੰਦੇ ਹਾਂ। ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਸਭ ਤੋਂ ਵੱਡੀ ਲੋੜ ਅਮਨ, ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣ ਦੀ ਹੈ । ਹਮੇਸ਼ਾ ਵਾਂਗ ਅਕਾਲੀ-ਭਾਜਪਾ ਸਰਕਾਰ ਅਮਨ ਤੇ ਭਾਈਚਾਰਕ ਸਾਂਝ ਉਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੀ ਰਹੇਗੀ। ਅੰਤ ਵਿਚ ਮੈਂ ਆਪ ਜੀ ਰਾਹੀਂ ਸਮੁੱਚੇ ਸਦਨ ਨੂੰ ਅਪੀਲ ਕਰਦਾ ਹਾਂ ਕਿ ਮਾਨਯੋਗ ਗਵਰਨਰ ਸਾਹਿਬ

ਵੱਲੋਂ ਦਿੱਤੇ ਭਾਸ਼ਣ ਲਈ ਧੰਨਵਾਦ ਮਤੇ ਨੂੰ ਸਰਬਸੰਮਤੀ ਨਾਲ ਪਾਸ ਕਰੀਏ। (ਥੰਪਿੰਗ)

**ਸ਼੍ਰੀਮਤੀ ਪਰਨੀਤ ਕੌਰ :** ਸਪੀਕਰ ਸਾਹਿਬ, ਮੈਂ ਸੀ.ਐਮ.ਸਾਹਿਬ ਦੀ ਇੱਜ਼ਤ ਕਰਦੀ ਹਾਂ ਤੇ ਇਨ੍ਹਾਂ ਦੀ ਸਪੀਚ ਖਤਮ ਹੋਣ ਤੇ ਮੈਂ ਇਸ ਗੱਲ ਲਈ ਉਠੀ ਹਾਂ। ਬਾਦਲ ਸਾਹਿਬ ਨੇ ਬਹੁਤ ਗੌਰ ਨਾਲ ਮੇਰੀ ਗੱਲ ਸੁਣੀ ਔਰ ਨੋਟ ਕਰਕੇ ਜਵਾਬ ਵੀ ਦਿੱਤੇ। ਮੈਨੂੰ ਖੁਸ਼ੀ ਹੈ ਕਿ 160 ਕਰੋੜ ਰੁਪਿਆ ਉਨ੍ਹਾਂ ਨੇ ਸੀਵਰੇਜ ਉਤੇ ਲਗਾਇਆ ਹੈ ਅਤੇ ਦੱਸਿਆ ਹੈ ਕਿ ਪਟਿਆਲੇ ਵਿਚ 127 ਟਿਊਬਵੈੱਲ ਹਨ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਪਲੀਜ਼ ਰਿਕੁਐਸਟ ਕਰਦੀ ਹਾਂ ਕਿ ਇਸ ਦੀ ਇਨਕੁਆਇਰੀ ਕਰੋ ਕਿ ਇਹ ਜਿਹੜਾ ਕੰਮ ਕਹਿ ਰਹੇ ਹਨ, ਇਹ ਕੰਮ ਉਥੇ ਬੋਲਦੇ ਕਿਉਂ ਨਹੀਂ ਹਨ । ਲੋਕ ਕਿਉਂ ਦੁਖੀ ਹਨ, ਪਾਣੀ ਕਿਉਂ ਨਹੀਂ ਪਹੁੰਚ ਰਿਹਾ ਔਰ ਇਹ ਗੱਲਾਂ ਕਿਉਂ ਹੋ ਰਹੀਆਂ ਹਨ ? ਇੰਨਾ ਕੁਝ ਜਿਹੜਾ ਹੋਇਆ ਹੈ, ਉਸ ਬਾਰੇ ਮੈਂ ਚਾਹੁੰਦੀ ਹਾਂ ਕਿ ਸਾਨੂੰ ਵੀ ਇਹ ਪਤਾ ਹੋਵੇ ਤਾਂ ਕਿ ਅਸੀਂ ਵੀ ਲੋਕਾਂ ਨੂੰ ਜਵਾਬ ਦੇ ਸਕੀਏ। ਮੇਰੇ ਕੋਲ ਲੋਕ ਰੋਜ਼ ਆਉਂਦੇ ਹਨ ਕਿ ਪਾਣੀ ਹੈ ਨਹੀਂ, ਸੀਵਰੇਜ ਖਰਾਬ ਹੈ, ਸੀਵਰੇਜ ਨਾਲ ਪੀਣ ਵਾਲਾ ਪਾਣੀ ਮਿਕਸ ਹੋਇਆ ਪਿਆ ਹੈ। ਇੰਨਾ ਪੈਸਾ ਜੋ ਖਰਚਿਆ ਹੈ, ਉਹ ਕਿੱਥੇ ਗਿਆ ਹੈ ? ਉਹ ਬੋਲਦਾ ਕਿਉ ਨਹੀਂ ਹੈ? ਧੰਨਵਾਦ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਚਲੋ ਇਕ ਗੱਲ ਤਾਂ ਮੰਨ ਗਏ ਹਨ ਕਿ ਪੈਸਾ ਖਰਚ ਹੋਇਆ ਹੈ। (ਵਿਘਨ ) ਨਹੀਂ ਜੀ, ਮੈਂ ਸਮਝ ਗਿਆ ਹਾਂ ਕਿ ਤੁਸੀਂ ਆਖਿਆ ਕਿ ਖਰਚ ਹੀ ਨਹੀਂ ਹੋਇਆ। ਮੈਂ ਤੁਹਾਡੀ ਗੱਲ ਸਮਝ ਗਿਆ ਹਾਂ। ਇੱਕ ਮੈਂ ਹੋਰ ਖੁਸ਼ਖਬਰੀ ਸਾਰੇ ਹਾਊਸ ਨੂੰ ਇਥੇ ਦੇਣੀ ਚਾਹੁੰਦਾ ਹਾਂ ਕਿ ਜਿਸ ਉਤੇ ਕੱਲ੍ਹ ਇਥੇ ਚਿੰਤਾ ਪ੍ਰਗਟ ਕੀਤੀ ਸੀ ਕਿ ਪਤਾ ਨਹੀਂ ਕਣਕ ਚੁੱਕੀ ਜਾਣੀ ਹੈ ਜਾਂ ਨਹੀਂ । ਮੈਨੂੰ ਹੁਣੇ ਇਤਲਾਹ ਆਈ ਹੈ Reserve Bank of India has sanctioned Rs.14,640 crores as cash credit limit for wheat procurement. ਇਸ ਦੀ ਤੁਹਾਨੂੰ ਸਾਰਿਆਂ ਨੂੰ ਵਧਾਈ । (ਥੰਪਿੰਗ)

**ਰਾਣਾ ਗੁਰਜੀਤ ਸਿੰਘ :** ਮੱਕੀ ਦੀ ਐਮ.ਐਸ.ਪੀ. ਦਾ ਨਾਲ ਹੀ ਕਰਵਾਉ।

**ਮੁੱਖ ਮੰਤਰੀ :** ਮੈਂ ਕੀ ਕਰਵਾਉਣਾ ਹੈ। ਮੈਂ ਕੋਈ ਤਾਲੇ ਨੂੰ ਚਾਬੀ ਖੋਲ੍ਹਣੀ ਹੈ। ਇਹ ਤਾਂ ਸੈਂਟਰ ਗੌਰਮਿੰਟ ਦੇ ਹੱਥ ਹੈ। ਤੁਸੀਂ ਨਹੀਂ ਆਖੇ ਲਗਦੇ ਤੇ ਮੈਂ ਹੁਣ ਕੀ ਕਰਾਂ (ਹਾਸਾ)

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੀ ਕੋਈ ਯਾਦਗਾਰ ਬਣਾ ਦਿਉ।

**ਸ਼੍ਰੀ ਬ੍ਰਹਮ ਮਹਿੰਦਰਾ :** ਸਪੀਕਰ ਸਾਹਿਬ, ਮੇਰੇ ਨਾਂ ਨਾਲ ਐਟਰੀਬਿਊਟ ਕਰਦੇ ਹੋਏ ਮਾਨਯੋਗ ਮੁੱਖ ਮੰਤਰੀ ਜੀ ਨੇ ਕੋਈ ਗੱਲ ਕੀਤੀ ਹੈ। ਮੈਂ ਤਾਂ ਉਹ ਇਨਫਰਮੇਸ਼ਨ ਮੰਗੀ ਨਹੀਂ ਸੀ, ਮੈਂ ਤਾਂ ਇਨ੍ਹਾਂ ਕੋਲੋਂ ਇਨਫਰਮੇਸ਼ਨ ਮੰਗੀ ਸੀ ਕਿ ਗਵਰਨਰ ਐਡਰੈਸ ਦੇ ਪੇਜ਼ 15 ਉਤੇ ਇੰਡਸਟਰੀ ਤੇ ਕਮਰਸ ਦਾ ਪੈਰ੍ਹਾ ਨੰਬਰ 56 ਹੈ ਜਿਸ ਵਿੱਚ ਲਿਖਿਆ ਹੈ The Bureau has granted various stages of regulatory clearances to 92 projects. ਮੈਂ ਤਾਂ ਇਹ ਪੁੱਛਿਆ ਸੀ ਕਿ ਉਹ 92 ਪ੍ਰਾਜੈਕਟ ਕਿਥੇ ਹਨ ? ਉਨ੍ਹਾਂ ਦੀ ਗਰਾਊਂਡ ਰਿਐਲਿਟੀ ਕੀ ਹੈ? ਉਸ ਪ੍ਰਾਜੈਕਟ ਦੀ ਕੋਈ ਡਿਟੇਲ ਹੈ, ਕੋਈ ਲਿਸਟ ਹੈ ਕਿ ਉਹ ਕਿਥੇ ਲੱਗੇ ਹੋਏ ਹਨ ? 92 ਪ੍ਰਾਜੈਕਟ ਇੱਕ ਸਟੇਟ ਵਾਸਤੇ ਬੜੀ ਵੱਡੀ ਗੱਲ ਹੈ । ਮੈਂ ਤਾਂ ਇਹ ਜਾਣਨਾ ਚਾਹੁੰਦਾ ਸੀ । ਦੂਜੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਜਿਹੜੀ ਮੈਂ ਕੱਲ੍ਹ ਵੀ ਕਹੀ ਸੀ ਕਿ ਪੰਜਾਬ ਵਿੱਚ ਦੋ ਸਮਿੱਟ ਹੋਏ ਹਨ, ਪੰਜਾਬ ਐਗਰੋ ਸਮਿੱਟ ਅਤੇ ਪੰਜਾਬ ਸਮਿੱਟ, ਉਨ੍ਹਾਂ ਦੀ ਆਊਟ-ਕਮ ਕੀ ਹੈ? ਉਨ੍ਹਾਂ ਵਿੱਚ ਕਿੰਨੇ ਐਮ.ਓ.ਯੂ. ਸਾਈਨ ਹੋਏ ਹਨ ਅਤੇ ਉਨ੍ਹਾਂ ਵਾਸਤੇ ਅੱਗੇ ਕੀ ਕਾਰਵਾਈ ਹੋਈ ਹੈ? ਕਿੰਨੇ ਲੋਕਾਂ ਨੇ ਜ਼ਮੀਨ ਲੈ ਲਈ ਅਤੇ ਕਿੰਨੇ ਲੋਕਾਂ ਨੇ ਪਾਵਰ ਲਈ ਅਪਲਾਈ ਕਰ ਦਿੱਤਾ ਅਤੇ ਕਿੰਨੇ ਲੋਕਾਂ ਨੇ ਇੱਥੇ ਇੰਡਸਟਰੀ ਲਾਉਣ ਦੀ ਗੱਲ ਸ਼ੁਰੂ ਕੀਤੀ ਹੈ? ਇਨ੍ਹਾਂ ਦੋ ਸਮਿੱਟਸ ਤੇ ਪਬਲਿਕ ਐਕਸਚੈਕਰ ਦਾ ਕਿੰਨਾ ਪੈਸਾ ਖਰਚ ਹੋਇਆ ਸੀ, ਮੈਂ ਤਾਂ ਇਹ ਦੋ ਗੱਲਾਂ ਪੁੱਛੀਆਂ ਸਨ ਪਰੰਤੂ ਇਨ੍ਹਾਂ ਨੇ ਕੋਈ ਹੋਰ ਗੱਲ ਮੈਨੂੰ ਐਟਰੀਬਿਊਟ ਕਰ ਦਿੱਤੀ ਜਿਹੜੀ ਕਿ ਮੈਂ ਪੁੱਛੀ ਹੀ ਨਹੀਂ ਸੀ। ਮੈਂ ਇਹ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਹੁਣ ਮੈਂ ਬੀਬੀ ਜਗੀਰ ਕੌਰ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ, ਐਮ.ਐਲ.ਏ. ਦੁਆਰਾ ਪ੍ਰੋੜ੍ਹਤਾ ਕੀਤੇ ਗਏ ਧੰਨਵਾਦ ਪ੍ਰਸਤਾਵ ਨੂੰ ਸਦਨ ਦੀ ਵੋਟ ਲਈ ਪੇਸ਼ ਕਰਦਾ ਹਾਂ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ :-

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 12 ਮਾਰਚ, 2015 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ।"

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬੁੱਧਵਾਰ, ਮਿਤੀ 18 ਮਾਰਚ, 2015 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

*5.26 ਵਜੇ ਸ਼ਾਮ

(*ਇਸ ਉਪਰੰਤ ਸਦਨ ਬੁੱਧਵਾਰ, ਮਿਤੀ 18 ਮਾਰਚ, 2015 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

------

# APPENDIX

# TO

# PUNJAB VIDHAN SABHA

# DEBATES

**Tuesday, the 17th March, 2015**

**Vol X-No. 3**

## STARRED QUESTION AND ANSWER

***1808. ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ–

(ੳ) ਰਾਜ ਵਿੱਚ ਵਿੱਤੀ ਸਾਲ 2014–15 ਤੋਂ ਹੁਣ ਤੱਕ ਸਹਿਕਾਰੀ ਖੰਡ ਮਿੱਲਾਂ ਦੁਆਰਾ ਕੁੱਲ ਕਿੰਨਾ ਗੰਨਾ ਪੀੜਿਆ ਗਿਆ;

(ਅ) ਕੀ ਸਰਕਾਰ ਦੁਆਰਾ ਕਿਸਾਨਾਂ ਨੂੰ ਉਕਤ ਸਮੇਂ ਦੀ ਗੰਨੇ ਦੀ ਸਾਰੀ ਅਦਾਇਗੀ ਕਰ ਦਿੱਤੀ ਗਈ ਹੈ; ਜੇਕਰ ਨਹੀਂ ਤਾਂ ਮਿੱਲ–ਵਾਰ ਬਕਾਇਆ ਰਕਮ ਕਿੰਨੀ ਹੈ ਅਤੇ ਇਸ ਦੀ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਸਰਦਾਰ ਪਰਕਾਸ਼ ਸਿੰਘ ਬਾਦਲ :** (ੳ) ਸਹਿਕਾਰੀ ਖੰਡ ਮਿੱਲਾਂ ਵੱਲੋਂ ਸੀਜ਼ਨ 2014–15 ਦੌਰਾਨ ਕੁੱਲ 184.65 ਲੱਖ ਕੁਇੰਟਲ ਗੰਨਾ ਪੀੜਿਆ ਗਿਆ ਹੈ।

(ਅ) ਸਹਿਕਾਰੀ ਖੰਡ ਮਿੱਲਾਂ ਵੱਲੋਂ ਕਿਸਾਨਾਂ ਨੂੰ ਗੰਨੇ ਦੀ ਬਣਦੀ 541.20 ਕਰੋੜ ਰੁਪਏ ਵਿਚੋਂ 310.64 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਅਤੇ 230.56 ਕਰੋੜ ਰੁਪਏ ਦੀ ਅਦਾਇਗੀ ਮਿੱਲਾਂ ਵੱਲੋਂ ਕਿਸਾਨਾਂ ਨੂੰ ਦੇਣੀ ਬਕਾਇਆ ਰਹਿੰਦੀ ਹੈ। ਮਿੱਲਾਂ ਵੱਲੋਂ ਹੁਣ ਤਕ 310.64 ਕਰੋੜ ਰੁਪਏ ਦੀ ਕੀਤੀ ਅਦਾਇਗੀ ਵਿੱਚ ਸਰਕਾਰ ਤੋਂ ਮਿਤੀ 6.5.2015 ਨੂੰ ਪ੍ਰਾਪਤ 50.00 ਕਰੋੜ ਰੁਪਏ ਅਤੇ ਮਿਤੀ 4.6.2015 ਨੂੰ ਪ੍ਰਾਪਤ 50.00 ਕਰੋੜ ਰੁਪਏ ਦੀ ਰਾਸ਼ੀ ਸ਼ਾਮਿਲ ਹੈ। ਬਾਕੀ ਰਹਿੰਦੇ 230.56 ਕਰੋੜ ਰੁਪਏ ਦੀ ਰਾਸ਼ੀ ਸਰਕਾਰ ਵੱਲੋਂ ਤਿੰਨ ਮਾਹਵਾਰੀ ਕਿਸ਼ਤਾਂ ਵਿੱਚ ਸਤੰਬਰ, 2015 ਤੱਕ ਜਾਰੀ ਕਰਨ ਦੀ ਤਜਵੀਜ਼ ਹੈ। ਇਸ ਤਰ੍ਹਾਂ 2014–15

ਪਿੜਾਈ ਸੀਜ਼ਨ ਦੇ ਪੂਰੇ ਬਕਾਏ ਅਦਾ ਹੋ ਜਾਣਗੇ। ਮਿੱਲ ਵਾਰ ਅਨੁਲਗ 'ੳ' ਤੇ ਨੱਥੀ ਹੈ।

ਅਨੁਲੱਗ 'ੳ'

| ਲੜੀ ਨੰ: | ਮਿੱਲ ਦਾ ਨਾਂ | ਗੰਨਾ ਪੀੜਿਆ (ਲੱਖ ਕੁਇੰਟਲ) | ਗੰਨੇ ਦੀ ਬਣਦੀ ਕੀਮਤ (ਰੁਪਏ ਕਰੋੜਾਂ ਵਿੱਚ) | ਗੰਨੇ ਦੀ ਕੀਮਤ ਅਦਾ ਕੀਤੀ ਗਈ (ਰੁਪਏ ਕਰੋੜਾਂ ਵਿੱਚ) | ਗੰਨੇ ਦੀ ਬਕਾਇਆ ਕੀਮਤ (ਰੁਪਏ ਕਰੋੜਾਂ ਵਿੱਚ) |
|---|---|---|---|---|---|
| 1. | ਨਵਾਂਸ਼ਹਿਰ | 37.09 | 108.41 | 67.59 | 40.82 |
| 2. | ਗੁਰਦਾਸਪੁਰ | 25.20 | 74.34 | 41.21 | 33.13 |
| 3. | ਮੋਰਿੰਡਾ | 23.95 | 69.79 | 39.11 | 30.68 |
| 4. | ਅਜਨਾਲਾ | 18.12 | 53.29 | 28.92 | 24.37 |
| 5. | ਭੋਗਪੁਰ | 17.26 | 50.86 | 33.22 | 17.64 |
| 6. | ਨਕੋਦਰ | 17.03 | 49.76 | 25.76 | 24.00 |
| 7. | ਬੁਢੇਵਾਲ | 16.64 | 48.42 | 28.54 | 19.88 |
| 8. | ਬਟਾਲਾ | 15.97 | 46.94 | 27.06 | 19.88 |
| 9. | ਫਾਜ਼ਿਲਕਾ | 13.39 | 39.39 | 19.23 | 20.16 |
| | **ਕੁੱਲ** | **184.65** | **541.20** | **310.64** | **230.56** |

-----

© 2015

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8646/3-2015(1)